# ਸਿਰਜਣਾ



ਅਕਤੂਬਰ-ਦਸੰਬਰ 2024 **214** **50 ਰੁਪਏ**

# ਸਿਰਜਣਾ

**214**

ਅਕਤੂਬਰ-ਦਸੰਬਰ 2024

**ਸੰਪਾਦਕ : ਰਘਬੀਰ ਸਿੰਘ**
**Editor : Raghbir Singh**

**1728, ਸੈਕਟਰ 43-ਬੀ,**
**ਚੰਡੀਗੜ੍ਹ-160 043**
**ਫੋਨ : +91-172-2601693**

***SIRJANA***
***1728, Sector 43-B,***
***Chandigarh-160 043***
***INDIA***
***Phone : +91-172-2601693***
***E-mail :***
***raghbirssirjana@yahoo.com***

**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**

## ਇਸ ਅੰਕ ਵਿਚ

ਸੰਪਾਦਕੀ/ਪੰਜਾਬੀ ਪ੍ਰਕਾਸ਼ਨ ਤੇ ਪੁਸਤਕ ਸਭਿਆਚਾਰ/1
ਗੁਰਦਿਆਲ ਦਲਾਲ/ਪੰਜ ਕਾਵਿ-ਕਥਾਵਾਂ/3
ਹਰਦਮ ਮਾਨ/ਚਾਰ ਗ਼ਜ਼ਲਾਂ/9
ਜਗਜੀਤ ਸਿੰਘ ਆਨੰਦ/ਸੁਆਲ ਕਾਇਰਤਾ ਤੋਂ ਉੱਪਰ ਉੱਠਣ ਦਾ/11
ਪਰਗਟ ਸਿੰਘ ਸਤੌਜ/ਕਹਾਣੀ/ਮਿੱਟੀ/16
ਤੌਕੀਰ ਚੁਗ਼ਤਾਈ/ਕਹਾਣੀ/ਘੜੀ/25
ਰਮਨਦੀਪ ਵਿਰਕ/ਕਹਾਣੀ/ਡੀਲ/28
ਬਲਬੀਰ ਪਰਵਾਨਾ/ਕਹਾਣੀ/ਸਭ ਤੋਂ ਉਦਾਸ ਇਬਾਰਤ/36
ਮੁਖਤਿਆਰ ਸਿੰਘ/ਕਹਾਣੀ/ਪਰਛਾਵਾਂ/44
ਲਖਵਿੰਦਰ ਜੌਹਲ/ਸ਼ਬਦ-ਚਿਤਰ/ਗੁਲਜ਼ਾਰ ਸਿੰਘ ਸੰਧੂ-ਜਿਨ ਨੇਕੀ ਨਾਮ ਕਮਾਇਆ/50
ਰਾਜਿੰਦਰਪਾਲ ਸਿੰਘ ਬਰਾੜ/ਸਵੈ ਚਿੱਤਰ/ਮੈਂ ਬਾਰੇ ਮੈਂ/57
ਗੁਰਦੇਵ ਸਿੰਘ ਸਿੱਧੂ/ਲੇਖ/ਲਾਲਾ ਹਰਦਿਆਲ ਅਤੇ ਗ਼ਦਰ ਲਹਿਰ/75
ਚੰਦਰ ਮੋਹਨ/ਰਿਵਿਊ/ਹੋਇਆ ਦੇਸ ਪਰਾਇਆ/85
ਹਰਿੰਦਰ ਸਿੰਘ/ਬਲੈਕ ਆਈਸ/87
ਪਰਗਟ ਸਿੰਘ ਬਰਾੜ/ਰਿਵਿਊ/ਧਰਤ ਵਿਹੂਣੇ/90
ਦੇਵਿੰਦਰ ਸੈਫ਼ੀ/ਰਿਵਿਊ/ਸ਼ਬਦ ਅਤੇ ਸਮਾਜਕਤਾ/92
ਰਘਬੀਰ ਸਿੰਘ/ਰਿਵਿਊ/ਕੋਈ ਸਮਝੌਤਾ ਨਹੀਂ/94

**ਟਾਈਟਲ ਚਿੱਤਰ : ਦੇਵ**

**ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ**
**ਵਿਦੇਸ਼-ਹਵਾਈ ਡਾਕ ਰਾਹੀਂ : ਪੰਜ ਸਾਲ : 100 ਅਮਰੀਕਨ ਡਾਲਰ**

*ਸੰਪਾਦਕੀ*

# *ਪੰਜਾਬੀ ਪ੍ਰਕਾਸ਼ਨ ਤੇ ਪੁਸਤਕ ਸਭਿਆਚਾਰ*

*ਸੰਚਾਰ ਮਾਧਿਅਮਾਂ ਵਿਚ ਹੋਈ ਤਰੱਕੀ ਦੇ ਅੰਤਰਗਤ ਛਪਾਈ ਦੇ ਢੰਗ ਤਰੀਕਿਆਂ ਵਿਚ ਵੀ ਵੱਡੀ ਤਬਦੀਲੀ ਵਾਪਰੀ ਹੈ। ਇਸ ਤਰ੍ਹਾਂ ਅਖਬਾਰਾਂ ਤੇ ਪੁਸਤਕਾਂ ਆਦਿ ਦੀ ਛਪਾਈ ਦਾ ਕਾਰਜ ਹੁਣ ਪਹਿਲਾਂ ਵਰਗਾ ਸੁਸਤ ਚਾਲ ਤੇ ਮੁਸ਼ੱਕਤੀ ਨਹੀਂ ਰਿਹਾ, ਜਦੋਂ ਅੱਖਰ ਅੱਖਰ ਸਿੱਕਾ ਜੋੜ ਕੇ ਅਥਵਾ ਕੰਪੋਜ਼ ਕਰ ਕੇ ਨਿਸਚਤ ਫਰੇਮ ਵਿਚ ਬੀੜੇ ਜਾਣ ਪਿੱਛੋਂ ਛਾਪੇ ਦੀ ਮਸ਼ੀਨ ਉੱਤੇ ਚੜ੍ਹਾਇਆ ਜਾਂਦਾ ਸੀ ਅਤੇ ਫਿਰ ਛਪੇ ਹੋਏ ਕਾਗ਼ਜ਼ਾਂ ਨੂੰ ਤਰਤੀਬ ਦੇ ਕੇ ਹੱਥੀਂ ਜਿਲਦਸਾਜ਼ੀ ਹੁੰਦੀ ਸੀ। ਕਿਉਂਕਿ ਸਿੱਕੇ ਨੂੰ ਅੱਖਰ ਅੱਖਰ ਜੋੜਨ ਉੱਤੇ ਮਿਹਨਤ ਬਹੁਤ ਲੱਗਦੀ ਸੀ ਅਤੇ ਅਗਲੀ ਛਪਾਈ ਖਾਤਰ ਜੋੜੇ ਹੋਏ ਸਿੱਕੇ ਨੂੰ ਉਧੇੜਨਾ ਅਥਵਾ 'ਡਿਸਟਰੀਬਿਊਟ' ਕਰਨਾ ਜ਼ਰੂਰੀ ਹੁੰਦਾ ਸੀ, ਇਸ ਲਈ ਪੰਜਾਬੀ ਪ੍ਰਕਾਸ਼ਨ ਵਿਚ ਪਹਿਲਾਂ ਕਿਸੇ ਆਮ ਪੁਸਤਕ ਦੀ ਛਪਾਈ ਦੀ ਗਿਣਤੀ ਇਕ ਹਜ਼ਾਰ ਅਵੱਸ਼ ਹੁੰਦੀ ਸੀ। ਡਿਜੀਟਲ ਜੁਗ ਵਿਚ ਹੁਣ ਇਹ ਸਾਰਾ ਕੰਮ ਮਸ਼ੀਨਾਂ ਨਾਲ, ਬਿਨਾਂ ਕੋਈ ਬਹੁਤੇ ਤਰੱਦਦ ਦੇ, ਝੱਟਪੱਟ ਹੋ ਜਾਂਦਾ ਹੈ। ਛਪਣ ਗਿਣਤੀ ਦੇ ਵੀ ਘੱਟ ਵੱਧ ਹੋਣ ਦਾ ਕੋਈ ਰੌਲ਼ਾ ਨਹੀਂ, ਲੋੜ ਅਨੁਸਾਰ ਕੋਈ ਪੁਸਤਕ, ਬਿਨਾਂ ਕਿਸੇ ਬਹੁਤ ਵਾਧੂ ਖਰਚੇ ਦੇ, ਇਕ ਤੋਂ ਵੱਧ ਵਾਰ ਸਹਿਜੇ ਹੀ ਤਿਆਰ ਕਰਵਾਈ ਜਾ ਸਕਦੀ ਹੈ।*

*ਛਪਾਈ ਦੇ ਖੇਤਰ ਵਿਚ ਇਸ ਤਰ੍ਹਾਂ ਦੀ ਤਕਨੀਕੀ ਤਰੱਕੀ ਸਾਹਿਤਕ ਪੁਸਤਕਾਂ ਦੇ ਪ੍ਰਕਾਸ਼ਨ ਦੇ ਸੰਬੰਧ ਵਿਚ ਵੀ ਬਹੁਤ ਸਹਾਈ ਹੋਈ ਹੈ। ਪੰਜਾਬੀ ਭਾਸ਼ਾ ਅਤੇ ਸਾਹਿਤ ਨੇ ਵੀ ਆਜ਼ਾਦੀ ਤੋਂ ਮਗਰੋਂ ਦੇ ਸਮੇਂ ਦੌਰਾਨ ਬਹੁਤ ਵਿਕਾਸ ਤੇ ਵਿਸਥਾਰ ਗ੍ਰਹਿਣ ਕੀਤਾ ਹੈ। ਪਿਛਲੀ ਸਦੀ ਦੇ ਪਹਿਲੇ ਅੱਧ ਅਤੇ ਉਸਤੋਂ ਪਿੱਛੋਂ ਦੇ ਸਮੇਂ ਵਿਚ ਲੇਖਕਾਂ ਦੀ ਗਿਣਤੀ ਵਿਚ ਬਹੁਤ ਵਾਧੇ ਸਮੇਤ ਬਹੁਤ ਵੱਡਾ ਅੰਤਰ ਵਾਪਰਿਆ ਹੈ। ਇਹਨਾਂ ਦੋਹਾਂ ਵੱਡੀਆਂ ਤਬਦੀਲੀਆਂ ਦਾ ਹੀ ਨਤੀਜਾ ਹੈ ਕਿ ਪਹਿਲਾਂ ਦੇ ਟਾਕਰੇ ਹੁਣ ਬਹੁਤ ਜ਼ਿਆਦਾ ਪੰਜਾਬੀ ਲੇਖਕਾਂ ਦੀਆਂ ਪੁਸਤਕਾਂ ਛਾਪੇ ਚੜ੍ਹਦੀਆਂ ਹਨ। ਕਿਸੇ ਪੁਸਤਕ ਦੀ ਇਕ ਛਾਪ ਦੀ ਗਿਣਤੀ ਦੇ ਮਾਮਲੇ ਵਿਚ ਵਾਧਾ ਜਾਂ ਵਿਸਤਾਰ ਹੋਇਆ ਹੋਵੇ, ਇਸ ਤਰ੍ਹਾਂ ਦੀ ਗੱਲ ਤਾਂ ਸ਼ਾਇਦ ਨਹੀਂ ਆਖੀ ਜਾ ਸਕਦੀ। ਐਪਰ ਚੰਗੇ ਸਾਹਿਤ ਦੀ ਸਿਰਜਣਾ ਅਤੇ ਲੇਖਕਾਂ ਦੀ ਮਕਬੂਲੀਅਤ ਦੇ ਸੰਬੰਧ ਵਿਚ ਪੁਸਤਕਾਂ ਦੀ ਛਪਾਈ ਦੀਆਂ ਇਹਨਾਂ ਗਿਣਤੀਆਂ ਦੇ ਤੁਲਨਾਤਮਕ ਵੇਰਵੇ ਨਾਲ ਕੋਈ ਸਿੱਟਾ ਕੱਢਣਾ ਜ਼ਿਆਦਾ ਮੁਨਾਸਬ ਨਹੀਂ ਜਾਪਦਾ।*

*ਨਕਾਰਾਤਮਕ ਸੁਰ ਵਿਚ ਕਹੇ ਜਾਣ ਵਾਲੇ ਇਸ ਤਰ੍ਹਾਂ ਦੇ ਬੋਲਾਂ ਵਿਚ ਅਵੱਸ਼ ਕੋਈ ਸਚਾਈ ਨਹੀਂ ਕਿ ਸਮਕਾਲ ਦੇ ਲੇਖਕਾਂ ਦੇ ਟਾਕਰੇ ਪਹਿਲੇ ਸਮਿਆਂ ਦੇ ਲੇਖਕ ਜ਼ਿਆਦਾ ਸਮਰੱਥ ਜਾਂ ਮਕਬੂਲ ਸਨ ਅਤੇ ਇਸੇ ਕਾਰਨ ਪੂਰਵਲੇ ਲੇਖਕਾਂ ਦੀਆਂ ਪੁਸਤਕਾਂ ਦੀ ਇਕ ਛਾਪ ਦੀ ਗਿਣਤੀ ਹੁਣ ਦੇ ਟਾਕਰੇ ਜ਼ਿਆਦਾ ਹੁੰਦੀ ਸੀ। ਅਜਿਹੀ ਗੱਲ ਨਹੀਂ; ਇਕ ਛਾਪ ਦੀ ਗਿਣਤੀ ਦਾ ਤੁਅਲਕ ਤਕਨੀਕ ਵਿਚ ਆਈ ਤਬਦੀਲੀ ਨਾਲ ਹੈ, ਨਾ ਕਿ ਪਹਿਲਾਂ ਦੇ ਟਾਕਰੇ ਹੁਣ ਦੇ ਲੇਖਕਾਂ ਦੇ ਘੱਟ ਜਾਂ ਵੱਧ ਲੋਕਪ੍ਰਿਯ ਹੋਣ ਨਾਲ। ਯਕੀਨਨ ਸਮਕਾਲ ਦੇ ਮਕਬੂਲ ਤੇ ਪ੍ਰਸਿੱਧ ਲੇਖਕਾਂ ਦੀਆਂ ਪੁਸਤਕਾਂ ਦੇ ਇਕ ਤੋਂ ਵੱਧ ਐਡੀਸ਼ਨ ਵੀ ਛਪਦੇ ਹਨ ਅਤੇ ਉਹਨਾਂ ਦੀ ਇਕ ਛਾਪ ਦੀ ਗਿਣਤੀ ਵੀ ਚੋਖੀ ਗੌਲਣਯੋਗ ਹੁੰਦੀ ਹੈ। ਹਾਂ, ਨਵੇਂ ਤੇ ਆਮ ਲੇਖਕਾਂ ਦੇ ਮਾਮਲੇ ਵਿਚ ਕਿਤਾਬਾਂ ਦੀ ਇਕ ਛਾਪ ਦੀ ਗਿਣਤੀ ਦੀ ਸੂਈ ਜ਼ਰੂਰ ਪਿੱਛੇ ਵੱਲ ਮੁੜੀ ਹੈ।*

*ਪੰਜਾਬੀਆਂ ਵਿਚ ਪੁਸਤਕ ਸਭਿਆਚਾਰ ਵਿਕਸਤ ਕਰਨ ਦੇ ਸੰਬੰਧ ਵਿਚ ਲੇਖਕਾਂ ਪ੍ਰਕਾਸ਼ਕਾਂ ਦੇ*

*ਰੋਲ ਬਾਰੇ ਅਖਬਾਰਾਂ ਤੇ ਮੀਡੀਆ ਰਾਹੀਂ ਅਤੇ ਸਾਹਿਤ ਸਭਾਵਾਂ ਦੇ ਮੰਚ ਤੋਂ ਪਿਛਲੇ ਕਈ ਦਹਾਕਿਆਂ ਤੋਂ ਲਗਾਤਾਰ ਚਰਚਾ ਹੁੰਦੀ ਆਈ ਹੈ ਜੋ ਅੱਜ ਤਕ ਕੋਈ ਸਾਰਥਿਕ ਸਿੱਟਾ ਕੱਢਣ ਵਿਚ ਨਾਕਾਮ ਰਹੀ ਹੈ। ਛਪਾਈ ਦੀ ਤਕਨੀਕ ਵਿਚ ਵਿਕਾਸ ਅਤੇ ਪੰਜਾਬੀ ਭਾਸ਼ਾ ਦੇ ਆਮ ਰੂਪ ਵਿਚ ਵਿਸਥਾਰ ਦੇ ਸਨਮੁਖ ਪੰਜਾਬ ਵਿਚ ਪੁਸਤਕ ਸਭਿਆਚਾਰ ਦੇ ਵਿਗਸਣ ਦੀਆਂ ਸੰਭਾਵਨਾਵਾਂ ਬਹੁਤ ਹਨ, ਇਸ ਬਾਰੇ ਕੋਈ ਸ਼ੰਕਾ ਨਹੀਂ ਹੋ ਸਕਦਾ। ਪਰ ਇਹ ਸੰਭਾਵਨਾਵਾਂ ਕਾਫੀ ਕੋਸ਼ਿਸ਼ਾਂ ਅਤੇ ਰੌਲੇ-ਰੱਪੇ ਦੇ ਬਾਵਜੂਦ ਸਾਕਾਰ ਕਿਉਂ ਨਹੀਂ ਹੋਈਆਂ, ਇਸ ਨੁਕਤੇ 'ਤੇ ਧਿਆਨ ਦੇਣ ਦੀ ਲੋੜ ਹੈ।*

*ਪਹਿਲਾ ਵੱਡਾ ਕਾਰਣ ਤਾਂ ਖੁਦ ਲਿਖਣ ਵਾਲੇ ਹਨ। ਇਹ ਮੰਨਕੇ ਚੱਲਣਾ ਬਣਦਾ ਹੈ ਕਿ ਅੱਖਰ ਉਠਾਲ਼ ਸਕਣ ਤੇ ਕਲਮ ਚਲਾ ਸਕਣ ਵਾਲਾ ਹਰ ਵਿਅਕਤੀ ਸਿਰਜਕ ਹੋਣ ਦੀ ਪ੍ਰਤਿਭਾ ਦਾ ਵੀ ਮਾਲਕ ਹੋਵੇ, ਇਹ ਜ਼ਰੂਰੀ ਨਹੀਂ। ਪਿੰਡਾਂ ਕਸਬਿਆਂ ਵਿਚ ਬਣੀਆਂ ਸਭਾਵਾਂ ਆਪਣੇ ਚੁਗਿਰਦੇ ਵਿਚ ਸਾਹਿਤਕ ਮਾਹੌਲ਼ ਸਿਰਜਣ ਦਾ ਬਹੁਤ ਸਾਰਥਕ ਤੇ ਸਲਾਹੁਣਯੋਗ ਕੰਮ ਕਰਦੀਆਂ ਹਨ। ਪਰ ਇਹ ਆਪਣੇ ਨਾਲ ਜੁੜਨ ਵਾਲੇ ਹਰ ਵਿਅਕਤੀ ਨੂੰ ਲੇਖਕ ਨਹੀਂ ਬਣਾ ਸਕਦੀਆਂ। ਜਦਕਿ ਸਭਾਵਾਂ ਵਿਚ ਜੁੜਨ ਵਾਲੇ ਬਹੁਤੇ ਵਿਅਕਤੀ ਅਕਸਰ ਆਪਣੇ ਆਪ ਨੂੰ ਲੇਖਕ ਸਮਝਣ ਦੀ ਗ਼ਲਤੀ ਕਰ ਬੈਠਦੇ ਹਨ ਤੇ ਛੇਤੀ ਤੋਂ ਛੇਤੀ 'ਸਾਹਿਬੇ ਕਿਤਾਬ' ਬਣਨ ਦੇ ਇੱਛਕ ਹੋ ਜਾਂਦੇ ਹਨ। ਇਸ ਤਰ੍ਹਾਂ ਦੇ 'ਪੁਸਤਕ ਲੇਖਕ' ਹੋਣ ਦੇ ਚਾਹਵਾਨ ਸਾਹਿਤ ਸਭਾਵਾਂ ਦੇ ਦਾਇਰਿਆਂ ਤਕ ਹੀ ਮਹਿਦੂਦ ਨਹੀਂ, ਕਾਲਿਜਾਂ ਯੂਨੀਵਰਸਿਟੀਆਂ ਦੇ ਬੂਹੇ ਤਕ ਪਹੁੰਚ ਸਕਣ ਵਾਲੇ ਬਹੁਤ ਸਾਰੇ ਨੌਜਵਾਨ ਵੀ ਅਜਿਹਾ ਭਰਮ ਪਾਲ਼ ਬੈਠਦੇ ਹਨ। ਮਧ ਵਰਗ ਨਾਲ ਜੁੜੇ ਇਹ ਵਿਅਕਤੀ ਏਨੇ ਕੁ ਵਸੀਲੇ ਸੌਖਿਆਂ ਹੀ ਜੁਟਾ ਲੈਂਦੇ ਹਨ ਕਿ ਉਹ ਆਪਣੀ ਲਿਖਤ ਨੂੰ ਬਿਨਾਂ ਕਿਸੇ ਕਸਵੱਟੀ ਉੱਤੇ ਲਾਇਆਂ, ਝੱਟ ਖੁਦ ਜਾਂ ਕਿਸੇ ਪ੍ਰਕਾਸ਼ਕ ਰਾਹੀਂ ਆਪਣੀ ਕਿਤਾਬ ਛਪਵਾ ਲੈਂਦੇ ਹਨ। ਦੋਸਤਾਂ ਵਾਕਫਾਂ ਦੇ ਸੀਮਤ ਜਿਹੇ ਸਰਕਲ ਵੱਲੋਂ ਅਜਿਹੀ ਕਿਤਾਬ ਨੂੰ ਸੋਸ਼ਲ ਮੀਡੀਆ ਉੱਤੇ 'ਸ਼ਾਹਕਾਰ ਰਚਨਾ' ਐਲਾਨੇ ਜਾਣ ਨਾਲ ਸੰਬੰਧਤ ਵਿਅਕਤੀ ਤਾਂ ਆਪਣੇ ਸੁਪਨ ਸੰਸਾਰ ਵਿਚ ਜੀਅ ਸਕਦਾ ਹੈ ਅਤੇ ਪ੍ਰਕਾਸ਼ਕ ਵੀ ਆਪਣਾ ਨਫਾ ਵਟੋਰ ਕੇ ਸੰਤੁਸਟ ਹੋ ਸਕਦਾ ਹੈ। ਪਰ ਸਾਹਿਤ ਦੇ ਕਿਸੇ ਨਵੇਂ ਪਾਠਕ ਦੇ ਹੱਥ ਆਈ ਅਜਿਹੀ ਪੁਸਤਕ ਉਸਨੂੰ ਅਗਾਂਹ ਹੋਰ ਕਿਸੇ ਸਾਹਿਤਕ ਪੁਸਤਕ ਵੱਲੋਂ ਸਦਾ ਲਈ ਮੂੰਹ ਮੋੜ ਲੈਣ ਦੇ ਰਾਹ ਤੋਰ ਦਿੰਦੀ ਹੈ।*

*ਉਪਰਲੀ ਭਾਂਤ ਦਾ ਉਪੱਦਰ ਕਰਨ ਤੋਂ ਇਲਾਵਾ ਪੰਜਾਬੀ ਸਾਹਿਤਕ ਪੁਸਤਕਾਂ ਦਾ ਪ੍ਰਕਾਸ਼ਕ ਆਪਣੀ ਪੇਸ਼ਾਵਰਾਨਾ ਜ਼ਿੰਮੇਵਾਰੀ ਨਿਭਾਉਣ ਵਿਚ ਵੀ ਅਕਸਰ ਕੁਤਾਹੀ ਕਰਦਾ ਰਿਹਾ ਹੈ। ਉਹ ਚੰਗੀ ਪੁਸਤਕ ਦਾ ਪਰਚਾਰ ਕਰਨ ਤੇ ਉਸਨੂੰ ਵਿਸ਼ਾਲਤਰ ਪਾਠਕ ਵਰਗ ਤਕ ਪੁਚਾਉਣ ਲਈ ਕੋਈ ਉਚੇਚਾ ਯਤਨ ਨਾ ਕਰਦਾ ਹੋਇਆ ਛੇਤੀ ਤੋਂ ਛੇਤੀ ਪੁਸਤਕ ਜਿੱਥੇ ਕਿਤੇ ਜਿਵੇਂ ਕਿਵੇਂ ਡੰਪ ਕਰ ਕੇ ਆਪਣਾ ਮੁਨਾਫਾ ਯਕੀਨੀ ਬਣਾ ਕੇ ਸੁਰਖਰੂ ਹੋਣ ਦੀ ਕੋਸ਼ਿਸ਼ ਕਰਦਾ ਹੈ। ਕਿਤਾਬਾਂ ਦੀ ਥੋਕ ਖਰੀਦ ਕਰ ਸਕਣ ਵਾਲੇ ਕੌਮੀ ਪੱਧਰ ਦੇ ਅਦਾਰੇ ਅਤੇ ਸੂਬਾਈ ਅਕਾਦਮੀਆਂ ਤੇ ਮਹਿਕਮੇ ਵੀ ਦੇਸ਼ ਦੇ ਭ੍ਰਿਸ਼ਟ ਤੰਤਰ ਦੀ ਤਰਜ਼ ਉੱਤੇ ਪੁਸਤਕਾਂ ਦੀ ਵਿਕਰੀ ਨੂੰ ਅਗਾਂਹ ਵਧਾਉਣ ਦੀਆਂ ਸ਼ੁਭ ਸਕੀਮਾਂ ਨੂੰ ਭ੍ਰਿਸ਼ਟਤਾ ਦੀ ਦਲਦਲ ਵਿਚ ਧੱਕਣ ਦਾ ਕੰਮ ਕਰਦੇ ਹਨ।*

*ਸੱਤਾ ਉੱਤੇ ਕਾਬਜ਼ ਹਰ ਵੰਨਗੀ ਦੇ ਪੰਜਾਬੀ ਸਿਆਸਤਦਾਨ ਹੋਰ ਤਾਂ ਸਭ ਪੱਖੋਂ 'ਸਰਬ ਕਲਾ ਸਮਰੱਥ' ਹੁੰਦੇ ਹਨ, ਜੇ ਉਹਨਾਂ ਨੂੰ ਕਿਸੇ ਗੱਲ ਦੀ ਸੋਝੀ ਨਹੀਂ ਹੁੰਦੀ ਤਾਂ ਸਭਿਆਚਾਰਕ ਚੇਤਨਾ ਦੀ, ਜੋ ਅੰਸ਼ਕ ਰੂਪ ਵਿਚ ਸਾਹਿਤਕ ਪੁਸਤਕਾਂ ਨਾਲ ਮੇਲ ਮਿਲਾਪ ਰਾਹੀਂ ਪੈਦਾ ਹੁੰਦੀ ਹੈ। ਨਹੀਂ ਤਾਂ ਲੇਖਕਾਂ ਦੀ ਚਿਰਾਂ ਤੋਂ ਚਲੀ ਆ ਰਹੀ ਮੰਗ ਅਨੁਸਾਰ ਪੰਜਾਬ ਦੇ ਹਰ ਪਿੰਡ ਵਿਚ ਇਕ ਲਾਇਬਰੇਰੀ ਖੋਲ੍ਹਣਾ ਤੇ ਇੰਝ ਆਮ ਲੋਕਾਂ ਤਕ ਕਿਤਾਬ ਪੁਚਾਉਣਾ ਕਿੱਡਾ ਕੁ ਮੁਸ਼ਕਲ ਕਾਰਜ ਹੈ! ਇੰਝ ਪੰਜਾਬੀ ਪੁਸਤਕ ਸਭਿਆਚਾਰ ਦੇ ਵਿਕਾਸ ਦਾ ਰਾਹ ਤਾਂ ਖੁੱਲ੍ਹਦਾ ਹੀ ਹੈ, ਪੰਜਾਬੀ ਪ੍ਰਕਾਸ਼ਕ ਦੀ ਹਮੇਸ਼ਾ ਸੰਕਟ ਵਿਚ ਘਿਰੇ ਰਹਿਣ ਦੀ ਦੁਹਾਈ ਨੂੰ ਵੀ ਸ਼ਾਇਦ ਕੁਝ ਠੱਲ੍ਹ ਪੈ ਜਾਵੇ। 00*

# ਪੰਜ ਕਾਵਿ-ਕਥਾਵਾਂ: ਗੁਰਦਿਆਲ ਦਲਾਲ

## ਮਿੱਟੀ ਦੀ ਮਹਿਕ

ਜੇ ਹਮ ਉਮਰ ਜਿਹੇ ਲਗਦੇ
ਇਹੀ ਅਧਖੜ ਔਰਤ, ਇਹੀ ਅਧਖੜ ਮਰਦ
ਨਹਾ ਧੋ ਕੇ, ਇਹੋ ਜਿਹੇ ਹੀ, ਸੁਹਣੇ ਕੱਪੜੇ ਪਾ ਕੇ
ਇੰਡੀਆ ਦੇ ਕਿਸੇ ਪਾਰਕ ਵਿਚ
ਸਵੇਰੇ-ਸਵੇਰੇ ਸੈਰ ਕਰਦੇ ਟੱਕਰ ਜਾਂਦੇ।
ਗਰਦਣਾਂ ਘੁਮਾ ਕੇ, ਪਾਸੇ ਵੱਟ ਕੇ, ਇਕ ਦੂਜੇ ਦੇ ਪਰਛਾਵੇਂ ਤੋਂ ਡਰਦੇ
ਲੰਘ ਜਾਂਦੇ ਚੁੱਪ ਚੁਪੀਤੇ, ਆਪੋ ਆਪਣੀ ਮੰਜ਼ਿਲ ਵੱਲ।
ਪਰ ਐਥੇ, ਇਸ ਬਾਹਰਲੇ ਮੁਲਕ ਵਿਚ, ਇੰਝ ਨਾ ਹੋਇਆ।
ਉਨ੍ਹਾਂ ਦੋਨਾਂ ਨੇ ਹੀ, ਇਕ ਦੂਜੇ ਦੇ ਪਹਿਰਾਵੇ ਤੋਂ
ਪਛਾਣ ਲਿਆ ਅਪਣੀਆਂ ਸਾਂਝੀਆਂ ਜੜ੍ਹਾਂ ਨੂੰ
ਮਿਲਦੇ ਜੁਲਦੇ, ਦਿਲ ਦੇ ਵਲਵਲਿਆਂ ਨੇ
ਪਾ ਲਈ ਕਰਿੰਗੜੀ ਆਪਸ ਵਿਚ।
ਦੋਨਾਂ ਦੇ ਚਿਹਰਿਆਂ ‘ਤੇ ਫੈਲ ਗਈ ਮੁਸਕਰਾਹਟ।
ਹੱਥ ਜੁੜ ਗਏ, ਦੋਨੋਂ ਇਕ ਦੂਜੇ ਦੇ ਕੋਲ਼ ਆ ਕੇ ਰੁਕ ਗਏ।
ਇਕ ਦੂਜੇ ਵੱਲ ਸਿਰ ਝੁਕਾਏ, ਮੁੜ ਮੁੜ ਮੁਸਕਰਾਏ
ਦੋਹਾਂ ਦੇ ਮੂੰਹਾਂ ‘ਚੋਂ ਨਿਕਲ਼ਿਆ, ‘ਸਤਿ ਸ੍ਰੀ ਅਕਾਲ’
ਉਹ ਪਾਰਕ ਦੇ ਸ਼ੈੱਡ ਹੇਠ, ਆਮ੍ਹਣੇ ਸਾਮ੍ਹਣੇ, ਬੈਂਚਾਂ ‘ਤੇ ਬਹਿ ਗਏ।
ਦਸ ਮਿੰਟ! ਵੀਹ ਮਿੰਟ!! ਪੱਚੀ ਮਿੰਟ!!! ਤੀਹ ਮਿੰਟ!!!!
ਵਤਨ ਨੂੰ ਵੈਰਾਗੇ ਦਿਲਾਂ ਅੰਦਰ, ਬਰਫ਼ ਬਣੀਆਂ ਗੱਲਾਂ
ਪਿੰਘਰ ਪਿੰਘਰ, ਬਾਹਰ ਵਹਿਣ ਲੱਗੀਆਂ।
ਕਾਹਲ਼ੀ-ਕਾਹਲ਼ੀ, ਦਿਲ ਦਾ ਸਾਰਾ ਕੁਝ ਹੀ
ਇਕ ਦੂਜੇ ਨੂੰ ਕਹਿਣ ਲੱਗੀਆਂ।
ਫਿਰ ਵੀ ਰਹਿ ਗਿਆ, ਬਹੁਤ ਕੁਝ ਅਣਕਿਹਾ!
ਚੜ੍ਹੇ ਆਉਂਦੇ, ਸੂਰਜ ਵੱਲ ਦੇਖਦੇ, ਉਹ ਉੱਠ ਖੜ੍ਹੇ ਹੋਏ
‘ਚੰਗਾ ਲੱਗਾ, ਬਹੁਤ ਹੀ ਚੰਗਾ ਲੱਗਾ
ਆਇਆ ਕਰੋ, ਨਿੱਤ ਮਿਲਿਆ ਕਰੋ।’
ਇਕ ਦੂਜੇ ਦੀਆਂ ਅੱਖਾਂ ਵਿਚ ਝਾਕਦੇ, ਮੁੜ ਮੁੜ ਕਹਿੰਦੇ ਰਹੇ।
ਘਰੋਂ ਦੂਰ ਦੋਨਾਂ ਦਿਲਾਂ ਵਿਚ, ਸਾਂਝੇ ਵਤਨ ਦੀ ਮਿੱਟੀ ਦੀ ਮਹਿਕ ਸੀ
ਜੋ ਉੱਡ ਉੱਡ ਕੇ, ਕਰਿਗੀਬਰਨ ਦੇ, ਸਾਰੇ ਪਾਰਕ ਵਿਚ ਫੈਲ ਗਈ।

## ਨੰਦੋ ਦੀ ਸੱਥ

ਕਾਹਨੂੰ ਏਂ ਇਹਦਾ ਨਾਂ ਨੰਦੋ!

ਬੱਸ ਰੱਖ ਲਿਆ ਤਾਂ ਰੱਖ ਲਿਆ, ਇਸ ਨੇ ਆਪਣਾ ਇਹ ਨਾਂ!
ਆਪਣੇ ਘਰ ਦੇ ਇਸ ਵੱਡੇ ਗੈਰਜ ਵਿਚ, ਹਰ ਮਸ਼ੀਨ ਫਿੱਟ ਕਰ ਕੇ
ਧਰ ਲਿਆ ਇਸ ਦਾ ਨਾਂ
'ਨੰਦੋ ਬਿਊਟੀ ਪਾਰਲਰ ਐਂਡ ਹੇਅਰ ਸਟਾਇਲ ਸੈਲੂਨ'
ਯਕੀਨ ਕਰਨਾ, ਇਹ ਬਹੁਤ ਪੜ੍ਹੀ ਲਿਖੀ ਤੇ ਸਮਝਦਾਰ ਕੁੜੀ ਹੈ
ਤੇ ਇਸ ਦੇਸ਼ ਵਿਚ ਵੈੱਲ-ਸੈਟਲਡ ਹੈ।
ਖ਼ੁਦਾ ਜਾਣਦਾ ਏ, ਇਸ ਨੇ ਆਪਣੇ ਕਾਰੋਬਾਰ ਦੇ
ਇਹ ਕੋਰਸ ਕਦੋਂ ਕਰ ਲਏ, ਕਦੋਂ ਮਨਜ਼ੂਰੀਆਂ ਲੈ ਲਈਆਂ
ਤੇ ਖੋਲ੍ਹ ਲਿਆ ਆਪਣਾ ਐਨਾ ਵੱਡਾ ਪਾਰਲਰ।
ਪਰੈਸਟਨ 'ਚ ਨੌਰਥ ਲੈਂਡ ਲਾਗੇ
'ਫਿੱਸ਼ ਐਂਡ ਚਿਪਸ' ਦੀ ਸ਼ਾਪ 'ਤੇ, ਐਪਰਨ ਪਾਈ
ਲੰਮੀ ਤੇ ਸੁਹਣੀ ਜਿਹੀ ਜਿਹੜੀ ਕੁੜੀ, ਤਲ਼ਦੀ ਹੁੰਦੀ ਸੀ ਮੱਛੀਆਂ
ਇਹ ਉਹੀ ਹੈ।
ਕੋਈ ਪੁੱਛੇ ਤਾਂ ਇਹ ਉਸ ਦੇ ਸਵਾਲ ਨੂੰ
ਉਡਾ ਦਿੰਦੀ ਏ ਠਹਾਕਾ ਮਾਰ ਕੇ ਹਵਾ ਵਿਚ।
ਇਸ ਨੂੰ ਤੁਸੀਂ ਕਦੀ, ਪਟਰੌਲ ਪੰਪਾਂ 'ਤੇ ਚੈਕਿੰਗ ਕਰਦੇ
ਜ਼ਰੂਰ ਦੇਖਿਆ ਹੋਵੇਗਾ।
ਮੈਨੇਜਰ ਹੁੰਦੀ ਸੀ ਇਹ ਕੋਲਜ ਕੰਪਨੀ ਵਿਚ!
ਮੈਲਬੌਰਨ ਅਤੇ ਤਸਮਾਨੀਆਂ ਦੇ ਮੈਨੇਜਰਾਂ 'ਚੋਂ
ਬੈੱਸਟ ਮੈਨੇਜਰ ਦਾ ਖਿਤਾਬ, ਇਸੇ ਨੇ ਜਿੱਤਿਆ ਸੀ।
ਬੜੀ ਸੂਝ-ਬੂਝ ਨਾਲ਼ ਕੰਮ ਲੈਂਦੀ ਸੀ, ਸਾਰੇ ਕਰਮਚਾਰੀਆਂ ਤੋਂ।
ਕਿਸੇ ਨੂੰ ਸ਼ੱਕ ਪੈਂਦੀ ਹੈ, ਤਾਂ ਇਹ ਟਾਲ਼ ਦਿੰਦੀ ਹੈ
'ਮੈਨੇਜਰ? ਕੌਣ ਮੈਨੇਜਰ? ਮੈਂ ਮੈਨੇਜਰ? ਹਾ ਹਾ ਹਾ!'
ਅਸਲ ਵਿਚ ਇਹ ਮਾਂ ਬਾਪ ਦੀ ਇਕਲੌਤੀ ਧੀ ਏ
ਉਹ ਇਸ ਕੋਲ਼ ਗੇੜੀਆਂ, ਲਾਉਂਦੇ ਹੀ ਰਹਿੰਦੇ ਨੇ,
ਹੋਰ ਵੀ ਬਥੇਰੇ ਰਿਸ਼ਤੇਦਾਰ, ਇੰਡੀਆ ਤੋਂ ਆਉਂਦੇ ਹੀ ਰਹਿੰਦੇ ਨੇ
ਵਿਆਹ ਕਰਵਾ ਕੇ, ਆ ਵਸੀ ਸੀ ਮੈਲਬਰਨ।
ਵੱਡੇ ਤੋਂ ਵੱਡੇ, ਛੋਟੇ ਤੋਂ ਛੋਟੇ, ਅਨੇਕ ਕੰਮ ਕੀਤੇ ਹਨ ਇਸ ਨੇ
ਨਾਨ-ਵੈੱਜ ਖ਼ਰੀਦ ਰਹੀ, ਇਕ ਦਿਨ ਪਿਓ ਨੂੰ ਕਹਿਣ ਲੱਗੀ
ਮੈਂ ਇਸ ਸ਼ਾਪ 'ਤੇ ਵੀ ਲਾਏ ਨੇ ਚਾਰ ਮਹੀਨੇ।
ਕੰਮ ਕੋਈ ਮਾੜਾ ਨਹੀਂ ਹੁੰਦਾ, ਮਾੜਾ ਹੈ ਕੇਵਲ ਬੰਦਾ
ਜੋ ਕਰਦਾ ਹੈ ਲੋਕਾਂ ਨੂੰ ਲੁੱਟਣ ਦਾ ਧੰਦਾ।
ਉਸ ਨੇ ਲਹਿਰਾਏ ਹਨ ਹਰ ਕੰਮ ਵਿਚ, ਸਫਲਤਾ ਦੇ ਪਰਚਮ
ਕਮਾਏ ਹਨ, ਜੀਅ ਭਰ ਕੇ ਡਾਲਰ।
ਡਬਲ ਸਟੋਰੀ ਘਰ ਵਿਚ, ਸ਼ਾਹੀ ਠਾਠ
ਹਰ ਸਹੂਲਤ ਹੈ ਇਸ ਕੋਲ਼,
ਮਹਿੰਗੀ ਕਾਰ ਵੱਡਾ ਘਰ ਹਨ ਇਸ ਦੇ ਸ਼ੌਕ।

ਆਸਟ੍ਰੇਲੀਅਨ, ਭਾਰਤੀ, ਪਾਕਿਸਤਾਨੀ, ਚਿਣਕੀਆਂ
ਤੇ ਹੋਰ ਦੇਸ਼ਾਂ ਦੀਆਂ ਕਾਲ਼ੀਆਂ, ਚਿੱਟੀਆਂ, ਭੂਰੀਆਂ
ਔਰਤਾਂ ਦਾ ਲੱਗਿਆ ਰਹਿੰਦਾ ਏ, ਇਸ ਦੇ ਪਾਰਲਰ ਵਿਚ ਤਾਂਤਾ।
ਆਪਣੇ ਚਿਹਰਿਆਂ ਨੂੰ, ਪਸੰਦੀਦਾ ਦਿੱਖ ਦੇਣ ਲਈ
ਆਉਂਦੀਆਂ ਨੇ, ਅਣਗੌਲ਼ੀਆਂ ਜਿਹੀਆਂ ਤੀਵੀਆਂ,
ਨਿਕਲਦੀਆਂ ਨੇ ਪਾਰਲਰ 'ਚੋਂ, ਕੋਹ ਕਾਫ਼ ਦੀਆਂ ਪਰੀਆਂ ਬਣ ਕੇ।
ਅਗਾਊਂ ਅਪੁਐਂਟਮੈਂਟ ਲੈਣੀ ਪੈਂਦੀ ਏ ਨੰਦੋ ਤੋਂ ਸਭ ਨੂੰ।
ਨਿੱਤ ਛੇ-ਸੱਤ ਘੰਟੇ ਕੰਮ, ਤੇ ਡਾਲਰਾਂ ਦੀ ਬੁੱਕ
ਕਮਾਈ ਹੈ ਉਸ ਦੀ।
ਇਸੇ ਦੌਰਾਨ ਉਹ ਆਪਣੇ, ਬੱਚਿਆਂ ਨੂੰ ਸਕੂਲ ਛੱਡਦੀ, ਲਿਆਉਂਦੀ
ਰਸੋਈ ਤਿਆਰ ਕਰਦੀ, ਵੈਕੂਅਮ ਲਾਉਂਦੀ
ਤੇ ਘਰ ਦੇ ਸਾਰੇ ਕੰਮ, ਨਿਪਟਾਉਂਦੀ ਹੈ।
ਹਾਈ ਲੈਂਡਜ਼,ਕਰਿਗੀਬਰਨ ਸੈਂਟਰਲ ਤੇ ਦੂਰ-ਦੂਰ ਦੇ
ਵੱਡੇ ਸ਼ਾਪਿੰਗ ਸੈਂਟਰਾਂ ਦਾ ਗੇੜਾ ਲਾਉਂਦੀ ਹੈ।
ਇਸ ਦੇ ਪਾਰਲਰ ਵਿਚ ਔਰਤਾਂ, ਖ਼ੂਬ ਖੱਪ ਪਾਉਂਦੀਆਂ ਨੇ।
ਅਜੀਬੋ ਗਰੀਬ ਕਿੱਸੇ ਸੁਣਾਉਂਦੀਆਂ ਨੇ
ਸੱਸਾਂ ਨੂੰਹਾਂ ਦੀਆਂ,ਕਰਦੀਆਂ ਨੇ ਜੀਅ ਭਰ ਕੇ ਚੁਗਲੀਆਂ।
ਹੱਸਦੀਆਂ ਨੇ ਪਾਰਲਰ ਦੀ ਛੱਤ ਨੂੰ ਪਾੜਦੀਆਂ।
ਨੰਦੋ ਸਭ ਨੂੰ ਭੁਗਤਾਉਂਦੀ, ਸੁਣਦੀ,'ਹਾ ਹਾ ਹਾ' ਕਰ ਕੇ ਹੱਸਦੀ ਹੈ।
ਠਹਾਕੇ ਲਗਾਉਂਦੀ ਹੈ।
ਸਭ ਦੀਆਂ ਗੱਲਾਂ ਇਕ ਕੰਨ 'ਚੋਂ ਪਾ ਕੇ ਕੱਢ ਦਿੰਦੀ ਹੈ ਦੂਜੇ ਵਿਚੋਂ।
ਇੰਝ ਬਰਗਰ ਪੀਜ਼ਿਆਂ ਵਾਂਗ, ਚਲਦਾ ਹੈ ਨੰਦੋ ਦਾ ਧੰਦਾ।
ਪਾਰਲਰ ਵਿਚ ਚੋਹਲ-ਮੋਹਲ, ਹਾਸਿਆਂ ਦੀਆਂ ਆਵਾਜ਼ਾਂ ਸੁਣ ਕੇ
ਤੀਮੀਆਂ ਦੀ ਕਿਸੇ ਵੱਡੀ ਸੱਥ ਦਾ ਭੁਲੇਖਾ ਪੈਂਦਾ ਹੈ।

## ਘਰ

ਪਤੀ ਪਤਨੀ ਦੋਨੋਂ, ਬੁਢਾਪੇ ਦੀ ਦਹਿਲੀਜ਼ 'ਤੇ, ਆ ਖੜ੍ਹੇ ਸਨ।
ਪੂਰੇ ਅੱਠ ਸਾਲ ਮਗਰੋਂ, ਮੈਲਬੌਰਨ ਸ਼ਹਿਰ ਲਈ
ਫਿਰ ਉੱਡਿਆ ਜਾ ਰਿਹਾ ਸੀ
ਪੈਂਤੀ ਹਜ਼ਾਰ ਫੁੱਟ ਦੀ ਉਚਾਈ 'ਤੇ, ਉਨ੍ਹਾਂ ਦਾ ਹਵਾਈ ਜਹਾਜ਼।
ਪਤੀ ਪਤਨੀ ਦੋਨੋਂ ਕਰ ਰਹੇ ਸਨ, ਪਿਛਲੀ ਫੇਰੀ ਸਮੇਂ ਹੋਈਆਂ
ਪੋਤੇ ਪੋਤੀ ਨਾਲ਼ ਬਿਤਾਏ, ਸੁਹਣੇ ਪਲਾਂ ਦੀਆਂ ਗੱਲਾਂ।
ਆਪਣੇ ਪੋਤੇ ਨੂੰ, ਕਿਵੇਂ ਸਿਖਾ ਦਿੱਤਾ ਸੀ ਉਨ੍ਹਾਂ ਨੇ
ਕੁਝ ਅਰਸੇ ਵਿਚ ਹੀ, ਪੰਜਾਬੀ ਬੋਲਣਾ ਪੜ੍ਹਨਾ ਤੇ ਲਿਖਣਾ
ਪਹਾੜੇ ਜੋੜ ਘਟਾ ਗੁਣਾ ਭਾਗ, ਸਭ ਕੁਝ ਤਾਂ ਸਿੱਖ ਗਿਆ ਸੀ ਉਹ
ਬੜਾ ਸਹਿਜ ਹੋ ਕੇ, ਹੱਸਦਿਆਂ ਖੇਡਦਿਆਂ।
ਦਾਦਾ ਦਾਦੀ ਦੇ ਮਗਰ-ਮਗਰ ਘੁੰਮੀਂ ਜਾਣਾ

ਉਨ੍ਹਾਂ ਦੇ ਨਾਲ਼ ਬਹਿ ਕੇ ਪੀਣਾ ਖਾਣਾ।
ਨਾਲ਼ ਸੌਣ ਦੀ ਜ਼ਿੱਦ ਕਰਨਾ, ਦੋਨਾਂ ਦਾ ਚਾਅ ਡੁੱਲ੍ਹ ਡੁੱਲ੍ਹ ਪੈਂਦਾ।
ਨਿਕੜੀ ਨੇ ਤਾਂ ਦਾਦੀ ਦੀ ਗੋਦ ਵਿਚ, ਅੱਖਾਂ ਖੋਲ੍ਹੀਆਂ ਸਨ
ਪਲ਼ ਗਈ ਸੀ ਸਾਲ ਵਿਚ ਹੀ।
ਬੈੱਡ ਤੋਂ ਉਤਰਨ ਲੱਗੀ, ਰੁੜ੍ਹਨ ਲੱਗੀ
ਖੜ੍ਹਨ ਲੱਗੀ, ਤੁਰਨ ਲੱਗੀ ਤੇ ਦੌੜਨ ਲੱਗੀ।
ਜਿੱਧਰ ਨੂੰ ਦਾਦੀ ਜਾਂਦੀ, ਉਹ ਪੱਲਾ ਫੜ ਕੇ ਮਗਰ ਹੋ ਲੈਂਦੀ
ਉਹ ਉਸੇ ਨੂੰ ਆਪਣੀ ਮਾਂ ਸਮਝਦੀ, ਖਿੜ ਖਿੜ ਕਰ ਕੇ ਹੱਸਦੀ।
ਸੁਖਾਵੀਆਂ ਯਾਦਾਂ ਨਾਲ਼ ਸਰਸ਼ਾਰ, ਦੋਹਾਂ ਦੇ ਹੰਝੂ ਨਿਕਲ ਆਏ।
ਫਿਰ ਉਹ ਦੋਨੋਂ ਹੱਸਣ ਲੱਗ ਪਏ।
ਹੱਸੀ ਗਏ ਹੱਸੀ ਗਏ! ਜਹਾਜ਼ ਉੱਡਦਾ ਗਿਆ ਉੱਡਦਾ ਗਿਆ!!
ਪੁੱਤ ਨੂੰਹ ਏਅਰ ਪੋਰਟ ਤੋਂ ਲੈਣ ਆਏ ਸਨ।
ਦੋਨਾਂ ਨੇ ਇਕੱਠੇ ਹੀ ਪੁੱਛਿਆ -ਬੱਚੇ?
ਪਤਾ ਲੱਗਾ ਬੱਚੇ ਘਰੇ ਖੇਡ ਰਹੇ ਸਨ।
ਘਰ ਜਾ ਕੇ ਦੋਨੋਂ ਹੈਰਾਨ ਹੋ ਗਏ, ਬੱਚੇ ਤਾਂ ਬਹੁਤ ਵੱਡੇ ਹੋ ਗਏ ਸਨ।
ਦੋਨਾਂ ਨੂੰ ਉਨ੍ਹਾਂ ਨੇ ਆਪਣੇ ਨਾਲ਼, ਘੁੱਟਣਾ ਚਾਹਿਆ
ਪਰ ਦੋਨੋਂ ਉਨ੍ਹਾਂ ਦੀ ਪਕੜ ਵਿਚੋਂ ਨਿਕਲ਼
ਆਪੋ ਆਪਣੇ ਕਮਰਿਆਂ ਵਿਚ, ਕੰਪਿਊਟਰਾਂ ਅੱਗੇ ਬੈਠ ਗਏ।
ਫਿਰ ਇਹੋ ਕੁਝ ਨਿੱਤ ਦਿਸਣ ਲੱਗਾ
ਉਹ ਬੱਚਿਆਂ ਨੂੰ ਹਾਕਾਂ ਮਾਰਦੇ ਰਹਿ ਜਾਂਦੇ
ਪਰ ਉਹ ਕੰਪਿਊਟਰ ਨਾ ਛੱਡਦੇ।
ਆਪਣਾ ਅਜੀਬ ਜਿਹਾ ਖਾਣਾ ਵੀ, ਉੱਥੇ ਹੀ ਬਹਿ ਕੇ ਖਾ ਲੈਂਦੇ।
ਰੋਟੀ ਦਾਲ਼ ਸਬਜ਼ੀ ਵੱਲ ਮੂੰਹ ਨਾ ਕਰਦੇ।
ਜਦੋਂ ਕੰਪਿਊਟਰ ਛੱਡਦੇ ਤਾਂ ਸਕੂਲ ਚਲੇ ਜਾਂਦੇ
ਪੁੱਤ ਨੂੰਹ ਜਾਬ 'ਤੇ ਨਿਕਲ ਜਾਂਦੇ
ਦੋ ਹਫ਼ਤੇ ਬਾਅਦ ਹੀ, ਦੋਨਾਂ ਦਾ ਮਨ ਉੱਖੜ ਗਿਆ।
ਨੀਂਦ ਦੋਨਾਂ ਨਾਲ਼ ਲੁਕਣਮੀਟੀ ਖੇਡਣ ਲੱਗੀ।
ਇਕ ਦਿਨ ਰੁਆਂਸਾ ਜਿਹਾ ਬਜ਼ੁਰਗ, ਡਰਦਾ ਡਰਦਾ
ਪੁੱਤ ਨੂੰ ਕਹਿਣ ਲੱਗਾ, 'ਸਾਡੀ ਟਿਕਟ ਕਟਵਾ ਦੇ, ਜਾਈਏ ਹੁਣ।'
ਪੁੱਤ ਬੋਲਿਆ, 'ਉੱਥੇ ਕਿਸ ਕੋਲ਼ ਜਾਣਾ ਏਂ? ਕੌਣ ਏ ਉੱਥੇ?'
'ਉੱਥੇ ਘਰ ਏ ਆਪਣਾ ਸੁੱਖ ਨਾਲ਼' ਪਿਓ ਨੇ ਹਉਕਾ ਭਰਿਆ।
ਸਾਰੇ ਮਕਾਨ ਵਿਚ ਚੁੱਪ ਪਸਰ ਗਈ।
ਦੋਨਾਂ ਕਮਰਿਆਂ 'ਚੋਂ ਆ ਰਹੀ ਕੀਅ ਬੋਰਡ ਦੀ ਟਕ-ਟਕ
ਹੋਰ ਵੀ ਉੱਚੀ ਹੋ ਗਈ।

## ਪਤੀ-ਪਤਨੀ

ਅੱਜ ਸਵੇਰੇ, ਫੇਸ ਬੁੱਕ ਖੋਲ੍ਹਦਿਆਂ,

ਰੱਖੜੀ ਦੀਆਂ ਪੋਸਟਾਂ ਪਈਆਂ ਦੇਖ, ਮੋਈ ਭੈਣ ਯਾਦ ਆ ਗਈ।
ਮਨ ਉਦਾਸ ਹੋ ਗਿਆ।
ਭੈਣ ਦੀ ਫੋਟੋ ਦੇਖਣ ਲਈ, ਮਨ ਉਤਾਵਲਾ ਹੋਇਆ
ਪਰੋਫਾਇਲ ਵਿਚ ਮੌਜੂਦ, ਸਾਰੀਆਂ ਫੋਟੋਆਂ ਫੋਲ ਮਾਰੀਆਂ।
ਭੈਣ ਕਿਤੇ ਨਾ ਦਿਸੀ।
ਸਭ ਤੋਂ ਵੱਡੇ ਭਾਣਜੇ ਦੀ ਪਰੋਫਾਇਲ ਖੋਲ੍ਹ
ਫੋਟੋਆਂ 'ਚੋਂ ਭੈਣ ਨੂੰ ਲੱਭਣ ਲੱਗਾ।
ਭੈਣ ਕਿਤੇ ਨਾ ਲੱਭੀ।
ਫਿਰ ਤਿੰਨੋਂ ਭਾਣਜਿਆਂ, ਦੋਨੋਂ ਭਾਣਜੀਆਂ
ਆਪਣੇ ਦੋਨੋਂ ਭਰਾਵਾਂ ਦੀਆਂ ਪਰੋਫਾਇਲਾਂ ਖੋਜ ਮਾਰੀਆਂ।
ਹਜ਼ਾਰਾਂ ਫੋਟੋਆਂ ਵਿਚ ਵੀ, ਭੈਣ ਕਿਤੋਂ ਨਾ ਲੱਭੀ।
ਮੈਂ ਉਦਾਸ ਹੋ ਕੇ ਬੈਠ ਗਿਆ।
ਮੇਰੇ ਹੰਝੂ ਨਿਕਲ਼ੇ ਤਾਂ ਜੀਜਾ ਯਾਦ ਆਇਆ।
ਉਹ ਵੀ ਤਾਂ ਮੋਬਾਇਲ 'ਤੇ ਠੋਲ੍ਹੇ ਮਾਰਿਆ ਕਰਦਾ ਹੈ।
ਜੀਜੇ ਦੀ ਪਰੋਫਾਇਲ ਖੋਲ੍ਹੀ।
ਪਰਦੇ 'ਤੇ ਭੈਣ ਮੁਸਕਰਾਉਂਦੀ ਨਜ਼ਰ ਆਈ।
ਫਿਰ ਫੋਟੋਆਂ ਦੇਖਣ ਲੱਗਾ।
ਪੰਜ ਸੱਤ ਨਹੀਂ, ਦਰਜਨਾਂ ਨਹੀਂ, ਪਰਿਵਾਰ ਦੇ ਸਾਰੇ ਜੀਆਂ ਨਾਲ਼
ਭੈਣ ਦੀਆਂ ਸੈਂਕੜੇ ਫੋਟੋਆਂ ਮੌਜੂਦ ਸਨ।
ਦੇਖਦਾ ਰਿਹਾ ਰੋਂਦਾ ਰਿਹਾ, ਰੋਂਦਾ ਰਿਹਾ ਦੇਖਦਾ ਰਿਹਾ।

## ਬੁੱਢੇ ਵਾਰੇ

ਇਕੱਲਾ ਨਹੀਂ! ਤੇਰੀ ਯਾਦ ਵੀ ਹੈ!!
ਤਦੇ ਮੁੜ ਮੁੜ ਹੱਸ ਰਿਹਾ ਹਾਂ
ਤੇਰੀਆਂ ਗੱਲਾਂ ਖ਼ੁਦ ਨੂੰ ਦੱਸ ਰਿਹਾ ਹਾਂ।
ਜੇ ਤੂੰ ਅੱਜ ਮੈਨੂੰ, ਵੀਲ੍ਹ ਚੇਅਰ 'ਤੇ ਬੈਠਾ, ਕੰਧ ਨਾਲ਼ ਲੱਗਾ
ਧੁੱਪ ਸੇਕਦਾ ਦੇਖ ਲਵੇਂ, ਤਾਂ ਉਵੇਂ ਖਿੜਖਿੜਾ ਕੇ ਹੱਸੇਂ
ਜਿਵੇਂ ਮੈਂ ਤੈਨੂੰ, ਸਾਇਕਲ ਸਿਖਾਉਣ ਵੇਲ਼ੇ, ਡਿੱਗੀ ਪਈ ਨੂੰ ਦੇਖ ਕੇ
ਹੱਸਿਆ ਸਾਂ, ਲੱਤਾਂ ਚੌੜੀਆਂ ਕਰ ਕੇ, ਤਾੜੀ ਮਾਰ ਕੇ।
ਖੁੱਲ੍ਹ ਕੇ ਹੱਸਣਾ, ਕਦੀ ਹੀ ਹੁੰਦਾ ਏ ਨਸੀਬ, ਮੇਰੀਏ ਭੋਲ਼ੀਏ ਰਾਣੀਏਂ।
ਅੱਜ ਘਰ ਦੇ ਮਾਲਕ, ਮੈਨੂੰ ਬਾਹਰੋਂ ਤਾਲਾ ਮਾਰ, ਗਏ ਹੋਏ ਨੇ ਸ਼ਹਿਰ।
ਕਿਸੇ ਹੋਟਲ ਵਿਚ, ਵੱਡੇ ਪੋਤੇ ਦੀ ਲਾਡਲੀ ਧੀ
ਮਿਰਦੁਲਾ ਦਾ ਮਨਾ ਰਹੇ ਨੇ ਜਨਮ ਦਿਨ।
ਘਰ ਵਿਚ ਮੈਨੂੰ ਕੋਈ ਟੋਕਣ ਵਾਲ਼ਾ ਨਹੀਂ
ਹੱਸਣ ਤੋਂ ਰੋਕਣ ਵਾਲ਼ਾ ਨਹੀਂ।
ਇਸੇ ਲਈ ਮੈਂ ਤੇਰੀ ਯਾਦ ਨਾਲ਼ ਖੁੱਲ੍ਹ ਕੇ ਕਰ ਰਿਹਾ ਹਾਂ ਗੱਲਾਂ
ਹੱਸ ਰਿਹਾ ਹਾਂ ਪੂਰਾ ਤਾਣ ਲਾ ਕੇ।

ਮੇਰੇ ਬੁੱਲ੍ਹਾਂ ਵਿਚ ਪਏ, ਫੈੜ੍ਹ ਵਿਚੋਂ ਡਿਗਦੀਆਂ ਨੇ ਰਾਲ਼ਾਂ
ਅੱਖਾਂ ਵਿਚ ਚੜ੍ਹ ਰਹੇ ਨੇ, ਖ਼ੁਸ਼ੀਆਂ ਗ਼ਮੀਆਂ ਦੇ ਹੰਝੂ।
ਤੂੰ ਯਕੀਨ ਨਹੀਂ ਕਰਨ ਲੱਗੀ, ਕਿ ਮੇਰੇ ਘਰ ਦੇ ਨੇ ਬਹੁਤ ਚੰਗੇ
ਗੋਦ ਵਿਚ ਪਈ ਬੈੱਲ ਵਜਾਵਾਂ,ਆਉਂਦੇ ਨੇ ਸ਼ਾਂਤ ਚਿੱਤ ਦੌੜੇ
ਕਰਦੇ ਨੇ ਮੇਰੀ ਹਰ ਮੰਗ ਪੂਰੀ।
ਬੋਲਦੀ ਤਾਂ ਮੇਰੀ, ਬੁੱਢੀ ਅਰਧਾਂਗਣੀ ਹੀ ਹੁੰਦੀ ਹੈ
ਆ ਕੇ ਕਹੇਗੀ, 'ਕੀ ਆ?' ਮੈਂ ਹੱਸ ਕੇ ਕਹਿੰਦਾ ਹਾਂ
'ਸੱਪ ਆ, ਚਿੜੀ ਆ, ਗੁਟਾਰ ਆ, ਖੜਕਦੀ ਤਾਰ ਆ
ਜੇ ਜਾਣਾ ਏਂ ਚੱਲ, ਤੇਰਾ ਸਿੰਘ ਉੱਤੇ ਜਾਣ ਲਈ ਤਿਆਰ ਆ।'
ਉਹ 'ਊਂਅਅ' ਕਹਿ ਕੇ ਬੁੱਲ੍ਹ ਕੱਢਦੀ ਹੈ
ਉਸ ਦੇ ਹੱਥ ਦੀਆਂ ਉਂਗਲ਼ਾਂ ਖੁੱਲ੍ਹ ਕੇ, ਦੂਰ ਫਿਟੇ ਮੂੰਹ ਦਾ
ਬਣਾਉਂਦੀਆਂ ਹਨ ਪੋਜ਼, ਧੌਲ਼ਾ ਝਾਟਾ ਸ਼ਰਮ ਦਾ ਘਾਟਾ, ਆਖ
ਮੁੜ ਜਾਂਦੀ ਏ ਬੁੜ ਬੁੜ ਕਰਦੀ, ਢਿਚਕੂ ਮਾਰਦੀ।
ਮੇਰੀ ਮਹਿਬੂਬ ਕਦੀ ਸੁਪਨੇ 'ਚ ਆ, ਤੂੰ ਵੀ ਆਪਣਾ ਹਾਲ ਸੁਣਾ
ਹੁਣ ਮੈਂ ਤਾਂ ਸਦਾ ਬੋਲਦਾ ਹਾਂ ਸੱਚ
ਆਪਣਾ ਦਿਲ ਕਦੀ ਤਾਂ ਕੱਢ ਕੇ ਮੇਰੇ ਮੂਹਰੇ ਰੱਖ।
ਮੈਂ ਬੜੀ ਮੌਜ ਵਿਚ ਹਾਂ ਰਾਣੀਏਂ
ਦਿਲ ਕਰਦਾ ਰਹੇ ਤੇਰਾ ਵੀ ਕਦੀ ਹਾਲ ਜਾਣੀਏਂ।
ਧੁੱਪ ਭੱਜੀ ਜਾ ਰਹੀ ਏ, ਠੰਢ ਦੌੜੀ ਆ ਰਹੀ ਏ।
ਚੰਗਾ! ਰੇੜ੍ਹਦਾ ਹਾਂ ਆਪਣੀ ਦੁਪਹੀਆ ਚੇਅਰ ਨੂੰ
ਫੁੱਲਾਂ ਦੀਆਂ ਕਿਆਰੀਆਂ ਵੱਲ ਜਾਵਾਂਗਾ
ਦੇਖਾਂਗਾ ਨਵੀਆਂ ਖਿੜੀਆਂ ਡੋਡੀਆਂ ਵੱਲ
ਹਸਰਤ ਭਰੀਆਂ ਨਜ਼ਰਾਂ ਨਾਲ਼
ਕਹਾਂਗਾ ਉਨ੍ਹਾਂ ਨੂੰ, ਖ਼ੈਰ ਮਕੱਦਮ ਤੇ ਸਲਾਮ।
ਉਦਾਸ ਮਨ ਨਾਲ਼, ਗਰਦਣਾਂ ਸੁੱਟ ਜਾਣ ਵਾਲ਼ੇ ਫੁੱਲਾਂ ਨੂੰ
ਕਹਾਂਗਾ ਅੰਤਮ ਅਲਵਿਦਾ।
ਫਿਰ ਦੇਖਾਂਗਾ ਨੀਝ ਲਾ ਕੇ
ਅਲਮਾਰੀ ਵਿਚ ਪਈਆਂ, ਉਦਾਸ ਹੋਈਆਂ ਕਿਤਾਬਾਂ ਵੱਲ।
ਅੱਖਾਂ ਮਲ਼ ਕੇ ਉਨ੍ਹਾਂ ਨੂੰ ਦੱਸਾਂਗਾ, ਨਹੀਂ ਦਿਸਦਾ! ਨਹੀਂ ਦਿਸਦਾ!!
ਤੁਹਾਡੇ 'ਤੇ ਧੂੜ, ਮੇਰੇ ਰੇਟੀਨੇ ਤੇ ਮੋਤੀਆ, ਬੀਬੀਓ ਸੱਚ ਜਾਣਿਓ।
ਉਦਾਸ ਨਾ ਹੋਣਾ ਕਦੀ ਨਾ ਰੋਣਾ
ਪੋਤੀ ਮਿਰਦੁਲਾ ਵੱਡੀ ਹੋ ਕੇ, ਸਾਂਭੇਗੀ ਤੁਹਾਨੂੰ ਹਰ ਹਾਲ।
ਉਦੋਂ ਮੈਂ ਜ਼ੋਰ ਜ਼ੋਰ ਦੀ ਹੱਸਾਂਗਾ
ਆਉਣ ਵਾਲੇ ਨੇ ਘਰ ਦੇ ਸਾਰੇ, ਆਪਣੇ ਤੀਕ ਹੀ ਸਾਰੀ ਗੱਲ ਰੱਖਾਂਗਾ।
ਪਹਿਲਾਂ ਵਾਂਗ ਹੀ ਕਿਸੇ ਨੂੰ, ਕੁਝ ਨਹੀਂ ਦੱਸਾਂਗਾ। 000

***(WW37/10 ਪਿੱਛੇ ਅਮਰ ਸਟੂਡੀਓ, ਰੇਲਵੇ ਰੋਡ, ਦੋਰਾਹਾ, ਜ਼ਿਲ੍ਹਾ ਲੁਧਿਆਣਾ***
***Email: dalalgurdial@gmail.com)***

## ਹਰਦਮ ਮਾਨ: ਚਾਰ ਗ਼ਜ਼ਲਾਂ

**-1-**

ਭੀੜ ਕਿੱਧਰ ਜਾ ਰਹੀ ਚੁੱਪਚਾਪ ਹਲਚਲ ਤੋਂ ਬਗ਼ੈਰ
ਰਹਿਣਗੇ ਇਹ ਬਿਰਖ ਕਿਹੜੇ ਦੇਸ਼ ਜੰਗਲ ਤੋਂ ਬਗ਼ੈਰ

ਸ਼ੂਕਦੇ ਤੂਫ਼ਾਨ ਹਰ ਵੇਲ਼ੇ ਹੀ ਰਹਿੰਦੇ ਜਾਗਦੇ
ਕੋਈ ਵੀ ਸਾਗਰ ਕਦੇ ਹੁੰਦਾ ਨਾ ਭਵਜਲ ਤੋਂ ਬਗ਼ੈਰ

ਦੂਰ ਦੇ ਅੰਬਰ 'ਚ ਕੂੰਜਾਂ ਵਾਂਗ ਲੁਕ ਲੁਕ ਰੋਂਦੀਆਂ
ਕੌਣ ਧੀਆਂ ਦਾ ਧਰਾਵੇ ਧੀਰ ਬਾਬਲ ਤੋਂ ਬਗ਼ੈਰ

ਦਿਨ ਦਾ ਰੌਲ਼ਾ ਦੱਬਕੇ ਸੀਨੇ ਪਰਤਦੇ ਹਾਂ ਘਰ ਅਸੀਂ
ਜਿਸ ਤਰ੍ਹਾਂ ਥੱਕੀ ਨਦੀ ਵਗਦੀ ਹੈ ਕਲਕਲ ਤੋਂ ਬਗ਼ੈਰ

ਤੜਪਦੇ ਅੱਖਰ ਖ਼ਤਾਂ ਦੇ ਹਾਲ ਅਸਲੀ ਦੱਸ ਰਹੇ
ਉਂਝ ਤਾਂ ਲਿਖਿਆ ਨਹੀਂ ਕੁਝ ਕੁਸ਼ਲ ਮੰਗਲ ਤੋਂ ਬਗ਼ੈਰ

ਇਸ ਦੀ ਗਹਿਰਾਈ ਮਿਣੋਗੇ ਕਿਸ ਤਰ੍ਹਾਂ ਛੱਡੋ ਪਰ੍ਹਾਂ
ਦੋਸਤੋ ਦਿਲ ਹੈ ਸਮੁੰਦਰ ਪਰ ਕਿਸੇ ਤਲ ਤੋਂ ਬਗ਼ੈਰ 00

**-2-**

ਜੇ ਅੱਖਾਂ ਖੋਲ੍ਹ ਕੇ ਚੱਲੇ ਤਾਂ ਸ਼ਾਇਦ ਪਰਤ ਆਓਗੇ
ਨਹੀਂ ਤਾਂ ਉਡਦਿਆਂ ਪੱਥਰਾਂ ਦੀ ਜ਼ੱਦ ਵਿਚ ਆ ਹੀ ਜਾਓਗੇ

ਕਿਨਾਰੇ ਤੋੜ ਕੇ, ਗਲੀਆਂ ਘਰਾਂ ਵਿਚ ਆ ਗਿਆ ਪਾਣੀ
ਨਦੀ ਦੇ ਵਹਿਣ ਵਿਚ ਖ਼ੁਦ ਨੂੰ ਕਿਵੇਂ ਡੁੱਬਣੋਂ ਬਚਾਓਗੇ

ਘਰਾਂ ਤੋਂ ਰਸਤਿਆਂ ਤਕ ਫੈਲਿਆ ਸੈਲਾਬ ਅੱਗਾਂ ਦਾ
ਤੁਸੀਂ ਇਸ ਤਪਸ਼ ਅੰਦਰ ਪੈਰ ਕਿਹੜੀ ਥਾਂ ਟਿਕਾਓਗੇ

ਸਵੇਰੇ ਘਰ ਤੋਂ ਨਿਕਲੋਗੇ ਕਿਸੇ ਜਰਨੈਲ ਦੇ ਵਾਂਗੂੰ
ਤੇ ਸ਼ਾਮੀਂ ਦੋਸ਼ੀਆਂ ਦੇ ਵਾਂਗ ਦੇਹਲ਼ੀ ਪੈਰ ਪਾਓਗੇ

ਤੁਸੀਂ ਖ਼ੁਦ ਆਪਣੀਆਂ ਨਜ਼ਰਾਂ 'ਚ ਉੱਚੇ ਹੋਰ ਹੋ ਜਾਣਾ
ਕਿਸੇ ਡਿੱਗੇ ਨੂੰ ਬਾਹੋਂ ਪਕੜ ਕੇ ਜਦ ਵੀ ਉਠਾਓਗੇ 00

-3-

ਖੋਲ੍ਹ ਕੇ ਬਾਰੀ ਤੁਸੀਂ ਕੀ ਦੇਖਦੇ ਰਹਿੰਦੇ ਸਦਾ
ਵਹਿਣ ਤਾਂ ਤੇਹਾਂ ਤੋਂ ਦੂਰੀ ਸਿਰਜ ਕੇ ਵਹਿੰਦੇ ਸਦਾ

ਗ਼ਲਤ ਹਾਂ ਆਪਾਂ ਤੇ ਹਉਮੈ ਓਸ ਦੀ ਅੱਜ ਠੀਕ ਹੈ
ਇਹ ਵੀ ਸੱਚ ਹੈ ਕਿ ਕਿਲੇ ਹੰਕਾਰ ਦੇ ਢਹਿੰਦੇ ਸਦਾ

ਸ਼ਹਿਰ ਦੇ ਦਸਤੂਰ ਨੂੰ ਉਹ ਲੋਕ ਨਾ-ਮਨਜ਼ੂਰ ਨੇ
ਰਾਤ ਨੂੰ ਜੋ ਰਾਤ ਕਹਿੰਦੇ, ਦਿਨ ਨੂੰ ਦਿਨ ਕਹਿੰਦੇ ਸਦਾ

ਕਹਿਰ ਦਾ ਮੌਸਮ ਬਦਲ ਜਾਏਗਾ ਇਕ ਦਿਨ ਲਾਜ਼ਮੀ
ਚੜ੍ਹਦੇ ਸੂਰਜ ਵੀ ਤਾਂ ਸ਼ਾਮਾਂ ਪੈਣ 'ਤੇ ਲਹਿੰਦੇ ਸਦਾ

ਇਕ ਨਾ ਇਕ ਦਿਨ ਤੋੜ ਦਿੰਦੇ ਨੇ ਫਸੀਲਾਂ ਉੱਚੀਆਂ
ਲੋਕ ਉੱਠ ਖੜ੍ਹਦੇ ਨੇ ਆਖਰ ਜ਼ੁਲਮ ਨਾ ਸਹਿੰਦੇ ਸਦਾ

ਨ੍ਹੇਰ ਹੈ ਉਹਨਾਂ ਦੇ ਅੰਦਰ ਮੈਂ ਬੜਾ ਹੈਰਾਨ ਹਾਂ
'ਮਾਨ' ਜਗਦੇ ਦੀਵਿਆਂ ਦੇ ਕੋਲ਼ ਜੋ ਬਹਿੰਦੇ ਸਦਾ 00

-4-

ਸਜ਼ਾ ਪੂਰੀ ਜਦੋਂ ਹੋਏਗੀ ਅਣਕੀਤੇ ਗੁਨਾਹਾਂ ਦੀ
ਉਦੋਂ ਰਹਿਣੀ ਨਹੀਂ ਪਹਿਚਾਣ ਆਪਣੇ ਘਰ ਦੇ ਰਾਹਾਂ ਦੀ

ਕਿਸੇ ਇਕ ਨੇ ਵੀ ਮੁਜਰਿਮ ਦੀ ਸ਼ਨਾਖਤ ਹੀ ਨਹੀਂ ਕੀਤੀ
ਖੜ੍ਹੀ ਕੀਤੀ ਸੀ ਭਾਵੇਂ ਫੌਜ ਮੌਕੇ ਦੇ ਗਵਾਹਾਂ ਦੀ

ਕਿਨਾਰੇ 'ਤੇ ਉਡੀਕਣ ਵਾਲਿਆਂ ਦੀ ਭੀੜ ਆ ਲੱਗੀ
ਬੜੀ ਮੱਧਮ ਜਿਹੀ ਆਵਾਜ਼ ਸੁਣਦੀ ਹੈ ਮਲਾਹਾਂ ਦੀ

ਉਹ ਸ਼ਹਿਰਾਂ, ਜੰਗਲਾਂ, ਜੇਲ੍ਹਾਂ ‘ਚ ਵੀ ਆਜ਼ਾਦ ਰਹਿੰਦੇ ਨੇ
ਫ਼ਕੀਰਾਂ ‘ਤੇ ਨਹੀਂ ਚਲਦੀ ਹਕੂਮਤ ਸ਼ਹਿਨਸ਼ਾਹਾਂ ਦੀ

ਅਜੇ ਤਾਂ ਬਹੁਤ ਕੁਝ ਰਹਿੰਦਾ ਹੈ ਤੈਅ ਕਰਨਾ ਜ਼ਮੀਨ ਉੱਤੇ
ਕਰਾਂਗੇ ਫੇਰ ਕੋਈ ਗੱਲ ਦਿਸਦੇ ਤੋਂ ਅਗਾਹਾਂ ਦੀ

ਅਸਾਡੇ ਰਸਿਤਆਂ 'ਚੋਂ ਖ਼ੁਦ ਪਹਾੜਾਂ ਨੇ ਪਰੇ ਹੋਣਾ
ਜਦੋਂ ਵੀ ਜੁੜ ਗਈ ਸ਼ਕਤੀ ਇਨ੍ਹਾਂ ਬੇਜੋੜ ਬਾਹਾਂ ਦੀ 000

***(ਸਰੀ - ਕੈਨੇਡਾ, ਫੋਨ: +1-604-308-6663)***

# ਸੁਆਲ ਕਾਇਰਤਾ ਤੋਂ ਉੱਪਰ ਉੱਠਣ ਦਾ

## ਜਗਜੀਤ ਸਿੰਘ ਆਨੰਦ

ਅੱਤਵਾਦ ਦੇ ਝੱਖੜਾਲੇ ਦਿਨਾਂ ਦਾ ਆਗ਼ਾਜ਼ ਹੋਇਆ ਸੀ ਸਾਡੀ ਜਾਚੇ 1978 ਦੀ ਵਿਸਾਖੀ ਵਾਲੇ ਦਿਨ, ਓਦੋਂ ਜਦੋਂ ਭਿੰਡਰਾਂਵਾਲੇ ਦੇ ਚੇਲਿਆਂ ਅਤੇ ਨਿਰੰਕਾਰੀਆਂ ਦਾ ਸਿੱਧਾ-ਸਾਹਵਾਂ ਟਕਰਾਅ ਹੋ ਗਿਆ ਅੰਮ੍ਰਿਤਸਰ ਵਿਚ। ਸਾਕਾ ਇਹ ਅਫ਼ਸੋਸਨਾਕ ਸੀ, ਜਾਨਾਂ ਦੋਹਾਂ ਪਾਸਿਆਂ ਦੀਆਂ ਗਈਆਂ, ਹਮਲਾ ਕਰਨ ਆਇਆਂ ਦੀਆਂ ਤੇਰਾਂ ਕੁ ਅਤੇ ਆਪਣੀ ਸੰਪਰਦਾ ਦਾ ਸਮਾਗਮ ਰਚਾਈ ਬੈਠਿਆਂ ਚਹੁੰ-ਕੁ ਦੀਆਂ।

ਆਪ ਭਾਵੇਂ ਮੈਂ ਧਾਰਮਿਕ ਵਿਸ਼ਵਾਸ ਤੋਂ ਕੋਰਾ ਹਾਂ ਪਰ ਹਰ ਕਿਸੇ ਦੇ ਧਰਮ ਨੂੰ ਖੁੱਲ੍ਹ ਕੇ ਵਿਚਰਨ ਦੇਣ ਦਾ ਪੱਕਾ ਹਮਾਇਤੀ ਹਾਂ। ਇਹ ਗੱਲ ਨਿਰੀ ਮੇਰੀ ਨਿੱਜੀ ਸੋਚ ਦੀ ਦੇਣ ਨਹੀਂ, ਸਾਡੇ ਦੇਸ ਦੇ ਵਿਧਾਨ ਵਿਚ ਅੰਕਿਤ ਹੈ। ਵਿਧਾਨ ਸਾਡਾ ਹਰ ਕਿਸੇ ਨੂੰ ਹੱਕ ਦਿੰਦਾ ਹੈ ਆਪੋ-ਆਪਣੇ ਧਾਰਮਿਕ ਵਿਸ਼ਵਾਸਾਂ ਮੁਤਾਬਕ ਰਹਿਣ-ਵਿਚਰਨ ਦਾ। ਇਸ ਹੱਕ ਦੇ ਘੇਰੇ ਵਿਚ ਹਰ ਵੰਨਗੀ ਦੇ ਧਰਮ ਤੇ ਸੰਪਰਦਾਵਾਂ ਹੀ ਨਹੀਂ ਆਉਂਦੀਆਂ ਸਾਡੇ ਵਰਗੇ ਕਿਸੇ ਧਰਮ ਨੂੰ ਨਾ ਮੰਨਣ ਵਾਲੇ ਲੋਕ ਵੀ ਆਉਂਦੇ ਹਨ, ਸੁਧੇ-ਨਾਸਤਕ।

ਇਸੇ ਲਈ ਜਦੋਂ ਅੰਮ੍ਰਿਤਸਰ ਦੇ ਸਾਕੇ ਪਿੱਛੋਂ ਪਾਰਲੀਮੈਂਟ ਖੁੱਲ੍ਹੀ, ਮੈਂ ਪਹਿਲੇ ਦਿਨ ਹੀ ਰਾਜ ਸਭਾ ਦੇ ਚੇਅਰਮੈਨ ਤੋਂ ਉਚੇਚੀ ਆਗਿਆ ਲੈ ਕੇ ਸੁਆਲ ਉਠਾਇਆ; ਨਿਰੰਕਾਰੀਆਂ ਵੱਲੋਂ ਆਪਣੇ ਧਾਰਮਿਕ ਵਿਸ਼ਵਾਸ ਤੇ ਆਪਣੀ ਰਹੁ-ਰੀਤੀ ਦੇ ਹੱਕ ਨੂੰ ਮਾਣਨ ਦਾ। ਹਾਊਸ ਵਿਚ ਸਭਨਾਂ ਵਿਸ਼ਵਾਸਾਂ ਦੇ ਲੋਕ ਹਾਜ਼ਰ ਸਨ, ਕਿਸੇ ਵੀ ਮੇਰੀ ਗੱਲ ਦਾ ਵਿਰੋਧ ਨਾ ਕੀਤਾ।

ਬਸ ਓਦੋਂ ਤੋਂ ਹੀ ਮੇਰਾ ਪੇਚਾ ਪੈ ਗਿਆ ਸਿੱਖੀ ਵਰਗੇ ਮਹਾਨ ਮਨੁੱਖਵਾਦੀ ਧਰਮ ਨੂੰ ਸੰਕੀਰਨਤਾ ਦੀ ਪੁੱਠ-ਚਾੜ੍ਹਨ ਵਾਲਿਆਂ ਨਾਲ। ਮੁੱਖ ਮੰਤਰੀ ਓਦੋਂ ਬਾਦਲ ਸਾਹਿਬ ਸਨ। ਘਟਨਾ ਵਾਲੇ ਦਿਨ ਉਹ ਮੁੰਬਈ ਸਨ। ਵਾਪਸ ਮੁੜ ਕੇ ਕੋਈ ਡਟਵਾਂ ਸਟੈਂਡ ਨਾ ਲੈ ਸਕੇ ਇਸ ਮਾਮਲੇ ਵਿਚ। ਦੇਸ ਦੇ ਵਿਧਾਨ ਦੀ ਰਾਖੀ ਵਾਲੀ ਚੁੱਕੀ ਹੋਈ ਸਹੁੰ ਦੀ ਪਾਲਣਾ ਤਾਂ ਕੀ ਕਰਨੀ ਸੀ, ਵਿੰਗੇ-ਟੇਢੇ ਢੰਗ ਨਾਲ ਉਸ ਵਿਚ ਦਿੱਤੇ ਹੱਕ ਉੱਤੇ ਹਮਲਾ ਕਰਨ ਵਾਲਿਆਂ ਦੀ ਸੁਰ ਵਿਚ ਸੁਰ ਹੀ ਮਿਲਾਈ ਉਨ੍ਹਾਂ। ਇਸੇ ਪ੍ਰਸੰਗ ਵਿਚ ਇੱਕ ਗੱਲ ਅੱਜ ਤਕ ਚੇਤੇ ਵਿਚ ਅਟਕੀ ਹੋਈ ਹੈ। ਅੰਮ੍ਰਿਤਸਰ ਪ੍ਰਸ਼ਾਸਨ ਵਿਚ ਜਿਹੜੇ ਦੋ ਵਿਅਕਤੀ ਸਭ ਤੋਂ ਅਹਿਮ ਸਥਾਨ ਰੱਖਦੇ ਸਨ, ਉਨ੍ਹਾਂ ਵਿਚੋਂ ਇਕ ਉਸ ਦੇ ਪਹਿਲੇ ਦਿਨਾਂ ਤੋਂ ਮੇਰਾ ਨੇੜਲਾ ਸੀ। ਨਿਰੰਕਾਰੀਆਂ ਉੱਤੇ ਹੁੱਲੜਬਾਜ਼ੀ ਤੇ ਕਤਲਾਂ ਦਾ ਮੁਕੱਦਮਾ ਦਰਜ ਹੋ ਗਿਆ ਅਤੇ ਉਨ੍ਹਾਂ ਇਸ ਦੀ ਸੁਣਵਾਈ ਉਪਰਲੀ ਅਦਾਲਤ ਵਿਚ ਪੰਜਾਬੋਂ ਬਾਹਰ ਕਰਨ ਲਈ ਦਰਖਾਸਤ ਪਾ ਦਿੱਤੀ। ਮੇਰੇ ਨੇੜਲੇ ਮੌਕੇ ਦੇ ਅਧਿਕਾਰੀ ਨੂੰ ਜਦੋਂ ਮੈਂ ਸਮੁੱਚੇ ਹਾਲਾਤ ਬਾਰੇ ਖਨੋਚਰ ਕੇ ਪੁੱਛਿਆ ਤਾਂ ਉਸ ਦਾ ਕਹਿਣਾ ਸੀ, "ਜੇ ਮੁਕੱਦਮਾ ਇੱਥੇ ਹੀ ਰਿਹਾ ਤਾਂ ਫੜੇ ਗਏ ਨਿਰੰਕਾਰੀਆਂ ਨੂੰ ਸਜ਼ਾ ਹੋਵੇਗੀ ਹੀ, ਜੇ ਪੰਜਾਬੋਂ ਬਾਹਰ ਚਲਾ ਗਿਆ ਤਾਂ ਉਹ ਬਚ ਨਿਕਲਣਗੇ।"

ਅਤੇ ਅੰਤ ਨੂੰ ਹੋਇਆ ਵੀ ਇਹੋ। ਮੁਕੱਦਮਾ ਪੰਜਾਬੋਂ ਬਾਹਰ ਕਰਨਾਲ ਵਿਚ ਮੁੰਤਕਿਲ ਕਰ ਦਿੱਤਾ ਗਿਆ ਅਤੇ ਦੋਵਾਂ ਧਿਰਾਂ ਵੱਲੋਂ ਹਰ ਸਟੇਜ ਉੱਤੇ ਸਿਰੇ ਦਾ ਜ਼ੋਰ ਲਾਇਆ ਗਿਆ, ਪਰ ਅੰਤ ਨੂੰ ਅਦਾਲਤ ਇਸੇ ਨਤੀਜੇ ਉੱਤੇ ਪਹੁੰਚੀ ਕਿ ਜਿਹੜੇ ਮੰਜੀ ਸਾਹਿਬ ਤੋਂ ਤੁਰ ਕੇ, ਹਾਲ ਬਾਜ਼ਾਰ ਥਾਣੀਂ ਹੁੰਦੇ ਹੋਏ, ਹਰਗੋਬਿੰਦ ਫੋਰਟ ਦੇ ਮੈਦਾਨ ਉੱਤੇ ਨਿਰੰਕਾਰੀਆਂ ਦੇ ਸਮਾਗਮ ਉੱਤੇ ਹਮਲਾ ਕਰਨ ਪਹੁੰਚੇ ਸਨ, ਅਸਲ ਦੋਸ਼ੀ ਉਹੀ ਹਨ, ਨਿਰੰਕਾਰੀ ਨਹੀਂ।

1978 ਦੇ ਇਸ ਸਾਕੇ ਬਾਰੇ ਪਾਰਲੀਮੈਂਟ ਦੇ ਅੰਦਰ ਤੇ ਬਾਹਰ ਲਏ ਮੇਰੇ ਸਟੈਂਡ ਕਾਰਨ, ਕਾਂਗਰਸ ਅਤੇ ਮਾਰਕਸੀ ਪਾਰਟੀ ਸਮੇਤ ਸਭ ਸੈਕੂਲਰ ਸਿਆਸੀ ਧਿਰਾਂ ਦੀ ਕਾਨਫ਼ਰੰਸ ਬੁਲਾਉਣ ਵਿਚ (ਬਾਹਰ ਵੀ ਆਪਣੀ ਪਾਰਟੀ ਵੱਲੋਂ ਮੈਂ ਹੀ ਮੋਹਰੀ ਸਾਂ) ਭਿੰਡਰਾਂਵਾਲੇ ਨਾਲ ਅਜਿਹਾ ਪੇਚਾ ਪਿਆ ਜਿਹੜਾ ਉਸ ਦੀ ਹਯਾਤੀ ਵਿਚ ਹੀ ਨਹੀਂ ਉਸ ਤੋਂ ਬਾਅਦ ਵੀ ਜਾਰੀ ਰਿਹਾ।

ਭਿੰਡਰਾਂਵਾਲੇ ਅਤੇ ਉਸ ਦੇ ਚੇਲਿਆਂ ਵੱਲੋਂ ਘਾਣ ਤਾਂ ਕਈ ਸਿਆਸੀ ਲੀਡਰਾਂ ਅਤੇ ਸਾਧਾਰਨ ਲੋਕਾਂ ਦਾ ਕੋਈ 12-13 ਸਾਲ ਕੀਤਾ ਗਿਆ ਅਤੇ ਗਿਣਤੀ ਕੁੱਲ ਮਿਲਾ ਕੇ 12 ਹਜ਼ਾਰ ਤੋਂ ਵੱਧ ਟੱਪ ਗਈ ਦੱਸੀ ਜਾਂਦੀ ਹੈ, ਪਰ ਮੈਂ ਵੱਡ-ਭਾਗਾ ਹਾਂ ਕਿ ਭਾਵੇਂ 'ਸੋਧ ਦੇਣ' ਦੀ ਚਿੱਠੀ ਸਭ ਤੋਂ ਪਹਿਲਾਂ ਮੈਨੂੰ ਹੀ 9 ਦਸੰਬਰ, 1981 ਨੂੰ ਭੇਜੀ ਗਈ, ਮੈਂ ਅੱਜ ਤਕ ਬਚਿਆ ਰਿਹਾ ਹਾਂ। ਚਿੱਠੀ ਇਹ ਪਾਰਲੀਮੈਂਟ ਵਿਚ ਪੇਸ਼ ਕਰ ਦਿੱਤੀ ਗਈ ਅਤੇ ਸਮਰਥਨ ਇਸ ਦਾ ਰਾਜ ਸਭਾ ਅੰਦਰਲੀ ਬਹਿਸ ਵੇਲੇ ਹਰ ਪਾਰਟੀ ਦੇ ਆਗੂ ਨੇ ਏਨਾ ਪੁਰਜ਼ੋਰ ਕੀਤਾ ਕਿ ਗ੍ਰਹਿ ਮੰਤਰੀ ਨੂੰ ਹਾਊਸ ਵਿਚ ਇਹ ਵਿਸ਼ਵਾਸ ਦਿਵਾਉਣਾ ਪਿਆ ਕਿ ਸਰਕਾਰ ਹਰ ਥਾਂ ਮੇਰੀ ਸੁਰੱਖਿਆ ਲਈ ਲੋੜੀਂਦਾ ਪ੍ਰਬੰਧ ਕਰੇਗੀ।

ਇਹ ਸੁਰੱਖਿਆ ਹੋਰਨਾਂ ਨੂੰ ਵੀ ਮਿਲੀ। ਕੁਝ ਬਚ ਗਏ ਕੁਝ 'ਤੁਰ' ਗਏ, ਮੈਂ ਨਾ ਸਿਰਫ਼ ਬਚਿਆ ਰਿਹਾ, ਆਪਣੀ ਬੋਲ-ਬਾਣੀ ਵੀ ਰੱਤੀ-ਭਰ ਨਾ ਬਦਲੀ। ਨਾ ਅਖ਼ਬਾਰਾਂ ਵਿਚ ਲਿਖਣ ਤੇ ਨਾ ਹੀ ਹਿੰਦ ਸਮਾਚਾਰ ਗਰੁੱਪ ਦੇ ਵਿਹੜੇ ਵਿਚ ਤੇ ਹੋਰਨਾਂ ਥਾਈਂ ਬੋਲਣ ਲੱਗਿਆਂ ਮੈਂ ਕਦੇ ਆਪਣੀ ਸੁਰ ਜਾਂ ਸੇਧ ਬਦਲੀ: ਅਤੇ ਹੁਣ ਤੀਕ ਉਸੇ ਡਗਰ ਉੱਤੇ ਚਲਦਾ ਆ ਰਿਹਾ ਹਾਂ।

ਫ਼ਿਰਕੂ ਵੰਡ 1978 ਤੋਂ ਪਿੱਛੋਂ ਤਿੱਖੀ ਹੀ ਹੁੰਦੀ ਗਈ ਅਤੇ ਮਾਹੌਲ ਦਿਨੋ-ਦਿਨ ਹੋਰ ਤੋਂ ਹੋਰ ਸਹਿਮ ਵਾਲਾ ਬਣਦਾ ਗਿਆ। ਇਨ੍ਹਾਂ ਹਾਲਾਤ ਵਿਚ ਮੈਂ ਇਕੱਲਾ ਨਹੀਂ ਸਾਂ, ਸਾਡੀ ਪਾਰਟੀ ਦੇ ਵੀ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਅਤੇ ਸੱਤਪਾਲ ਡਾਂਗ ਵਰਗਿਆਂ ਡਟਵਾਂ ਸਟੈਂਡ ਲਿਆ ਅਤੇ ਕਾਂਗਰਸ ਦੇ ਵੀ ਕੁਝ ਉੱਘੇ ਆਗੂ ਆਪਣੀ-ਆਪਣੀ ਸੈਕੂਲਰ ਸੋਚ 'ਤੇ ਲਾਮਬੰਦ ਰਹੇ। ਤਦ ਵੀ ਅਕਸਰ ਲੋਕ ਦਹਿਸ਼ਤ ਸਾਹਮਣੇ ਦੜ ਵੱਟ ਗਏ।

ਜਿੱਥੋਂ ਤੱਕ ਮੇਰਾ ਸੰਬੰਧ ਹੈ, ਉਸ ਵੰਡੇ ਹੋਏ ਮਾਹੌਲ ਵਿਚ ਮੈਂ ਸਾਧਾਰਨ ਹਿੰਦੂ ਲੋਕਾਂ ਦੀ ਹੈਰਾਨੀ ਭਰੀ ਪ੍ਰਸ਼ੰਸਾ ਦਾ ਪਾਤਰ ਬਣਿਆ ਅਤੇ ਸਿੱਖਾਂ ਵਿਚੋਂ ਕਈਆਂ ਦੇ ਤਿੱਖੇ ਤੁਅੱਸਬਾਂ ਦਾ। ਪਰ ਇਸ ਪੂਰੇ ਮਾਮਲੇ ਨਾਲ ਸੰਬੰਧਤ ਘਟਨਾਵਾਂ ਦਾ ਜ਼ਿਕਰ ਕਰਨਾ ਮੇਰੇ ਹੱਥਲੇ ਪ੍ਰਸੰਗ ਦਾ ਪ੍ਰਯੋਜਨ ਨਹੀਂ। ਮੈਂ ਤਾਂ ਇਸ ਵੇਲੇ ਧਿਆਨ ਇਕੋ ਪੱਖ ਉੱਤੇ ਕੇਂਦਰਤ ਕਰਨਾ ਚਾਹੁੰਦਾ ਹਾਂ।

***

ਆਪਣੇ ਪਰਾਏ ਕਈ ਪੁੱਛਦੇ ਰਹੇ ਹਨ ਕਿ ਜਦੋਂ ਮੇਰਾ ਕਿਸੇ ਧਿਰ ਨਾਲ ਲੈਣਾ ਦੇਣਾ ਨਹੀਂ ਸੀ, ਤੇ ਜਦੋਂ ਮੈਂ ਧਾਰਮਿਕ ਰੰਗਣ ਵਿਚ ਰੰਗਿਆ ਧਾਰਮਿਕ ਬੰਦਾ ਵੀ ਨਹੀਂ ਸਾਂ, ਮੈਂ ਏਨਾ ਡਟਵਾਂ ਸਟੈਂਡ ਕਿਵੇਂ ਲੈ ਸਕਿਆ?

ਕੁਝਨਾਂ ਦਾ ਖ਼ਿਆਲ ਸੀ ਕਿ ਮੈਂ ਬੜਾ ਦਲੇਰ ਬੰਦਾ ਹਾਂ। ਕਿਉਂਕਿ ਧਾਰਮਿਕ ਹਿਤਾਂ ਖਾਤਰ ਤਾਂ ਮੈਂ ਅਜਿਹਾ ਪੈਂਤੜਾਂ ਮੱਲ ਨਹੀਂ ਸਾਂ ਸਕਦਾ, ਜੇ ਕੋਈ ਚੇਤ-ਅਚੇਤ ਧਾਰਮਿਕ ਸੋਚ ਮੇਰੇ ਅੰਦਰ ਸਮੋਈ ਹੋਈ ਹੈ ਤਾਂ ਹੋਵੇਗੀ ਉਹ ਸਿੱਖੀ ਨਾਲ ਜੁੜੀ ਹੀ। ਅਤੇ ਵਿਗੜੇ ਹੋਏ ਮਾਹੌਲ ਵਿਚ ਅਕਸਰ ਗ਼ੈਰ-ਸਿੱਖ ਲੋਕ ਸਿੱਖ ਦਹਿਸ਼ਤਗਰਦਾਂ ਦੀਆਂ ਹਿੰਸਕ ਕਾਰਵਾਈਆਂ ਕਾਰਨ ਸਾਰੇ ਸਿੱਖਾਂ ਨੂੰ ਹੀ ਮਾੜਾ ਜਾਨਣ ਲੱਗ ਪਏ ਸਨ। ਪਰ ਹੋਰ ਕੋਈ ਜੋ ਵੀ ਸਮਝੇ ਮੈਨੂੰ ਤਾਂ ਪਤਾ ਹੈ ਕਿ ਮੇਰਾ ਕੋਈ ਫ਼ਿਰਕੂ ਲਗਾਉ ਹੈ ਹੀ ਨਹੀਂ। ਕਿਉਂਕਿ ਜਦ ਕਿਸੇ ਧਰਮ ਵਿਚ, ਜਾਂ ਸਗੋਂ ਧਰਮਾਂ ਦੇ ਮੂਲ ਸੋਮੇ ਪਰਮਾਤਮਾ ਵਿਚ ਹੀ ਮੇਰੀ ਨਿਸ਼ਠਾ ਨਹੀਂ ਤਾਂ ਅਜਿਹਾ ਹੋਵੇਗਾ ਵੀ ਕਿਵੇਂ?

ਹੁਣ ਮੈਂ ਆਪਣਾ ਅੰਦਰਲਾ ਸੱਚ ਬਖਾਨਣ ਲੱਗਾ ਹਾਂ ਮੈਂ ਸਮਝਦਾ ਹਾਂ ਕਿ ਅੰਦਰੋਂ ਮੈਂ ਵੀ ਕਾਇਰ ਹਾਂ। ਅਤੇ ਇਹ ਗੱਲ ਨਿਰੀ ਮੇਰੇ ਉੱਤੇ ਹੀ ਨਹੀਂ ਢੁੱਕਦੀ ਜਿਸ ਕਿਸੇ ਦੇ ਵੀ ਸੋਚ ਦੇ ਸੰਦ ਤਿੱਖੇ ਹਨ, ਜਿਹੜਾ ਕੋਈ ਵੀ ਦਰਪੇਸ਼ ਮਸਲੇ ਦੇ ਇਕੋ ਵੇਲੇ ਇਕ ਤੋਂ ਵੱਧ ਬਦਲ ਸੋਚ ਸਕਦਾ ਹੈ,

ਇਹ ਗੱਲ ਹਰ ਉਸ ਵਿਅਕਤੀ 'ਤੇ ਲਾਗੂ ਹੁੰਦੀ ਹੈ। ਸਾਰੇ ਜਾਣਦੇ ਹਨ ਕਿ ਗੋਕੇ ਨਾਲੋਂ ਮਾਝਾ ਜੀਵ ਵਧੇਰੇ ਦਿਲ-ਗੁਰਦੇ ਵਾਲਾ ਹੁੰਦਾ ਹੈ। ਰੇਲ ਦੀ ਪਟੜੀ ਵਿਚਕਾਰ ਖਲੋਤਾ ਹੋਵੇ ਕੋਈ ਝੋਟਾ, ਇੰਜਨ ਦੀ ਦਹਿਲ ਨਾਲ ਉਹ ਥਾਂ ਛੱਡ ਕੇ ਨਹੀਂ ਭੱਜਦਾ। ਪਰ ਜੇ ਖਲੋਤਾ ਹੋਵੇ ਗਊ ਦਾ ਜਾਇਆ, ਧਮਕ ਨਾਲ ਹੀ ਭੱਜ ਖਲੋਂਦਾ ਹੈ।

ਜ਼ਿੰਦਗੀ ਵਿਚ ਕਈ ਮੌਕੇ ਆਏ ਹਨ ਇਹੋ ਜਿਹੀ ਜੋਖ-ਪਰਖ ਦੇ। ਏਥੇ ਉਨ੍ਹਾਂ ਵਿਚੋਂ ਅਜਿਹੇ ਦੋ-ਕੁ ਦਾ ਹੀ ਜ਼ਿਕਰ ਕਰਾਂਗਾ ਜਿਨ੍ਹਾਂ ਦਾ ਪ੍ਰਭਾਵ ਵਧੇਰੇ ਡੂੰਘਾ ਹੈ।

ਪਹਿਲਾ ਸੀ 1939 ਦੇ 23 ਮਾਰਚ ਵਾਲਾ। ਸ਼ਹੀਦਾਂ ਦੇ ਸ਼ਹੀਦ ਭਗਤ ਸਿੰਘ ਦਾ ਉਹ ਸ਼ਹੀਦੀ ਦਿਵਸ ਸੀ ਅਤੇ ਇਸ ਕਰਕੇ ਲਾਹੌਰ ਦਾ ਕਿਸਾਨ ਮੋਰਚਾ ਉਸੇ ਦਿਨ ਆਰੰਭਿਆ ਗਿਆ ਸੀ।

ਦੂਰੋਂ-ਨੇੜਿਓਂ ਕਿਸਾਨਾਂ ਦੇ ਜੱਥੇ ਤਾਂ ਬੱਝ ਕੇ ਆਉਣੇ ਹੀ ਸੀ, ਅਸਾਂ ਵਿਦਿਆਰਥੀਆਂ ਨੇ ਵੀ ਪੂਰੀ ਪਲੈਨ ਕਰਕੇ ਉਸ ਵਿਚ ਹਿੱਸਾ ਪਾਇਆ। ਲਾਹੌਰ ਸਟੂਡੈਂਟ ਯੂਨੀਅਨ ਉਨ੍ਹਾਂ ਦਿਨਾਂ ਵਿਚ ਦੇਸ਼ ਦੀ ਵਿਦਿਆਰਥੀ ਲਹਿਰ ਦਾ ਸਭ ਤੋਂ ਸ਼ਕਤੀਸ਼ਾਲੀ ਸੰਗਠਨ ਸੀ। ਅਲੌਕਿਕ ਬੁੱਧੀ ਦਾ ਸਵਾਮੀ ਕਾਮਰੇਡ ਕ੍ਰਿਸ਼ਨ ਖੰਨਾ ਉਸ ਦਾ ਪ੍ਰਧਾਨ ਸੀ ਤੇ ਮੈਂ ਜਨਰਲ ਸਕੱਤਰ। ਕਾਮਰੇਡ ਟਹਿਲ ਸਿੰਘ ਭੰਗਾਲੀ ਅਤੇ ਬਾਊ ਯੋਗਰਾਜ ਦੀ ਅਗਵਾਈ ਹੇਠ ਲਾਹੌਰ ਜ਼ਿਲ੍ਹੇ ਦੀ ਕਿਸਾਨ ਸਭਾ ਵੀ ਪਿੰਡ-ਪਿੰਡ ਛਾਈ ਹੋਈ ਸੀ। ਉਹ ਦੋਵੇਂ ਵੀ ਅੱਗੇ-ਅੱਗੇ ਸਨ ਉਸ ਦਿਨ, ਅਤੇ ਯੋਗਰਾਜ ਹੁਰਾਂ ਦੀ ਪਤਨੀ ਬੀਬੀ ਗੁਰਦੀਪ ਵੀ ਆਪਣੇ ਅੱਠਾਂ ਮਹੀਨਿਆਂ ਦੇ ਪੁੱਤਰ ਨਾਲ ਸੀ। ਸਾਡੇ ਵਿਦਿਆਰਥੀ ਜੱਥੇ ਨੂੰ ਸ਼ਾਮਲ ਹੁੰਦਿਆਂ ਵੇਖ ਜੁੜੇ ਕਿਸਾਨ ਸਤਿਆਗ੍ਰਹਿਈਆਂ ਵਿਚ ਮਾਨੋਂ ਬਿਜਲੀ ਦਾ ਕਰੰਟ ਫਿਰ ਗਿਆ। ਕਾਮਰੇਡ ਉਜਾਗਰ ਸਿੰਘ ਬੀਰ ਨੇ, ਜਿਹੜਾ ਜ਼ਿਲ੍ਹਾ ਕਿਸਾਨ ਸਭਾ ਦਾ ਜਨਰਲ ਸਕੱਤਰ ਸੀ, ਜੁੜੀ ਭੀੜ ਵਿੱਚੋਂ ਰਾਹ ਬਣਾ ਕੇ ਕਾਮਰੇਡ ਰਾਜਬੰਸ ਨੂੰ ਤੇ ਮੈਨੂੰ ਮੂਹਰੇ ਕਰ ਦਿੱਤਾ। ਲਾਹੌਰ ਸਟੂਡੈਂਟ ਯੂਨੀਅਨ ਦਾ ਝੰਡਾ ਤਾਂ ਪ੍ਰਧਾਨ ਰਾਜਬੰਸ ਦੇ ਹੱਥ ਹੈ ਹੀ ਸੀ, ਇਕ ਲਾਲ ਝੰਡਾ ਕਿਸੇ ਸਾਥੀ ਤੋਂ ਲੈ ਕੇ ਮੈਨੂੰ ਵੀ ਥਮਾਅ ਦਿੱਤਾ ਗਿਆ।

ਜਦੋਂ ਅਸੀਂ ਭਾਟੀ ਦਰਵਾਜ਼ੇ ਵਾਲੇ ਪਾਸਿਓਂ ਅਨਾਰਕਲੀ ਬਾਜ਼ਾਰ ਵੱਲ ਵਧਣਾ ਸ਼ੁਰੂ ਕੀਤਾ ਤਾਂ ਸੁੰਮਾਂ ਵਾਲੀਆਂ ਡਾਂਗਾਂ ਫੜੀ ਅੰਗਰੇਜ਼ੀ ਪੁਲਸ ਦੇ ਜਿਹਲਮੀਏ ਜੁਆਨ ਸਾਡਾ ਰਾਹ ਡੱਕ ਕੇ ਖਲੋ ਗਏ। ਭੀੜ ਬਹੁਤ ਜਮ੍ਹਾਂ ਹੋ ਚੁੱਕੀ ਸੀ ਅਤੇ ਜਦੋਂ ਪਿਛਲੇ ਪਾਸਿਓਂ ਬੱਝਵਾਂ ਧੱਕਾ ਪਿਆ ਅਸੀਂ ਲਾਠੀਆਂ ਦੀ ਪਾਲ਼ ਤੋਂ ਪਾਰ ਹੋ ਗਏ।

ਅਜਿਹੇ ਹਾਲਾਤ ਦਾ ਸਾਹਮਣਾ ਕਰਨ ਦਾ ਮੇਰਾ ਪਹਿਲਾ ਮੌਕਾ ਸੀ। 17 ਸਾਲਾਂ ਦੇ ਮਲੂਕ ਮੁੰਡੇ ਦਾ ਦਿਲ ਧੁੜਕੂੰ-ਧੜਕੂੰ ਕਰ ਰਿਹਾ ਸੀ, ਪਰ ਲੀਡਰੀ ਵੀ ਤਾਂ ਸਿਰ ਨੂੰ ਚੜ੍ਹੀ ਹੋਈ ਸੀ। ਤਦ ਵੀ ਜਦੋਂ ਡਾਂਗਾਂ ਦੀ ਵਰਖਾ ਸ਼ੁਰੂ ਹੋਈ, ਪਿੱਛੇ ਨੂੰ ਭੱਜਣ ਦੀ ਸੋਚ ਭਾਰੂ ਹੋ ਗਈ ਅਤੇ ਲੱਤਾਂ ਕੰਬਣ ਲੱਗੀਆਂ। ਕਾਮਰੇਡ ਰਾਜਬੰਸ ਉਨ੍ਹੀਂ ਦਿਨੀਂ ਸੱਚਮੁੱਚ ਸਾਡੇ ਸਾਰਿਆਂ ਦੀਆਂ ਅੱਖਾਂ ਦਾ ਤਾਰਾ ਹੁੰਦਾ ਸੀ ਅਤੇ ਸਤਿਕਾਰ ਤੋਂ ਇਲਾਵਾ ਨਿੱਜੀ ਨਿਹੁੰ ਵੀ ਉਸ ਨਾਲ ਬਹੁਤ ਸੀ। ਲਾਹੌਰ ਦੇ ਹਰ ਕਾਲਿਜ ਦੇ ਹੋਸਟਲ ਨੂੰ ਇਕੱਠਿਆਂ ਗਾਹੁੰਦਿਆਂ ਪੁੰਗਰਿਆ ਤੇ ਪ੍ਰਵਾਨ ਚੜ੍ਹਿਆ ਸੀ ਇਹ ਨਿਹੁੰ।

ਰਾਜਬੰਸ ਸਰੀਰੋਂ ਮੇਰੇ ਨਾਲੋਂ ਰਤਾ ਕੁ ਮਧਰਾ ਵੀ ਸੀ ਤੇ ਲਿੱਸਾ ਵੀ। ਜਦੋਂ ਲਾਠੀ ਸਿੱਧੀ ਉਸ ਵੱਲ ਆਉਂਦੀ ਵੇਖੀ, ਅੱਖ ਦੇ ਫੇਰ ਵਿਚ ਮੇਰੇ ਡਰ ਉੱਤੇ ਇਹ ਪ੍ਰਭਾਵ ਭਾਰੂ ਹੋ ਗਿਆ ਕਿ ਜੇ ਉਹ ਰਾਜਬੰਸ ਨੂੰ ਪੈ ਗਈ ਤਾਂ ਉਸ ਦਾ ਰਹਿਣਾ ਕੱਖ ਨਹੀਂ। ਮੈਂ ਉਸ ਨੂੰ ਸੱਜੇ ਪਾਸਿਓਂ ਅੱਗੋਂ ਵਲਣ ਲਈ ਜ਼ੋਰ ਦੀ ਧੱਕਾ ਦਿੱਤਾ। ਲਾਠੀ ਕਾੜ ਕਰਦੀ ਮੇਰੀ ਪਿੱਠ ਉੱਤੇ ਪਈ ਅਤੇ ਇਸ ਨਾਲ ਡਰ ਵਾਲੀ ਨਾਲੋਂ ਗ਼ੁੱਸੇ ਦੀ ਭਾਵਨਾ ਮੇਰੇ ਅੰਦਰ ਕਿਤੇ ਵੱਧ ਭਾਰੂ ਹੋ ਗਈ। ਮੈਂ ਆਖਾਂ ਚੌਦਾਂ ਰੁਪਈਆਂ ਦਾ ਅੰਗਰੇਜ਼ ਦਾ ਇਹ ਟੱਟੂ ਹੁੰਦਾ ਕੌਣ ਹੈ ਲਾਹੌਰ ਸਟੂਡੈਂਟ ਯੂਨੀਅਨ ਦੇ ਮੇਰੇ ਵਰਗੇ ਆਗੂ ਦੀ ਪਿੱਠ ਸੇਕਣ ਵਾਲਾ। ਹਰ ਤਰ੍ਹਾਂ ਦੀਆਂ ਗਾਲ੍ਹਾਂ ਦੀ ਬੁਛਾੜ ਲਾ ਦਿੱਤੀ ਅੰਗਰੇਜ਼ੀ-ਪੰਜਾਬੀ ਵਿਚ। ਸੁਣੀਆਂ ਭਾਵੇਂ ਏਨੇ ਰੌਲ਼ੇ ਰੱਪੇ ਵਿਚ ਕਿਸੇ ਵੀ ਨਾ ਹੋਣ, ਪਰ ਡਿਊਟੀ ਮੈਜਿਸਟ੍ਰੇਟ ਭੱਜਾ-ਭੱਜਾ ਆਇਆ ਅਤੇ ਮੈਨੂੰ ਖਿੱਚ ਕੇ ਲਾਂਭੇ ਲੈ ਗਿਆ।

ਰਾਜਬੰਸ ਨੂੰ ਸਾਡੀ ਆਪਣਿਆਂ ਦੀ ਭੀੜ ਪਤਾ ਨਹੀਂ ਕਿੱਥੇ ਲੈ ਗਈ, ਪਰ ਜਿਹੜੇ ਪੁਲਸ ਵਾਲੇ ਟਹਿਲ ਸਿੰਘ, ਯੋਗਰਾਜ ਤੇ ਕੁੱਛੜ ਬੱਚੇ ਸਮੇਤ ਬੀਬੀ ਗੁਰਦੀਪ ਤਕ ਨੂੰ ਵਲ ਕੇ ਲੈ ਗਏ, ਉਨ੍ਹਾਂ ਮੈਨੂੰ ਹੱਥਕੜੀ ਨਾ ਲਾਈ।

ਖਿਝਦਾ-ਕ੍ਰਿਝਦਾ ਹੋਰ ਵਿਦਿਆਰਥੀ ਸੰਗੀਆਂ ਨਾਲ ਮੈਂ ਨਿਊਟਨ ਹਾਲ (ਆਪਣੇ ਹੋਸਟਲ) ਨੂੰ ਪਰਤ ਆਇਆ। ਮੇਰੇ ਨਾਲ ਦੇ ਸਾਥੀ ਤਾਂ ਮੇਰੀ ਬੱਲੇ-ਬੱਲੇ ਕਰਨ ਮੇਰੇ ਵਰਤਾਰੇ ਕਾਰਨ, ਪਰ ਅੰਦਰੋਂ ਮੈਂ ਸੋਚਾਂ ਕਿ ਜੇ ਲਾਠੀ ਰਾਜਬੰਸ ਵੱਲ ਨਾ ਉਗਰਦੀ ਤਾਂ ਮੈਂ ਕਾਇਰਾਂ ਵਾਂਗੂੰ ਭੱਜ ਖਲੋਣਾ ਸੀ।

***

ਤਿੱਖੀ ਤਰ੍ਹਾਂ ਚੇਤੇ ਦੀ ਸਲੇਟ ਉੱਤੇ ਉੱਕਰੀ ਹੋਈ ਦੂਜੀ ਘਟਨਾ ਹੈ ਯੋਲ ਜੇਲ੍ਹ ਦੀ ਮੇਰੀ ਪਹਿਲੀ ਭੁੱਖ ਹੜਤਾਲ ਨਾਲ ਜੁੜੀ। ਗੱਲ ਇਹ 1948 ਦੀ ਹੈ। ਕਮਿਊਨਿਸਟਾਂ ਉੱਤੇ ਪਏ ਵੱਖੋ-ਵੱਖ ਛਾਪਿਆਂ ਵਿਚ ਕਾਬੂ ਹੋਣ ਉਪਰੰਤ ਅਸੀਂ ਜਲੰਧਰ, ਅੰਮ੍ਰਿਤਸਰ, ਗੁਰਦਾਸਪੁਰ ਆਦਿ ਜੇਲ੍ਹਾਂ ਤੋਂ ਯੋਲ ਕੈਂਪ ਜੇਲ੍ਹ ਵਿਚ ਪੁਚਾਏ ਗਏ ਸਾਂ। ਯੋਲ ਜੇਲ੍ਹ ਇਕ ਪੱਖੋਂ ਸਭ ਤੋਂ ਔਖੀ ਸਮਝੀ ਜਾਂਦੀ ਸੀ: ਕਾਂਗੜੇ ਤੋਂ ਪਰ੍ਹੇ ਵੱਡੀ ਸੜਕ ਤੋਂ ਹਟਵੀਂ, ਘਰਾਂ ਤੋਂ ਡਾਢੀ ਦੂਰ ਫੌਜੀਆਂ ਅਤੇ ਪਨਾਹਗੀਰਾਂ ਦੇ ਤੰਬੂਆਂ-ਬਾਰਕਾਂ ਨਾਲ ਘਿਰੀ ਹੋਈ। ਵਾਤਾਵਰਣ ਵੀ ਸਿਆਲਾਂ ਵਿਚ ਯਖ਼ ਠੰਡਾ ਹੁੰਦਾ। ਪਰ ਅੰਦਰ ਰਹਿ ਕੇ ਉਹ ਮਜ਼ਾ ਆਉਂਦਾ ਕਿ ਪੁੱਛੋ ਕੁਝ ਨਾ। ਕਾਰਨ ਤਾਂ ਹੋਰ ਵੀ ਸਨ, ਪਰ ਉੱਘੇ ਸਨ ਦੋ। ਇਕ ਤਾਂ ਇਹ ਪਹਾੜੀ ਢਲਵਾਨ ’ਤੇ ਬਣੀ ਹੋਈ ਹੋਣ ਕਰਕੇ ਅਤੇ ਇਸ ਦੀ ਪੱਥਰਾਂ ਦੀ ਬਣੀ ਦੀਵਾਰ ਮਸਾਂ ਦਸ ਕੁ ਫੁੱਟ ਉੱਚੀ ਹੋਣ ਕਰਕੇ। ਸਕਿਉਰਟੀ ਖਾਤਰ ਉਸ ਉਪਰ ਲਾਈਆਂ ਗਈਆਂ ਜਿਨ੍ਹਾਂ ਚਾਰ-ਚਾਰ ਫੁੱਟ ਦੀਆਂ ਕੰਡਿਆਲੀਆਂ ਤਾਰਾਂ ਵਿੱਚ ਸੁਰੱਖਿਆ ਖਾਤਰ ਬਿਜਲੀ ਲੰਘਾਈ ਗਈ ਸੀ, ਉਹ ਟੱਪੀਆਂ ਨਹੀਂ ਸਨ ਜਾ ਸਕਦੀਆਂ, ਪਰ ਨਜ਼ਰ ਦਾ ਰਾਹ ਨਹੀਂ ਸਨ ਕੱਟਦੀਆਂ। ਸੋ ਸਾਡੀਆਂ ਬਾਰਕਾਂ ਤੋਂ ਹੇਠਾਂ ਵਾਲਾ ਸਾਰਾ ਪਹਾੜੀ ਇਲਾਕਾ ਦੂਰ-ਦੂਰ ਤਕ ਨਜ਼ਰ ਆਉਂਦਾ ਸੀ। ਇਸ ਨਾਲ ਕਿੰਨਾ ਹੁਲਾਰਾ ਮਿਲਦਾ ਸੀ ਮਨ ਨੂੰ, ਇਹ ਗੱਲ ਉਹੋ ਲੋਕ ਸਮਝ ਸਕਦੇ ਹਨ ਜਿਨ੍ਹਾਂ ਨੇ ਮੈਦਾਨੀ ਜੇਲ੍ਹਾਂ ਦੀਆਂ ਉੱਚੀਆਂ ਚਾਰ-ਦੀਵਾਰੀਆਂ ਪਿੱਛੇ ਕੈਦ ਕੱਟੀ ਹੋਵੇ। ਫਿਰੋਜ਼ਪੁਰ ਦੀ ਓਦੋਂ ਡਿਸਟ੍ਰਿਕਟ, ਤੇ ਪਿੱਛੋਂ ਸੈਂਟਰਲ ਬਣੀ ਜੇਲ੍ਹ ਤੋਂ ਫਰਲਾਂਗ ਕੁ ਹਟਵੇਂ ਇਕ ਸਿਨਮੇ ਦਾ ਸਾਨੂੰ ਉਹ ਪੋਲ ਨਜ਼ਰੀਂ ਪੈਂਦਾ ਸੀ ਜਿਹੜਾ ਅਸਮਾਨੀ ਬਿਜਲੀ ਦੇ ਵਾਰ ਨੂੰ ਥੰਮ੍ਹਣ ਲਈ ਲਾਇਆ ਗਿਆ ਸੀ, ਅਤੇ ਰੋਜ਼ ਸ਼ਾਮੀਂ ਸਾਡੇ ਕੋਠੀ-ਬੰਦ ਹੋਣ ਪਿੱਛੋਂ ਸਿਨੇਮਾ ਦੇ ਆਰੰਭ ਵੇਲੇ ਉੱਚੀ ਆਵਾਜ਼ ਵਿਚ ਫ਼ਿਲਮੀ ਗਾਣੇ ਲੱਗਦੇ ਸਨ। ਸਿਨੇਮਾ ਘਰ ਵਿਚ ਜੇਲ੍ਹ ਅੰਦਰੋਂ ਲੰਮ-ਸਲੰਮਾ ਪੋਲ ਵੀ ਨਜ਼ਰੀਂ ਆਉਣਾ ਅਤੇ ਗਾਣੇ ਵੀ ਕੰਨੀਂ ਪੈਣਾ ਸਾਡੇ ਲਈ ਕਿੱਡੀ ਵੱਡੀ ਨਿਆਮਤ ਸੀ, ਇਹ ਅਸੀਂ ਹੀ ਜਾਣਦੇ ਸਾਂ। ਅਤੇ ਉਪਰੋਕਤ ਗੱਲਾਂ ਕਰਕੇ ਹੀ ਇਕੋ ਲੰਮੀ ਕੈਦ ਦੇ ਪਹਿਲੇ ਮਹੀਨਿਆਂ ਡ਼ਿਚ ਵੀ ਤੇ ਅਖੀਰਲਿਆਂ ਵਿਚ ਵੀ ਯੋਲ ਕੈਂਪ ਅੰਦਰਲੇ ਦਿਨ ਸਾਨੂੰ ਭੁੱਲਦੇ ਨਹੀਂ। ਉਨ੍ਹਾਂ ਦਾ ਚੇਤਾ ਤਾਂ ਹੁਣ ਵੀ ਸਵਾਦ-ਗੜੂੰਦ ਕਰ ਜਾਂਦਾ ਹੈ।

ਪਰ ਹੱਥਲੇ ਪ੍ਰਸੰਗ ਵਿਚ ਇਹ ਗੱਲਾਂ ਸ਼ਾਇਦ ਉਰਲੀਆਂ-ਪਰਲੀਆਂ ਹੀ ਜਾਪਣ। ਅਸਲ ਗੱਲ ਹੈ ਉੱਥੇ ਹੋਈ ‘ਬੀ ਕਲਾਸੀਆਂ’ ਵਾਲੀਆਂ ਸਾਰੀਆਂ ਸਹੂਲਤਾਂ ਲੈਣ ਖਾਤਰ ਕੀਤੀ ਗਈ ਪਹਿਲੀ ਭੁੱਖ ਹੜਤਾਲ ਵੇਲੇ ਮੇਰੀ ਨੱਕ ਰਾਹੀਂ ਨਾਲੀ ਨਾ ਪੁਆਉਣ ਦੀ ਜ਼ਿੱਦ, ਜਿਸ ਪਿੱਛੋਂ ਫੀਡ ਕਰਨ ਆਏ ਜੇਲ੍ਹ ਵਾਰਡਰਾਂ ਨੂੰ ਜਮੂਰ ਨਾਲ ਮੇਰੇ ਦੰਦ ਖੋਲ੍ਹਣੇ ਪੈਂਦੇ ਸਨ।

ਮੈਂ ਸਾਂ ਕਮਿਊਨਿਸਟ ਪਾਰਟੀ ਦੀ ਸੂਬਾ ਕਮੇਟੀ ਦਾ ਮੈਂਬਰ, ਨਾਲੇ ਜੇਲ੍ਹ-ਬੰਦ ਪਾਰਟੀ ਨਜ਼ਰਬੰਦਾਂ ਦਾ ਸਕੱਤਰ। ਸਾਡੀ ਗਿਣਤੀ ਉੱਥੇ ਪੰਜਾਹਵਾਂ ਦੇ ਏੜ-ਗੇੜ ਵਿਚ ਸੀ ਜਦੋਂ ਕਿ ਲਾਲ ਪਾਰਟੀ ਵਾਲਿਆਂ ਦੀ ਹੋਵੇਗੀ ਦਰਜਨ ਕੁ। ਪਰ ਉਨ੍ਹਾਂ ਰੌਲਾ ਪਾ ਦਿੱਤਾ ਕਿ ਕਮਿਊਨਿਸਟ ਪਾਰਟੀ ਦਾ ਲੀਡਰ ਤਾਂ ਮੂੰਹ ਰਾਹੀਂ ਫੀਡ ਲੈਂਦਾ ਹੈ, ਉਸ ਦੀ ਭੁੱਖ ਹੜਤਾਲ ਸੁਆਹ ਹੋਈ। ਮੈਂ ਸ਼ਰਮ ਨਾਲ ਡੁੱਬਦਾ ਜਾਵਾਂ ਪਰ ਨਾਲੀ ਵੀ ਨਾ ਪੁਆਵਾਂ ਕਿਉਂਕਿ ਜਨਮ ਦੇ ਤੇਰ੍ਹਵੇਂ ਦਿਨ ਤੋਂ ਹੀ ਪੂਰੇ ਤੇਰਾਂ ਸਾਲ ਦਮੇ ਦਾ ਮਰੀਜ਼ ਰਹਿਣ ਵੇਲੇ ਮੈਨੂੰ ਇਹ ਭਰਮ ਪਾ ਦਿੱਤਾ ਗਿਆ ਸੀ ਕਿ ਜੇ ਨੱਕ ਨਾਲ ਛੇੜ-ਛਾੜ

ਕੀਤੀ ਗਈ ਤਾਂ ਮੈਂ ਬਚਣਾ ਨਹੀਂ।

ਇਹ ਸੀ ਪਹਿਲੀ ਭੁੱਖ ਹੜਤਾਲ, ਅੰਤਾਂ ਦੀ ਨਮੋਸ਼ੀ ਭਰੀ। ਇਸ ਪਿੱਛੋਂ ਛੇ ਹੋਰ ਹੋਈਆਂ, ਪੰਜਾਬ ਦੀਆਂ ਵੱਖੋ-ਵੱਖ ਜੇਲ੍ਹਾਂ ਵਿਚ। ਹਰ ਭੁੱਖ ਹੜਤਾਲ ਵੇਲ਼ੇ ਮੈਂ ਹੀ ਪਾਰਟੀ ਸਾਥੀਆਂ ਦਾ ਆਗੂ ਸਾਂ। ਦੂਜੀ 'ਰੋਹਤਕ ਵਾਲੀ' ਭੁੱਖ ਹੜਤਾਲ ਸਮੇਂ ਹੀ ਮਨ ਵਿਚ ਇਹ ਧਾਰ ਲਈ ਸੀ ਕਿ ਨਾਲੀ ਜ਼ਰੂਰ ਪੁਆਉਣੀ ਹੈ ਭਾਵੇਂ ਜਿੰਦ ਪੈਂਦੇ ਸਾਰ ਹੀ ਛੁੱਟ ਜਾਵੇ। ਇਹ ਦਲੇਰੀ ਸੁਭਾਵਕ ਨਹੀਂ ਸੀ, ਇਕ ਬੁੱਧੀਜੀਵੀ ਦੇ ਅੰਦਰਲਾ ਫਰੋਲਣ ਦੇ ਸੰਘਰਸ਼ ਦਾ ਫਲ ਸੀ।

ਪਿੱਛੋਂ 9 ਜਨਵਰੀ 1950 ਤੋਂ ਲੈ ਕੇ 11 ਅਪ੍ਰੈਲ 1950 ਤਕ ਚੱਲੀ 81 ਦਿਨਾਂ ਦੀ ਭੁੱਖ ਹੜਤਾਲ (ਜਿਹੜੀ ਸਭ ਤੋਂ ਲੰਮੀ ਸੀ) ਵਿਚ ਵੀ ਮੈਂ ਹੀ ਜੇਲ੍ਹ-ਪਾਰਟੀ ਦਾ ਸਕੱਤਰ ਸਾਂ ਅਤੇ ਨਾਲੀ ਮੈਨੂੰ ਮੋਟੀ ਪਾਉਣੀ ਪੈਂਦੀ ਸੀ ਕਿਉਂਕਿ ਨਾਸਾਂ ਮੁੜ-ਮੁੜ ਭੁੱਖ ਹੜਤਾਲਾਂ ਦੀ ਪਿੱਟ-ਪਰੇਡ ਕਾਰਨ ਏਨੀਆਂ ਖੁੱਲ੍ਹ ਗਈਆਂ ਸਨ ਕਿ ਪਤਲਾ ਕੈਥੀਟਰ ਇਕ ਵਾਰ ਅਚੇਤ ਸੁਰਕੜੇ ਨਾਲ ਅੰਦਰ ਹੀ ਲੰਘ ਗਿਆ ਸੀ ਅਤੇ ਉਹਨੂੰ ਕੱਢਣ ਲਈ ਡਾਕਟਰਾਂ ਨੂੰ ਬੜਾ ਘੁਲਣਾ ਪਿਆ ਸੀ।

ਉਹ ਲੋਕ ਜਿਹੜੇ ਕਦੇ ਮੇਰਾ ਮਖੌਲ ਉਡਾਇਆ ਕਰਦੇ ਸਨ, ਆਖਣ ਲੱਗ ਪਏ ਆਨੰਦ ਨਾਲ ਜੇਲ੍ਹ ਨਹੀਂ ਕੱਟਣੀ ਕਿਉਂਕਿ ਇਸ ਨੇ ਤਾਂ ਆਉਂਦਿਆਂ ਹੀ ਡਿਪਟੀ ਨਾਲ ਪੰਗਾ ਪਾ ਦੇਣਾ ਹੈ , ਅਤੇ ਸਾਨੂੰ ਭੁੱਖ ਹੜਤਾਲ ਵਾਲੀ ਬ਼ਲਦੀ ਦੇ ਬੁੱਥੇ ਪਾ ਦੇਣਾ ਹੈ। ਅਤੇ ਸਬੱਬ ਮੇਰੀ ਪੌਣੇ ਤਿੰਨ ਸਾਲਾਂ ਦੀ ਨਜ਼ਰਬੰਦੀ ਦੌਰਾਨ ਅਜਿਹੇ ਬਣਦੇ ਰਹੇ ਕਿ 'ਚੱਲ ਮੇਰੀ ਕੁਕੜੀ ਸ਼ਹਿਰੋ ਸ਼ਹਿਰ' ਦੇ ਅਖਾਣ ਵਾਂਗ ਅੰਮ੍ਰਿਤਸਰ ਸ਼ਹਿਰ ਦੀ ਜੇਲ੍ਹ ਤੋਂ ਛੁੱਟ ਪੂਰਬੀ ਪੰਜਾਬ ਦੀ ਲਗਪਗ ਹਰ ਜੇਲ੍ਹ ਵਿਚ ਮੇਰੀ ਚਾਲੀ-ਦਰ-ਚਾਲੀ ਹੋਈ। ਕੈਦ ਸਾਂ ਬਿਨਾਂ ਮੁਕੱਦਮਾ ਚਲਾਏ ਦੇ ਸਿਰਫ਼ ਸਰਕਾਰ ਦੇ ਸਹਿਮ ਦਾ, ਪਰ ਖ਼ੂਨ ਉਹਨੀਂ ਦਿਨੀਂ ਬਹੁਤ ਗਰਮ ਹੋਣ ਕਾਰਨ ਕਿਸੇ ਵੀ ਜੇਲ੍ਹਰ ਦੀ ਪੱਗ ਲਾਹੁਣੋਂ ਨਹੀਂ ਸਾਂ ਟਲ਼ਦਾ। ਜੇਲ੍ਹ ਮੈਨੂੰਅਲ ਵਿਚ ਮੇਰੇ ਵਰਗੇ ਬੰਦੇ ਲਈ ਕੋਠੀ ਬੰਦ ਕਰਨ ਤੋਂ ਵੱਧ ਕੋਈ ਸਜ਼ਾ ਨਹੀਂ ਸੀ। ਮੈਂ ਵੀ ਦੋਸ਼ ਅਦਾਲਤ ਵਿਚ ਸਾਬਤ ਨਾ ਹੋਣ ਕਾਰਨ ਆਪਣੇ ਆਪ ਨੂੰ ਜੇਲ੍ਹ ਵਾਲਿਆਂ ਦਾ ਜੁਆਈ ਹੀ ਸਮਝਦਾ ਸਾਂ ਅਤੇ ਅੰਦਰਲੇ ਹਾਕਮਾਂ ਨਾਲ ਗੱਲ-ਗੱਲ 'ਤੇ ਉਲਝ ਪੈਂਦਾ ਸਾਂ।

ਗੱਲਾਂ ਤਾਂ ਹੋਰ ਵੀ ਹਨ, ਸਣੇ ਦਫ਼ਾ 124 ਅਧੀਨ 1952 ਵਾਲੀਆਂ ਪਹਿਲੀਆਂ ਅਸੰਬਲੀ ਚੋਣਾਂ ਦਾ ਕਮਿਊਨਿਸਟ ਮੈਨੀਫੈਸਟੋ ਛਾਪਣ ਦੇ ਦੋਸ਼ ਵਿਚ ਚਲਾਏ ਮੁਕੱਦਮੇ ਦੀ ਗੱਲ ਦੇ, ਜਿਸ ਹੇਠ ਸਜ਼ਾ ਸ਼ਾਇਦ ਵੀਹ ਸਾਲ ਹੁੰਦੀ ਸੀ, ਪਰ ਉਸ ਮੁਕੱਦਮੇ ਨੂੰ ਮੈਂ ਦਿਲ ਖੋਲ੍ਹ ਕੇ ਸਰਕਾਰ ਦੀ ਭੰਡੀ ਕਰਨ ਦਾ ਪਲੇਟਫਾਰਮ ਬਣਾ ਲਿਆ ਅਤੇ ਪੂਰੇ ਤਿੰਨ ਦਿਨ ਵੇਲੇ ਦੀ ਸਰਕਾਰ ਉੱਤੇ ਬਿਨਾਂ ਡਰੇ ਇਲਜ਼ਾਮ ਉੱਤੇ ਇਲਜ਼ਾਮ ਲਾਈ ਗਿਆ।

ਮੇਰੀ ਗੱਲ ਦਾ ਤਾਤਪਰਜ ਇਹ ਹੈ ਕਿ ਅਸਲੋਂ ਪਹਿਲਾ ਪ੍ਰਤੀਕਰਮ ਭਾਵੇਂ ਵੱਖੋ-ਵੱਖ ਵੇਲ਼ੇ ਵੱਖੋ-ਵੱਖ ਹੁੰਦਾ ਰਿਹਾ, ਪਰ ਜਦੋਂ ਅੰਦਰ ਉੱਠੇ ਸਭ ਵਿਚਾਰਾਂ/ਪ੍ਰਤੀਕਰਮਾਂ ਦੀ ਜੁਗਾਲ਼ੀ ਕਰ ਲੈਂਦਾ ਸਾਂ ਤਾਂ ਫੇਰ ਮੈਂ ਇਸ ਤਰ੍ਹਾਂ ਵਿਚਰਦਾ ਸਾਂ ਜਿਵੇਂ ਮੈਂ ਹੀ ਅੰਡੇਮਾਨ ਜੇਲ੍ਹ ਤੁੜਵਾਉਣ ਵਾਲਾ ਬਾਬਾ ਗੁਰਮੁਖ ਸਿੰਘ ਲਲਤੋਂ ਹੋਵਾਂ। ਸਾਰਾ ਅੱਤਵਾਦ ਵਾਲਾ ਜ਼ਮਾਨਾ ਵੀ ਮੈਂ ਚੈਲੰਜ-ਦਰ-ਚੈਲੰਜ ਕਬੂਲਿਆ ਅਤੇ ਇਹ ਸੋਚ ਕੇ ਲੰਘਾ ਲਿਆ ਕਿ ਜਿੰਨਾ ਮਰਜ਼ੀ ਜ਼ੋਰ ਲਾ ਲਵਾਂ, ਮੈਂ ਦੋ ਵਾਰ ਨਹੀਂ ਮਰ ਸਕਣਾ; ਅਤੇ ਪਹਿਲੀ ਵਾਰ (ਜਿਹੜੀ ਅਸਲ ਵਿਚ ਆਖਰੀ ਵੀ ਹੁੰਦੀ ਹੈ) ਤਾਂ ਸ਼ਾਨਾਂ-ਮੱਤੀ ਮੌਤ ਮਰਨਾ ਹੀ ਬਣਦਾ ਹੈ।

ਕਾਇਰਤਾ ਆਪੇ ਖੰਭ ਲਾ ਕੇ ਉੱਡ ਜਾਂਦੀ ਹੈ ਜਦੋਂ ਬੰਦਾ ਅੰਦਰਲਾ ਚੰਗੀ ਤਰ੍ਹਾਂ ਹੰਗਾਲ ਕੇ ਆਪਣੇ ਕਿਰਦਾਰ ਨੂੰ ਨਿਸ਼ਚਿੰਤ ਕਰ ਲਵੇ ਅਤੇ ਵਿਸ਼ਵਾਸਾਂ ਦੇ ਪੱਖੋਂ ਆਪਣੀ ਆਈ ਤੋਂ ਬਾਜ਼ ਨਾ ਰਹਿਣ ਲਈ ਦ੍ਰਿੜ੍ਹ ਸੰਕਲਪ ਹੋ ਜਾਏ। *(28.10.2001)*

# ਮਿੱਟੀ: ਕਹਾਣੀ: ਪਰਗਟ ਸਿੰਘ ਸਤੌਜ

*ਕੋਈ ਦਿਨ ਖੇਡ ਲੈ, ਮੌਜਾਂ ਮਾਣ ਲੈ*
*ਹੋ ਤੈਂ ਭੱਜ ਜਾਵਣਾ, ਹੋ ਕੰਗਣਾ ਕੱਚ ਦਿਆ..... ।*

ਨਹਿਰੋਂ ਪਾਰ ਵੱਜਦੇ ਸਪੀਕਰ ਦੀ ਮੱਧਮ ਜਿਹੀ ਆਵਾਜ਼ ਮੇਰੇ ਕੰਨਾਂ ਵਿਚ ਪਈ ਹੈ। ਇਸ ਆਵਾਜ਼ ਨੇ ਮੈਨੂੰ ਏਨਾ ਕੁ ਹੌਸਲਾ ਦਿੱਤਾ ਹੈ ਜਿਵੇਂ ਕੋਈ ਰੋਂਦੇ ਦੇ ਮੋਢੇ 'ਤੇ ਹੱਥ ਰੱਖ ਦੇਵੇ। ਅਜਿਹੇ ਬੋਲ ਪਹਿਲਾਂ ਖੇਤਾਂ ਵਿਚੋਂ ਅਕਸਰ ਸੁਣਨ ਨੂੰ ਮਿਲਦੇ। ਕਣਕ ਨੂੰ ਪਾਣੀ ਲਾਉਂਦਿਆਂ ਕੋਈ ਵੱਡੀ ਆਵਾਜ਼ ਵਿਚ ਚਮਕੀਲਾ ਸੁਣ ਰਿਹਾ ਹੁੰਦਾ, ਕਿਤੇ ਮੁਹੰਮਦ ਸਦੀਕ ਤੇ ਰਣਜੀਤ ਕੌਰ ਦੀ ਜੋੜੀ ਨੇ ਰੌਣਕ ਲਾਈ ਹੁੰਦੀ ਤੇ ਕਦੇ ਮਾਣਕ ਦੀਆਂ ਕਲੀਆਂ ਕੰਨਾਂ ਵਿਚ ਰਸ ਘੋਲ਼ਦੀਆਂ। ਹੁਣ ਜਦੋਂ ਤੋਂ ਕੰਪਿਊਟਰ ਕਰਾਹ ਅਤੇ ਆਟੋਮੈਟਿਕ ਚੱਲੇ ਨੇ, ਲੋਕਾਂ ਨੇ ਖੇਤ ਆਉਣਾ ਹੀ ਛੱਡ ਦਿੱਤਾ ਹੈ। ਝੋਨੇ ਜਿੰਨੇ ਵੱਡੇ ਕਿਆਰੇ ਹੀ ਹੁਣ ਕਣਕ ਲਈ ਹੁੰਦੇ ਨੇ। ਪਾਇਪ ਦੱਬਣ ਕਰਕੇ ਸਾਰੇ ਖੇਤ ਵਿਚ ਇੱਕੋ ਨੱਕੇ ਪਾਣੀ ਪੈਂਦਾ ਹੈ। ਜਦੋਂ ਲਾਇਟ ਆਉਂਦੀ ਹੈ ਤਾਂ ਆਟੋਮੈਟਿਕ, ਮੋਟਰ ਨੂੰ ਆਪੇ ਚਲਾ ਦਿੰਦਾ ਹੈ। ਜਦੋਂ ਖੇਤ ਰਹਿ ਕੇ ਪਾਣੀ ਹੀ ਨਹੀਂ ਲਾਉਣਾ ਫੇਰ ਖੇਤ ਕੋਠਿਆਂ ਦਾ ਕੀ ਕੰਮ? ਹੁਣ ਤਾਂ ਬਹੁਤੇ ਲੋਕਾਂ ਨੇ ਕੋਠੇ ਢਾਹ ਕੇ ਸਟਾਟਰਾਂ ਲਈ ਖੁੱਡੇ ਜਿਹੇ ਬਣਾ ਦਿੱਤੇ ਹਨ। ਪਾਣੀ ਲਾਉਂਦਿਆਂ ਗੀਤ ਸੁਣਨੇ ਤਾਂ ਹੁਣ 'ਬੀਤ ਗਈਆਂ ਬਾਤਾਂ' ਬਣ ਗਈਆਂ। ਪਰ ਇਸ ਮੱਧਮ ਜਿਹੀ ਆਵਾਜ਼ ਨੇ ਉਹ 'ਬੀਤ ਗਈਆਂ ਬਾਤਾਂ' ਫਿਰ ਤਾਜ਼ਾ ਕਰ ਦਿੱਤੀਆਂ ਹਨ।

ਮੈਂ ਢਿੱਲੇ ਜਿਹੇ ਮੰਜੇ ਵਿਚੋਂ ਉੱਠ ਖੜ੍ਹਦਾ ਹਾਂ। ਮੇਰੇ ਉੱਠਣ ਨਾਲ ਡੇਕ 'ਤੇ ਬੈਠੇ ਦੋ ਤਿੰਨ ਤੋਤੇ 'ਚਿਰ ਚਿਰ' ਕਰਦੇ ਪਹਿਲਾਂ ਤਾਂ ਉਡਾਰੀ ਮਾਰ ਕੇ ਨੇੜਿਓਂ ਲੰਘਦੀਆਂ ਬਿਜਲੀ ਦੀਆਂ ਤਾਰਾਂ ਉੱਪਰ ਬੈਠ ਜਾਂਦੇ ਹਨ ਤੇ ਫਿਰ ਉੱਥੋਂ ਨਹਿਰ ਵੱਲ ਉਡਾਰੀ ਮਾਰ ਜਾਂਦੇ ਹਨ।

'ਮੇਰਾ ਵੀ ਸਾਰਾ ਪਰਿਵਾਰ ਇੰਝ ਹੀ ਉਡਾਰੀ ਮਾਰ ਗਿਆ।' ਮੈਂ ਹੌਲ਼ੀ ਹੌਲ਼ੀ ਦੂਰ ਗੁਆਚਦੇ ਜਾਂਦੇ ਤੋਤਿਆਂ ਉੱਪਰ ਨਜ਼ਰ ਟਿਕਾਈ ਰੱਖੀ ਤੇ ਜਦੋਂ ਉਹ ਅੱਖੋਂ ਓਹਲੇ ਹੋ ਗਏ ਤਾਂ ਇੰਝ ਢੇਰੀ ਢਾਹ ਕੇ ਬੈਠ ਗਿਆ ਜਿਵੇਂ ਮੇਰਾ ਪਰਿਵਾਰ ਹੁਣੇ ਹੁਣੇ ਮੇਰੀਆਂ ਅੱਖਾਂ ਤੋਂ ਓਝਲ ਹੋ ਕੇ ਗੁਆਚ ਗਿਆ ਹੋਵੇ।

"ਤੂੰ ਹੁਣ ਖੇਤ ਕੀ ਲੈਣ ਜਾਨਾ ਹੁੰਨੈ? ਜ਼ਮੀਨ ਤਾਂ ਠੇਕੇ 'ਤੇ ਦੇ ਰੱਖੀ ਐ।" ਕਈ ਸਾਲ ਪਹਿਲਾਂ ਕਹੇ ਪਤਨੀ ਦੇ ਇਹ ਬੋਲ ਇਕ ਵਾਰ ਫਿਰ ਕੰਨਾਂ ਵਿਚ ਗੂੰਜ ਗਏ।

"ਸਾਲ਼ਿਆ! ਜੇ ਵਿਆਹ ਈ ਕਰਵਾਉਣਾ ਸੀ ਤਾਂ ਕਿਸੇ ਜੱਟੀ ਨਾਲ ਤਾਂ ਕਰਵਾ ਲੈਂਦਾ, ਜਿਹਨੂੰ ਘੱਟੋ-ਘੱਟ ਆਪਣੇ ਜੱਟਪੁਣੇ ਦਾ ਤਾਂ ਪਤਾ ਹੁੰਦਾ।" ਬਾਪੂ ਨੇ ਇਹ ਦਲੀਲ ਮੈਨੂੰ ਓਦੋਂ ਦਿੱਤੀ ਸੀ ਜਦੋਂ ਮੈਂ ਆਪਣੇ ਨਾਲ ਪੜ੍ਹਾਉਂਦੀ ਪੰਡਤਾਂ ਦੀ ਕੁੜੀ ਨਾਲ ਵਿਆਹ ਕਰਵਾਉਣ ਦੀ ਜ਼ਿੱਦ ਫੜ ਲਈ ਸੀ।

"ਪ੍ਰੋਪਰਟੀ ਇਸੇ ਲਈ ਹੁੰਦੀ ਐ ਕਿ ਆਪਾਂ ਲੋੜ ਵੇਲ਼ੇ ਵੇਚ ਕੇ ਡੰਗ ਸਾਰ ਲਈਏ।" ਇਹ ਬੋਲ ਤਾਂ ਮੇਰੇ ਮੁੰਡੇ ਦੇ ਸਨ ਪਰ ਇਹਨਾਂ ਦੇ 'ਹਾਂ' ਵਿਚ 'ਹਾਂ' ਪਤਨੀ ਨੇ ਵੀ ਮਿਲਾਈ ਸੀ।

ਇਹ ਤਿੰਨੇ ਗੱਲਾਂ ਪਤਾ ਨਹੀਂ ਕਦੋਂ ਦੀਆਂ ਭੁੱਲੀਆਂ ਵਿੱਸਰੀਆਂ ਮੇਰੇ ਜ਼ਖ਼ਮਾਂ 'ਤੇ ਲੂਣ ਭੁੱਕਣ ਲਈ ਫਿਰ ਚੇਤੇ ਆ ਗਈਆਂ ਹਨ। ਅਸਲ ਵਿਚ ਇਹ ਗੱਲਾਂ ਕਿਤੇ ਨਹੀਂ ਵਿੱਸਰੀਆਂ, ਇਹ ਮੇਰੇ ਹੀ ਅੰਦਰ ਕਿਤੇ ਲੁਕੀਆਂ ਬੈਠੀਆਂ ਹਨ ਤੇ ਜਦੋਂ ਜੀਅ ਕਰਦਾ ਹੈ ਆਪਣੀ ਸਿਰੀ ਚੁੱਕ ਕੇ ਫੁਕਾਰਾ ਮਾਰ ਜਾਂਦੀਆਂ ਹਨ। ਜਦੋਂ ਇਹ ਗੱਲਾਂ ਫੁਕਾਰਾ ਮਾਰਦੀਆਂ ਹਨ ਤਾਂ ਮੈਂ ਆਪਣੀ ਜ਼ਿੰਦਗੀ ਦੇ ਪੜ੍ਹੇ ਗਏ ਪੰਨੇ ਇਕ ਵਾਰ ਫਿਰ ਪਰਤ ਕੇ ਪੜ੍ਹਨ ਲਗਦਾ ਹਾਂ ਕਿ ਵੇਖਾਂ ਤਾਂ ਸਹੀ ਕਿ ਮੈਂ ਕਿੱਥੇ, ਕੀ

ਗ਼ਲਤੀ ਕਰ ਗਿਆ ਹਾਂ?

ਜਿਸ ਪਤਨੀ ਨੂੰ ਜ਼ਮੀਨ ਤੇ ਜੱਟ ਦੇ ਰਿਸ਼ਤੇ ਦੀ ਸਮਝ ਨਹੀਂ, ਉਸ ਨੂੰ ਮੈਂ ਕਿਵੇਂ ਸਮਝਾਉਂਦਾ ਕਿ ਮੈਂ ਇੱਥੇ ਆਪਣੇ ਉਹਨਾਂ ਪੁਰਖਿਆਂ ਨੂੰ ਮਿਲਣ ਆਉਂਦਾ ਹਾਂ ਜਿਹਨਾਂ ਨੇ ਇਸ ਮਿੱਟੀ 'ਚ ਆਪਣਾ ਖ਼ੂਨ ਪਸੀਨਾ ਡੋਲ੍ਹ ਕੇ ਰਿਜ਼ਕ ਪੈਦਾ ਕੀਤਾ। ਉਸੇ ਰਿਜ਼ਕ ਨਾਲ ਆਪਣਾ ਵੰਸ਼ ਅੱਗੇ ਤੋਰਿਆ। ਖੇਤ ਆਉਣਾ ਮੇਰਾ ਉਹਨਾਂ ਨੂੰ ਮਿਲਣਾ ਹੈ। ਉਹਨਾਂ ਨੂੰ ਸਿਜ਼ਦਾ ਕਰਨਾ ਹੈ।

ਜਿਵੇਂ ਸਿਆਣੇ ਕਹਿੰਦੇ ਐ, 'ਔਲ਼ੇ ਦਾ ਖਾਧਾ ਤੇ ਸਿਆਣੇ ਦਾ ਕਿਹਾ, ਬਾਅਦ 'ਚ ਪਤਾ ਚਲਦੈ।' ਉਵੇਂ ਬਾਪੂ ਦੀ ਕਹੀ ਗੱਲ ਵੀ ਮੇਰੇ ਬਾਅਦ 'ਚ ਪੱਲੇ ਪਈ। ਹੁਣ ਮੈਨੂੰ ਮਹਿਸੂਸ ਹੁੰਦਾ ਹੈ ਕਿ ਬਾਪੂ ਕਿੰਨਾ ਸਿਆਣਾ ਸੀ। ਓਦੋਂ ਮੈਨੂੰ ਜਾਪਦਾ ਸੀ ਕਿ ਮੇਰੇ ਜਿੰਨਾ ਸਿਆਣਾ ਤਾਂ ਪੂਰੇ ਜੱਗ 'ਤੇ ਕੋਈ ਨਹੀਂ।

"ਬਾਹਲ਼ਾ ਸਿਆਣਾ ਕਾਂ ਗੰਦ 'ਤੇ ਈ ਬੈਠਦੈ।" ਜਦੋਂ ਮੈਂ ਸ੍ਰਿਸ਼ਟੀ ਨਾਲ ਵਿਆਹ ਕਰਵਾਉਣ ਦਾ ਫ਼ੈਸਲਾ ਘਰ ਦੱਸਿਆ ਸੀ ਤਾਂ ਇਹ ਪਹਿਲੀ ਪ੍ਰਤੀਕਿਰਿਆ ਸੀ ਬਾਪੂ ਦੀ।

"ਬਾਪੂ ਤੂੰ ਉਹਦੇ 'ਚ ਮਾੜਾ ਕੀ ਦੇਖ ਲਿਆ?" ਮੈਂ ਬਾਪੂ ਦੀ ਇਸ ਦਲੀਲ 'ਤੇ ਤਿੜਕਿਆ ਸਾਂ।

"ਤੂੰ ਏਨੇ ਕੁ ਚਿਰ 'ਚ ਚੰਗਾ ਵੀ ਕੀ ਦੇਖ ਲਿਆ? ਪੂਰੀ ਜ਼ਿੰਦਗੀ ਕੱਢਣ ਲਈ ਬਹੁਤ ਕੁਛ ਦੇਖਣਾ ਪੈਂਦੈ।" ਬਾਪੂ ਦੀ ਸਿਆਣਪ ਬੋਲੀ ਸੀ ਪਰ ਮੈਨੂੰ ਉਸਦੀਆਂ ਗੱਲਾਂ ਐਵੇਂ ਜਾਤੀਵਾਦੀ ਜਿਹੀਆਂ ਲੱਗੀਆਂ ਸਨ।

ਪੂਰਾ ਇਕ ਮਹੀਨਾ ਸਾਡੇ ਘਰ ਮੇਰੇ ਸ੍ਰਿਸ਼ਟੀ ਨਾਲ ਵਿਆਹ ਕਰਵਾਉਣ ਦੀ ਗੱਲ ਨੂੰ ਲੈ ਕੇ ਕਿੱਚ ਕਿੱਚ ਹੁੰਦੀ ਰਹੀ। ਕਈ ਰਿਸ਼ਤੇਦਾਰ ਵੀ ਸਮਝਾ ਕੇ ਗਏ ਪਰ ਮੈਂ ਆਪਣੀ ਜ਼ਿੱਦ 'ਤੇ ਅੜਿਆ ਰਿਹਾ। ਜਦੋਂ ਮੇਰੀ ਪੱਥਰ 'ਤੇ ਖਿੱਚੀ ਲਕੀਰ ਕੋਈ ਨਾ ਮਿਟਾ ਸਕਿਆ, ਮੇਰੀ ਹੈਂਕੜ ਭੰਨਣ ਵਿਚ ਸਾਰੇ ਨਾ-ਕਾਮਯਾਬ ਹੋ ਗਏ, ਫਿਰ ਮੈਨੂੰ ਸ੍ਰਿਸ਼ਟੀ ਨਾਲ ਵਿਆਹ ਕਰਵਾਉਣ ਦੀ ਹਰੀ ਝੰਡੀ ਮਿਲ ਗਈ। ਮੈਂ ਸ੍ਰਿਸ਼ਟੀ ਨੂੰ ਵਿਆਹ ਕੇ ਘਰ ਲੈ ਆਇਆ। ਸਾਲ ਬਾਅਦ ਸਾਡੇ ਘਰ ਯੁੱਧਵੀਰ ਨੇ ਕਿਲਕਾਰੀ ਮਾਰੀ।

ਬਾਪੂ ਅਜੇ ਵੀ ਖੇਤੀ ਕਰਦਾ ਸੀ। ਮੈਂ ਉਸ ਨੂੰ ਅਕਸਰ ਸਮਝਾਉਂਦਾ, "ਹੁਣ ਸਾਡੀ ਦੋ ਜਣਿਆਂ ਦੀ ਤਨਖ਼ਾਹ ਆਉਂਦੀ ਐ। ਜ਼ਮੀਨ ਠੇਕੇ 'ਤੇ ਦੇ ਕੇ ਮੌਜਾਂ ਕਰ।"

"ਖੇਤੀ ਕਰਦਿਆਂ ਬੰਦੇ ਦਾ ਜ਼ਮੀਨ ਨਾਲ ਮੋਹ ਬਣਿਆ ਰਹਿੰਦੈ। ਜੇ ਹੁਣ ਠੇਕੇ 'ਤੇ ਦੇਵਾਂਗੇ ਫੇਰ ਅਗਲੀ ਪੀੜ੍ਹੀ ਇਹਨੂੰ ਵੇਚਣ ਨੂੰ ਭੱਜੂ। ਕਿਉਂ? ਜੇ ਮੋਹ ਈ ਨਾ ਰਿਹਾ ਏਸ ਮਿੱਟੀ ਨਾਲ ਫੇਰ ਵੇਚਣ ਵੇਲ਼ੇ ਕੋਈ ਦੁੱਖ ਨੀ ਲਗਦਾ। ਜੇ ਤੈਨੂੰ ਛੁੱਟੀ ਆਲ਼ੇ ਦਿਨ ਕੰਮ ਕਰਾਉਣਾ ਔਖਾ ਲਗਦੈ, ਬੇਸ਼ੱਕ ਛੁੱਟੀ ਆਲ਼ੇ ਦਿਨ ਵੀ ਨਾ ਆਇਆ ਕਰ। ਮੈਂ ਇਕ ਦਿਹਾੜੀਆਂ ਲਾ ਲਿਆ ਕਰੂੰ। ਪਰ ਜਿੰਨਾ ਚਿਰ ਮੇਰੇ ਨੈਣ-ਪਰਾਣ ਚਲਦੇ ਨੇ, ਮੈਂ ਖੇਤੀ ਨੀ ਛੱਡ ਸਕਦਾ।" ਬਾਪੂ ਨੇ ਸਿਰੇ ਦੀ ਇਕ ਸੁਣਾ ਦਿੱਤੀ ਸੀ।

ਛੁੱਟੀ ਵਾਲੇ ਦਿਨ ਮੇਰੇ ਨਾਲ ਦੇ ਮਾਸਟਰ ਰੈੱਸਟ ਕਰਦੇ ਪਰ ਮੈਨੂੰ ਬਾਪੂ ਖੇਤੀ ਦੇ ਕੰਮ ਵਿਚ ਫਸਾ ਲੈਂਦਾ। ਕਦੇ ਕਦੇ ਸਕੂਲ ਸਮੇਂ ਤੋਂ ਬਾਅਦ ਵੀ ਕੰਮ ਕਰਨਾ ਪੈਂਦਾ। ਮੈਨੂੰ ਲਗਦਾ ਜੇ ਬਾਪੂ ਜ਼ਮੀਨ ਠੇਕੇ 'ਤੇ ਦੇ ਦੇਵੇ ਤਾਂ ਮੇਰਾ ਵੀ ਖਹਿੜਾ ਛੁੱਟੇ।

ਸਾਡੇ ਵਿਆਹ ਤੋਂ ਤਿੰਨ ਸਾਲ ਬਾਅਦ ਬਾਪੂ ਸਾਰੇ ਖਲਜਗਣਾਂ ਤੋਂ ਆਪ ਈ ਖਹਿੜਾ ਛੁਡਾ ਗਿਆ। ਮੋਨੋਬਲਾਕ ਮੋਟਰਾਂ ਪਾਣੀ ਕੱਢਣ ਤੋਂ ਜਵਾਬ ਦੇ ਗਈਆਂ ਸਨ। ਖੇਤਾਂ ਵਿਚ ਹੁਣ ਮੱਛੀ ਮੋਟਰਾਂ ਲੱਗਣੀਆਂ ਸ਼ੁਰੂ ਹੋ ਗਈਆਂ ਸਨ। ਜਦੋਂ ਅਸੀਂ ਮੱਛੀ ਮੋਟਰ ਲਗਵਾਈ ਤਾਂ ਮੋਨੋਬਲਾਕ ਮੋਟਰ ਵਾਲਾ ਪੱਕਾ ਟੋਆ ਵਾਧੂ ਹੋ ਗਿਆ। ਉਸ ਦੀਆਂ ਉੱਪਰੋਂ ਪੰਜ ਸੱਤ ਫੁੱਟ ਤਕ ਇੱਟਾਂ ਕੱਢ ਕੇ ਬਾਪੂ ਨੇ ਕੋਠੇ ਦੇ ਇਕ ਪਾਸੇ ਢੇਰ ਲਾ ਦਿੱਤਾ, ਬਾਕੀ ਰਹਿੰਦੀਆਂ ਇੱਟਾਂ ਪੱਕੇ ਟੋਏ 'ਚ ਇੰਝ ਹੀ ਦੱਬ ਦਿੱਤੀਆਂ। ਕੱਢੀਆਂ ਇੱਟਾਂ ਛੇ ਮਹੀਨੇ ਇੰਝ ਹੀ ਢੇਰ ਦੇ ਰੂਪ 'ਚ ਪਈਆਂ ਰਹੀਆਂ। ਇਕ ਦਿਨ

ਉਹਨਾਂ ਇੱਟਾਂ ਨੂੰ ਬਾਪੂ ਚਿਣ ਚਿਣ ਕੇ ਕੋਠੇ ਦੀ ਕੰਧ ਦੇ ਪਿਛਲੇ ਪਾਸੇ ਲਗਾਉਣਾ ਲੱਗ ਪਿਆ। ਬੱਸ! ਉਹਨਾਂ ਇੱਟਾਂ ਵਿਚੋਂ ਹੀ ਬਾਪੂ ਨੂੰ ਸੱਪ ਨੇ ਡੱਸ ਲਿਆ। ਬਾਪੂ ਨੂੰ ਚੁੱਕ ਕੇ ਵੀ ਲੈ ਕੇ ਗਏ ਪਰ ਬਡਰੁੱਖਾਂ ਪਹੁੰਚਣ ਤੋਂ ਪਹਿਲਾਂ ਹੀ ਬਾਪੂ ਬੇਹੋਸ਼ ਹੋ ਗਿਆ ਤੇ ਫਿਰ ਸਾਹ ਛੱਡ ਗਿਆ।

ਬਾਪੂ ਦਾ ਖ਼ਿਆਲ ਆਉਂਦਿਆਂ ਹੁਣ ਫਿਰ ਮੇਰਾ ਕੋਠੇ ਵੱਲ ਧਿਆਨ ਗਿਆ ਹੈ। ਕੋਠੇ ਦੀਆਂ ਕੰਧਾਂ ਨੂੰ ਖੇਰੀ ਖਾ ਰਹੀ ਹੈ। ਮੈਨੂੰ ਲਗਦੈ ਜਿਵੇਂ ਕੋਠਾ ਵੀ ਬਾਪੂ ਦੇ ਮਰਨ ਨਾਲ ਹੀ ਆਪਣਾ ਰੰਗ ਛੱਡ ਗਿਆ ਹੋਵੇ, ਸਦਾ ਲਈ ਉਦਾਸ ਹੋ ਗਿਆ ਹੋਵੇ। ਇਹ ਕੋਠਾ ਕਦੇ ਬਾਪੂ ਨੇ ਬੜੇ ਸ਼ੌਕ ਨਾਲ ਬਣਵਾਇਆ ਸੀ। ਕੋਠੇ ਦੇ ਹੇਠਾਂ ਪੱਕਾ ਫ਼ਰਸ਼, ਬਿਜਲੀ ਦੀ ਪੱਕੀ ਫਿਟਿੰਗ। ਦੋ ਅਲਮਾਰੀਆਂ ਬਣਵਾਈਆਂ। ਇਕ ਵਿਚ ਭਾਂਡੇ ਅਤੇ ਸਟੋਵ ਰੱਖਿਆ। ਦੂਜੀ ਵਿਚ ਵੱਖ ਵੱਖ ਡੱਬਿਆਂ ਵਿਚ ਖੰਡ, ਚਾਹ, ਲੂਣ, ਮਿਰਚ, ਹਲਦੀ ਅਚਾਰ। ਬਾਪੂ ਕਹਿੰਦਾ ਹੁੰਦਾ ਸੀ, "ਖੇਤ ਬੰਦੇ ਦਾ ਦੂਜਾ ਘਰ ਹੁੰਦੈ। ਜੇ ਖੇਤ ਆਏ ਨੂੰ, ਮਾੜੀ ਮਾੜੀ ਚੀਜ਼ ਲਈ ਪਿੰਡ ਭੱਜਣਾ ਪਵੇ, ਫੇਰ ਆਉਣ-ਜਾਣ ਹੀ ਮਾਰ ਲੈਂਦੈ। ਕੰਮ 'ਚ ਬਰਕਤ ਨੀ ਰਹਿੰਦੀ।"

ਪਰ ਬਾਪੂ ਦਾ ਦੂਜਾ ਘਰ, ਬਾਪੂ ਦੀ ਮੌਤ ਤੋਂ ਬਾਅਦ ਮੈਂ ਤਾਏ ਦੇ ਮੁੰਡੇ ਨੂੰ ਠੇਕੇ 'ਤੇ ਦੇ ਦਿੱਤਾ। ਜਿਸ ਦਿਨ ਮਨ ਕਰਦਾ, ਮੈਂ ਖੇਤ ਗੇੜਾ ਮਾਰ ਜਾਂਦਾ। ਤਾਏ ਦਾ ਮੁੰਡਾ ਵੀ ਖੇਤ ਘੱਟ-ਵੱਧ ਹੀ ਆਉਂਦਾ। ਬਾਪੂ ਦੇ ਲੂਣ, ਮਿਰਚਾਂ ਵਾਲੇ ਡੱਬੇ ਕਾਫ਼ੀ ਦੇਰ ਅਲਮਾਰੀ ਵਿਚ ਪਏ ਰੁਲ਼ਦੇ ਰਹੇ ਫੇਰ ਅਲਮਾਰੀ ਵੀ ਖੁੱਲ੍ਹੀ ਪਈ ਰਹਿੰਦੀ। ਕਾਟੋਆਂ, ਚੂਹੇ ਡੱਬਿਆਂ ਨੂੰ ਕੁਤਰਦੇ ਰਹੇ। ਹੌਲ਼ੀ ਹੌਲ਼ੀ ਉਹ ਸਾਰੇ ਡੱਬੇ ਅਲਮਾਰੀ ਵਿਚੋਂ ਬਾਪੂ ਦੇ ਸੁਪਨੇ ਵਾਂਗ ਅਲੋਪ ਹੋ ਗਏ।

ਕੋਠੇ ਵੱਲੋਂ ਨਜ਼ਰ ਹਟਾ ਕੇ ਮੈਂ ਆਲ਼ੇ-ਦੁਆਲ਼ੇ ਤੱਕਿਆ ਹੈ। ਖੇਤਾਂ ਵਿਚ ਕੋਈ ਟਾਵਾਂ ਟਾਵਾਂ ਬੰਦਾ ਹੀ ਨਜ਼ਰੀਂ ਪਿਆ ਹੈ। ਬਹੁਤੀਆਂ ਮੋਟਰਾਂ ਸੁੰਨੀਆਂ ਹੀ ਚੱਲ ਰਹੀਆਂ ਹਨ। 'ਹੁਣ ਪਹਿਲਾਂ ਵਰਗੀ ਰੌਣਕ ਕਿੱਥੇ ਰਹਿ ਗਈ?' ਮੇਰੇ ਮਨ ਵਿਚ ਇਕ ਹਉਕਾ ਜਿਹਾ ਉੱਠਿਆ ਹੈ ਤੇ ਨਾਲ ਹੀ ਉਹਨਾਂ ਦਿਨਾਂ ਦੀ ਝਲਕ ਅੱਖਾਂ ਅੱਗੇ ਸਾਕਾਰ ਹੋ ਗਈ ਹੈ ਜਦੋਂ ਸਾਡਾ ਸਾਰਾ ਪਰਿਵਾਰ ਇਕੱਠੇ ਹੁੰਦੇ ਸੀ। ਮੈਂ ਤੇ ਤਾਏ ਦਾ ਮੁੰਡਾ ਕੱਖ ਵੱਢ ਰਹੇ ਹੁੰਦੇ। ਸੀਰੀ ਭਰੀਆਂ ਪਾ ਪਾ ਬੰਨ੍ਹ ਕੇ ਨੌਕਰ ਨੂੰ ਚੁਕਾ ਰਿਹਾ ਹੁੰਦਾ। ਖੇਤਾਂ 'ਚੋਂ ਕਿੰਨੇ ਹੀ ਰਿਹੜੇ ਕੱਖਾਂ ਦੇ ਭਰੇ ਪਿੰਡ ਨੂੰ ਜਾ ਰਹੇ ਹੁੰਦੇ।

'ਹੁਣ ਉਸ ਸਭ ਕੁਝ ਨੂੰ ਅਚਾਰ ਨੇ ਖਾ ਲਿਆ ਹੈ। ਮੱਕੀ ਦਾ ਅਚਾਰ ਇਕ ਵਾਰ ਕੁਤਰ ਕੇ ਘਰ ਨੇੜੇ ਪਾ ਲੈਂਦੇ ਨੇ। ਨਾ ਰੋਜ਼ ਰੋਜ਼ ਕੱਖ ਵੱਢਣੇ, ਨਾ ਰਿਹੜੇ 'ਤੇ ਲੱਦ ਕੇ ਪਿੰਡ ਨੂੰ ਤੁਰਨਾ। ਇਸ ਅਚਾਰ ਨੇ ਰਿਹੜੇ, ਬਲ਼ਦਾਂ ਦੇ ਨਾਲ ਨਾਲ ਬੰਦਿਆਂ ਦੀਆਂ ਸਿਹਤਾਂ ਨੂੰ ਵੀ ਖਾ ਲਿਆ।'

"ਇੱਥੇ ਕਿਹੜਾ ਅਸੀਂ ਤੈਨੂੰ ਖਾਨੇਆਂ? ਤੂੰ ਖੇਤ ਜਾ ਕੇ ਬੈਠ ਜਾਨੈ।" ਪਤਨੀ ਦੇ ਯਾਦ ਆਏ ਜ਼ਹਿਰ ਵਰਗੇ ਬੋਲਾਂ ਨੇ ਮੇਰਾ ਮੂੰਹ ਹੁਣ ਵੀ ਕੁਸੈਲ਼ਾ ਕਰ ਦਿੱਤਾ ਹੈ। ਜਦੋਂ ਵੀ ਮੈਂ ਖੇਤ ਗੇੜਾ ਮਾਰਦਾ, ਉਹ ਮੈਨੂੰ ਕੋਈ ਨਾ ਕੋਈ ਚੁਭਵੀਂ ਗੱਲ ਜ਼ਰੂਰ ਬੋਲਦੀ।

ਇਕ ਦਿਨ ਕਹਿੰਦੀ, "ਉੱਥੇ ਜਾ ਕੇ ਕਿਸੇ ਨਾਲ ਫੋਨ 'ਤੇ ਗੱਲਾਂ ਕਰਦਾ ਹੋਮੇਂਗਾ। ਇੱਥੇ ਸਾਡੇ ਸਾਹਮਣੇ ਤੇਰੀ ਗੱਲ ਹੋ ਨੀ ਸਕਦੀ।"

"ਮੈਂ ਤਾਂ ਪਹਿਲਾਂ ਕੀਤੀ ਗੱਲ ਨੂੰ ਪਛਤਾ ਰਿਹਾਂ, ਦੂਜਾ ਫਾਹਾ ਕਿਉਂ ਲਊਂਗਾ?" ਇਕ ਵਾਰ ਤਾਂ ਮੇਰਾ ਜੀਅ ਕੀਤਾ ਸੀ ਇਸ ਦੀ ਗਰਦਨ ਫੜ ਲਵਾਂ ਪਰ ਮੈਂ ਕਲੇਸ਼ ਵਧਣ ਤੋਂ ਡਰਦਿਆਂ ਸਾਰਾ ਗ਼ੁੱਸਾ ਅੰਦਰ ਹੀ ਪੀ ਗਿਆ।

ਮੈਂ ਉੱਠ ਕੇ ਪਹੀ ਵੱਲ ਤੁਰ ਪਿਆ ਹਾਂ। ਪਿੰਡੋਂ ਆ ਕੇ ਅੱਗੇ ਖੇਤਾਂ ਨੂੰ ਲੰਘਦੀ ਇਹ ਪਹੀ ਮੇਰੇ ਕੋਠੇ ਤੋਂ ਵੀਹ ਕੁ ਮੀਟਰ ਦੂਰ ਹੈ। ਪਹਿਲਾਂ ਇਸ ਪਹੀ ਤੋਂ ਇਕ ਪਹੀ ਸਾਡੇ ਕੋਠੇ ਵੱਲ ਆਉਂਦੀ ਸੀ ਤੇ ਅੱਗੇ ਕੋਠੇ ਕੋਲ਼ ਲੰਬਾ-ਚੌੜਾ ਚੌਤਰਾ ਸੀ। ਹੁਣ ਮੇਰੇ ਕੋਠੇ ਨੂੰ ਆਉਂਦੀ ਇਹ ਪਹੀ ਠੇਕੇ ਵਾਲੇ ਨੇ ਵਾਹ ਕੇ ਮੇਰੀ ਜ਼ਮੀਨ ਵਿਚ ਹੀ ਮਿਲਾ ਲਈ ਹੈ। ਕੋਠੇ ਵਾਲਾ ਚੌਤਰਾ ਵੀ ਦੋ ਕੁ ਮੰਜਿਆਂ ਦੀ ਥਾਂ ਛੱਡ ਕੇ ਬਾਕੀ ਸਾਰਾ ਵਾਹ ਲਿਆ ਹੈ। ਮੈਂ ਵੱਟੇ-ਵੱਟ ਤੁਰਦਾ ਪਹੀ 'ਤੇ ਜਾ ਚੜ੍ਹਿਆ ਹਾਂ। ਪਹੀ 'ਤੇ ਗੋਡੇ ਗੋਡੇ ਖੱਬਲ ਉੱਗਿਆ ਹੈ। ਪਹਿਲਾਂ ਇਸ ਪਹੀ 'ਤੇ ਰਿਹੜਿਆਂ ਦੀ ਆਵਾਜਾਈ ਸੀ। ਅਗਲੇ

ਖੇਤ ਵਾਲਿਆਂ ਦੀਆਂ ਅੱਠ-ਦਸ ਮੱਝਾਂ ਵੀ ਸਵੇਰੇ ਖੇਤ ਆਉਂਦੀਆਂ। ਉਹ ਖੇਤ ਹੀ ਕੁਤਰ ਕੇ ਮੱਝਾਂ ਨੂੰ ਕੱਖ ਪਾਉਂਦੇ ਤੇ ਸ਼ਾਮ ਨੂੰ ਘਰ ਲੈ ਜਾਂਦੇ। ਆਵਾਜਾਈ ਕਰ ਕੇ ਇਸ ਪਹੀ 'ਤੇ ਕਦੇ ਇਕ ਤਿੜ ਵੀ ਖੱਬਲ ਦੀ ਨਹੀਂ ਹੋਈ ਸੀ ਪਰ ਹੁਣ ਘਾਹ ਦਾ ਜੰਗਲ ਉੱਗਿਆ ਪਿਆ ਹੈ। ਤਾਏ ਦਾ ਮੁੰਡਾ ਜਦੋਂ ਜੀਅ ਕਰਦੈ ਇਸ 'ਤੇ ਰਾਊਂਡ-ਅੱਪ ਸਪਰੇਅ ਮਾਰ ਦਿੰਦਾ ਹੈ। ਖੱਬਲ ਮੱਚ ਜਾਂਦਾ ਹੈ ਤੇ ਕੁਝ ਸਮੇਂ ਬਾਅਦ ਫਿਰ ਉੱਗ ਆਉਂਦਾ ਹੈ।

ਮੈਂ ਤੁਰਦਾ ਪਹੀ ਦੇ ਮੋੜ 'ਤੇ ਆ ਗਿਆ ਹਾਂ। ਇੱਥੋਂ ਤਕ ਮੇਰੀ ਜ਼ਮੀਨ ਦੀ ਹੱਦ ਹੈ। ਮੈਂ ਆਪਣੇ ਪੂਰੇ ਖੇਤ 'ਤੇ ਭਰਵੀਂ ਨਜ਼ਰ ਮਾਰਦਾ ਹਾਂ। ਖੇਤ ਦੇ ਵਿਚਕਾਰ ਬੇਰੀ ਹੈ ਤੇ ਬੇਰੀ ਹੇਠ ਇਕ ਮਟੀ। ਮਟੀ ਬਾਰੇ ਗੁਆਂਢੀਆਂ ਦੇ ਮੁੰਡੇ ਨੇ ਕਿਹਾ ਸੀ, "ਮਾਸਟਰਾ! ਇਹ ਹੁਣ ਵਿਚਾਲੇ ਕਿਉਂ ਖੜ੍ਹਾਈ ਐ। ਢਾਹ ਕੇ ਪਰ੍ਹਾਂ ਕਰ।"

ਉਸ ਗਆਂਢੀ ਮੁੰਡੇ ਦੀ ਗੱਲ ਤੋਂ ਮੈਨੂੰ ਬਾਪੂ ਦੀ ਗੱਲ ਯਾਦ ਆ ਜਾਂਦੀ ਹੈ। ਇਕ ਦਿਨ ਮੈਂ ਬਾਪੂ ਨੂੰ ਕਿਹਾ ਸੀ, "ਬਾਪੂ ਕਿਉਂ ਵਹਿਮਾਂ 'ਚ ਪਿਐਂ। ਆਹ ਮਟੀ ਤੋਂ ਕੀ ਕਰਾਉਣੈ। ਢਾਹ ਕੇ ਪਰ੍ਹਾਂ ਕਰਦਿਆਂ।"

"ਇਹ ਤੇਰਾ ਵਹਿਮ ਐ ਵੱਡਿਆ ਭੜਾਕੂਆ! ਇਹ ਤੇਰੇ ਦਾਦੇ ਦੇ ਦਾਦੇ ਦੀ ਯਾਦਗਾਰ ਐ, ਜਿਹਨੇ ਏਸ ਪਰਿਵਾਰ ਦੀ ਜੜ੍ਹ ਲਾਈ ਸੀ। ਆਪਣੇ ਪੁਰਖਿਆਂ ਨੂੰ ਯਾਦ ਰੱਖਣਾ ਆਪਣਾ ਫ਼ਰਜ਼ ਬਣਦੈ। ਮੈਂ ਤਾਂ ਆਪਣਾ ਫ਼ਰਜ਼ ਨਿਭਾਊਂ। ਜਦੋਂ ਮੈਂ ਅੱਖਾਂ ਮੀਚ ਗਿਆ ਫੇਰ ਜੋ ਮਰਜੀ ਕਰੀਂ।"

ਬਾਪੂ ਹਰ ਤਿਉਹਾਰ 'ਤੇ ਇੱਥੇ ਚਿਰਾਗ਼ ਲਾ ਕੇ ਆਪਣੇ ਪੁਰਖਿਆਂ ਨੂੰ ਯਾਦ ਕਰਦਾ। ਹੁਣ ਬਾਪੂ ਵਾਲਾ ਕੰਮ ਮੈਂ ਕਰਦਾ ਹਾਂ। ਬਾਪੂ ਦੀ ਮੌਤ ਤੋਂ ਬਾਅਦ ਮੇਰਾ ਇਸ ਮਟੀ ਨਾਲ ਹੋਰ ਵੀ ਲਗਾਓ ਹੋ ਗਿਆ ਹੈ। 'ਕੀ ਇਹ ਰਸਮ ਅਗਲੀ ਪੀੜ੍ਹੀ ਤਕ ਵੀ ਜਾਰੀ ਰਹੇਗੀ?' ਮੈਂ ਸੋਚ ਕੇ ਉਦਾਸ ਹੋ ਜਾਂਦਾ ਹਾਂ। ਮੈਨੂੰ ਮੇਰੇ ਮੁੰਡੇ ਯੁੱਧਵੀਰ ਦੀਆਂ ਗੱਲਾਂ ਯਾਦ ਆਉਣ ਲਗਦੀਆਂ ਹਨ ਤੇ ਮੈਂ ਮੁੜ ਕੋਠੇ ਵੱਲ ਤੁਰ ਪੈਂਦਾ ਹਾਂ।

ਬਾਪੂ ਮੈਨੂੰ ਛੋਟੇ ਹੁੰਦੇ ਨੂੰ ਹੀ ਖੇਤ ਲੈ ਕੇ ਆਉਣ ਲੱਗ ਪਿਆ ਸੀ। ਜਦੋਂ ਮੈਂ ਥੋੜ੍ਹਾ ਜਿਹਾ ਉਡਾਰ ਹੋ ਗਿਆ, ਉਹ ਮੈਨੂੰ ਕੰਮ ਵਿਚ ਵੀ ਆਪਣੇ ਨਾਲ ਲਗਾਉਣ ਲੱਗ ਪਿਆ। ਬਾਪੂ ਗੁੱਡਦਾ ਤਾਂ ਮੈਂ ਪਿੱਛੋਂ ਕੱਖ ਚੁਗ ਕੇ ਢੇਰੀਆਂ ਬਣਾਉਂਦਾ। ਬਾਪੂ ਹੋਰੀਂ ਕਣਕ ਵੱਢਦੇ ਤਾਂ ਸਾਨੂੰ ਅੱਗੋਂ ਟੇਢੇ ਖੁੱਡ ਵੱਢਣ ਦਾ ਹੁਕਮ ਹੋ ਜਾਂਦਾ। ਬਾਪੂ ਵਾਹਣ ਵਾਹੁੰਦਾ ਤਾਂ ਮੈਂ ਪਾਣੀ ਦੀ ਪਤੀਲੀ ਭਰ ਕੇ ਬਾਪੂ ਨੂੰ ਦੇ ਕੇ ਆਉਂਦਾ। ਬਾਪੂ ਪਾਣੀ ਪੀ ਕੇ ਇਕ ਪਤੀਲੀ ਟਰੈਕਟਰ 'ਚ ਪਾਉਣ ਲਈ ਮੰਗਵਾ ਲੈਂਦਾ। ਇਸ ਦੇ ਇਵਜ਼ ਵਜੋਂ ਉਹ ਮੈਨੂੰ ਟਰੈਕਟਰ 'ਤੇ ਬਿਠਾ ਲੈਂਦਾ। ਇਸੇ ਤਰ੍ਹਾਂ ਬਾਪੂ ਨੇ ਮੈਨੂੰ ਟਰੈਕਟਰ ਚਲਾਉਣਾ, ਵਾਹਣ ਵਾਹੁਣਾ, ਕੱਦੂ ਕਰਨਾ, ਟਰਾਲੀ ਬੈਕ ਲਾਉਣੀ, ਸਭ ਕੁਝ ਸਿਖਾ ਦਿੱਤਾ ਸੀ।

ਜੇ ਮਾਂ ਹੱਸਦੀ ਕਹਿ ਦਿੰਦੀ, "ਮੁੰਡੇ ਨੇ ਪੜ੍ਹ ਕੇ ਨੌਕਰੀ 'ਤੇ ਲੱਗ ਜਾਣੈ। ਇਹਨੇ ਕਿਹੜਾ ਟਰੈਕਟਰ ਚਲਾਉਣੈ? ਕਿਉਂ ਵਿਚਾਰੇ ਦੀਆਂ ਵੱਖੀਆਂ 'ਕੱਠੀਆਂ ਕਰਦੈ।"

"ਜੱਟ ਦਾ ਮੁੰਡਾ ਚਾਹੇ ਡੀ. ਸੀ. ਲੱਗ ਜੇ, ਉਹਨੂੰ ਖੇਤੀ ਦਾ ਕੰਮ ਆਉਣਾ ਚਾਹੀਦੈ, ਫੇਰ ਈ ਮਿੱਟੀ ਨਾਲ ਮੋਹ ਰਹਿੰਦੈ।" ਬਾਪੂ ਆਪਣੀ ਦਲੀਲ ਦਿੰਦਾ।

ਪਰ ਸ੍ਰਿਸ਼ਟੀ ਹੱਸਦੀ ਨਹੀਂ ਕਹਿੰਦੀ ਸੀ। ਉਹ ਦੁਖੀ ਹੁੰਦੀ। ਜੇ ਕਦੇ ਮੈਂ ਯੁੱਧਵੀਰ ਨੂੰ ਖੇਤ ਲੈ ਜਾਂਦਾ ਤਾਂ ਉਹ ਤੜਫ਼ਦੀ, "ਆਹੋ! ਪੁੱਠੇ ਕੰਮਾਂ 'ਤੇ ਲਾ ਦੇਵੀਂ ਹੁਣ ਇਹਨੂੰ। ਪੜ੍ਹਾਈ ਦਾ ਤਾਂ ਦੇਖਣਾ ਨੀ, ਆਹ ਕੰਮਾਂ ਵੇਲ਼ੇ ਇਹਦੇ ਕੋਲ ਟੈਂਮ ਆ ਜਾਂਦੈ। ਲੋਕਾਂ ਦੇ ਜਵਾਕਾਂ ਦੇ ਪਿਓ ਉਹਨਾਂ ਨੂੰ ਆਪ ਟਿਊਸ਼ਨਾਂ 'ਤੇ ਛੱਡ ਕੇ ਆਉਂਦੇ ਨੇ। ਇਹਨੇ ਟਿਊਸ਼ਨ 'ਤੇ ਤਾਂ ਕੀ ਛੱਡਣਾ ਸੀ, ਉਲਟਾ ਦਸੀਂ ਪੰਦਰੀਂ ਦਿਨੀਂ ਖੇਤ ਲੈ ਵੜੂ। ਦੱਸ ਉੱਥੇ ਹੁਣ ਤੇਰਾ ਕੀ ਰੱਖਿਐ?"

ਮੈਂ ਕਲੇਸ਼ ਤੋਂ ਡਰਦਿਆਂ ਹੌਲ਼ੀ ਹੌਲ਼ੀ ਯੁੱਧਵੀਰ ਨੂੰ ਖੇਤ ਲੈ ਕੇ ਜਾਣਾ ਛੱਡ ਦਿੱਤਾ।

ਉਹ ਪਲੱਸ ਟੂ ਕਰ ਕੇ ਆਇਲਸ ਕਰਨ ਲੱਗ ਪਿਆ। ਮੈਂ ਇਕ ਦੋ ਵਾਰ ਕਿਹਾ ਵੀ, "ਪੁੱਤ

ਇੱਥੇ ਹੀ ਕੋਈ ਨੌਕਰੀ ਦੇਖ ਲੈ।"

ਪਰ ਉਸ ਦੀ ਇਕੋ ਜ਼ਿੱਦ ਸੀ, "ਨਹੀਂ, ਮੈਂ ਤਾਂ ਬਾਹਰ ਜਾਣੈ ਬੱਸ।"

ਇਕ ਦਿਨ ਇਹੋ ਗੱਲ ਨੂੰ ਲੈ ਕੇ ਮੈਂ ਮੇਰੇ ਦੋਸਤ ਜਗਦੀਪ ਕੋਲ਼ ਵੀ ਦੁੱਖ ਰੋਇਆ ਸੀ। ਜਗਦੀਪ ਨੇ ਵੀ ਮੇਰੀ ਸੋਚ ਦੇ ਉਲਟ ਗੱਲ ਹੀ ਕੀਤੀ ਸੀ, "ਮਾਸਟਰਾ! ਹੁਣ ਇੱਥੇ ਵੱਡੀਆਂ ਨੌਕਰੀਆਂ ਤਾਂ ਦੋ ਵਰਗਾਂ ਨੂੰ ਈ ਮਿਲਦੀਆਂ ਨੇ। ਦਿਹਾੜੀ ਦੱਪਾ ਕਰਨ ਵਾਲੇ ਬੱਚਿਆਂ ਦਾ ਕੋਟਾ ਸ਼ਹਿਰਾਂ 'ਚ ਬੈਠੇ ਅਮੀਰ ਖੋਹ ਲੈਂਦੇ ਨੇ। ਮੇਰੇ ਤੇਰੇ ਵਰਗੇ ਦਾ ਹੱਕ ਪੈਸੇ ਵਾਲੇ ਲੁੱਟ ਕੇ ਲੈ ਜਾਂਦੇ ਨੇ। ਆਪਣੇ ਪੱਲੇ ਤਾਂ ਪੁਲਿਸ ਜਾਂ ਫ਼ੌਜ ਦੀ ਨੌਕਰੀ ਰਹਿ ਗਈ ਜਾਂ ਕੋਈ ਵਾਹਲਾ ਜ਼ੋਰ ਮਾਰ ਕੇ ਮਾਸਟਰ ਲੱਗ ਜੂ।...ਤੂੰ ਜਵਾਕ ਨੂੰ ਮਾਰਨ ਦੇ ਲੰਬੀਆਂ ਉਡਾਰੀਆਂ।"

ਸ੍ਰਿਸ਼ਟੀ ਵੀ ਯੁੱਧਵੀਰ ਦੀ ਗੱਲ ਨਾਲ ਸਹਿਮਤੀ ਜਤਾਉਂਦੀ, "ਇੱਥੇ ਕੀ ਐ? ਪਿੰਡਾਂ 'ਚ ਡੰਗਰਾਂ 'ਚ ਡੰਗਰ ਬਣੇ ਰਹੋ ਸਾਰੀ ਉਮਰ। ਉੱਥੇ ਆਪਣੀ ਚੰਗੀ ਲਾਈਫ਼ ਜਿਉਣ ਦਿਓ ਬੱਚੇ ਨੂੰ। ਮੇਰੇ ਪੁੱਤਰ ਨੂੰ ਸੈੱਟ ਹੋਣ ਦੇ, ਮੈਂ ਵੀ ਇਸ ਖਲਜਗਣ 'ਚੋਂ ਨਿੱਕਲ ਜਾਣੈ। ਇੱਥੇ ਤਾਂ ਕੋਈ ਆਪਣੀ ਪਰਸਨਲ ਲਾਈਫ਼ ਵੀ ਨੀ ਜਿਉਣ ਦਿੰਦਾ। ਹੋਰ ਤਾਂ ਹੋਰ ਗੁਆਂਢੀ ਈ ਨੀ ਮਾਣ।"

ਜਦੋਂ ਦਾ ਯੁੱਧਵੀਰ ਆਇਲਸ ਕਰਨ ਲੱਗਿਆ ਸੀ ਸ੍ਰਿਸ਼ਟੀ ਨੂੰ ਵੀ ਪਿੰਡ ਬੁਰਾ ਲੱਗਣ ਲੱਗ ਪਿਆ ਸੀ। ਇਹ ਜ਼ਿੰਦਗੀ ਜੇਲ੍ਹ ਜਾਪਣ ਲੱਗ ਪਈ ਸੀ।

ਮੈਂ ਪਿਛਲੇ ਕਈ ਸਾਲਾਂ ਤੋਂ ਇਹ ਨੋਟ ਕਰ ਰਿਹਾ ਸੀ, ਜਿਉਂ ਜਿਉਂ ਯੁੱਧਵੀਰ ਵੱਡਾ ਹੋ ਰਿਹਾ ਸੀ ਤਿਉਂ ਤਿਉਂ ਸ੍ਰਿਸ਼ਟੀ ਦਾ ਮੋਹ ਮੇਰੇ ਵੱਲੋਂ ਘਟ ਕੇ ਯੁੱਧਵੀਰ ਵੱਲ ਵਧ ਰਿਹਾ ਸੀ। 'ਮੂਲ ਨਾਲੋਂ ਵਿਆਜ ਪਿਆਰਾ' ਵਾਲੀ ਗੱਲ ਹੋ ਰਹੀ ਸੀ। ਮੈਨੂੰ ਜਾਪਦਾ ਜਿਵੇਂ ਮੈਂ ਇਕੱਲਾ ਹੁੰਦਾ ਜਾ ਰਿਹਾ ਹੋਵਾਂ।

ਜਦੋਂ ਯੁੱਧਵੀਰ ਪੰਜ ਸਾਲ ਦਾ ਹੋਇਆ ਸੀ, ਮੈਂ ਸ੍ਰਿਸ਼ਟੀ ਨੂੰ ਕਿਹਾ ਸੀ, "ਆਪਾਂ ਇਕ ਬੱਚੇ ਦਾ ਚਾਨਸ ਹੋਰ ਲੈ ਲੈਨੇ ਆਂ। ਮੇਰੇ ਦੋਸਤ ਡਾਕਟਰ ਨੇ ਵੀ ਮੈਨੂੰ ਕਿਹਾ ਸੀ ਕਿ ਬੱਚਿਆਂ ਦੇ ਸਹੀ ਵਿਕਾਸ ਲਈ ਘੱਟੋ-ਘੱਟ ਦੋ ਬੱਚਿਆਂ ਦਾ ਹੋਣਾ ਜ਼ਰੂਰੀ ਐ।"

"ਤੂੰ ਤਾਂ ਪੁਰਾਣੇ ਜ਼ਮਾਨੇ ਦੀਆਂ ਗੱਲਾਂ ਕਰਦੈਂ। ਇਕ ਬੱਚੇ ਦੀ ਪੜ੍ਹਾਈ 'ਤੇ ਆਪਾਂ ਜਿੰਨੇ ਪੈਸੇ ਲਾ ਸਕਦੇ ਆਂ, ਉਹ ਦੋ 'ਤੇ ਕਿਵੇਂ ਲਾਵਾਂਗੇ? ਅੱਜ ਦੇ ਸਮੇਂ 'ਚ ਇਕੋ ਦਸ ਵਰਗੈ। ਨਾਲੇ ਵੱਧ ਬੱਚੇ ਜੰਮ ਕੇ ਸਟੈਂਡਡ ਜਾ ਨੀ ਰਹਿੰਦਾ।" ਸ੍ਰਿਸ਼ਟੀ ਨੇ ਮੇਰੀ ਗੱਲ ਬਿਲਕੁਲ ਹੀ ਰੱਦ ਕਰ ਦਿੱਤੀ ਸੀ। ਆਖ਼ਰ ਮੈਨੂੰ ਆਪਣਾ ਹੀ ਮਨ ਬਦਲਣਾ ਪਿਆ।

ਯੁੱਧਵੀਰ ਨੇ ਆਇਲਸ ਦਾ ਟੈਸਟ ਦਿੱਤਾ ਪਰ ਬੈਂਡ ਸਾਢੇ ਪੰਜ ਰਹਿ ਗਏ। ਫਿਰ ਦੁਬਾਰਾ ਕੋਸ਼ਿਸ਼ ਕੀਤੀ ਫਿਰ ਵੀ ਸਾਢੇ ਪੰਜ ਤੋਂ ਨਾ ਟੱਪੇ। ਉਹ ਉਦਾਸ ਰਹਿਣ ਲੱਗਿਆ। ਸੁਭਾਅ ਚਿੜ-ਚਿੜਾ ਹੋ ਗਿਆ। ਮੈਨੂੰ ਤੇ ਸ੍ਰਿਸ਼ਟੀ ਨੂੰ ਗੱਲ ਗੱਲ 'ਤੇ ਵੱਢ-ਖਾਣਿਆਂ ਵਾਂਗ ਪਿਆ ਕਰੇ। ਮੈਨੂੰ ਰਾਤ ਨੂੰ ਨੀਂਦ ਨਾ ਆਉਂਦੀ। ਮਨ 'ਚ ਡਰ ਰਹਿੰਦਾ, 'ਕਿਤੇ ਡਿਪਰੈਸ਼ਨ 'ਚ ਆ ਕੇ ਨਸ਼ੇ-ਪੱਤੇ ਵਾਲੇ ਗ਼ਲਤ ਰਾਹ ਨਾ ਤੁਰ ਪਵੇ।' ਫੋਨ ਖੋਲ੍ਹਦਾ ਤਾਂ ਯੂ-ਟਿਊਬ ਅਤੇ ਫੇਸਬੁੱਕ 'ਤੇ ਅਜਿਹੀਆਂ ਖ਼ਬਰਾਂ ਸਾਹਮਣੇ ਆ ਜਾਂਦੀਆਂ ਕਿ 'ਬੱਚੇ ਨੇ ਡਿਪਰੈਸ਼ਨ ਵਿਚ ਆ ਕੇ ਖ਼ੁਦਕੁਸ਼ੀ ਕਰ ਲਈ ਹੈ।' ਮੈਂ ਹੋਰ ਡਰ ਜਾਂਦਾ। ਰਾਤ ਨੂੰ ਉੱਠ ਉੱਠ ਕੇ ਸੁੱਤੇ ਪਏ ਯੁੱਧਵੀਰ ਦੇ ਕਮਰੇ ਨਾਲ ਕੰਨ ਲਾ ਲਾ ਸੁਣਦਾ। ਉਸ ਦੀਆਂ ਹਰਕਤਾਂ ਤਾੜਦਾ।

ਮਨ ਸੋਚਦਾ, 'ਕੋਲ਼ ਹੋਣ ਨਾਲੋਂ ਚਾਹੇ ਦੂਰ ਹੀ ਹੋਵੇ ਪਰ ਜਿਉਂਦਾ ਜਾਗਦਾ ਤਾਂ ਹੋਵੇ।'

ਇਕ ਦਿਨ ਸ੍ਰਿਸ਼ਟੀ ਨੇ ਯੁੱਧਵੀਰ ਦੀ ਉਦਾਸੀ ਨੂੰ ਖੁਸ਼ੀ ਵਿਚ ਬਦਲਣ ਦਾ ਰਾਹ ਲੱਭ ਲਿਆ। ਉਸ ਦੇ ਪੇਕਿਆਂ ਵੱਲੋਂ ਕਿਸੇ ਰਿਸ਼ਤੇਦਾਰੀ ਵਿਚੋਂ ਆਇਲਸ ਵਾਲੀ ਕੁੜੀ ਸੀ। ਕੁੜੀ ਦੇ ਘਰ ਵਾਲੇ ਚਾਹੁੰਦੇ ਸਨ ਕੋਈ ਪੈਸੇ ਲਗਾਉਣ ਵਾਲਾ ਮੁੰਡਾ ਮਿਲ ਜਾਵੇ ਤਾਂ ਉਹ ਰਿਸ਼ਤਾ ਲੈ ਲੈਣਗੇ। ਮੈਂ ਯੁੱਧਵੀਰ ਦੀ ਹਾਲਤ ਵੇਖ ਕੇ ਕੌੜਾ ਅੱਕ ਚੱਬਦਿਆਂ 'ਹਾਂ' ਕਰ ਦਿੱਤੀ। ਯੁੱਧਵੀਰ ਵੀ ਇਸ ਗੱਲੋਂ ਪੂਰਾ ਖੁਸ਼ ਸੀ। ਉਹ ਹੁਣ ਘੂਕ ਸੌਂਦਾ। ਦਿਨ ਰਾਤ ਕੈਨੇਡਾ ਦੇ ਸੁਪਨੇ ਵੇਖਦਾ ਪਰ ਮੇਰੇ ਅੰਦਰ

ਕੁਝ ਘਟਦਾ, ਕੁਝ ਟੁੱਟਦਾ। ਫਿਰ ਪੁੱਤ ਦੀ ਖੁਸ਼ੀ ਨੂੰ ਆਪਣੀ ਖੁਸ਼ੀ ਸਮਝ ਕੇ ਮਨ ਸਮਝਾ ਲੈਂਦਾ।

ਰਿਸ਼ਤਾ ਹੋਇਆ ਤਾਂ ਜਲਦੀ ਹੀ ਵਿਆਹ ਧਰ ਲਿਆ। ਵਿਆਹ ਤੋਂ ਲੈ ਕੇ ਕੁੜੀ ਦੀ ਫੀਸ ਤਕ ਮੋਟਾ ਰੁਪਈਆ ਲੱਗਿਆ। ਜੋੜੇ ਹੋਏ ਤਾਂ ਲੱਗਣੇ ਹੀ ਸਨ, ਅੱਧਾ ਕਿੱਲਾ ਜ਼ਮੀਨ ਵੀ ਵੇਚਣੀ ਪਈ। ਮੈਨੂੰ ਜਾਪਿਆ ਸੀ ਜਿਵੇਂ ਮੈਂ ਜ਼ਮੀਨ ਵੇਚ ਕੇ ਪੁੱਤਰ ਦੀ ਜਾਨ ਖ਼ਰੀਦ ਲਈ ਹੋਵੇ।

... ... ...

ਮੇਰੀ ਨਜ਼ਰ ਉਸ ਅੱਧੇ ਕਿੱਲੇ 'ਤੇ ਚਲੀ ਜਾਂਦੀ ਹੈ ਜਿਸ ਨੂੰ ਮੈਂ ਦੁਬਾਰਾ ਖ਼ਰੀਦ ਲਿਆ ਸੀ। ਜਦੋਂ ਦਾ ਮੈਂ ਇਹ ਅੱਧਾ ਕਿੱਲਾ ਵੇਚਿਆ ਸੀ, ਮੈਨੂੰ ਮੁੜ ਚੈਨ ਨਹੀਂ ਆਇਆ ਸੀ। ਮੈਨੂੰ ਜਾਪਦਾ ਜਿਵੇਂ ਮੈਂ ਆਪਣੇ ਸਰੀਰ ਦਾ ਇਕ ਅੰਗ ਕਿਸੇ ਨੂੰ ਕੱਟ ਕੇ ਦੇ ਦਿੱਤਾ ਹੋਵੇ ਤੇ ਮੈਂ ਉਸ ਕੱਟੇ ਅੰਗ ਦੀ ਪੀੜ ਲੈ ਕੇ ਦਿਨ-ਰਾਤ ਭੜਫ਼ਦਾ ਰਿਹਾ ਹੋਵਾਂ।

ਮੈਨੂੰ ਜ਼ਮੀਨ ਦਾ ਹੋਰ ਵੀ ਮੋਹ ਆਉਣ ਲੱਗ ਪਿਆ ਸੀ। ਜਿਹੜੀ ਚੀਜ਼ ਮਜਬੂਰੀ 'ਚ ਖੁੱਸ ਜਾਵੇ ਉਹ ਹੋਰ ਵੀ ਪਿਆਰੀ ਹੋ ਜਾਂਦੀ ਹੈ। ਮੈਂ ਸਕੂਲ ਸਮੇਂ ਤੋਂ ਬਾਅਦ ਖੇਤ ਜਾ ਬੈਠਦਾ। ਮੇਰੀ ਨਜ਼ਰ ਉਸ ਵੇਚੇ ਗਏ ਅੱਧੇ ਕਿੱਲੇ ਉੱਪਰ ਜਾ ਟਿਕਦੀ। ਮੈਨੂੰ ਲਗਦਾ ਜਿਵੇਂ ਕਿਸੇ ਨੇ ਮੇਰਾ ਸੁਖ-ਚੈਨ ਮੇਰੇ ਅੰਦਰੋਂ ਕੱਢ ਕੇ ਮੈਨੂੰ ਤੜਫ਼ਾਉਣ ਲਈ ਮੇਰੇ ਸਾਹਮਣੇ ਹੀ ਰੱਖ ਦਿੱਤਾ ਹੋਵੇ। ਮੈਂ ਮਨ ਦੇ ਸਕੂਨ ਲਈ ਕਿੰਨੇ ਢੰਗ ਤਰੀਕੇ ਵਰਤਦਾ। ਮਟੀ 'ਤੇ ਹਰ ਤਿਉਹਾਰ ਦੀਵਾ ਜਗਾਉਣ ਦੀ ਜ਼ਿੰਮੇਵਾਰੀ ਹੁਣ ਮੈਂ ਪੂਰੀ ਸਰਧਾ ਨਾਲ ਨਿਭਾਉਣ ਲੱਗਿਆ ਸਾਂ ਤੇ ਆਪਣੇ ਪੁਰਖਿਆਂ ਤੋਂ ਮਾਫ਼ੀਆਂ ਵੀ ਮੰਗਦਾ ਸਾਂ।

ਇਕ ਦਿਨ ਮੈਂ ਮਨ ਕਰੜਾ ਕਰ ਕੇ ਜੋ ਫ਼ੈਸਲਾ ਲਿਆ ਉਸ ਨਾਲ ਸ੍ਰਿਸ਼ਟੀ ਦੇ ਨਾਲ ਨਾਲ ਮੇਰੇ ਸਾਰੇ ਦੋਸਤ ਹੈਰਾਨ ਹੋ ਗਏ। ਮੇਰੀ ਉਮਰ 52 ਸਾਲ ਸੀ। ਮੈਂ ਅੱਠ ਸਾਲ ਪਹਿਲਾਂ ਹੀ ਰਿਟਾਇਰਮੈਂਟ ਲੈ ਕੇ ਖੇਤੀ ਕਰਨ ਦਾ ਫ਼ੈਸਲਾ ਕਰ ਲਿਆ। ਮੈਂ ਸ੍ਰਿਸ਼ਟੀ ਨੂੰ ਇਹ ਗੱਲ ਬਹੁਤ ਕੋਸ਼ਿਸ਼ਾਂ ਕਰ ਕੇ ਸਮਝਾਈ ਕਿ, "ਆਪਣੇ ਇਕੋ ਬੱਚੈ। ਉਹ ਹੁਣ ਆਪਣੀ ਕਰੂਗਾ ਤੇ ਆਪਣੀ ਖਾਊਗਾ। ਤੇਰੀ ਤਨਖ਼ਾਹ ਆਉਂਦੀ ਐ। ਪੈਂਤੀ ਹਜ਼ਾਰ ਮੇਰੀ ਪੈਨਸ਼ਨ ਹੋ ਜਾਊ। ਤਿੰਨ ਕਿੱਲੇ ਜ਼ਮੀਨ ਦੇ ਨੇ। ਏਨੀ ਆਮਦਨ ਤਾਂ ਮੁੱਕਦੀ ਨੀਂ। ਘੱਟੋ-ਘੱਟ ਗ਼ੁਲਾਮੀ ਤੋਂ ਤਾਂ ਖਹਿੜਾ ਛੁੱਟੂ। ਜਿੰਨੀ ਕ ਮੇਰੀ ਜ਼ਿੰਦਗੀ ਬਚੀ ਐ, ਇਹ ਮੈਂ ਆਪਣੇ ਅਨੁਸਾਰ ਜਿਉਣਾ ਚਾਹੁੰਨਾਂ।" ਸ੍ਰਿਸ਼ਟੀ ਨੇ ਮੈਨੂੰ 'ਹਾਂ' ਕਰ ਦਿੱਤੀ ਜਾਂ ਕਹਿ ਲਵੋ ਮੇਰੀ ਜ਼ਿੱਦ ਨੇ 'ਹਾਂ' ਕਰਵਾ ਲਈ।

ਰਿਟਾਇਰਮੈਂਟ ਵੇਲੇ ਮਿਲੇ ਰੁਪਈਆਂ ਚੋਂ ਕੁਝ ਕੁ ਦਾ ਮੈਂ ਪਿੰਡ ਦੇ ਨੇੜੇ ਪੌਣਾ ਕਿੱਲਾ ਜ਼ਮੀਨ ਦਾ ਖ਼ਰੀਦ ਲਿਆ। ਸ੍ਰਿਸ਼ਟੀ ਇਸ ਗੱਲੋਂ ਬੜੀ ਤਿੜਕੀ, "ਮਿੱਟੀ ਖ਼ਰੀਦ ਕੇ ਕੀ ਕਰੇਂਗਾ?"

'ਮੈਂ ਆਪਣੀ ਮਿੱਟੀ ਵਾਪਸ ਲੈਣੀ ਐ।' ਮੇਰਾ ਅੰਦਰ ਬੋਲਿਆ ਸੀ ਪਰ ਮੈਂ ਮੂੰਹੋਂ ਕੋਈ ਜਵਾਬ ਨਹੀਂ ਦਿੱਤਾ ਸੀ।

ਇਕ ਦਿਨ ਮੈਂ, ਮੇਰੀ ਜ਼ਮੀਨ ਖ਼ਰੀਦਣ ਵਾਲੇ ਨੂੰ ਪਿੰਡ ਨੇੜਲਾ ਪੌਣਾ ਕਿੱਲਾ ਦੇ ਕੇ ਆਪਣਾ ਅੱਧਾ ਕਿੱਲਾ ਵਾਪਸ ਲੈ ਲਿਆ। ਸ੍ਰਿਸ਼ਟੀ ਦੇ ਨਾਲ ਨਾਲ ਲੋਕ ਮੇਰੇ ਇਸ ਫ਼ੈਸਲੇ 'ਤੇ ਵੀ ਹੈਰਾਨ ਹੋਏ ਪਰ ਇਹ ਫ਼ੈਸਲਾ ਕਰ ਕੇ ਜਿੰਨੀ ਖੁਸ਼ੀ ਮੈਨੂੰ ਮਿਲੀ ਇਸ ਦਾ ਕੋਈ ਮੁੱਲ ਨਹੀਂ ਸੀ। ਜਿਵੇਂ ਮੈਂ ਆਪਣਾ ਸਕੂਨ ਖ਼ਰੀਦ ਲਿਆ ਹੋਵੇ। ਮੈਂ ਅਗਲੇ ਸਾਲ ਠੇਕੇ ਵਾਲੇ ਨੂੰ ਜਵਾਬ ਦੇ ਦਿੱਤਾ ਕਿ, "ਵਾਹੀ ਹੁਣ ਮੈਂ ਆਪ ਕਰਾਂਗਾ।" ਇਹ ਤੀਸਰਾ ਫ਼ੈਸਲਾ ਸੀ ਜਿਸ ਨਾਲ ਲੋਕਾਂ ਨੇ ਸੋਚਿਆ ਸੀ ਕਿ 'ਮੇਰਾ ਦਿਮਾਗ਼ ਹਿੱਲ ਗਿਆ ਹੈ।' ਪਰ ਮੇਰਾ ਦਿਮਾਗ਼ ਤਾਂ ਹੁਣ ਟਿਕਾਣੇ ਆ ਗਿਆ ਸੀ।

ਮੇਰੀ ਨਜ਼ਰ ਉਸੇ ਅੱਧੇ ਕਿੱਲੇ ਵੱਲ ਗਈ ਹੈ। ਕੁਝ ਪਲ ਲਈ ਮੇਰਾ ਅੰਦਰ ਖੁਸ਼ੀ ਅਤੇ ਮਾਣ ਨਾਲ ਭਰ ਗਿਆ ਹੈ। ਮੈਂ ਫਿਰ ਉੱਧਰ ਜਬਰੇ ਕੇ ਖੇਤ ਵੱਲ ਤੱਕਦਾ ਹਾਂ...। ਮੇਰੇ ਵੇਖਦੇ ਵੇਖਦੇ ਕਿਸਾਨੀ ਦਾ ਕਿੰਨਾ ਕੁਝ ਬਦਲ ਗਿਆ ਹੈ। ਕਈ ਖੇਤੀ ਕਰਨ ਵਾਲੇ ਬਿਲਕੁਲ ਹੀ ਲੀਹੋਂ ਲਹਿ ਗਏ। ਆਪਣੇ ਖੇਤ ਵੇਚ ਗਏ। ਕਈਆਂ ਦੀਆਂ ਜ਼ਮੀਨਾਂ ਪੀੜ੍ਹੀ ਦਰ ਪੀੜ੍ਹੀ ਵੰਡੀ ਦੀਆਂ ਗਈਆਂ। ਜਿਉਂ ਜਿਉਂ ਜ਼ਮੀਨ ਵੰਡੀ ਜਾਂਦੀ ਰਹੀ ਤਿਉਂ ਤਿਉਂ ਖੇਤਾਂ ਦੀ ਰੌਣਕ ਨੂੰ ਖੋਰਾ ਲਗਦਾ

ਰਿਹਾ। ਉਹ ਸਾਹਮਣੇ ਜਬਰੇ ਕੇ ਖੇਤ ਤੂਤਾਂ ਥੱਲੇ ਤਖ਼ਤਪੋਸ਼ ਹੁੰਦੇ। ਦੁਪਹਿਰੇ ਆਲ਼ੇ ਦੁਆਲ਼ੇ ਦੇ ਖੇਤਾਂ ਵਾਲੇ ਉੱਥੇ ਸਾਂਝੀ ਚਾਹ ਬਣਾਉਂਦੇ। ਤਾਸ਼ ਖੇਡਦੇ। ਹਾਸੇ-ਠੱਠੇ ਹੁੰਦੇ। ਸ਼ਾਮ ਨੂੰ ਕੱਖਾਂ ਦੇ ਰਿਹੜਿਆਂ 'ਚ ਗੰਨੇ, ਸਲਗ਼ਮ, ਮੂਲੀਆਂ, ਗਾਜਰਾਂ ਤੇ ਹੋਰ ਕਿੰਨੀਆਂ ਹੀ ਸੌਗਾਤਾਂ ਲੈ ਕੇ ਘਰਾਂ ਨੂੰ ਪਰਤਦੇ। ਜਬਰੇ ਕਾ ਉਹ ਖੇਤ ਵੰਡਿਆ ਗਿਆ। ਦਰੱਖਤ ਪੁੱਟ ਦਿੱਤੇ। ਕੋਠਾ ਢਾਹ ਦਿੱਤਾ। ਸਿਰਫ ਇਕ ਖੁੱਡਾ ਜਿਹਾ ਪਾ ਦਿੱਤਾ। ਹੁਣ ਕੋਈ ਮੋਟਰਸਾਇਕਲ 'ਤੇ ਆਉਂਦਾ ਹੈ ਤੇ ਮੋਟਰ ਦੀ ਸਵਿੱਚ ਲਾ ਕੇ ਮੁੜ ਜਾਂਦਾ ਹੈ।

ਇਹ ਹੋਣੀ ਜਬਰੇ ਕੀ ਹੀ ਨਹੀਂ, ਸਾਰੇ ਪੰਜਾਬ ਦੀ ਹੈ। ਅੱਗੇ ਕੀ ਹੋਵੇਗਾ...ਇਹ ਰੱਬ ਜਾਣਦਾ ਹੈ। ਮੇਰੀ ਹੋਣੀ ਤਾਂ ਇਸ ਤੋਂ ਵੀ ਬੁਰੀ ਹੋਣ ਲੱਗੀ ਸੀ...।

ਦੋ ਤਿੰਨ ਮਹੀਨੇ ਹੋ ਗਏ। ਯੁੱਧਵੀਰ ਤੇ ਉਸ ਦੀ ਪਤਨੀ ਪੀ. ਆਰ. ਹੋ ਗਏ। ਯੁੱਧਵੀਰ ਦਾ ਫੋਨ ਆਇਆ, "ਡੈਡੀ ਜੀ, ਤੁਸੀਂ ਵੀ ਹੁਣ ਪੱਕੇ ਇੱਧਰ ਈ ਆ ਜਾਓ।"

"ਕੋਈ ਨਾ ਪੁੱਤ ਅਸੀਂ ਮਿਲ ਕੇ ਜਾਵਾਂਗੇ। ਪੱਕੇ ਤਾਂ ਰਹਿ ਨੀ ਹੋਣਾ। ਇੱਧਰ ਵੀ ਕੰਮ ਸੰਭਾਲਣੈ।"

"ਇੱਧਰ ਕੰਮ ਸੰਭਾਲ ਕੇ ਆ ਜਾਇਓ। ਚਾਬੀ ਤਾਏ ਨੂੰ ਫੜਾ ਆਓ। ਜ਼ਮੀਨ ਸੇਲ ਕਰ ਦਿਓ। ਜ਼ਮੀਨ ਵਾਲੇ ਪੈਸੇ ਇੱਧਰ ਮਕਾਨ ਲੈਣ ਦੇ ਕੰਮ ਆ ਜਾਣਗੇ।" ਯੁੱਧਵੀਰ ਨੇ ਇਹ ਗੱਲ ਬੜੇ ਸਹਿਜ-ਮਤੇ ਨਾਲ ਕਹੀ ਪਰ ਮੈਨੂੰ ਸੁਣ ਕੇ ਅੱਗ ਲੱਗ ਗਈ ਜਿਵੇਂ ਕਿਸੇ ਨੇ ਮੇਰੇ ਕਾਲਜੇ 'ਚੋਂ ਰੁੱਗ ਭਰ ਲਿਆ ਹੋਵੇ।

"ਕੀ....? ਜ਼ਮੀਨ ਵੇਚ ਦਿਆਂ? ਤੇਰਾ ਦਿਮਾਗ਼ ਤਾਂ ਕੰਮ ਕਰਦੈ? ਇਹ ਆਪਣੇ ਪੁਰਖਿਆਂ ਦੀ ਨਿਸ਼ਾਨੀ ਐ।"

"ਪ੍ਰੋਪਰਟੀ ਲੋੜ ਵੇਲ਼ੇ ਵੇਚ ਕੇ ਕੰਮ ਲੈਣ ਲਈ ਈ ਹੁੰਦੀ ਐ ਡੈਡੀ। ਹੁਣ ਇਹ ਕੰਮ ਆ ਜਾਊ।"

"ਤੂੰ ਜੱਟ ਦਾ ਪੁੱਤ ਹੋ ਕੇ ਵਪਾਰੀਆਂ ਦੀ ਬੋਲੀ ਬੋਲਣ ਲੱਗ ਪਿਆ?"

"ਅੱਧਾ ਪੰਡਤਾਣੀ ਦਾ ਵੀ ਆਂ!" ਉਹ ਕਹਿ ਕੇ ਹੱਸ ਪਿਆ। ਉਸ ਦਾ ਹਾਸਾ ਮੇਰੇ ਦਿਲ 'ਤੇ ਸੂਲ਼ਾਂ ਵਾਂਗ ਚੁਭ ਗਿਆ।

"ਗੱਲ ਸੁਣ ਲੈ ਯੁੱਧਵੀਰ! ਜ਼ਮੀਨ ਵੇਚਣ ਦੀ ਗੱਲ ਅੱਜ ਤਾਂ ਕਹਿ 'ਤੀ। ਏਦੂੰ ਮੁੜ ਕੇ ਨਾ ਕਹੀਂ।" ਮੈਂ ਸਖ਼ਤ ਹੋ ਗਿਆ ਸੀ।

"ਜ਼ਮੀਨ ਤੋਂ ਆਪਾਂ ਕਰਵਾਉਣਾ ਵੀ ਕੀ ਐ? ਵੇਚ ਕੇ ਕੈਨੇਡਾ ਮੁੰਡੇ ਕੋਲ਼ ਚਲੇ ਜਾਨੇ ਆਂ। ਉੱਥੇ ਸਾਰਾ ਪਰਿਵਾਰ ਕੱਠੇ ਰਹਾਂਗੇ। ਨਾਲੇ ਜ਼ਮੀਨ ਦੇ ਪੈਸਿਆਂ ਨਾਲ ਯੁੱਧਵੀਰ ਦੇ ਮਕਾਨ ਲੈਣ 'ਚ ਮਦਦ ਹੋਜੂ। ਆਪਾਂ ਬੱਚਿਆਂ ਲਈ ਹੀ ਕਮਾਉਣੇ ਆਂ।" ਰਾਤ ਨੂੰ ਪੈਣ ਲੱਗਿਆਂ ਸ੍ਰਿਸ਼ਟੀ ਮੈਨੂੰ ਸਮਝਾਉਣ ਲੱਗ ਪਈ।

"ਮੈਂ ਨੀ ਜਾਣਾ ਐਸੀ ਕੈਨੇਡਾ ਜਿਹੜੀ ਮੇਰੀ ਜ਼ਮੀਨ ਵੀ ਖਾ ਜੇ। ਤੂੰ ਜਾਣੈ ਜੀਅ ਸਦਕੇ ਜਾਹ। ਆਪਣੇ ਰਿਟਾਇਰਮੈਂਟ ਆਲ਼ੇ ਪੈਸੇ ਸਾਰੇ ਲੈ ਜਾ ਚਾਹੇ।" ਮੈਨੂੰ ਸ੍ਰਿਸ਼ਟੀ ਦੇ ਬੋਲਾਂ ਤੋਂ ਜਾਪਦਾ ਸੀ ਜਿਵੇਂ ਉਸ ਨੂੰ ਕੈਨੇਡਾ ਦਾ ਮੋਹ ਖਿੱਚ ਰਿਹਾ ਹੋਵੇ।

ਇਹ ਮੋਹ ਇਕ ਦਿਨ ਰੰਗ ਲੈ ਆਇਆ। ਵਿਆਹ ਤੋਂ ਪਹਿਲਾਂ ਮੇਰੇ ਨਾਲ ਸਾਰੀ ਉਮਰ ਇਕੱਠਿਆਂ ਜੀਣ-ਮਰਨ ਦੀਆਂ ਕਸਮਾਂ ਖਾਣ ਵਾਲੀ ਸ੍ਰਿਸ਼ਟੀ, ਮੈਨੂੰ, "ਧਿਆਨ ਨਾਲ ਰਹੀਂ" ਕਹਿ ਕੇ ਕੈਨੇਡਾ ਦਾ ਜਹਾਜ਼ ਚੜ੍ਹ ਗਈ। ਮੇਰੇ ਪਿਆਰ 'ਤੇ ਪਤਾ ਨਹੀਂ ਕੈਨੇਡਾ ਦਾ ਮੋਹ ਭਾਰੀ ਪੈ ਗਿਆ ਜਾਂ ਔਲਾਦ ਦਾ? ਮੈਨੂੰ ਸਾਰਾ ਪਰਿਵਾਰ ਇੰਝ ਥੁੱਕ ਗਿਆ ਜਿਵੇਂ ਮੈਂ ਉਹਨਾਂ ਦੇ ਗਲ਼ 'ਚ ਫਸੀ ਕੋਈ ਬਲਗ਼ਮ ਹੋਵਾਂ।

... ... ...

ਟੋਕਰੇ ਜਿੱਡਾ ਸੂਰਜ ਪੱਛਮ ਵਾਲੇ ਪਾਸੇ ਛਿਪਣ ਦੀ ਤਿਆਰੀ ਕਰ ਰਿਹਾ ਹੈ। ਹੌਲ਼ੀ ਹੌਲ਼ੀ

ਖੇਤਾਂ 'ਚ ਹਨੇਰਾ ਪਸਰਨਾ ਸ਼ੁਰੂ ਹੋ ਜਾਵੇਗਾ। ਕਈ ਲੋਕ ਮੋਟਰਸਾਇਕਲਾਂ ਉੱਪਰ ਖੇਤਾਂ 'ਚ ਗੇੜਾ ਮਾਰ ਕੇ ਵਾਪਸ ਚੱਲ ਪਏ ਹਨ। ਮੈਂ ਵੀ ਮੋਟਰਸਾਇਕਲ ਚੁੱਕ ਕੇ ਪਿੰਡ ਨੂੰ ਤੁਰ ਪੈਂਦਾ ਹਾਂ।

ਅੱਜ ਸ੍ਰਿਸ਼ਟੀ ਨੂੰ ਕੈਨੇਡਾ ਗਿਆਂ ਪੂਰੇ ਤਿੰਨ ਮਹੀਨੇ ਹੋ ਗਏ ਹਨ। ਪਹਿਲਾਂ ਪਹਿਲਾਂ ਉਸ ਦਾ ਹਰ ਰੋਜ਼ ਸ਼ਾਮ-ਸਵੇਰੇ ਫ਼ੋਨ ਆਉਂਦਾ ਸੀ। "ਰੋਟੀ ਖਾ ਲਈ?" ਪੁੱਛਦੀ ਸੀ। ਫਿਰ ਹੌਲ਼ੀ ਹੌਲ਼ੀ ਉਸ ਦੇ ਫ਼ੋਨ ਆਉਣ ਵਿਚ ਬਹੁਤ ਸਾਰੇ ਦਿਨਾਂ ਦਾ ਵਕਫ਼ਾ ਪੈਣ ਲੱਗਿਆ। ਜੇ ਮੈਂ ਪੁੱਛਦਾ ਤਾਂ ਉਸ ਦੇ ਦੋ ਤਿੰਨ ਜਵਾਬ ਹੁੰਦੇ, "ਕੰਮ 'ਤੇ ਗਈ ਸੀ।" "ਕੰਮ ਤੋਂ ਆਈ ਸੀ। ਥੱਕੀ ਹੋਈ ਸੀ।" "ਰਸਤੇ 'ਚ ਆਂ। ਕੰਮ 'ਤੇ ਜਾ ਰਹੀ ਆਂ।"

ਮੈਨੂੰ ਜਾਪਦਾ ਜਿਵੇਂ ਮੈਂ ਉਸ ਨੂੰ ਫ਼ੋਨ ਕਰ ਕੇ ਐਵੇਂ ਤੰਗ ਕਰ ਰਿਹਾ ਹੋਵਾਂ। ਅੱਜ ਵੀ ਪੰਜ ਦਿਨ ਹੋ ਗਏ ਫ਼ੋਨ ਨਹੀਂ ਆਇਆ। ਜੇ ਬੰਦੇ ਨੂੰ ਅਚਾਨਕ ਕੁਝ ਹੋ ਜਾਵੇ ਏਨੇ ਦਿਨਾਂ 'ਚ ਤਾਂ ਫੂਕ ਕੇ ਫੁੱਲ ਵੀ ਚੁਗੇ ਜਾਣ। ਬਾਅਦ 'ਚ ਆਪਣਿਆਂ ਦੇ ਆਉਣ ਦਾ ਕੀ ਭਾਅ ਜਦੋਂ ਮਰੇ ਦੀ ਮਿੱਟੀ ਨੂੰ ਹੀ ਹੱਥ ਨਾ ਲੱਗੇ?

ਇਹਨਾਂ ਸੋਚਾਂ 'ਚ ਉਲਝਿਆਂ ਪਤਾ ਹੀ ਨਹੀਂ ਚਲਦਾ ਕਦੋਂ ਘਰ ਦੇ ਗੇਟ ਅੱਗੇ ਆ ਜਾਂਦਾ ਹਾਂ। ਅੰਦਰ ਆ ਕੇ ਵੇਖਦਾ ਹਾਂ, ਰੋਟੀ ਲਾਹੁਣ ਵਾਲੀ ਕੁੜੀ ਰੋਟੀ ਪਕਾ ਰਹੀ ਹੈ। ਸ੍ਰਿਸ਼ਟੀ ਦੇ ਜਾਣ ਸਮੇਂ ਹੀ ਮੈਂ ਆਪਣੇ ਪੁਰਾਣੇ ਸੀਰੀ ਦੀ ਕੁੜੀ ਨੂੰ ਰੋਟੀ ਲਾਹੁਣ 'ਤੇ ਰੱਖ ਲਿਆ ਸੀ। ਇਹ ਕੁੜੀ ਸ਼ਾਮ-ਸਵੇਰੇ ਰੋਟੀ ਲਾਹ ਕੇ ਰੱਖ ਦਿੰਦੀ ਹੈ। ਜਦੋਂ ਵੀ ਮੇਰਾ ਜੀਅ ਕਰਦਾ ਹੈ, ਮੈਂ ਖਾ ਲੈਂਦਾ ਹਾਂ। ਕਦੇ ਕਦੇ ਇਹ ਹੈਰਾਨ ਹੁੰਦੀ ਕਹਿੰਦੀ ਹੈ, "ਬਾਬਾ ਜੀ, ਰਾਤ ਰੋਟੀ ਖਾਧੀ ਨੀ?"

"ਬੱਸ ਪੁੱਤ, ਭੁੱਖ ਜੀ ਨੀ ਸੀ।" ਮੈਂ ਏਨਾ ਕੁ ਕਹਿ ਕੇ ਟਾਲ਼ ਦਿੰਦਾ ਹਾਂ ਪਰ ਮੈਂ ਕਿਸੇ ਨੂੰ ਕਿਵੇਂ ਸਮਝਾਵਾਂ ਕਿ ਆਪਣਿਆਂ ਤੋਂ ਇਕੱਲਾ ਹੋਇਆ ਬੰਦਾ ਰੋਟੀ ਕਿਵੇਂ ਖਾਵੇ? ਇਕੱਲਤਾ ਤਾਂ ਬੰਦੇ ਨੂੰ ਖਾ ਜਾਂਦੀ ਹੈ।

ਕਦੇ ਕਦੇ ਤਾਂ ਪਹਿਲੀ ਬੁਰਕੀ ਹੀ ਗਲੇ ਵਿਚ ਫੁੱਲ ਜਾਂਦੀ ਹੈ। ਜੇ ਧੱਕੇ ਨਾਲ ਵੀ ਖਾਵਾਂ ਤਾਂ ਅੱਧੀ ਕੁ ਰੋਟੀ ਮਸਾਂ ਖਾ ਹੁੰਦੀ ਹੈ। ਆਪਣੇ ਮਨ ਨੂੰ ਬਹਿਲਾਉਣ ਲਈ ਵੀ ਕਈ ਹੀਲੇ-ਵਸੀਲੇ ਵਰਤਦਾ ਹਾਂ। ਕਦੇ ਮੋਬਾਈਲ 'ਤੇ ਫ਼ਿਲਮ ਵੇਖਣ ਬੈਠਦਾ ਹਾਂ। ਫ਼ਿਲਮ ਚਲਦੀ ਹੈ। ਦ੍ਰਿਸ਼ ਅੱਖਾਂ ਅੱਗੇ ਦੌੜਦੇ ਰਹਿੰਦੇ ਹਨ ਪਰ ਮੇਰਾ ਦਿਮਾਗ਼ ਕਿਤੇ ਹੋਰ ਦੌੜ ਰਿਹਾ ਹੁੰਦਾ ਹੈ। ਪਤਾ ਹੀ ਨਹੀਂ ਚਲਦਾ ਕਿਸਨੇ ਕੀ ਡਾਇਲਾਗ ਬੋਲਿਆ, ਫ਼ਿਲਮ ਦੀ ਕੀ ਕਹਾਣੀ ਹੈ? ਫ਼ਿਲਮ 'ਚ ਕੀ ਕੁਝ ਵਾਪਰਿਆ? ਮੈਂ ਵਾਪਸ ਕਰ ਕੇ ਫਿਰ ਵੇਖਣ ਦੀ ਕੋਸ਼ਿਸ਼ ਕਰਦਾ ਹਾਂ ਪਰ ਫਿਰ ਉਹੀ ਵਾਪਰ ਜਾਂਦਾ ਹੈ। ਕਦੇ ਕਦੇ ਕਿਤਾਬ ਪੜ੍ਹਨੀ ਸ਼ੁਰੂ ਕਰਦਾ ਹਾਂ। ਪੰਨਾ ਡੇਢ ਪੰਨਾ ਪੜ੍ਹ ਦਿੰਦਾ ਹਾਂ ਪਰ ਪੜ੍ਹਿਆ ਕੀ ਹੈ? ਕੁਝ ਪਤਾ ਨਹੀਂ ਲਗਦਾ।

ਕਿਤਾਬ ਰੱਖ ਕੇ ਸਾਰੇ ਘਰ 'ਚ ਪਾਗ਼ਲਾਂ ਵਾਂਗ ਗੇੜੇ ਦੇਣ ਲੱਗਦਾ ਹਾਂ। ਕਦੇ ਸਟੋਰ 'ਚ ਜਾਂਦਾ ਹਾਂ, ਕਦੇ ਰਸੋਈ 'ਚ, ਕਦੇ ਡਰਾਇੰਗ ਰੂਮ 'ਚ। ਕਦੇ ਕਦੇ ਪੌੜੀਆਂ ਚੜ੍ਹ ਕੇ ਉੱਪਰ ਚਲਾ ਜਾਂਦਾ ਹਾਂ। ਉੱਪਰ ਜਾ ਕੇ ਸੋਚਦਾ ਹਾਂ, 'ਮੈਂ ਇੱਥੇ ਕੀ ਕਰਨ ਆਇਆ ਹਾਂ?' ਭੁੱਲਿਆ ਭਟਕਿਆ ਮਨ ਕਹਿੰਦਾ ਹੈ, 'ਪਤਾ ਨਹੀਂ।' ਮੈਂ ਫਿਰ ਵਾਪਸ ਪੌੜੀਆਂ ਉੱਤਰ ਆਉਂਦਾ ਹਾਂ।

ਦੋਸਤਾਂ ਮਿੱਤਰਾਂ ਦੇ ਫ਼ੋਨ ਉਡੀਕਦਾ ਰਹਿੰਦਾ ਹਾਂ। ਪਤਾ ਨਹੀਂ ਦੋਸਤ ਹੀ ਫ਼ੋਨ ਕਰਨਾ ਘੱਟ ਕਰ ਗਏ ਹਨ ਜਾਂ ਫਿਰ ਮੇਰੀ ਹੀ ਲੋੜ ਵਧ ਗਈ ਹੈ? ਜਦੋਂ ਕਦੇ ਕਿਸੇ ਦੋਸਤ ਦਾ ਫ਼ੋਨ ਆਉਂਦਾ ਹੈ ਤਾਂ ਮੈਂ ਗੱਲ ਲਮਕਾਉਣ ਦੀ ਕੋਸ਼ਿਸ਼ ਕਰਦਾ ਹਾਂ। ਲਾਲਚ ਹੁੰਦਾ ਹੈ ਕਿ ਗੱਲ ਲੰਬੀ ਹੋਵੇ ਤੇ ਮੇਰਾ ਸਮਾਂ ਬੀਤ ਜਾਵੇ। ਪਤਾ ਨਹੀਂ ਇਹ ਮੈਨੂੰ ਲਗਦਾ ਹੈ ਜਾਂ ਉਹ ਹੀ ਗੱਲ ਘੱਟ ਕਰਦੇ ਹਨ, ਮੈਨੂੰ ਲਗਦਾ ਹੈ ਜਿਵੇਂ ਉਹ ਮੇਰੇ ਤੋਂ ਖਹਿੜਾ ਛੁਡਾਉਂਦੇ, ਗੱਲ ਜਲਦੀ ਨਿਬੇੜ ਗਏ ਹੋਣ। ਮੈਂ ਖਿਝਦਾ ਹਾਂ, 'ਉਹਨਾਂ ਨੇ ਲੰਬੀ ਗੱਲ ਕਿਉਂ ਨਹੀਂ ਕੀਤੀ?'

ਸ਼ਾਮ ਨੂੰ ਜਲਦੀ ਸੌਣ ਦੀ ਕੋਸ਼ਿਸ਼ ਕਰਦਾ ਹਾਂ ਤਾਂ ਕਿ ਬਹੁਤਾ ਸਮਾਂ ਮੇਰੇ ਸੁੱਤੇ ਪਿਆਂ ਲੰਘ ਜਾਵੇ ਪਰ ਸਮਾਂ ਵੀ ਜਿਵੇਂ ਮੇਰੇ ਅੱਗੇ ਅੜ ਜਾਂਦਾ ਹੋਵੇ, 'ਤੂੰ ਕੌਣ ਹੈਂ ਮੈਨੂੰ ਆਪਣੀ ਮਰਜ਼ੀ ਨਾਲ

ਲੰਘਾਉਣ ਵਾਲਾ?'

ਰਾਤ ਨੂੰ ਨੀਂਦ ਟੁੱਟ ਜਾਂਦੀ ਹੈ। ਦਿਮਾਗ਼ ਵਿਚ ਪੁੱਠਾ-ਸਿੱਧਾ ਪਤਾ ਨਹੀਂ ਕੀ ਕੁਝ ਖੌਰੂ ਪਾਉਣ ਲਗਦਾ ਹੈ। ਅੱਚਵੀ ਲੱਗ ਜਾਂਦੀ ਹੈ। ਮੁੜ ਨੀਂਦ ਨੇੜੇ ਨਹੀਂ ਲਗਦੀ। ਕਦੇ ਕਦੇ ਲਗਦਾ ਹੈ ਮੈਨੂੰ ਬ੍ਰੇਨ ਅਟੈਕ ਹੀ ਨਾ ਹੋ ਜਾਵੇ। ਫਿਰ ਸੋਚਦਾ ਹਾਂ ਜੇ ਮੈਨੂੰ ਬ੍ਰੇਨ ਅਟੈਕ ਹੋ ਗਿਆ ਫੇਰ ਮੈਨੂੰ ਮਰੇ ਨੂੰ ਪਹਿਲਾਂ ਕੌਣ ਦੇਖੇਗਾ? ਯੁੱਧਵੀਰ ਤੇ ਸ੍ਰਿਸ਼ਟੀ ਨੂੰ ਸੁਨੇਹਾ ਕੌਣ ਲਗਾਏਗਾ? ਉਹ ਮੇਰੇ ਕੋਲ਼ ਕਿੰਨੀ ਦੇਰ 'ਚ ਪਹੁੰਚਣਗੇ? ਜੇ ਨਾ ਪਹੁੰਚੇ? ਜੇ ਕਿਸੇ ਨੇ ਨਾ ਦੇਖਿਆ? ਲਾਸ਼ ਅੰਦਰ ਹੀ ਸੜ ਗਈ? ਫਿਰ ਪਤਾ ਨਹੀਂ ਹੋਰ ਕੀ ਕੁਝ ਸੋਚਣ ਲੱਗ ਜਾਂਦਾ ਹਾਂ।

ਸਮਾਂ ਵੀ ਸਾਲ਼ਾ ਕਿੰਨਾ ਸਾਜ਼ਸ਼ੀ ਹੈ। ਇਹੀ ਸਮਾਂ ਸੀ ਜਦੋਂ ਸ੍ਰਿਸ਼ਟੀ ਨਾਲ ਮੁਹੱਬਤ ਹੋਈ ਸੀ। ਓਦੋਂ ਇਹੀ ਘੰਟਿਆਂ ਦਾ ਸਮਾਂ ਮਿੰਟਾਂ ਵਿਚ ਗੁਜ਼ਰ ਜਾਂਦਾ ਸੀ ਪਰ ਹੁਣ ਮਿੰਟਾਂ ਦਾ ਸਮਾਂ ਵੀ ਸਦੀਆਂ ਬਣ ਕੇ ਅੱਗੇ ਖੜ੍ਹ ਜਾਂਦਾ ਹੈ। ਅੱਜ ਵੀ ਇਹੀ ਸਮਾਂ ਪਹਾੜ ਬਣ ਕੇ ਖੜ੍ਹ ਗਿਆ ਹੈ। ਸਾਹਮਣੇ ਰੋਟੀ ਪਈ ਹੈ ਪਰ ਖਾਣ ਨੂੰ ਜੀਅ ਨਹੀਂ ਕਰ ਰਿਹਾ ਹੈ। ਮਨ ਸੋਚਾਂ ਦੇ ਜਵਾਰਭਾਟੇ ਵਿਚ ਫਸਿਆ ਪਤਾ ਨਹੀਂ ਕਿੱਥੇ ਕਿੱਥੇ ਡਿੱਕ-ਡੋਲੇ ਖਾਂਦਾ ਫਿਰਦਾ ਹੈ। ਸੌਣ ਦੀ ਕੋਸ਼ਿਸ਼ ਕਰਦਾ ਹਾਂ ਪਰ ਨੀਂਦ ਨਹੀਂ ਆ ਰਹੀ। ਲੋਈ ਦੀ ਬੁੱਕਲ਼ ਮਾਰ ਕੇ ਕੋਠੇ ਉੱਪਰ ਹਨੇਰੇ ਵਿਚ ਜਾ ਬੈਠਦਾ ਹਾਂ। ਆਲ਼ੇ-ਦੁਆਲ਼ੇ ਹਨੇਰਾ ਅਤੇ ਧੁੰਦ ਰਲ਼ਗੱਡ ਹੋ ਗਏ ਹਨ। ਮੈਨੂੰ ਲਗਦਾ ਹੈ ਜਿਵੇਂ ਇਹ ਧੁੰਦ ਤੇ ਹਨੇਰਾ ਮੇਰੇ ਅੰਦਰ ਪਸਰ ਗਿਆ ਹੋਵੇ। ਮੈਂ ਅੱਧੀ ਰਾਤ ਤਕ ਉੱਥੇ ਹੀ ਬੈਠਾ ਰਹਿੰਦਾ ਹਾਂ। ਪਾਲ਼ਾ ਮੇਰੇ ਅੰਗ ਅੰਗ ਨੂੰ ਚੜ੍ਹ ਗਿਆ ਹੈ। ਮੈਂ ਉੱਠ ਕੇ ਪੌੜੀਆਂ ਉੱਤਰਦਾ ਹੇਠਾਂ ਆ ਜਾਂਦਾ ਹਾਂ। ਫਿਰ ਪਤਾ ਨਹੀਂ ਕਦੋਂ ਮੈਨੂੰ ਨੀਂਦ ਆ ਜਾਂਦੀ ਹੈ।

ਸਵੇਰੇ ਫ਼ੋਨ ਦੀ ਘੰਟੀ ਨਾਲ ਅੱਖ ਖੁੱਲ੍ਹਦੀ ਹੈ। ਦਿਨ ਚੜ੍ਹਿਆ ਪਿਆ ਹੈ। ਫ਼ੋਨ ਚੁੱਕ ਕੇ ਵੇਖਦਾ ਹਾਂ, ਯੁੱਧਵੀਰ ਦਾ ਫ਼ੋਨ ਹੈ।

"ਹੈਲੋ!"

"ਕੀ ਗੱਲ ਡੈਡੀ ਸੁੱਤੇ ਪਏ ਸੀ?" ਉਹ ਮੇਰੀ ਅਵਾਜ਼ ਤੋਂ ਅੰਦਾਜ਼ਾ ਲਗਾਉਂਦਾ ਹੈ।

"ਹਾਂ! ਰਾਤ ਨੀਂਦ ਨੀ ਆਈ। ਹੁਣੇ ਆਈ ਸੀ।"

"ਚਲ ਸੌਂ ਜਾਓ, ਫੇਰ ਕਰਲਾਂਗੇ।" ਉਹ ਫ਼ੋਨ ਕੱਟਣ ਲਗਦਾ ਹੈ।

"ਨਹੀਂ ਨਹੀਂ ਮੈਂ ਵੀ ਤੇਰੇ ਨਾਲ ਜ਼ਰੂਰੀ ਗੱਲ ਕਰਨੀ ਸੀ।" ਮੈਂ ਕਾਹਲ਼ੀ ਨਾਲ ਬੋਲਦਾ ਹਾਂ।

"ਹਾਂ, ਦੱਸੋ ਜੀ।"

"ਮੈਂ ਵੀ ਕੈਨੇਡਾ ਆਉਣੈ!" ਮੇਰੇ ਮੂੰਹੋਂ ਇਹ ਬੋਲ ਮਸਾਂ ਨਿਕਲੇ ਹਨ ਜਿਵੇਂ ਮੇਰੇ ਅੰਦਰੋਂ ਮੈਂ ਨਹੀਂ, ਕੋਈ ਹੋਰ ਬੋਲਿਆ ਹੋਵੇ।

"ਓ ਵਾਓ... ... ਗੁੱਡ! ਗੁੱਡ! ਵੈਰੀ ਗੁੱਡ।" ਮੇਰੀ ਇਹ ਗੱਲ ਸੁਣਦਿਆਂ ਹੀ ਯੁੱਧਵੀਰ ਖੁਸ਼ ਹੋ ਗਿਆ ਹੈ ਪਰ ਮੈਂ ਫ਼ੋਨ ਕੱਟਦਿਆਂ ਹੀ ਹੁਬਕੀ ਹੁਬਕੀ ਰੋਣ ਲੱਗ ਪਿਆ ਹਾਂ ਜਿਵੇਂ ਮੈਂ ਸਭ ਕੁਝ ਹਾਰ ਕੇ ਮਿੱਟੀ ਹੋ ਗਿਆ ਹੋਵਾਂ।000

***(ਪਿੰਡ ਸਤੌਜ, ਡਾਕਘਰ ਧਰਮਗੜ੍ਹ, ਜ਼ਿਲ੍ਹਾ ਸੰਗਰੂਰ 148 028***
***ਫੋਨ: +91-94172-41787)***

# ਘੜੀ: ਕਹਾਣੀ: ਤੌਕੀਰ ਚੁਗ਼ਤਾਈ

"ਬਾਂਹ ਨਾਲ਼ ਘੜੀ ਜ਼ਰੂਰ ਹੋਣੀ ਚਾਹੀਦੀ ਏ ਤਾਂ ਜੋ ਪਤਾ ਲੱਗੇ ਕਿੰਨਾ ਵੇਲ਼ਾ ਲੰਘ ਗਿਆ, ਕਿੰਨਾ ਰਹਿੰਦਾ ਏ ਤੇ ਉਹਦੇ ਵਿਚ ਕਿਹੜਾ ਕਿਹੜਾ ਕੰਮ ਕਰਨਾ ਐ।" ਵੇਲ਼ੇ ਬਾਰੇ ਇਹ ਗੱਲ ਮੈਂ ਨਹੀਂ ਕਹਿ ਰਿਹਾ ਸਗੋਂ ਚਾਚਾ ਕਹਿੰਦਾ ਸੀ, ਤੇ ਉਦੋਂ ਕਹਿੰਦਾ ਸੀ ਜਦੋਂ ਕਿਸੇ ਕਿਸੇ ਦੀ ਬਾਂਹ ਨਾਲ਼ ਘੜੀ ਹੁੰਦੀ ਸੀ।

ਇਕ ਦਿਨ ਚਾਚਾ ਮਰ ਗਿਆ, ਉਹਨੇ ਕੋਈ ਜ਼ਮੀਨ ਜਾਇਦਾਦ ਛੱਡੀ ਤੇ ਨਾ ਉਹਦੇ ਧੀਆਂ ਪੁੱਤਰ ਸਨ, ਨਾ ਕੋਈ ਡੰਗਰ ਬੱਕਰੀ, ਨਾ ਸੋਨਾ ਚਾਂਦੀ ਤੇ ਨਾ ਪੈਸਾ ਧੇਲਾ, ਕੱਲੀ ਚਾਚੀ ਈ ਸੀ ਜੋ ਵੱਡ ਵਡੇਰਿਆਂ ਦੇ ਪੁਰਾਣੇ ਕੋਠੇ 'ਚ ਰਹਿੰਦੀ ਸੀ। ਇਕ ਝੋਲ਼ਾ ਵੀ ਸੀ ਚਾਚੇ ਦੇ ਨਿਕ ਸੁਕ ਨਾਲ਼ ਭਰਿਆ ਜੋ ਕੰਧ 'ਚ ਠੋਕੀ ਕਿੱਲੀ ਨਾਲ਼ ਟੰਗਿਆ ਰਹਿੰਦਾ ਸੀ। ਨਿਕ ਸੁਕ ਵੀ ਕੀ, ਇਕ ਉਸਤਰਾ, ਕੈਂਚੀ, ਸੁਰਮੇ ਦੀ ਸ਼ੀਸ਼ੀ ਤੇ ਇਕ ਕੰਘੀ ਸੀ ਜਿਹਦੇ ਅੱਧੇ ਦੰਦੇ ਟੁੱਟੇ ਹੋਏ ਸਨ। ਚਾਚਾ ਰੋਜ਼ ਨ੍ਹਾਂਦਾ ਪਰ ਹਜਾਮਤ ਅੱਠਾਂ ਦਿਨਾਂ ਮਗਰੋਂ ਈ ਬਣਾਂਦਾ ਸੀ।

ਮਰਨ ਤੋਂ ਕੁੱਝ ਕੁ ਚਿਰ ਪਹਿਲਾਂ ਚਾਚੇ ਨੇ ਹੱਥ ਨਾਲੋਂ ਘੜੀ ਖੋਲ੍ਹ ਕੇ ਚਾਚੀ ਨੂੰ ਦਿੰਦਿਆਂ ਆਖਿਆ, "ਇਹਨੂੰ ਮੇਰੇ ਝੋਲ਼ੇ ਵਿਚ ਪਾ ਦੇ!"

"ਵੇਲ਼ੇ ਦਾ ਪਤਾ ਕਿਵੇਂ ਚੱਲੇਗਾ?" ਚਾਚੀ ਨੇ ਉਹਨੂੰ ਆਖਿਆ। "ਬਾਂਹ ਨਾਲ਼ ਸੋਹਣੀ ਲੱਗਦੀ ਏ, ਬੱਝੀ ਰਹਿਣ ਦਿਓ।"

"ਇਹਦੀ ਬੈਟਰੀ ਮੁੱਕ ਗਈ ਏ।" ਚਾਚੇ ਨੇ ਉਹਨੂੰ ਆਖਿਆ।

"ਹਾਏ ਹਾਏ ਤੇ ਬੈਟਰੀ ਨਵੇਂ ਪਏ ਜਾਏਗੀ।" ਚਾਚੀ ਨੇ ਘੜੀ ਨੂੰ ਅੱਗੋਂ ਪਿੱਛੋਂ ਪਰਤ ਕੇ ਵਿਹੰਦਿਆਂ ਆਖਿਆ।

"ਨਹੀਂ ਹੁਣ ਇਹਦੀ ਕੋਈ ਲੋੜ ਨਹੀਂ।" ਚਾਚੇ ਨੇ ਆਖਿਆ।

ਚਾਚੀ ਆਪਣੇ ਆਪ ਨਾਲ਼ ਗੱਲਾਂ ਕਰਦੀ ਉਹਦੇ ਕੋਲ਼ੋਂ ਉਠ ਕੇ ਆਪਣੀ ਮੰਜੀ 'ਤੇ ਪਏ ਗਈ, ਡੀਗਰ ਵੇਲ਼ੇ ਚਾਹ ਧਰਨ ਤੋਂ ਪਹਿਲਾਂ ਉਹਨੇ ਚਾਚੇ ਨੂੰ ਵਾਜ ਮਾਰੀ ਤਾਂ ਉਹ ਸਦਾ ਲਈ ਸੌਂ ਗਿਆ ਸੀ।

ਚਾਚੇ ਦੇ ਮਰਨ ਮਗਰੋਂ ਚਾਚੀ ਚੁੱਪ ਚੁੱਪ ਰਹਿਣ ਲੱਗੀ ਤੇ ਉਹਦੇ ਲੀੜੇ, ਮੰਜੀ, ਝੋਲ਼ੇ ਤੇ ਕਦੀ ਬਾਰੀ ਵਿਚ ਪਈ ਐਨਕ ਨੂੰ ਵੇਖਦੀ ਆਪਣੇ ਆਪ ਨਾਲ਼ ਗੱਲਾਂ ਕਰਦੀ ਕਰਦੀ ਸੌਂ ਜਾਂਦੀ।

ਮੈਨੂੰ ਨਿੱਕੇ ਹੁੰਦਿਆਂ ਤੋਂ ਹੱਥ ਨਾਲ਼ ਘੜੀ ਬੰਨ੍ਹਣ ਦਾ ਬੜਾ ਚਾਅ ਸੀ ਜਿਹਦਾ ਕਾਰਨ ਚਾਚੇ ਦੇ ਹੱਥ ਨਾਲ਼ ਬੱਝੀ ਘੜੀ ਈ ਸੀ ਜੋ ਉਸ ਵੇਲ਼ੇ ਦੀ ਮਸ਼ਹੂਰ ਕੰਪਨੀ 'ਕੈਮੀ' ਦੀ ਬਣੀ ਹੋਈ ਸੀ, ਮਗਰੋਂ 'ਸਿਟੀਜ਼ਨ' ਵੀ ਆਈ, 'ਓਮੇਗਾ' ਤੇ 'ਰਾਡੋ' ਵੀ ਆਈ ਤੇ ਫ਼ਿਰ ਰੂਸ ਦੀ ਬਣੀ 'ਰਕੀਟਾ' ਵੀ ਬਾਜ਼ਾਰ 'ਚੋਂ ਮਿਲ ਜਾਂਦੀ ਸੀ ਜੋ ਰੂਸ ਅਮਰੀਕਾ ਦੀ ਅਫ਼ਗ਼ਾਨ ਜੰਗ ਤੋਂ ਪਹਿਲਾਂ ਦੀ ਗੱਲ ਏ। ਪਰ ਜਦੋਂ ਵੀ ਕਿਸੇ ਘੜੀ ਦੀ ਗੱਲ ਹੁੰਦੀ ਚਾਚਾ ਕਹਿੰਦਾ ਸੀ– ਕੈਮੀ ਨਾਲੋਂ ਵਧੀਆ ਕੋਈ ਵੀ ਘੜੀ ਨਹੀਂ।

ਮੈਂ ਇਕ ਦਿਨ ਚਾਚੀ ਦੇ ਘਰ ਤੁਰ ਗਿਆ, ਮੈਨੂੰ ਬੇਬੇ ਨੇ ਉਹਦੀ ਖ਼ੈਰ ਖ਼ਬਰ ਲਈ ਘੱਲਿਆ ਸੀ। ਚਾਚੀ ਮੈਨੂੰ ਵੇਖ ਕੇ ਬਹੁਤ ਖ਼ੁਸ਼ ਹੋਈ ਪਰ ਉਹਦੇ ਮੂੰਹ 'ਤੇ ਹਾਸੇ ਵਰਗੀ ਕੋਈ ਸ਼ੈਅ ਨਜ਼ਰ ਨਾ ਆਈ। ਚਾਚੇ ਦੇ ਮਰਨ ਮਗਰੋਂ ਉਹ ਬਲ਼ਦੇ ਬੁਝਦੇ ਦੀਵੇ ਵਰਗੀ ਹੋ ਗਈ ਸੀ। ਉਹਦੇ ਮੂੰਹੋਂ

ਬੱਸ ਦੋ ਚਾਰ ਅੱਖਰ ਈ ਨਿਕਲੇ। ਸ਼ੈਤ ਉਹ ਆਖ ਰਹੀ ਸੀ, 'ਪੁੱਤ ਤੇਰੀ ਬੇਬੇ ਦਾ ਕੀ ਹਾਲ ਏ?'

ਮੈਂ ਵੀ ਅੰਦਾਜ਼ੇ ਨਾਲ਼ ਉਹਦੀ ਗੱਲ ਦਾ ਜਵਾਬ ਦਿੰਦਿਆਂ "ਠੀਕ ਏ ਚਾਚੀ" ਆਖਿਆ ਤੇ ਵਿਹੜੇ ਵਿਚ ਝਾਤੀ ਮਾਰਦਿਆਂ ਪੁੱਛਿਆ, "ਚਾਚੀ ਘਾਰ ਸੁੰਜਾ ਸੁੰਜਾ ਲੱਗਦਾ ਏ।"

ਕੁਝ ਚਿਰ ਤੀਕਰ ਤਾਂ ਸਾਡੇ ਆਲ਼ ਦੁਆਲ਼ੇ ਚੁੱਪ ਖਿੱਲਰੀ ਰਹੀ ਪਰ ਜਦੋਂ ਉਹਨੇ ਅੱਖਾਂ ਚੁੱਕੀਆਂ ਤਾਂ ਮੈਨੂੰ ਅੰਤਾਂ ਦਾ ਦੁੱਖ ਨਜ਼ਰ ਆਇਆ। ਮੈਂ ਸੋਚਿਆ ਮੈਂ ਕੀ ਪੁੱਛ ਬੈਠਾਂ।

"ਹਾਂ ਤੇਰਾ ਚਾਚਾ ਜੋ ਤੁਰ ਗਿਆ ਏ।" ਉਹਨੇ ਹੌਲ਼ੀ ਜਿਹੀ ਆਖ ਕੇ ਦੁਪੱਟੇ ਨਾਲ਼ ਅੱਖਾਂ ਪੂੰਝੀਆਂ ਤੇ ਅਣ ਢੋਏ ਬੂਹੇ ਵੱਲ ਤੱਕਣ ਲੱਗ ਪਈ।

ਮੈਂ ਸੋਚਿਆ ਮੈਨੂੰ ਇੰਝ ਨਹੀਂ ਆਖਣਾ ਚਾਹੀਦਾ ਸੀ, ਸ਼ਰਮਿੰਦਾ ਜਿਹਾ ਹੋ ਕੇ ਉਹਦੇ ਵੱਲ ਤੱਕਿਆ ਤਾਂ ਉਹ ਚੁੱਪ ਚਾਪ ਬੈਠੀ ਹੋਈ ਸੀ। ਮੈਨੂੰ ਵੀ ਦੂਜੀ ਵਾਰ ਅੱਖ ਚੁੱਕਣ ਦਾ ਹੌਸਲਾ ਨਾ ਹੋਇਆ, ਉਹਦੇ ਵੱਲ ਵੇਖੇ ਬਿਨਾਂ ਈ ਆਖਿਆ, "ਤੁਸੀਂ ਮੇਰਾ ਮਤਲਬ ਨਹੀਂ ਸਮਝੇ। ਅੱਜ ਮੈਨੂੰ ਘਰ ਦਾ ਸਾਮਾਨ ਬਹੁਤ ਘੱਟ ਲਗਦਾ ਏ।"

"ਉਹਦੇ ਪਿੱਛੋਂ ਮੈਂ ਚੋਖਾ ਸਾਮਾਨ ਵੰਡ ਦਿੱਤਾ ਏ, ਮੈਥੋਂ ਹੁਣ ਅਪਣਾ ਆਪਾ ਨਹੀਂ ਸਾਂਭਿਆ ਜਾਂਦਾ, ਚੀਜ਼ਾਂ ਵਸਤਾਂ ਨੂੰ ਕੀਹ ਸਾਂਭਾਂਗੀ। ਪਰ ਹਾਲੀ ਵੀ ਉਹਦੀਆਂ ਕੁਝ ਸ਼ੈਵਾਂ ਰੱਖੀਆਂ ਹੋਈਆਂ ਨੇ। ਫ਼ਿਰ ਉਹ ਉਠੀ ਤੇ ਕਿੱਲੀ ਨਾਲੋਂ ਚਾਚੇ ਦਾ ਝੋਲ਼ਾ ਲਾਹ ਲਿਆਈ।ਉਹਨੇ ਝੋਲ਼ੇ ਦਾ ਮੂੰਹ ਖੋਲ੍ਹਿਆ ਤੇ ਅੰਦਰੋਂ ਉਹੋ 'ਕੈਮੀ' ਘੜੀ ਜੋ ਮੈਂ ਚਿਰਾਂ ਤੋਂ ਵੇਖ ਰਿਹਾ ਸਾਂ, ਕੱਢ ਕੇ ਮੈਨੂੰ ਫੜਾਂਦਿਆਂ ਕਹਿਣ ਲੱਗੀ, "ਤੇਰੇ ਚਾਚੇ ਦੀਆਂ ਹੋਰ ਸ਼ੈਵਾਂ ਤਾਂ ਤੇਰੇ ਕਿਸੇ ਕੰਮ ਦੀਆਂ ਨਹੀਂ ਸਨ ਜੋ ਤੈਨੂੰ ਦਿੰਦੀ, ਬੱਸ ਇਹ ਘੜੀ ਸੀ ਜੋ ਤੇਰੇ ਕੰਮ ਦੀ ਏ।"

"ਨਹੀਂ ਚਾਚੀ, ਇਹ ਮੇਰੇ ਕਿਸ ਕੰਮ ਦੀ!"

ਅਚਨਚਿੱਤੀ ਮੇਰੇ ਮੂੰਹੋਂ ਨਿਕਲਿਆ ਪਰ ਮੈਨੂੰ ਲੱਗਿਆ ਜਿਵੇਂ ਇਕ ਵਾਰ ਫ਼ਿਰ ਮੇਰੀ ਜੀਭ ਕੋਈ ਵੱਡਾ ਪਾਪ ਕਰ ਬੈਠੀ ਏ।

ਚਾਚੀ ਨੇ ਅਪਣਾ ਹੱਥ ਖਿੱਚ ਲਿਤਾ ਤੇ ਉਹਦੇ ਮੂੰਹ ਦੀਆਂ ਲੀਕਾਂ ਹੋਰ ਵੀ ਡੂੰਘੀਆਂ ਹੋ ਗਈਆਂ। ਇੰਝ ਲੱਗਦਾ ਸੀ ਜਿਵੇਂ ਉਹਦੇ ਕੋਲ਼ੋਂ ਕੋਈ ਭੁੱਲ ਹੋ ਗਈ ਹੋਵੇ ਪਰ ਭੁੱਲ ਤਾਂ ਮੈਥੋਂ ਹੋਈ ਸੀ ਤੇ ਦੂਜੀ ਵਾਰ ਹੋਈ ਸੀ।

"ਚਾਚੀ ਮੇਰਾ ਮਤਲਬ ਏ ਅੱਜ ਕੱਲ੍ਹ ਦੇ ਮੁੰਡੇ ਕੁੜੀਆਂ ਵੀਣੀ ਨਾਲ਼ ਘੜੀਆਂ ਘੱਟ ਈ ਬੰਨ੍ਹਦੇ ਨੇ, ਪਹਿਲੀ ਗੱਲ ਤਾਂ ਉਹ ਵੇਲ਼ੇ ਦੇ ਘੱਟ ਜਾਂ ਵਧੀਕ ਹੋਣ ਦੀ ਪ੍ਰਵਾਹ ਈ ਨਹੀਂ ਕਰਦੇ, ਜੇ ਟਾਇਮ ਵੇਖਣ ਦੀ ਬਹੁਤੀ ਲੋੜ ਹੋਵੇ ਤਾਂ ਮੁਬਾਇਲ ਫ਼ੋਨ 'ਤੇ ਘੰਟੇ, ਮਿੰਟ ਤੇ ਸੈਕਿੰਡ ਈ ਨਹੀਂ ਸਗੋਂ ਮਹੀਨੇ ਤੇ ਵਰ੍ਹੇ ਵੀ ਉਨ੍ਹਾਂ ਦੇ ਸਾਹਮਣੇ ਹੁੰਦੇ ਨੇ।"

"ਆਹੋ ਪੁੱਤਰ।" ਆਖ ਕੇ ਚਾਚੀ ਨੇ ਇਕ ਵਾਰ ਫ਼ਿਰ ਅੱਖਾਂ ਨੀਵੀਆਂ ਕਰ ਲੀਆਂ ਸਨ।

ਮੈਂ ਕੁਝ ਕੁ ਪਲ ਹੋਰ ਚਾਚੀ ਕੋਲ਼ ਬੈਠਾ ਰਿਹਾ ਤੇ ਅਖ਼ੀਰ ਉਹਨੂੰ ਫ਼ਿਰ ਆਉਣ ਦਾ ਆਖ ਕੇ ਉੱਠ ਖਲੋਤਾ। ਉਹਨੇ ਮੇਰਾ ਸੱਜਾ ਹੱਥ ਫੜ ਕੇ ਚੁੰਮਿਆ ਤੇ ਜਾਂਦੇ ਜਾਂਦੇ ਇਕ ਵਾਰ ਫ਼ਿਰ ਘੜੀ ਫੜਾਂਦਿਆਂ ਆਖਿਆ, "ਜੇ ਤੂੰ ਨਹੀਂ ਲੈਂਦਾ ਤਾਂ ਇਹਦੇ ਵਿਚ ਬੈਟਰੀ ਈ ਪਵਾ ਦੇ, ਠੀਕ ਹੁੰਦੇ ਹੋਏ ਵੀ ਇੰਝ ਜਾਪਦੀ ਏ ਜਿਵੇਂ ਖ਼ਰਾਬ ਹੋਵੇ, ਨਾਲੇ ਮੈਨੂੰ ਵੀ ਕਦੀ ਕਦਾਈਂ ਟਾਇਮ ਵੇਖਣ ਦੀ ਲੋੜ ਪਏ ਜਾਂਦੀ ਏ।"

ਮੈਂ ਚਾਚੀ ਨੂੰ ਕੀ ਆਖਦਾ, ਪਹਿਲਾਂ ਈ ਬਹੁਤ ਕੁਝ ਆਖ ਬੈਠਾ ਸਾਂ ਤੇ ਜੋ ਆਖਿਆ ਸੀ, ਉਹਨੂੰ ਸੋਚ ਕੇ ਦਿਲੋਂ ਦੁਖੀ ਸਾਂ। ਮੈਂ ਉਹਦੇ ਹੱਥੋਂ ਘੜੀ ਲੈ ਕੇ ਹੱਥ ਨਾਲ਼ ਬੰਨ੍ਹ ਲਿੱਤੀ ਪਰ ਗਲੀ ਵਿਚ ਆਇਆ ਤਾਂ ਲੱਗਿਆ ਜਿਵੇਂ ਮੇਰੀ ਬਾਂਹ 'ਤੇ ਭਾਰ ਜਿਹਾ ਪਏ ਗਿਆ, ਮੈਂ ਉਹਨੂੰ ਖੋਲ੍ਹ ਕੇ ਬੋਝੇ ਵਿਚ ਪਾ ਲੀਤਾ ਤੇ ਘਰ ਮੁੜ ਆਇਆ। ਬੇਬੇ ਨੂੰ ਚਾਚੀ ਦੇ ਘਰ ਜਾਣ ਤੇ ਉਹਦੀ ਸਿਹਤ ਬਾਰੇ ਦੱਸਿਆ ਤਾਂ ਉਹ ਬਹੁਤ ਖ਼ੁਸ਼ ਹੋਈ। ਫ਼ਿਰ ਰੋਟੀ ਟੁਕਰ ਖਾਣ ਦਾ ਵੇਲ਼ਾ ਹੋ ਗਿਆ, ਸਾਰਾ

ਟੱਬਰ ਰੋਟੀ ਖਾਣ ਲਈ ਕੱਠਾ ਬੈਠਾ ਤਾਂ ਨਿੱਕੇ ਭਰਾ ਦੀ ਨਜ਼ਰ ਮੇਰੀ ਵੀਣੀ 'ਤੇ ਪੈ ਗਈ। ਉਹਨੇ ਮੇਰੇ ਕੋਲੋਂ ਪੁੱਛਿਆ, "ਭਾਈ ਜਾਨ ਘੜੀ ਕਿੱਥੋਂ ਲਿੱਤੀ ਏ, ਬਹੁਤ ਸੋਹਣੀ ਲੱਗ ਰਹੀ ਏ?"

ਮੈਂ ਉਹਨੂੰ ਦੱਸਿਆ, "ਚਾਚੀ ਨੇ ਸੈੱਲ ਪਵਾਣ ਲਈ ਦਿੱਤੀ ਏ ਪਰ ਕੰਮ ਤੋਂ ਈ ਵਿਹਲ ਨਹੀਂ, ਜੇ ਵਿਹਲ ਹੋਵੇ ਤਾਂ ਵੀ ਕੰਮ ਤੋਂ ਮੁੜਦਿਆਂ ਮੁੜਦਿਆਂ ਦੁਕਾਨਾਂ ਈ ਬੰਦ ਹੋ ਜਾਂਦੀਆਂ ਨੇ।"

"ਕੋਈ ਗੱਲ ਨਹੀਂ, ਮੈਂ ਕਾਲਿਜ ਤੋਂ ਵਾਪਸ ਆਣ ਲੱਗਿਆਂ ਸੈੱਲ ਪਵਾ ਲਿਆਵਾਂਗਾ। ਦੋ ਮਿੰਟ ਦੀ ਤਾਂ ਗੱਲ ਏ।" ਉਹਨੇ ਆਖਿਆ।

"ਹਾਂ ਤੇਰੇ ਲਈ ਤਾਂ ਹਰ ਕੰਮ ਦੋ ਮਿੰਟ ਦਾ ਈ ਹੁੰਦਾ ਏ, ਮੋਟਰਸਾਈਕਲ ਨੂੰ ਜੋ ਜਹਾਜ਼ ਬਣਾਈ ਫਿਰਦਾ ਐਂ, ਮੈਨੂੰ ਦੋ ਚਾਰ ਬੰਦੇ ਦੱਸ ਚੁੱਕੇ ਨੇ ਤੇਰੀ ਵ੍ਹੀਲਿੰਗ ਤੇ ਰੀਸਾਂ ਲਾਣ ਬਾਰੇ।" ਮੈਂ ਉਹਨੂੰ ਗ਼ੁੱਸੇ ਨਾਲ ਵੇਖਦਿਆਂ ਆਖਿਆ। ਤੇ ਫ਼ਿਰ ਬੋਝੇ ਵਿਚੋਂ ਘੜੀ ਕੱਢ ਕੇ ਉਹਨੂੰ ਦੇ ਛੱਡੀ।

ਦੂਜੇ ਦਿਨ ਫ਼ੈਕਟਰੀ ਦੀ ਕੈਨਟੀਨ 'ਤੇ ਚਾਹ ਪੈਂਦੇ ਦੋਸਤਾਂ ਨਾਲ਼ ਗੱਪਸ਼ੱਪ ਕਰ ਰਿਹਾ ਸਾਂ ਤਾਂ ਇਕ ਗੁਆਂਢੀ ਨੇ ਫ਼ੋਨ 'ਤੇ ਦੱਸਿਆ 'ਤੇਰੇ ਭਰਾ ਦਾ ਐਕਸੀਡੈਂਟ ਹੋ ਗਿਆ ਏ, ਉਹ ਅਸਪਤਾਲ ਵਿਚ ਦਾਖ਼ਲ ਏ ਪਰ ਹਾਲੀ ਬੇਹੋਸ਼ ਏ।'

ਮੇਰੇ ਪੈਰਾਂ ਹੇਠੋਂ ਜ਼ਿਮੀਂ ਖਿਸਕ ਗਈ। ਸੋਚਿਆ ਉਹੋ ਹੋਇਆ ਜਿਹਦਾ ਡਰ ਸੀ। ਫ਼ਿਰ ਹੋਰ ਕਿੰਨਿਆਂ ਈ ਬੰਦਿਆਂ ਦਾ ਐਕਸੀਡੈਂਟ ਬਾਰੇ ਫ਼ੋਨ ਆਇਆ ਤੇ ਮੈਂ ਉਸੇ ਨੱਸ ਭੱਜ ਵਿਚ ਅਸਪਤਾਲ ਪਹੁੰਚ ਗਿਆ। ਉਹ ਬੇਹੋਸ਼ ਸੀ ਤੇ ਕੋਈ ਜ਼ਾਹਰੀ ਫੱਟ ਉਹਦੇ ਪਿੰਡੇ 'ਤੇ ਨਹੀਂ ਦਿਸ ਰਿਹਾ ਸੀ। ਮੈਨੂੰ ਡਾਕਟਰਾਂ ਨੇ ਦੱਸਿਆ ਕਿ ਸਿਰ 'ਤੇ ਹੈਲਮੇਟ ਨਾ ਹੋਣ ਤੇ ਤੇਜ਼ ਰਫ਼ਤਾਰੀ ਕਾਰਨ ਜਦੋਂ ਉਹ ਮੋਟਰਸਾਈਕਲ ਤੋਂ ਡਿੱਗਿਆ ਤਾਂ ਉਹਦਾ ਸਿਰ ਕਿਸੇ ਸ਼ੈਅ ਨਾਲ਼ ਜਾ ਵੱਜਿਆ ਸੀ।

ਉਹਦੇ ਕਮਰੇ ਤੋਂ ਬਾਹਰ ਚੋਖੇ ਬੰਦੇ ਕੱਠੇ ਸਨ ਜਿਨ੍ਹਾਂ ਵਿਚ ਉਹਦੇ ਇਕ ਦੋ ਦੋਸਤ ਵੀ ਸਨ ਜੋ ਮੈਨੂੰ ਤਸੱਲੀ ਦੇ ਰਹੇ ਸਨ। ਇਕ ਮੁੰਡੇ ਨੇ ਦੱਸਿਆ ਕਾਲਿਜ ਤੋਂ ਮੁੜਨ ਲੱਗਿਆਂ ਮੈਨੂੰ ਮਿਲਿਆ ਸੀ, ਕਹਿੰਦਾ ਸੀ ਘੜੀ ਵਿਚ ਸੈੱਲ ਪਵਾਣਾ ਐਂ। ਸੈੱਲ ਪਵਾ ਕੇ ਮੁੜਿਆ ਤਾਂ ਵ੍ਹੀਲਿੰਗ ਕਰਦੇ ਹੋਏ ਉਹਦੀ ਬਾਈਕ ਫ਼ੁੱਟਪਾਥ ਨਾਲ਼ ਲੱਗੇ ਖੰਭੇ ਨੂੰ ਜਾ ਵੱਜੀ।

ਫ਼ਿਰ ਇਕ ਡਾਕਟਰ ਨੇ ਮੈਨੂੰ ਅੰਦਰ ਬੁਲਾਇਆ, ਤੇ ਉਹ ਗੱਲ ਆਖ ਦਿੱਤੀ ਜਿਹਦੇ ਬਾਰੇ ਮੈਂ ਕਿੰਨੀ ਈ ਵਾਰ ਸੋਚਿਆ ਸੀ ਤੇ ਕਿੰਨੀ ਵਾਰ ਆਪਣੇ ਆਪ ਨੂੰ ਮੰਦਾ ਚੰਗਾ ਆਖਿਆ ਸੀ ਪਰ ਉਹ ਸੱਚ ਸੀ ਜੋ ਮੈਂ ਸੋਚਿਆ ਸੀ ਕਿ ਮੇਰਾ ਭਰਾ ਮੈਨੂੰ ਸਦਾ ਲਈ ਛੱਡ ਜਾਏਗਾ।

ਕੋਲ਼ ਖਲੋਤੀ ਨਰਸ ਨੇ ਉਹਦਾ ਰੁਮਾਲ, ਮੁਬਾਇਲ ਫ਼ੋਨ ਤੇ ਘੜੀ ਆਪਣੇ ਹੱਥ ਵਿਚ ਫੜੀ ਹੋਈ ਸੀ ਤੇ ਕਹਿ ਰਹੀ ਸੀ, "ਰੱਬ ਦੀ ਸ਼ਾਨ ਵੇਖੋ ਮੁਬਾਇਲ ਤੇ ਇਕ ਝਰੀਟ ਵੀ ਨਹੀਂ ਪਈ ਪਰ ਬੰਦੇ ਦੀ ਜਾਨ ਚਲੀ ਗਈ।"

"ਆਹੋ ਘੜੀ ਨੂੰ ਵੀ ਕੁਝ ਨਹੀਂ ਹੋਇਆ, ਉਹਨੇ ਇਹਦੇ ਵਿਚ ਅੱਜ ਈ ਨਵੀਂ ਬੈਟਰੀ ਪਵਾਈ ਸੀ।" ਮੈਂ ਉਹਨੂੰ ਰੋਂਦੇ ਰੋਂਦੇ ਆਖਿਆ ਪਰ ਜਦੋਂ ਮੇਰੀ ਨਜ਼ਰ ਉਹਦੇ ਡਾਇਲ 'ਤੇ ਪਈ ਤਾਂ ਉਹ ਚੱਲ ਨਹੀਂ ਰਹੀ ਸੀ।ਨਰਸ ਨੇ ਮੈਨੂੰ ਘੜੀ ਦੇਣ ਲਈ ਹੱਥ ਅੱਗੇ ਕੀਤਾ ਤਾਂ ਮੈਨੂੰ ਘੜੀ ਲੈਂਦਿਆਂ ਡਰ ਜਿਹਾ ਲੱਗ ਰਿਹਾ ਸੀ, ਮੈਂ ਨਰਸ ਵੱਲ ਚੋਰ ਜਿਹੀਆਂ ਅੱਖਾਂ ਨਾਲ਼ ਵੇਖਦਿਆਂ ਆਖਿਆ, "ਸਿਸਟਰ ਇਹਨੂੰ ਤੂੰ ਈ ਰੱਖ ਲੈ।" ਉਹਨੇ ਅਜੀਬ ਜਿਹੀਆਂ ਨਜ਼ਰਾਂ ਨਾਲ਼ ਮੇਰੇ ਵੱਲ ਵੇਖਿਆ ਤੇ ਕਹਿਣ ਲੱਗੀ, "ਮੇਰੇ ਕਿਸ ਕੰਮ ਦੀ?"

ਪਰ ਮੈਂ ਉਹਦੀ ਗੱਲ ਸੁਣੀ ਅਣਸੁਣੀ ਕਰਦਾ ਵਾਰਡ ਤੋਂ ਬਾਹਰ ਆ ਗਿਆ। 000

***(LS 6, Block 14, Tulip Street, Gulistan E Johar
KARACHI -43 Pakistan)***

# ਡੀਲ: ਕਹਾਣੀ: ਰਮਨਦੀਪ ਵਿਰਕ

ਅੱਜ ਫਿਰ ਉਹੀ ਕੁਝ ਹੋ ਰਿਹੈ। ਜਿਵੇਂ ਪੂਰੇ ਜਿਸਮ 'ਚ ਹੀ ਕੜੱਲਾਂ ਪਈ ਜਾ ਰਹੀਆਂ। ਕੜੱਲਾਂ ਵੀ ਕਾਹਦੀਆਂ ਜਾਣੀ ਹੌਲ ਪੈ ਰਹੇ ਆ। ਸਮਝ ਕੁਝ ਨਹੀਂ ਲੱਗ ਰਹੀ। ਮੈਨੂੰ ਲੱਗਦਾ ਮੈਂ ਜਿਵੇਂ ਪਾਗਲ ਹੋ ਜਾਣਾ। ਕਿਸੇ ਨੂੰ ਦੱਸ ਵੀ ਨਹੀਂ ਸਕਦੀ। ਇਹ ਕਿਹੜਾ ਮਰਜ ਐ? ਕੁਝ ਪਤਾ ਨਹੀਂ ਲਗਦਾ। ਮਨ ਕੀਤਾ ਕਿਸੇ ਸਾਈਕੈਟਰਿਸਟ ਨੂੰ ਜਾ ਮਿਲ਼ਾਂ। ਖ਼ੌਰੇ ਕੋਈ ਹੱਲ ਨਿਕਲ਼ ਆਵੇ।

ਮਨ ਡਾਢਾ ਉਦਾਸ ਐ।

ਦੋ ਦਿਨਾਂ ਤੋਂ ਮੇਰੀ ਭਤੀਜੀ ਮੇਰੇ ਕੋਲ਼ ਆਈ ਹੋਈ ਐ। ਕਦੇ ਕਦੇ ਵੀਕ ਐਂਡ 'ਤੇ ਮੇਰੇ ਕਹਿਣ 'ਤੇ ਆ ਜਾਂਦੀ ਐ ਮਿਲਣ। ਉਂਝ ਇਹਦਾ ਜੀਅ ਮੇਰੇ ਕੋਲ਼ ਘੱਟ ਲੱਗਦਾ ਤੇ ਹੋਸਟਲ 'ਚ ਵੱਧ ਖ਼ੁਸ਼ ਰਹਿੰਦੀ ਐ।

ਰਾਤ ਨੂੰ ਛੇਤੀ ਖਾ ਪੀ ਕੇ ਵਿਹਲੀਆਂ ਹੋ ਗਈਆਂ ਤਾਂ ਮੇਰਾ ਜੀਅ ਕਰੇ ਇਹਦੇ ਨਾਲ਼ ਹੀ ਗੱਲਾਂ ਕਰ ਲਵਾਂ। ਮਤੇ ਕੁਝ ਢਾਰਸ ਮਿਲ਼ੇ। ਪਰ ਇਹ ਕਿੱਥੇ ਮੇਰੇ ਨਾਲ਼ ਗੱਲਾਂ ਕਰਦੀ ਐ। ਆਹ ਫੋਨ 'ਤੇ ਪਤਾ ਨਹੀਂ ਕੀਹਦੇ ਨਾਲ਼ ਲੱਗੀ ਐ। ਟਿੱਕ ਟਿੱਕ ਉਂਗਲ਼ਾਂ ਵੱਜਦੀਆਂ। ਕੋਈ ਮੈਸਜ ਲਿਖਦੀ ਐ। ਕਦੇ ਹੱਸਣ ਲੱਗ ਪੈਂਦੀ ਐ ਤੇ ਕਦੇ ਬਹੁਤ ਹੀ ਐਕਸਾਈਟਡ ਜਿਹੀ ਹੁੰਦੀ ਲੱਗਦੀ।

ਮੇਰਾ ਅੰਦਰ ਤਪਣ ਲੱਗਦਾ। ਜਿਵੇਂ ਕੋਈ ਜੈਲਸੀ ਹੁੰਦੀ ਹੋਵੇ ਇਹਦੇ ਨਾਲ਼। ਕਿਵੇਂ ਗੱਲਾਂ ਕਰੀ ਜਾਂਦੀ। ਕਦੇ ਹੌਲ਼ੀ ਆਵਾਜ਼ 'ਚ ਬੋਲਣ ਲਗਦੀ। ਮੈਨੂੰ ਪਤਾ ਤਾਂ ਲੱਗ ਜਾਂਦਾ ਕਿ ਕੋਈ ਪਿਆਰ ਵਾਲ਼ੀ ਗੱਲ ਕਰਦਾ ਹੋਣਾ। ਜਵਾਨ ਮੁੰਡੇ ਕੁੜੀਆਂ ਨੇ ਅੱਜ ਕੱਲ੍ਹ ਦੇ। ਕਿਹੜਾ ਸੰਗ ਮੰਨਦੇ ਐ। ਨਾ ਮੇਰੇ ਕੋਲ਼ ਬੈਠੀ ਹੋਣ ਦੀ ਝੇਪ ਐ।

ਪਰ ਮੈਂ ਆਪਣਾ ਕੀ ਕਰਾਂ! ਮੈਨੂੰ ਇਕ ਚੜ੍ਹਦੀ ਤੇ ਇਕ ਉੱਤਰਦੀ ਐ।

...

ਨੂੰਹ ਜਦੋਂ ਇੱਥੇ ਸੀ ਮੇਰੇ ਕੋਲ਼ ਤਾਂ ਵਾਹਵਾ ਜੀਅ ਲੱਗਿਆ ਰਹਿੰਦਾ ਸੀ। ਬੜੀਆਂ ਮੋਹ ਭਿੱਜੀਆਂ ਗੱਲਾਂ ਕਰਦੀ ਐ ਨਿਸ਼ਾ। ਮੈਨੂੰ ਕਹਿੰਦੀ ਮੰਮਾ ਤੁਸੀਂ ਜੀਨ ਸ਼ੀਨ ਪਾਇਆ ਕਰੋ। ਐਕਟਿਵਾ ਚਲਾਉਣਾ ਤਾਂ ਸਿੱਖ ਹੀ ਲਓ, ਫਿਰ ਹੌਲ਼ੀ ਹੌਲ਼ੀ ਕਾਰ ਵੀ ਸਿੱਖ ਲੈਣਾ। ਮੈਂ ਹੱਸ ਪੈਂਦੀ। ਹੁਣ ਤਾਂ ਜਿਵੇਂ ਬੁੱਜ ਜਿਹੀ ਬਣ ਗਈ ਆਂ। ਸਕੂਟਰ ਕਾਰ ਤਾਂ ਦੂਰ ਦੀ ਗੱਲ ਮੈਨੂੰ ਤਾਂ ਸਾਈਕਲ ਚਲਾਉਣਾ ਵੀ ਭੁੱਲ ਗਿਆ।

ਯਾਦ ਆਇਆ। ਕਿੰਨਾ ਤੇਜ਼ ਸਾਈਕਲ ਚਲਾਉਂਦੀ ਸੀ ਮੈਂ। ਪੰਜ ਕੁੜੀਆਂ ਸੀ ਅਸੀਂ ਤੇ ਦੋ ਮੁੰਡੇ ਸਾਡੀ ਹੀ ਜਮਾਤ ਦੇ। ਜਿਦ ਜਿਦ ਸਾਈਕਲ ਚਲਾਉਂਦੇ। ਮੇਰੇ ਪਿੰਡੋਂ ਸਾਡਾ ਕਾਲਿਜ ਖ਼ਾਸੀ ਵਾਟ ਪੈਂਦਾ ਸੀ। ਸਾਈਕਲਾਂ 'ਤੇ ਜਾਣਾ। ਬੇਪ੍ਰਵਾਹਾਂ ਵਾਂਗ ਭੱਜੇ ਫਿਰਨਾ। ਰੱਬ ਯਾਦ ਨਹੀਂ ਸੀ ਮੇਰੇ।

ਹਾਂ ਮੈਂ ਗੱਲ ਕੀ ਕਰ ਰਹੀ ਸੀ! ਜਦੋਂ ਰਾਤ ਹੁੰਦੀ ਤਾਂ ਨਿਸ਼ਾ ਵੀ ਉੱਠ ਕੇ ਆਪਣੇ ਕਮਰੇ 'ਚ ਚਲੀ ਜਾਂਦੀ। ਮੁੰਡਾ ਮੇਰਾ ਅਮਰੀਕਾ ਚਲਾ ਗਿਆ ਸੀ ਵਿਆਹ ਕਰਾ ਕੇ ਤੇ ਨਿਸ਼ਾ ਅਜੇ ਇੱਧਰ ਹੀ ਸੀ। ਰਾਤ ਨੂੰ ਦੋਵੇਂ ਜੀਅ ਵੀਡੀਓ ਕਾਲ 'ਤੇ ਗੱਲ ਕਰਦੇ। ਥੋੜ੍ਹਾ ਚਿਰ ਤਾਂ ਮੇਰੇ ਕੋਲ਼ ਬਹਿੰਦੀ ਤੇ ਫਿਰ ਜਦੋਂ ਪਰਸਨਲ ਗੱਲਾਂ ਕਰਨੀਆਂ ਹੁੰਦੀਆਂ ਤਾਂ ਉੱਪਰ ਆਪਣੇ ਕਮਰੇ 'ਚ ਚਲੀ ਜਾਂਦੀ।

ਮੈਨੂੰ ਜਿਵੇਂ ਕੁਝ ਹੋਣ ਲਗਦਾ।

ਜਿਵੇਂ ਪੂਰੇ ਜਿਸਮ 'ਚ ਕੋਈ ਬਿਜਲੀ ਦੀ ਤਾਰ ਫਿਰ ਜਾਂਦੀ। ਸਰੀਰ ਝੂਠਾ ਪੈਣ ਲੱਗਦਾ।

ਮੈਂ ਕਿਹਾ ਨਿਸ਼ਾ ਮੈਂ ਵਿਆਹ ਤੋਂ ਪਹਿਲਾਂ ਜਦੋਂ ਸਕੂਟਰ ਸਿੱਖਣ ਦੀ ਪ੍ਰੈਕਟਿਸ ਕਰਦੀ ਹੁੰਦੀ ਸੀ ਤਾਂ ਇਕ ਦਿਨ ਸਾਡੀ ਗੁਆਂਢਣ ਕਹਿੰਦੀ "ਰਹਿਣ ਦੇ ਕਿਉਂ ਔਖੀ ਹੁੰਨੀ ਐਂ,ਆਪੇ ਲੈ ਜਿਆ ਕਰੂਗਾ ਤੈਨੂੰ ਨਾਲ਼ ਬਿਠਾ ਕੇ ਜਿਉਣ ਜੋਗਾ।"

ਤੇ ਅੱਜ ਏਨੇ ਸਾਲਾਂ ਬਾਅਦ ਉਹ ਜਿਉਣ ਜੋਗਾ ਤਾਂ ਮਰਨ ਜੋਗਾ ਵੀ ਨਾ ਰਿਹਾ। ਕੀ ਤੋਂ ਕੀ ਬਣਾ ਕੇ ਰੱਖ 'ਤਾ ਮੈਨੂੰ। ਇਹ ਸਭ ਝੂਠੀਆਂ ਗੱਲਾਂ ਨੇ ਕਿ ਸੋਹਣੀ ਸੁਨੱਖੀ ਜਨਾਨੀ ਬੰਦੇ ਨੂੰ ਬੰਨ੍ਹ ਲੈਂਦੀ ਐ। ਕਿਸੇ ਹੋਰ ਜੋਗਾ ਨਹੀਂ ਛੱਡਦੀ। ਤੇ ਮੇਰਾ ਬੰਦਾ!

ਸੱਚ ਕਹਾਂ ਤਾਂ ਭੋਰਾ ਵੀ ਯਾਦ ਨਹੀਂ ਆਉਂਦਾ। ਮੇਰੇ ਲਈ ਜਿਉਂਦਾ ਈ ਮਰਿਆਂ ਵਰਗਾ ਐ ਉਹ। ਕਚੀਚੀ ਜਿਹੀ ਆਉਂਦੀ ਜਦੋਂ ਹੁਣ ਕਿਧਰੇ ਦਿਸ ਜਾਵੇ। ਘਰੋਂ ਨਿਕਲੇ ਨੂੰ ਛੇ ਸਾਲ ਹੋ ਗਏ। ਅਚਾਨਕ ਹੀ ਗਾਇਬ ਹੋ ਗਿਆ ਸੀ। ਬਹੁਤ ਲੱਭਿਆ। ਅਖਬਾਰੀਂ ਇਸ਼ਤਿਹਾਰ ਦਿੱਤੇ। ਕੋਈ ਪਤਾ ਨਾ ਲੱਗਿਆ।

ਇਹਨਾਂ ਛੇ ਸਾਲਾਂ 'ਚ ਮੈਂ ਅੱਧੀ ਰਹਿ ਗਈ ਸੀ। ਜੇ ਜਾਣਾ ਹੀ ਸੀ ਦੱਸ ਤਾਂ ਦਿੰਦਾ। ਇਕ ਨਹੀਂ ਕਈ ਸਾਰੀਆਂ ਔਰਤਾਂ ਸੀ ਉਹਦੀ ਜ਼ਿੰਦਗੀ 'ਚ। ਬਦਲ ਬਦਲ ਕੇ ਰੱਖਦਾ ਸੀ। ਪਤਾ ਨਹੀਂ ਹੁਣ ਕੀਹਦੇ ਨਾਲ ਰਹਿੰਦਾ ਹੋਣਾ। ਮੈਨੂੰ ਇਹ ਗੱਲ ਹੁਣ ਤੰਗ ਨਹੀਂ ਸੀ ਕਰਦੀ। ਤਕਲੀਫ ਇਕੋ ਗੱਲ ਦੀ ਸੀ ਕਿ ਮੈਨੂੰ ਕਿਉਂ ਮਧੋਲ਼ਦਾ ਸੀ। ਜਿਵੇਂ ਕੋਈ ਰਬੜ ਦੀ ਗੁੱਡੀ ਹੋਵਾਂ। ਮੇਰੇ ਜਿਸਮ 'ਚ ਕੁਝ ਨਹੀਂ ਸੀ ਬਚਦਾ ਸਵੇਰ ਤਕ। ਨਿਢਾਲ਼ ਕਰ ਛੱਡਦਾ। ਪਰ ਕੀ ਸੀ ਇਹ?

ਮੈਨੂੰ ਕਚਿਆਣ ਆਉਂਦੀ।

ਕੀ ਖਾਂਦਾ ਇਹ? ਐਨਾ ਹਾਬੜਪੁਣਾ!

ਕਦੇ ਮੈ ਅੱਕੀ ਹੋਈ ਨੇ ਕਹਿ ਦੇਣਾ, "ਬਾਹਰਲੀਆਂ ਨਾਲ ਰੱਜ ਨਹੀਂ ਹੁੰਦਾ?"

ਮੇਰੀ ਗੱਲ ਸੁਣ ਕੇ ਆਪਣੀ ਮਰਦਾਨਾ ਤਾਕਤ 'ਤੇ ਹੋਰ ਫ਼ਖ਼ਰ ਕਰਦਾ।

ਸੱਚੀਂ ਮੇਰਾ ਭੋਰਾ ਜੀਅ ਨਾ ਕਰਦਾ ਉਹਦੇ ਨੇੜੇ ਲੱਗਣ ਨੂੰ।

ਪਰ ਹੁਣ ਇਹਨਾਂ ਦਿਨਾਂ 'ਚ ਮੈਂ ਆਪਣਾ ਕੀ ਕਰਾਂ? ਪਤਾ ਨਹੀਂ ਕਿਹੋ ਜਿਹਾ ਖ਼ਲਾਅ ਐ ਜੋ ਵਧਦਾ ਹੀ ਜਾਂਦਾ। ਨਹੀਂ! ਮੈਨੂੰ ਇੰਦਰ ਦਾ ਤਾਂ ਚਿੱਤ ਖਿਆਲ ਵੀ ਨਹੀਂ ਪਰ ਕੁਝ ਤਾਂ ਹੈ ਜੋ ਮੇਰੀ ਰੂਹ ਨੂੰ ਚਾਹੀਦਾ, ਮੇਰੇ ਜਿਸਮ ਨੂੰ ਚਾਹੀਦਾ। ਕਦੇ ਕਦੇ ਉਸ ਘੜੀ ਨੂੰ ਫਿਟਕਾਰਦੀ ਆਂ ਜਦੋਂ ਇੰਦਰ 'ਤੇ ਦਿਲ ਆ ਗਿਆ ਸੀ। ਗੱਲਾਂ ਦਾ ਕੜਾਹ ਜੋ ਬਣਾਉਣਾ ਆਉਂਦਾ ਸੀ ਉਹਨੂੰ। ਇਹੋ ਜਹੀਆਂ ਗੱਲਾਂ ਕਰਦਾ ਕਿ ਮੇਰੇ ਦਿਲੋਂ ਜਾਣੀ ਕੁਝ ਕੱਢ ਕੇ ਲੈ ਜਾਂਦਾ। ਉਮਰ ਵੀ ਅਲ੍ਹੜ ਸੀ ਤੇ ਮੈਂ ਕਮਲ਼ੀ ਨੇ ਮਾਪਿਆਂ ਦੀ ਇੱਜ਼ਤ ਦਾ ਵੀ ਖਿਆਲ ਨਾ ਕੀਤਾ। ਚੁੰਨੀ ਚੁੱਕ ਮਗਰ ਤੁਰ ਪਈ ਸੀ ਉਹਦੇ। ਮਹੀਨੇ 'ਚ ਹੀ ਪਤਾ ਲੱਗ ਗਿਆ ਸੀ ਇਹਦੀਆਂ ਕਰਤੂਤਾਂ ਦਾ, ਪਰ ਹੁਣ ਪਿੱਛੇ ਮੁੜਨ ਦਾ ਕੋਈ ਰਾਹ ਹੀ ਨਹੀਂ ਸੀ ਬਚਿਆ। ਜਿੰਨਾ ਚਿਰ ਮੇਰੇ ਨਾਲ ਰਿਹਾ ਮੈਂ ਇਹਦੇ ਹਰ ਨਵੇਂ ਇਸ਼ਕ ਦੇ ਮੂੰਹ ਮੁਹਾਂਦਰੇ ਹੀ ਵੇਖਦੀ ਰਹਿੰਦੀ ਪਰ ਕਰ ਕੁਝ ਨਾ ਸਕੀ।

ਤੇ ਫਿਰ ਇਕ ਦਿਨ ਇਹ ਘਰ ਛੱਡ ਗਿਆ...

ਹੁਣ ਵਿਹਲੀ ਹੋ ਗਈ ਆਂ ਬਿਲਕੁਲ।

ਨੂੰਹ ਰਾਣੀ ਨੇ ਅਮਰੀਕਾ ਜਾਣ ਤੋਂ ਪਹਿਲਾਂ ਧੱਕੇ ਨਾਲ਼ ਕਿੱਟੀ ਪਾਰਟੀ 'ਚ ਜਾਣ ਲਾ 'ਤਾ।

ਸੋਹਣੇ ਸੋਹਣੇ ਸੂਟ ਪਾ ਕੇ, ਮੇਕ ਅੱਪ ਕਰ ਕੇ ਉੱਥੇ ਜਾਂਦੀ ਹਾਂ ਤਾਂ ਉਹ ਸਾਰੀਆਂ ਚਟਕਾਰੇ ਲਾ ਲਾ ਗੱਲਾਂ ਕਰਦੀਆਂ।

ਮਿਸਿਜ਼ ਕੌਸਰ ਕਹਿੰਦੀ ਮੇਰਾ ਬੰਦਾ ਤਾਂ ਧੱਕੜ ਐ ਪੂਰਾ। ਪਰ ਪੈਸਿਆਂ ਦੀ ਕਮੀ ਵੀ ਨਹੀਂ ਆਉਣ ਦਿੰਦਾ। ਮੈਡਮ ਮੈਡਮ ਕਰਦੇ ਦੀ ਜ਼ੁਬਾਨ ਨਹੀਂ ਥੱਕਦੀ।

ਕਦੇ ਕਹੂ, "ਮੈਡਮ ਤੂੰ ਪੈੱਗ ਈ ਲਾ ਲਿਆ ਕਰ ਮੇਰੇ ਨਾਲ।"

ਮੈਂ ਹੈਰਾਨ ਜਿਹੀ ਹੋ ਕੇ ਸੁਣਦੀ ਰਹਿੰਦੀ ਹਾਂ ਉਹਦੀਆਂ ਗੱਲਾਂ।

ਪਰ ਚੁੱਪ ਬੈਠੀ ਰਹਿੰਨੀ ਆਂ।

ਮੇਰੇ ਕੋਲ਼ ਤਾਂ ਹੁੰਦੀ ਨਹੀਂ ਕੋਈ ਗੱਲ ਕਰਨ ਨੂੰ।

ਤੇ ਮਿਸਿਜ਼ ਬਾਂਸਲ

ਉਹ ਤਾਂ ਬਿਜ਼ਨਸ ਟੂਰ 'ਤੇ ਕਈ ਵਾਰ ਜਾ ਆਈ ਆਪਣੇ ਘਰਵਾਲ਼ੇ ਨਾਲ਼।

ਦੱਸਦੀ ਸੀ ਕਿ ਉੱਥੇ ਬੜਾ ਇੰਜੁਆਏ ਕਰਦੇ ਆਂ। ਕਦੇ ਮਲੇਸ਼ੀਆ ਕਦੇ ਸਿੰਘਾਪੁਰ ਤੇ ਕਦੇ ਥਾਈਲੈਂਡ।

ਥਾਈਲੈਂਡ ਦੇ ਤਾਂ ਕਈ ਹੋਰ ਕਿੱਸੇ ਵੀ ਸੁਣਾਉਂਦੀ ਹੁੰਦੀ ਉਹ।

ਮੈਨੂੰ ਸੁਣ ਸੁਣ ਕੁਝ ਹੋਣ ਲਗਦਾ।

ਕਿੱਟੀ ਤੋਂ ਵਾਪਸ ਘਰ ਆ ਕੇ ਮੈਂ ਕਿੰਨਾ ਚਿਰ ਸ਼ੀਸ਼ੇ ਮੂਹਰੇ ਖੜ੍ਹ ਕੇ ਆਪਣੇ ਆਪਨੂੰ ਨਿਹਾਰਦੀ ਰਹਿੰਦੀ ਆਂ। ਜੀਅ ਕਰਦਾ ਕਸ ਕੇ ਕਿਸੇ ਨੂੰ ਗਲਵੱਕੜੀ 'ਚ ਲਵਾਂ। ਹਲਕੀ ਫੁੱਲ ਹੋ ਜਾਵਾਂ। ਪਰ ਕਿਸਨੂੰ?

ਆਪਣੀਆਂ ਮੋਟੀਆਂ ਨਸ਼ੀਲੀਆਂ ਅੱਖਾਂ, ਗੁੰਦਵੇਂ ਜਿਸਮ ਦਾ ਜਲੌਅ ਦੇਖ ਮੈਨੂੰ ਤਾਂ ਮਿਸਿਜ਼ ਬਾਂਸਲ 'ਤੇ ਖਿਝ ਆਉਂਦੀ।

ਇਸ ਸੜੀ ਜਿਹੀ ਬਨਿਆਣੀ ਦੀ ਕਿਸਮਤ ਦੇਖੋ!

...

ਉਸ ਰਾਤ ਤਾਂ ਮੈਂ ਜਮ੍ਹਾਂ ਈ ਡਰ ਗਈ ਜਿੱਦਣ ਇੰਦਰ ਅੱਧੀ ਰਾਤੀਂ ਕੰਧ ਟੱਪ ਕੇ ਘਰ ਦੇ ਅੰਦਰ ਆ ਵੜਿਆ ਸੀ। ਭਲਾ ਕੋਈ ਆਪਣੇ ਹੀ ਘਰ ਇਉਂ ਕੰਧਾਂ ਟੱਪ ਕੇ ਵੜਦਾ! ਮੈਨੂੰ ਉਹਦੀ ਹਾਲਤ 'ਤੇ ਤਰਸ ਜਿਹਾ ਵੀ ਆਇਆ ਸੀ ਪਰ ਮੈਂ ਦਿਲ ਕਰੜਾ ਕਰੀ ਰੱਖਿਆ। ਪੂਰੇ ਛੇ ਸਾਲ ਬਾਅਦ ਉਹਨੂੰ ਕੀ ਸੁੱਝੀ ਘਰੇ ਵੜਨ ਦੀ!

ਵਿਹੜੇ 'ਚ ਖੜ੍ਹ ਕੇ ਮੇਰੇ ਬੈੱਡਰੂਮ ਦਾ ਦਰਵਾਜ਼ਾ ਖੜਕਾਉਣ ਲੱਗਿਆ ਤਾਂ ਮੈਂ ਡਰਦੀ ਨੇ ਸਾਡੇ ਗੁਆਂਢੀਆਂ ਨੂੰ ਫੋਨ ਕਰ'ਤਾ। ਮੈ ਤਾਂ ਅਦਾਲਤ 'ਚ ਤਲਾਕ ਦਾ ਮੁਕੱਦਮਾ ਦਾਇਰ ਕੀਤਾ ਹੋਇਆ ਪਰ ਇਹ ਹੁਣ ਮੇਰੇ ਕੋਲ਼ ਕੀ ਲੈਣ ਆਇਆ ਹੋਊ! ਮੈਂ ਡਰ ਤੇ ਗੁੱਸੇ ਨਾਲ਼ ਕੰਬ ਰਹੀ ਸੀ।

ਜਦੋਂ ਗੁਆਂਢੀ ਆ ਗਏ ਤਾਂ ਇੰਦਰ ਨੂੰ ਰੋਹ ਚੜ੍ਹੇ।

ਲੱਗ ਪਿਆ ਅਵਾ ਤਵਾ ਬੋਲਣ।

'ਸਾਲ਼ੀਏ ਬਾਹਰ ਤਾਂ ਨਿੱਕਲ਼, ਮੈਂ ਕੀ ਘਰੋਂ ਗਿਆ ਤੈਨੂੰ ਤਾਂ ਮੌਜਾਂ ਲੱਗ ਗਈਆਂ"

ਮੈਂ ਚੁੱਪ ਚਾਪ ਅੰਦਰ ਹੀ ਦੁਬਕੀ ਬੈਠੀ ਰਹੀ। ਬਾਹਰ ਨਿੱਕਲ਼ ਕੇ ਉਹਦੇ ਮੱਥੇ ਲੱਗਣ ਨੂੰ ਜੀਅ ਨਹੀਂ ਸੀ ਕਰਦਾ। ਗੁਆਂਢੀ ਵੀ ਗੇੜਾ ਜਿਹਾ ਕੱਢ ਕੇ ਮੁੜ ਗਏ। ਮੈਨੂੰ ਬਾਹਰ ਨਿਕਲਣਾ ਪਿਆ। ਨਿਸ਼ਾ ਵੀ ਮੇਰੇ ਨਾਲ਼ ਹੀ ਆਪਣੇ ਕਮਰੇ 'ਚੋਂ ਬਾਹਰ ਆ ਗਈ। ਇੰਦਰ ਦਾ ਹੁਲੀਆ ਦੇਖ ਕੇ ਮੈਂ ਹੈਰਾਨ ਰਹਿ ਗਈ। ਬਹੁਤ ਹੀ ਕਮਜ਼ੋਰ ਹੋ ਗਿਆ ਸੀ। ਰੰਗ ਵੀ ਕਾਲ਼ਾ ਤੇ ਕੱਪੜੇ ਵੀ ਠੀਕ-ਠਾਕ ਜਿਹੇ ਸਨ ਪਰ ਧੌਂਸ ਐਨੀ ਕਿ ਜਿਵੇਂ ਮੈਨੂੰ ਖਾ ਈ ਜਾਣਾ ਹੋਵੇ।

ਨਿਸ਼ਾ ਨੂੰ ਉਹਨੇ ਪਹਿਲੀ ਵਾਰ ਦੇਖਿਆ ਸੀ। ਬੇਟੇ ਕਮਲ ਦਾ ਵਿਆਹ ਮੈਂ ਇੰਦਰ ਦੀ ਗ਼ੈਰਹਾਜ਼ਰੀ 'ਚ ਹੀ ਕਰ ਦਿੱਤਾ ਸੀ। ਪਰ ਨਿਸ਼ਾ ਬਹੁਤ ਸਿਆਣੀ ਕੁੜੀ ਐ। ਮੇਰੀ ਹਾਲਤ ਦੇਖ ਕੇ ਆਪ ਹੀ ਸਵਾਲ ਜਵਾਬ ਕਰਨ ਲੱਗ ਪਈ ਇੰਦਰ ਨਾਲ਼।

"ਅੰਕਲ ਤੁਹਾਨੂੰ ਕੋਈ ਹੱਕ ਨਹੀਂ ਮੰਮੀ ਨੂੰ ਇਸ ਤਰ੍ਹਾਂ ਬੋਲਣ ਦਾ, ਤੁਸੀਂ ਆਪਣੇ ਫ਼ਰਜ਼ਾਂ ਤੋਂ ਭੱਜ ਕੇ ਆਪਣੀ ਅਯਾਸ਼ੀ ਦਾ ਰਾਹ ਆਪ ਚੁਣਿਆ ਸੀ, ਹੁਣ ਮੰਮਾ 'ਤੇ ਰੋਅਬ ਕਾਹਦਾ?"

ਪਾਪਾ ਕਹਿਣ ਦੀ ਬਜਾਇ ਇੰਦਰ ਨੂੰ ਅੰਕਲ ਕਹਿ ਕੇ ਇਕ ਤਰ੍ਹਾਂ ਨਾਲ਼ ਉਹਨੂੰ ਹੋਰ ਵੀ

ਬੇਗਾਨਗੀ ਦਾ ਅਹਿਸਾਸ ਕਰਾਇਆ ਸੀ ਨਿਸ਼ਾ ਨੇ।

"ਮੇਰੇ ਘਰੋਂ ਨਿੱਕਲ਼ੋ ਤੁਸੀਂ ਸਾਰੇ। ਆਪਣਾ ਸਮਾਨ ਚੁੱਕੋ ਤੇ ਦਫਾ ਹੋ ਜਾਓ। ਮੈਂ ਵਿਆਹ ਕਰਵਾ ਲਿਆ ਉਹਦੇ ਨਾਲ਼। ਹੁਣ ਤੇਰਾ ਇੱਥੇ ਕੋਈ ਕੰਮ ਨਹੀਂ।"

ਇਹ ਸਾਰਾ ਕੁਝ ਉਹ ਇਕੋ ਸਾਹੇ ਬੋਲ ਗਿਆ ਤੇ ਮੇਰੇ ਨਾਲ਼ ਹੀ ਨਿਸ਼ਾ ਨੂੰ ਵੀ ਪੁੱਠਾ ਸਿੱਧਾ ਬੋਲ ਦਿੱਤਾ।

"ਕੋਈ ਨਾ ਮੇਰਾ ਵਕੀਲ ਤੇਰੇ ਨਾਲ਼ ਕਰਦਾ ਗੱਲ ਸਵੇਰੇ।"

ਏਨੀ ਗੱਲ ਕਹਿ ਮੈਂ ਵਾਪਸ ਕਮਰੇ 'ਚ ਜਾ ਕੇ ਅੰਦਰੋਂ ਕੁੰਡੀ ਲਾ ਲਈ ਤੇ ਉਹ ਵੀ ਗੇਟ ਥਾਣੀਂ ਬਾਹਰ ਨਿੱਕਲ਼ ਗਿਆ।

ਇਸ ਦਿਨ ਤੋਂ ਦੋ ਮਹੀਨਿਆਂ ਦੇ ਵਿਚ ਹੀ ਰਿਸ਼ਤੇਦਾਰਾਂ ਨੇ ਵਿਚ ਪੈ ਕੇ ਇਹ ਘਰ ਮੇਰੇ ਨਾਂ ਕਰਵਾ ਦਿੱਤਾ ਤੇ ਉਹਨੂੰ ਛੱਡ'ਤਾ ਉਹਦੇ ਹਾਲ 'ਤੇ। ਰਹੇ ਜਿੱਥੇ ਮਰਜ਼ੀ!

ਪਰ ਕੇਸ ਤਾਂ ਅਜੇ ਵੀ ਚੱਲ ਰਿਹਾ। ਤਰੀਕਾਂ ਪਈ ਜਾ ਰਹੀਆਂ।

...

ਕੇਸ ਦੇ ਚੱਕਰ 'ਚ ਤੇ ਘਰ ਆਪਣੇ ਨਾਂ ਕਰਾਉਣ ਕਰ ਕੇ ਮੈਨੂੰ ਕਈ ਵਾਰ ਬਾਹਰਲੇ ਬੰਦਿਆਂ ਨੂੰ ਦਫ਼ਤਰਾਂ 'ਚ ਜਾ ਮਿਲਣਾ ਪੈਂਦਾ। ਹੋਰ ਕੌਣ ਜਾਵੇ! ਇਹਨਾਂ ਛੇ ਸਾਲਾਂ 'ਚ ਮੈਂ ਜਿਵੇਂ ਉਮਰ ਦੇ ਸੱਠ ਵਰ੍ਹੇ ਪਾਰ ਕਰ ਲਏ ਹੋਣ।

ਜਿੱਥੇ ਵੀ ਜਾਂਦੀ ਅਗਲਾ ਮੇਰੇ ਜਿਸਮ ਦਾ ਅਧਿਐਨ ਪਹਿਲਾਂ ਕਰਦਾ। ਗੋਰਾ ਨਿਛੋਹ ਰੰਗ, ਮੋਟੀਆਂ ਅੱਖਾਂ, ਲੰਬਾ ਕੱਦ ਜਿਵੇਂ ਮੇਰੇ ਦੁਸ਼ਮਣ ਬਣ ਗਏ ਹੋਣ। ਜ਼ਮੀਨ ਦੇ ਕਾਗ਼ਜ਼ਾਂ ਸੰਬੰਧੀ ਇਕ ਦਿਨ ਮੈਂ ਤੇ ਨਿਸ਼ਾ ਕਿਸੇ ਪਟਵਾਰੀ ਨੂੰ ਮਿਲਣ ਗਈਆਂ। ਕਈ ਗੇੜੇ ਕਢਵਾਏ ਉਹਨੇ। ਇਕ ਦਿਨ ਮੈਨੂੰ ਜੋ ਵੀ ਚਾਹੀਦਾ ਸੀ ਮਿਲ਼ ਗਿਆ। ਤੁਰਨ ਲੱਗੀ ਨੇ ਉਸ ਭਲੇ ਜਹੇ ਲਗਦੇ ਆਦਮੀ ਦਾ ਧੰਨਵਾਦ ਕਰਦਿਆਂ ਮੈ ਪੁੱਛਿਆ, "ਸਰ ਤੁਹਾਡੀ ਫੀਸ?"

ਉਹ ਅੱਗੋਂ ਗਲ਼ਾ ਜਿਆ ਸਾਫ਼ ਕਰਦਾ ਕਹਿੰਦਾ, "ਨਹੀਂ ਨਹੀਂ, ਅੱਜ ਕੋਈ ਫੀਸ ਨਹੀਂ ਪਰ ਤੁਹਾਡੇ ਤੋਂ ਫੇਰ ਕਦੇ ਕੋਈ ਕੰਮ ਲਵਾਂਗੇ।"

ਮੈਂ ਸੋਚਾਂ ਇਹ ਕੀ ਗੱਲ ਹੋਈ ਭਲਾ! ਮੈਥੋਂ ਇਹਨੇ ਕੀ ਕੰਮ ਲੈਣਾ ਹੋ ਸਕਦਾ! ਮੈਨੂੰ ਉਹ ਗ਼ਲਤ ਤਾਂ ਨਾ ਲੱਗਿਆ ਪਰ ਉਹਦੀ ਇਸ ਗੱਲ ਨੇ ਮੈਨੂੰ ਅਚੰਭੇ ਜਹੇ 'ਚ ਜ਼ਰੂਰ ਪਾ'ਤਾ।

ਨਿਸ਼ਾ ਅਮਰੀਕਾ ਜਾਣ ਲੱਗੀ ਮੈਨੂੰ ਕਹਿੰਦੀ, "ਮੰਮਾ ਤੁਸੀਂ 'ਕੱਲੇ ਕਿਧਰੇ ਨਾ ਜਾਇਆ ਕਰੋ। ਜੇ ਜ਼ਰੂਰੀ ਐ ਤਾਂ ਥੋੜ੍ਹਾ ਚੁਕੰਨੇ ਹੋਕੇ ਜਾਣਾ।"

ਕਿੰਨਾ ਫ਼ਿਕਰ ਏ ਨਿਸ਼ਾ ਨੂੰ ਮੇਰਾ!

ਮੈਂ ਸੋਚਾਂ। ਇਹਨਾਂ ਗੱਲਾਂ ਕਰਕੇ ਈ ਉਹਨੇ ਮੈਨੂੰ ਕਿੱਟੀ ਜਾਣ ਲਾਇਆ ਸੀ।

...

ਬੇਗਾਨੇ ਤਾਂ ਚਲੋ ਬੇਗਾਨੇ ਹੁੰਦੇ ਨੇ ਪਰ ਆਪਣਿਆਂ ਕਿਹੜਾ ਕੋਈ ਕਸਰ ਛੱਡੀ!

ਕੱਲੀ ਔਰਤ ਤੇ ਉੱਤੋਂ ਸਿਖਰ ਦੁਪਹਿਰ ਵਰਗੀ ਉਮਰ, ਹਰ ਕੋਈ ਹਮਦਰਦ ਬਣ ਹੱਕ ਜਤਾਉਣ ਨੂੰ ਫਿਰਦਾ। ਜਦੋਂ ਬਹੁਤ ਹੀ ਪਰੇਸ਼ਾਨ ਸੀ ਤਾਂ ਮੇਰੇ ਆਪਣੇ ਮਾਸੜ ਦਾ ਫੋਨ ਆਉਣ ਲੱਗਿਆ। ਰਿੰਗ ਮਾਰ ਕੇ ਛੱਡਦਿਆ ਕਰੇ ਤੇ ਮੈਂ ਕਮਲ਼ੀ ਫੋਨ ਕਰਿਆਂ ਕਰਾਂ

"ਮਾਸੜ ਜੀ ਤੁਹਾਡਾ ਫੋਨ ਆਇਆ ਸੀ।"

"ਹਾਂ ਹਾਂ, ਹੋਰ ਦੱਸ ਗੁਰਮੀਤ ਕਿਵੇਂ ਆਂ? ਮੈਂ ਤਾਂ ਆਹੀ ਪੁੱਛਣਾ ਸੀ ਕਿ ਤੈਨੂੰ ਕਦੇ ਪਹਿਲਾਂ ਨਹੀਂ ਸੀ ਪਤਾ ਲੱਗਿਆ ਇੰਦਰ ਦੇ ਲੱਛਣਾਂ ਦਾ"

ਮੈਨੂੰ ਲੱਗਿਆ ਮਾਸੜ ਨੂੰ ਫ਼ਿਕਰ ਐ ਮੇਰਾ।

ਮੈਂ ਦੱਸਣ ਲੱਗਦੀ।

ਫਿਰ ਥੋੜ੍ਹੇ ਚਿਰ ਬਾਅਦ ਕਹਿ ਦਿੰਦਾ ਚੱਲ ਕੱਲ੍ਹ ਨੂੰ ਕਰਦਾਂ ਤੈਨੂੰ ਫੋਨ।

ਜਦੋਂ ਮੈਂ ਤਲਾਕ ਦਾ ਕੇਸ ਲਾਇਆ ਤਾਂ ਮਾਸੜ ਦਾ ਫਿਰ ਫੋਨ ਆਇਆ।

ਮੈਨੂੰ ਕਹਿੰਦਾ, "ਤਲਾਕ ਦੇ ਕੇਸ ਤਾਂ ਪੰਦਰਾਂ ਪੰਦਰਾਂ ਸਾਲ ਲਟਕਦੇ ਰਹਿੰਦੇ ਆ, ਕੀ ਤੇਰੀ ਉਮਰ ਐ, ਬਹੁਤ ਔਖਾ ਟਾਈਮ ਕੱਢਣਾ। ਕੋਈ ਵੀ ਲੋੜ ਹੋਈ, ਪੈਸੇ ਟਕੇ ਦੀ ਜਾਂ ਹੋਰ ਤਾਂ ਸੰਗੀਂ ਨਾ ਕਮਲ਼ੀਏ, ਮੈਂ ਹੈਗਾਂ, ਰਿਸ਼ਤੇ 'ਚ ਕੋਈ ਵੱਡਾ ਛੋਟਾ ਨਹੀਂ ਹੁੰਦਾ।"

ਮੈਂ ਥਾਏਂ ਖੜ੍ਹੀ ਰਹਿ ਗਈ। ਮਾਸੜ ਨੇ ਤਾਂ ਕੋਈ ਹੋਰ ਈ ਟਰੈਕ ਫੜ ਲਿਆ ਸੀ।

ਅੱਕ ਕੇ ਮੈਂ ਮਾਸੜ ਨੂੰ ਬਲਾੱਕ ਮਾਰਿਆ।

ਕਿਤੋਂ ਸੁਣਿਆ ਸੀ ਕਿ ਸੁੰਨੀ ਜਨਾਨੀ ਨੂੰ ਤਾਂ ਜਣਾ ਖਣਾ ਤਕਾਉਂਦਾ। ਮੈਨੂੰ ਆਪਣਾ ਫ਼ਿਕਰ ਹੋਣ ਲੱਗਦਾ।

ਜੀਅ ਕਰਦਾ ਡੁੱਬ ਮਰਜਾਂ ਕਿਧਰੇ।

ਐਨੀਆਂ ਨੇਰ੍ਹੀਆਂ ਵਗੀਆਂ ਝੱਖੜ ਝੁੱਲੇ ਪਰ ਮੈਂ ਅਡੋਲ ਖੜ੍ਹੀ ਰਹੀ।

...

ਮੇਰੇ ਘਰੇ ਸਫਾਈ ਕਰਨ ਆਉਂਦੀ ਰੂਪਾ ਕਹਿੰਦੀ ਇਕ ਦਿਨ, "ਦੀਦੀ ਆਪ ਕਾ ਭਾਈ ਸਾਹਬ ਕੇ ਬਿਨਾਂ ਸਰ ਜਾਤਾ ਹੈ? ਮੈਂ ਤੋ ਨਾ ਰਹਿ ਪਾਤੀ ਆਂਚਲ ਕੇ ਪਾਪਾ ਕੇ ਬਿਨਾਂ, ਏਕ ਦਿਨ ਕੇ ਲੀਏ ਭੀ ਚਲਾ ਜਾਏ ਕਹੀਂ ਤੋ ਮੁਝੇ ਨੀਂਦ ਨਾ ਆਤੀ।"

ਹੁਣ ਕੀ ਦੱਸਾਂ ਇਹਨੂੰ ? ਕਿਵੇਂ ਡੰਗ ਵੱਜਦੇ ਨੇ ਮੈਨੂੰ ਇਕੱਲਤਾ ਦੇ!

"ਰੂਪਾ ਜੇ ਤੇਰਾ ਘਰਵਾਲ਼ਾ ਕਿਸੇ ਹੋਰ ਦੇ ਇਸ਼ਕ 'ਚ ਪੈ ਕੇ ਕਿਧਰੇ ਚਲਾ ਗਿਆ ਤੈਨੂੰ ਛੱਡ ਕੇ ਤਾਂ ਫਿਰ ਕੀ ਕਰੇਂਗੀ?"

ਮੈ ਐਵੇਂ ਹੀ ਬੇਮਤਲਬ ਜਿਹਾ ਸਵਾਲ ਉਹਨੂੰ ਕਰ ਬੈਠੀ, "ਪਾੜ ਕੇ ਰੱਖ ਦੂੰਗੀ ਬੀਚ ਮੇਂ ਸੇ ਐਸੀ ਔਰਤ ਕੋ।"

ਰੂਪਾ ਦੀਆਂ ਅੱਖਾਂ 'ਚ ਜ਼ਹਿਰ ਭਰ ਆਇਆ ਸੀ

ਮੈਨੂੰ ਲੱਗਿਆ ਜਿਵੇਂ ਮੈਂ ਰੂਪਾ ਤੋਂ ਵੀ ਗਈ ਗੁਜ਼ਰੀ ਆਂ। ਉਹ ਨਾ ਸੋਹਣੀ ਨਾ ਤਕੜੀ ਪਰ ਹਿੰਮਤ ਕਿੰਨੀ ਐ ਤੇ ਮੈਂ?

ਸਭ ਕੁਝ ਅੱਖੀਂ ਦੇਖਿਆ ਵੀ ਬਰਦਾਸ਼ਤ ਕਰ ਲਿਆ। ਕਿਹੜੀ ਮਿੱਟੀ ਦੀ ਬਣੀ ਆਂ?

ਇਕ ਤਰੀਕ 'ਤੇ ਕੋਰਟ ਵਿਚ ਜਦੋਂ ਇੰਦਰ ਆਇਆ ਤਾਂ ਨਾਲ਼ ਉਹ ਵੀ ਸੀ ਜੀਹਦੇ ਨਾਲ਼ ਰਹਿੰਦਾ ਅੱਜ ਕੱਲ੍ਹ। ਬੇਸ਼ਰਮ ਜਿਹੀ ਔਰਤ ਵੱਲ ਮੈਥੋਂ ਦੇਖਿਆ ਤਕ ਨਾ ਗਿਆ ਲੜਨਾ ਤਾਂ ਕੀ ਸੀ ਉਹਦੇ ਨਾਲ਼। ਮੈਂ ਤਾਂ ਸਗੋਂ ਸੋਚ ਸੋਚ ਕੇ ਪਰੇਸ਼ਾਨ ਸੀ ਕਿ ਇਹਨੂੰ ਕੀ ਲੱਭਿਆ ਇਹਦੇ 'ਚੋਂ। ਇਹ ਸਵਾਲ ਮੇਰਾ ਦੋਵਾਂ ਲਈ ਸੀ। ਆਖ਼ਰ ਦੋਵਾਂ ਨੂੰ ਹੀ ਕੁਝ ਲੱਭਿਆ ਹੋਣਾ।

ਚਲੋ ਮੈਂ ਕੀ ਲੈਣਾ। ਇਹ ਸੋਚ ਕੇ ਧਿਆਨ ਕਿਧਰੇ ਹੋਰ ਕਰ ਲਿਆ।

...

ਕਮਰੇ ਦੀ ਛੱਤ ਵੱਲ ਬਿੱਟ ਬਿੱਟ ਤੱਕ ਰਹੀ ਹਾਂ। ਹੱਥਾਂ ਪੈਰਾਂ ਨੂੰ ਜਿਵੇਂ ਕਿਸੇ ਨਰਮ ਛੋਹ ਦੀ ਤਲਾਸ਼ ਐ। ਇਕ ਦਿਨ ਪਹਿਲਾਂ ਗਈ ਸੀ ਪਾਰਲਰ ਪੈਡੀਕਿਉਰ ਤੇ ਮੈਨੀਕਿਉਰ ਕਰਾਉਣ ਲਈ। ਮੁੰਡੇ ਨੇ ਐਨੇ ਪਿਆਰ ਨਾਲ਼ ਮਾਲਸ਼ ਕੀਤੀ ਜਿਵੇਂ ਸਾਰਾ ਬਦਨ ਰੀਲੈਕਸ ਹੋ ਗਿਆ। ਉਹ ਮਸਾਜ ਕਰਦਾ ਨਾਲ਼ ਨਾਲ਼ ਗੱਲਾਂ ਕਰੀ ਗਿਆ। ਜਿਵੇਂ ਉਹਨਾਂ ਨੂੰ ਸਿਖਾਇਆ ਜਾਂਦਾ ਕਿ ਗਾਹਕ ਨੂੰ ਗੁੱਡ ਫੀਲ ਕਰਾਇਆ ਜਾਵੇ।

ਮੈਡਮ ਜੌਬ ਕਰਦੇ ਹੋ ਤੁਸੀਂ? ਤੁਹਾਡੇ ਪੈਰਾਂ ਨੂੰ ਮਸਾਜ ਦੀ ਬਹੁਤ ਲੋੜ ਹੈ, ਸਖ਼ਤ ਹੋ ਗਏ ਨੇ।

ਮਹੀਨੇ 'ਚ ਦੋ ਵਾਰ ਆਇਆ ਕਰੋ। ਦੇਖਿਓ ਕਿੰਨਾ ਆਰਾਮ ਮਿਲ਼ਦਾ। ਸਿਰ 'ਤੇ ਤੇਲ ਮਾਲਸ਼ ਵੀ ਕਰਾਇਆ ਕਰੋ। ਬਿਲਕੁਲ ਥਕਾਨ ਨਹੀਂ ਹੋਵੇਗੀ।

ਮੈਂ ਚੁੱਪ ਚਾਪ ਉਹਦੀਆਂ ਗੱਲਾਂ ਸੁਣ ਰਹੀ ਸੀ, ਬਿਨਾਂ ਕਿਸੇ ਹੁੰਗਾਰੇ ਦੇ। ਮੈਨੂੰ ਲੱਗਿਆ ਮੇਰੇ ਬਦਨ ਨੂੰ ਨਹੀਂ ਮੇਰੇ ਦਿਮਾਗ਼ ਨੂੰ ਆਰਾਮ ਚਾਹੀਦਾ ਸੀ। ਸੋਚ ਸੋਚ ਕੇ ਬੱਤੀ ਰੋਗ ਲਾ ਲੈਣੇ ਨੇ ਇਹਨੇ।

ਯਾਦ ਆਉਂਦਾ ਕਿ ਮੇਰੇ ਜਿਸਮ ਨਾਲ਼ ਖੇਡਣ ਵਾਲ਼ੇ ਇੰਦਰ ਨੇ ਕਦੇ ਮੈਨੂੰ ਨਰਮ ਛੋਹ ਨਹੀਂ ਸੀ ਦਿੱਤੀ। ਯਾਦ ਨਹੀਂ ਕਿ ਕਦੇ ਮੇਰਾ ਹੱਥ ਆਪਣੇ ਹੱਥ 'ਚ ਲੈ ਕੇ ਬੈਠਾ ਹੋਵੇ। ਕਦੇ ਪੈਂਪਰ ਕੀਤਾ ਹੋਵੇ। ਬਾਹਰਲੀਆਂ ਨਾਲ਼ ਕੀ ਕਰਦਾ ਹੋਣਾ!

ਜਿੰਨਾ ਮਰਜ਼ੀ ਸੋਚਾਂ ਕਿ ਇੰਦਰ ਨੂੰ ਯਾਦ ਨਹੀਂ ਕਰਨਾ ਪਰ ਬਦੋਬਦੀ ਆ ਖੜ੍ਹਦਾ ਵਿਚਕਾਰ।

ਮੇਰੀ ਸਹੇਲੀ ਕਹਿੰਦੀ ਐ ਕਿ ਤੇਰੇ ਦਿਮਾਗ਼ ਨੂੰ ਰੀਲੈਕਸ ਹੋਣ ਦੀ ਲੋੜ ਐ। ਕਈ ਵਾਰ ਸਾਨੂੰ ਸਰੀਰਕ ਸੰਤੁਸ਼ਟੀ ਚਾਹੀਦੀ ਹੁੰਦੀ ਤੇ ਕਦੇ ਮਾਨਸਿਕ। ਪਰ ਇੰਦਰ ਕੋਲ਼ੋਂ ਤਾਂ ਦੋਵੇਂ ਹੀ ਨਹੀਂ ਮਿਲ਼ੀਆਂ। ਹੁਣ ਜੀਅ ਕਰਦਾ ਕਿ ਕੋਈ ਹੋਵੇ ਜਿਹੜਾ ਮੇਰੀ ਰੂਹ ਨੂੰ ਸਕੂਨ ਦੇਵੇ। ਮੇਰੇ ਖਾਲੀਪਣ 'ਚ ਮੇਰੇ ਨਾਲ਼ ਹੋਵੇ। ਜੀਹਦੇ ਨਾਲ਼ ਮਨ ਦੀਆਂ ਗੁੰਝਲ਼ਾਂ ਖੋਲ੍ਹੀਆਂ ਜਾਣ।

ਚਾਰੇ ਪਾਸੇ ਨਜ਼ਰ ਦੁੜਾਉਂਦੀ ਹਾਂ। ਕੌਣ ਹੋ ਸਕਦਾ ਜਿਸ ਕੋਲ਼ ਮੇਰਾ ਧਰਵਾਸ ਐ।

ਕਥਾ ਸੁਣ ਰਹੀ ਸੀ ਇਕ ਦਿਨ। ਬਾਬਾ ਜੀ ਕਹਿ ਰਹੇ ਸਨ ਇਕੋ ਜਨਮ ਐ। ਵਿਅਰਥ ਨਹੀਂ ਗਵਾਉਣਾ ਚਾਹੀਦਾ। ਆਪਣੇ ਮਨ ਦੀ ਗੱਲ ਸੁਣ ਕੇ ਚੱਲਣਾ ਚਾਹੀਦਾ। ਹਰ ਕੋਈ ਜ਼ਿੰਦਗੀ ਜਿਉਣ ਆਇਆ। ਕਿਸੇ ਦਾ ਨੁਕਸਾਨ ਨਾ ਹੋਵੇ ਪਰ ਆਪਣਾ ਰਾਹ ਸੌਖਾ ਕਰ ਲੈਣਾ ਚਾਹੀਦਾ। ਧਿਆਨ ਲਾਉਣਾ ਚਾਹੀਦਾ। ਪਰ ਮੇਰਾ ਧਿਆਨ ਤਾਂ ਮੇਰੇ ਵੱਲੋਂ ਹਟਦਾ ਈ ਨਹੀਂ।

ਕੋਈ ਢੰਗ ਦਾ ਸਾਥ ਜੁੜੇ। ਜਿਹੜਾ ਮੇਰੀਆਂ ਸਾਰੀਆਂ ਗੰਢਾਂ ਖੋਲ੍ਹ ਦੇਵੇ।

ਮਿਸਿਜ਼ ਕੌਸਰ ਦੇ ਘਰਵਾਲ਼ੇ ਵਰਗਾ ਜਿਹੜਾ ਪਤਨੀ ਨਾਲ਼ ਵੀ ਦੋਸਤਾਂ ਵਰਗੀਆਂ ਗੱਲਾਂ ਕਰਦਾ। ਜੀਅ ਕੀਤਾ ਕਿਸੇ ਦਿਨ ਉਹਨਾਂ ਦੇ ਘਰ ਜਾਵਾਂ। ਦੇਖਾਂ ਤਾਂ ਸਹੀ ਕਿਹੋ ਜਿਹਾ ਹੈ ਉਹ। ਕਈ ਵਾਰ ਮੈਨੂੰ ਮਿਸਿਜ਼ ਕੌਸਰ ਨੇ ਕਿਹਾ ਵੀ ਐ, "ਕਦੇ ਘਰ ਆਓ।"

ਅਸੀਂ ਜਿੰਨੀ ਵਾਰ ਵੀ ਮਿਲ਼ੀਆਂ ਬਾਹਰ ਕਿੱਟੀ 'ਚ ਹੀ ਮਿਲ਼ੀਆਂ।

...

ਚੰਗੀ ਤਰ੍ਹਾਂ ਤਿਆਰ ਸ਼ਿਆਰ ਹੋ ਕੇ ਮਿਸਿਜ਼ ਕੌਸਰ ਦੇ ਘਰ ਤੁਰ ਪਈ ਹਾਂ। ਆਲੀਸ਼ਾਨ ਘਰ। ਵੱਡੇ ਵੱਡੇ ਕੱਟ ਗਲਾਸ ਦੇ ਫੁੱਲਦਾਨ। ਮਹਿੰਗੀਆਂ ਪੇਂਟਿੰਗਜ਼ ਹਰ ਕੰਧ 'ਤੇ। ਮੈਂ ਥੋੜ੍ਹੀ ਅਸਹਿਜ ਜਿਹੀ ਮਹਿਸੂਸ ਕਰਾਂ। ਥੋੜ੍ਹੀ ਦੇਰ ਬਾਅਦ ਮਿਸਟਰ ਕੌਸਰ ਵੀ ਆ ਗਏ। ਮੈ ਵਿਸ਼ ਕੀਤਾ ਤਾਂ ਲੱਗਿਆ ਕਿ ਉਹ ਅਜਬ ਜਿਹੀਆਂ ਨਜ਼ਰਾਂ ਨਾਲ਼ ਮੈਨੂੰ ਦੇਖ ਰਹੇ ਨੇ। ਥੋੜ੍ਹੀ ਗੱਲਬਾਤ ਤੋਂ ਬਾਅਦ ਮੈਨੂੰ ਕਹਿੰਦੇ ਕੀ ਕਰਦੇ ਨੇ ਤੁਹਾਡੇ ਮਿਸਟਰ?

ਮੈ ਤ੍ਰਭਕ ਜਿਹੀ ਗਈ। ਅਜਿਹੇ ਸਵਾਲ ਦੀ ਮੈਨੂੰ ਉਮੀਦ ਨਹੀਂ ਸੀ।

"ਉਹ ਜ਼ਿਆਦਾਤਰ ਐਬਰੌਡ ਹੀ ਰਹਿੰਦੇ ਨੇ।"

ਮੈਂ ਜੋ ਸੁੱਝਿਆ ਉਹੀ ਕਹਿ ਦਿੱਤਾ। ਸ਼ਾਇਦ ਮੈ ਮਿਸਿਜ਼ ਕੌਸਰ ਨੂੰ ਵੀ ਕਦੇ ਨਹੀਂ ਦੱਸਿਆ ਆਪਣੇ ਪਤੀ ਬਾਰੇ।

ਕੁਝ ਦੇਰ ਬੈਠੀ, ਗੱਲਾਂ ਕੀਤੀਆਂ ਤੇ ਮੈਂ ਘਰ ਨੂੰ ਆ ਗਈ।

ਅਗਲੇ ਦਿਨ ਮੈਨੂੰ ਫੋਨ ਆਇਆ ਮਿਸਟਰ ਕੌਸਰ ਦਾ। ਹੈਰਾਨ ਹੋ ਗਈ ਮੈਂ। ਕਹਿੰਦਾ

ਜਿਹੜੇ ਵਕੀਲ ਕੋਲ਼ ਤੇਰਾ ਤਲਾਕ ਦਾ ਕੇਸ ਚੱਲਦਾ ਉਹ ਮੇਰਾ ਬਹੁਤ ਕਰੀਬੀ ਮਿੱਤਰ ਐ। ਤੇਰੇ ਬਾਰੇ ਦੱਸਿਆ ਸੀ ਉਹਨੇ। ਕਹਿੰਦਾ ਸੀ ਬਲਾ ਦੀ ਖ਼ੂਬਸੂਰਤ ਐ ਬੀਬੀ ਪਰ ਬੰਦਾ ਬੇਕਾਬੂ ਹੋ ਗਿਆ ਇਹਦਾ।

ਮੈਂ ਬੁਰੀ ਤਰ੍ਹਾਂ ਘਬਰਾ ਗਈ। ਇਹ ਕਿਵੇਂ ਦੀਆਂ ਗੱਲਾਂ ਕਰ ਰਿਹਾ ਸੀ। ਮੈਂ ਕਿਹਾ ਜੀ ਤੁਸੀਂ ਫੋਨ ਕਿਉਂ ਕੀਤਾ ਮੈਨੂੰ? ਕਹਿੰਦਾ ਕੋਈ ਲੋੜ ਹੈ ਤਾਂ ਦੱਸੋ। ਜੇ ਬੰਦਾ ਬੇਵਫ਼ਾ ਨਿੱਕਲ਼ ਜਾਵੇ ਤਾਂ ਬਹੁਤੀ ਵਫ਼ਾਦਾਰੀ ਜਿਹੀ ਨਹੀਂ ਦਿਖਾਈਦੀ। ਆਪਣੇ ਲਈ ਕੋਈ ਹੀਲਾ ਕਰੀ ਦਾ, ਖ਼ੂਬਸੂਰਤ ਹੀਲਾ। ਇਕੱਲੀ ਏਂ ਤੂੰ ਤੇ ਮੈਂ ਵੀ ਸਮਝੋ 'ਕੱਲਾ ਈ ਆਂ। ਮੈਡਮ ਨੇ ਖੁੱਲ੍ਹੀ ਛੁੱਟੀ ਦਿੱਤੀ ਹੋਈ ਏ। ਉਹਦਾ ਧਿਆਨ ਹੁਣ ਆਪਣੀ ਜ਼ਿੰਦਗੀ ਜਿਉਣ ਵੱਲ ਜ਼ਿਆਦਾ ਐ ਤੇ ਮੇਰੇ ਵੱਲੋਂ ਹੁਣ ਲਾਪਰਵਾਹ ਐ।

ਮੇਰੇ ਪਸੀਨੇ ਛੁੱਟਣ ਲੱਗੇ। ਆਪਣਾ ਆਪ ਬਹੁਤ ਹੀ ਲਾਚਾਰ ਜਿਹਾ ਲੱਗਿਆ। ਬਹੁਤ ਖਿਝ ਆਈ ਮੈਨੂੰ ਉਸ ਵਕਤ। ਸਮਝਦੇ ਕੀ ਨੇ ਇਹ ਬੰਦੇ ਔਰਤਾਂ ਨੂੰ। ਏਨੀ ਗਈ ਗੁਜ਼ਰੀ ਨਹੀਂ ਮੈਂ ਕਿ ਮੈਨੂੰ ਬਾਜ਼ਾਰੀ ਜਿਹੀ ਸਮਝ ਲਿਆ ਜਾਵੇ।

ਮੈਂ ਬਿਨਾਂ ਕੁਝ ਬੋਲੇ ਫੋਨ ਕੱਟ ਦਿੱਤਾ। ਗੱਲ ਖਤਮ। ਕਿੱਟੀ ਖਤਮ।

...

ਦੋ ਚਾਰ ਮਹੀਨੇ ਹੀ ਬੀਤੇ ਹੋਣੇ ਫਿਰ ਉਹੀ ਦੌਰੇ ਪੈਣ ਲੱਗੇ। ਇਕੱਲਤਾ ਦੇ ਦੌਰੇ। ਕਦੇ 'ਕੱਲੀ ਨੇ ਸ਼ੌਪਿੰਗ ਲਈ ਨਿੱਕਲ਼ ਜਾਣਾ ਤੇ ਕਦੇ ਫਿਲਮ ਦੇਖਣ। ਪਰ ਮਨ ਸੀ ਕਿ ਇਹਨੂੰ ਕਿਧਰੇ ਚੈਨ ਨਹੀਂ ਸੀ। ਆਪਣੇ ਜਿਸਮ 'ਚੋਂ ਸੇਕ ਮਾਰਨ ਲੱਗਦਾ। ਜੀਅ ਕਰਦਾ ਬਰਫ਼ ਦੀ ਸਿੱਲ੍ਹ ਉੱਤੇ ਪੈ ਜਾਵਾਂ। ਬਾਥਰੂਮ 'ਚ ਜਾ ਕੇ ਸ਼ੀਸ਼ੇ ਮੂਹਰੇ ਖੜ੍ਹ ਪੂਰੇ ਬਦਨ ਨੂੰ ਨਿਹਾਰਿਆ। ਸਭ ਕੁਝ ਥਾਂ ਟਿਕਾਣੇ ਸੀ। ਫਿਰ ਸੋਚਾਂ ਮੈਨੂੰ ਚਾਹੀਦਾ ਕੀ ਐ ਅਸਲ 'ਚ?

ਜਿਸਮ ਦਾ ਰੱਜ ਜਾਂ ਰੂਹ ਦਾ। ਫਿਰ ਸੋਚਾਂ ਦੋਹੇਂ ਰੱਜ ਜ਼ਰੂਰੀ ਨੇ। ਭਰਪੂਰ ਜਿਉਣ ਲਈ। ਕੀ ਕਰਾਂ? ਕਿਸਨੂੰ ਤਲਾਸ਼ਾਂ?

ਤਲਾਸ਼ ਕੀਤਿਆਂ ਕੁਝ ਮਿਲ਼ੇ ਜਾਂ ਨਾ ਪਰ ਚਾਹੁਣ ਨਾਲ਼ ਤਾਂ ਕਹਿੰਦੇ ਰੱਬ ਵੀ ਮਿਲ਼ ਜਾਂਦਾ।

ਤੇ ਮੈਂ ਤਾਂ ਫਿਰ ਤਲਾਸ਼ ਵੱਲ ਈ ਤੁਰ ਪਈ ਕਮਲ਼ੀ!

ਉਹਦੇ ਕੋਲ਼ ਜਾਣ ਦਾ ਮਨ ਬਣਾਇਆ ਜੀਹਨੇ ਕਿਹਾ ਸੀ ਤੁਹਾਡੇ ਤੋਂ ਕੋਈ ਹੋਰ ਕੰਮ ਲਵਾਂਗੇ। ਕਈ ਦਿਨ ਆਪਣੇ ਅੰਦਰ ਨਾਲ਼ ਉਲ਼ਝਦੀ ਨੇ ਲੰਘਾ ਦਿੱਤੇ। ਇਕ ਦਿਨ ਸੋਚਿਆ ਮਨਾਂ ਪੁੱਛਾਂ ਤਾਂ ਸਹੀ ਕਿ ਕੀ ਕੰਮ ਐ ਉਹਨੂੰ ਮੇਰੇ ਤਾਈਂ। ਆਪਣੇ ਦਿਲ ਦਿਮਾਗ਼ ਨੂੰ ਪੂਰੇ ਜ਼ਾਬਤੇ 'ਚ ਰੱਖ ਜਾ ਉਹਦੇ ਦਫ਼ਤਰ ਦਾ ਬੂਹਾ ਖੜਕਾਇਆ। ਉਹ ਹੈਰਾਨ ਹੋ ਗਿਆ। ਕਹਿੰਦਾ ਕਿਵੇਂ ਆਉਣਾ ਹੋਇਆ? ਮੈਂ ਕਿਹਾ ਉਸ ਦਿਨ ਦੀ ਮੈਂ ਸੋਚ ਰਹੀ ਸੀ ਕਿ ਤੁਸੀਂ ਕਿਹੜਾ ਕੰਮ ਲੈਣਾ ਸੀ ਮੈਥੋਂ? ਮੈਂ ਕਿਹੜੇ ਕੰਮ ਆ ਸਕਦੀ ਆਂ ਤੁਹਾਡੇ? ਉਹ ਹੱਸ ਪਿਆ। ਕਹਿੰਦਾ ਬੜੀ ਜਲਦਬਾਜ਼ੀ ਕੀਤੀ ਤੁਸੀਂ? ਮੈਂ ਤਾਂ ਅਜੇ ਉਲਝਣ 'ਚ ਸੀ ਕਿ ਕਹਾਂ ਜਾਂ ਨਾ!

ਮੈਨੂੰ ਸਮਝ ਨਾ ਲੱਗੇ ਕਿ ਇਸ ਗੱਲ ਦਾ ਹੁਣ ਕੀ ਜਵਾਬ ਦਿਆਂ!

ਪਰ ਜੋ ਉਹਨੇ ਦੱਸਿਆ ਤਾਂ ਮੈਂ ਹੈਰਾਨ ਹੋ ਗਈ ਉਹਦੀ ਗੱਲ ਸੁਣਕੇ। ਕਹਿੰਦਾ ਮੇਰੀ ਔਰਤ ਕਿਸੇ ਹੋਰ ਨਾਲ਼ ਇਸ਼ਕ ਕਰਦੀ ਐ। ਸਭ ਕੁਝ ਜਾਣਦਾ ਵੀ ਮੈਂ ਕੁਝ ਕਰ ਨਹੀਂ ਰਿਹਾ। ਉਹ ਮੈਨੂੰ ਠੰਢਾ ਮਰਦ ਕਹਿੰਦੀ ਐ। ਜਦੋਂ ਤੁਹਾਡੀਆਂ ਗੱਲਾਂ ਸੁਣੀਆਂ ਤੇ ਤੁਹਾਨੂੰ ਜਾਣਿਆ ਤਾਂ ਲੱਗਿਆ ਕਿ ਤੁਸੀਂ ਮੇਰਾ ਕੰਮ ਕਰ ਸਕਦੇ ਹੋ। ਕੀ ਮੇਰੇ ਨਾਲ਼ ਇਸ਼ਕ ਕਰ ਸਕਦੇ ਹੋ? ਝੂਠਾ ਇਸ਼ਕ। ਜੋ ਸੱਚਾ ਲੱਗੇ। ਮੈਂ ਉਹਨੂੰ ਦਿਖਾਉਣਾ ਚਾਹੁੰਨਾਂ ਕਿ ਮਰਦ ਠੰਢਾ ਨਹੀਂ ਹੁੰਦਾ, ਕਈ ਵਾਰ ਔਰਤ ਹੀ ਅੱਗ ਦੀ ਨਾਲ਼ ਹੁੰਦੀ ਐ।

ਮੇਰੇ ਜਿਸਮ ਦਾ ਸੇਕ ਫਿਰ ਮੈਨੂੰ ਡਰਾਉਣ ਲੱਗਿਆ। ਅੱਗ ਹੀ ਤਾਂ ਸੀ ਮੇਰੇ ਅੰਦਰ ਵੀ। ਜਿਸਮ ਦੀ ਅੱਗ ਬੁਝਣ ਨਾਲ਼ ਹੀ ਤਾਂ ਮਨ ਦੀ ਭੁੱਖ ਰੱਜਦੀ ਐ। ਮੈਂ ਹੱਸ ਪਈ। ਅੱਛਾ ਇਹ ਕੰਮ ਸੀ ਮੇਰੇ ਲਈ!

ਮੈਂ ਹਾਮੀ ਭਰ ਦਿੱਤੀ। ਪਤਾ ਨਹੀਂ ਕਿਉਂ! ਉੱਖੜਿਆ ਜਿਹਾ ਮਨ ਕਈ ਵਾਰ ਐਵੇਂ ਕਸੂਤੇ ਕੰਮੀਂ ਜਾ ਲੱਗਦਾ।

ਉਹ ਕਹਿੰਦਾ ਜਿੱਥੇ ਜਿੱਥੇ ਮੇਰੀ ਵਾਈਫ ਜਾਂਦੀ ਐ ਬਸ ਉੱਥੇ ਉੱਥੇ ਤੁਸੀਂ ਮੇਰੇ ਨਾਲ਼ ਜਾਣਾ। ਦਿਖਾਉਣਾ ਉਹਨੂੰ ਕਿ ਮੈਂ ਵੀ ਹੁਣ 'ਕੱਲਾ ਨਹੀਂ। ਮੈਂ ਰਾਜ਼ੀ ਹੋ ਗਈ। ਕਦੇ ਅਸੀਂ ਮਿਥੇ ਸਮੇਂ 'ਤੇ ਬਾਜ਼ਾਰ ਨੂੰ ਤੁਰ ਪੈਂਦੇ, ਕਦੇ ਕਿਸੇ ਯੂਨੀਸੈਕਸ ਸੈਲੂਨ 'ਚ ਵੜ ਜਾਂਦੇ।

ਇਕ ਦਿਨ ਉਹਦੀ ਘਰਵਾਲ਼ੀ ਨੇ ਸੱਚੀਂ ਸਾਨੂੰ ਦੇਖ ਲਿਆ। ਦੂਰੋਂ ਦੇਖਿਆ ਸੀ ਫਿਰ ਪਿਛਾਂਹ ਮੁੜ ਕੇ ਝਾਕੀ ਤੇ ਅਗਲੇ ਹੀ ਪਲ ਆਵਦੀਆਂ ਕਾਲ਼ੀਆਂ ਐਨਕਾਂ ਸੁਆਰਦੀ ਸ਼ੋਅ ਰੂਮ 'ਚ ਵੜ ਗਈ। ਅਸੀਂ ਦੇਖਦੇ ਹੀ ਰਹਿ ਗਏ ਕਿ ਉਹਨੇ ਤਾਂ ਗੌਲ਼ਿਆ ਤਕ ਨਹੀਂ!

ਸ਼ਾਇਦ ਉਹ ਖੁਸ਼ ਹੋਣੀ ਕਿ ਸ਼ੁਕਰ ਐ ਇਹਨੂੰ ਵੀ ਕੋਈ ਮਿਲ਼ ਗਈ।

ਉਹ ਤਾਂ ਕਈ ਦਿਨ ਸਾਨੂੰ ਦੋਬਾਰਾ ਨਾ ਦਿਖੀ ਪਰ ਮੇਰੀ ਨੇੜਤਾ ਅੰਦਰੋਂ ਅੰਦਰੀ ਵਧਣ ਲੱਗ ਪਈ ਉਸ ਬੰਦੇ ਨਾਲ਼। ਉਹ ਮੈਨੂੰ ਫੋਨ ਕਰਦਾ। ਅਗਲੇ ਦਿਨ ਕਿਤੇ ਜਾਣ ਦਾ ਸਮਾਂ ਤੈਅ ਕਰਦਾ ਤੇ ਫਿਰ ਐਵੇਂ ਮੇਰੇ ਨਾਲ਼ ਘਰੇਲੂ ਜਹੀਆਂ ਗੱਲਾਂ ਕਰਨ ਲੱਗਦਾ। ਅਸੀਂ ਬੜਾ ਹੱਸਦੇ। ਮੇਰੀ ਇਕੱਲਤਾ ਮੈਨੂੰ ਚੁਭਣੋਂ ਹਟ ਗਈ। ਕਦੇ ਕਦੇ ਮੈਂ ਉਹਨੂੰ ਆਪਣੇ ਲਈ ਵੀ ਮਿਲਣ ਲੱਗ ਪਈ। ਉਹ ਕਦੇ ਵੀ ਮੈਨੂੰ ਗ਼ਲਤ ਨਾ ਲੱਗਿਆ। ਇਕ ਦਿਨ ਮੈਂ ਐਵੇਂ ਹੀ ਉਹਨੂੰ ਟੋਹਣ ਦੇ ਇਰਾਦੇ ਨਾਲ਼ ਪੁੱਛ ਲਿਆ ਕਿ ਮੇਰੀ ਇਹ ਫੀਸ ਕਦ ਤਕ ਚੱਲੀ ਜਾਣੀ?

ਕਹਿੰਦਾ ਮੇਰਾ ਕੰਮ ਤਾਂ ਹੋ ਗਿਆ। ਮੇਰੀ ਔਰਤ ਤਾਂ ਹੁਣ ਪਰਤ ਆਈ ਮੇਰੇ ਕੋਲ਼।। ਬੱਸ ਏਨੀ ਕੁ ਮਾਰ ਹੁੰਦੀ। ਜਨਾਨੀ ਆਪਣੇ ਬੰਦੇ ਨੂੰ ਕਿਸੇ ਹੋਰ ਨਾਲ਼ ਖੁਸ਼ ਨਹੀਂ ਦੇਖ ਸਕਦੀ।

ਮੈਂ ਕਿਹਾ ਫਿਰ ਤੁਸੀਂ ਮੈਨੂੰ ਦੱਸਿਆ ਕਿਉਂ ਨਹੀਂ ?

ਕਹਿੰਦਾ ਦੱਸ ਕੇ ਤੈਨੂੰ ਦੂਰ ਨਹੀਂ ਸੀ ਕਰਨਾ ਚਾਹੁੰਦਾ। ਮੇਰੀ ਜਿਸਮ ਦੀ ਲੋੜ ਘਰੇ ਪੂਰੀ ਹੋ ਰਹੀ ਐ ਤੇ ਸਕੂਨ ਤੇਰੇ ਕੋਲ਼ੋਂ ਮਿਲ਼ੀ ਜਾ ਰਿਹਾ। ਹੋਰ ਕੀ ਚਾਹੀਦਾ!

ਮੈਨੂੰ ਲੱਗਿਆ ਮੈਂ ਖੜ੍ਹੀ ਖੜ੍ਹੀ ਵਿਕ ਗਈ। ਮੇਰਾ ਸੌਦਾ ਹੋ ਗਿਆ ਤੇ ਮੈਨੂੰ ਖ਼ਬਰ ਤਕ ਵੀ ਨਹੀਂ। ਮੇਰਾ ਸਾਰਾ ਜਿਸਮ ਠੰਢਾ ਪੈ ਗਿਆ। ਸਾਰੀ ਅੱਗ ਠਰ ਗਈ। ਮੈਂ ਖੁਦ ਸਿੱਲ੍ਹ ਹੋ ਗਈ।

ਜਿਸਮ ਨੂੰ ਹੁਣ ਹੋਰ ਕੁਝ ਨਹੀਂ ਸੀ ਚਾਹੀਦਾ। ਤੇ ਰੂਹ ਉਹ ਤਾਂ ਛਲਣੀ ਹੋ ਗਈ ਸੀ... 000

***(Kilaraipur02@gmail.com)***

# ਸਭ ਤੋਂ ਉਦਾਸ ਇਬਾਰਤ: ਕਹਾਣੀ: ਬਲਬੀਰ ਪਰਵਾਨਾ

ਪੰਜਵੇਂ ਚੱਕਰ 'ਚ ਮੁੱਖ ਸੜਕ ਵੱਲ ਆਉਂਦਿਆਂ ਪ੍ਰੇਮਜੀ ਨੂੰ ਬੈਂਚ 'ਤੇ ਬੈਠਾ ਦੇਖਿਆ। ਕਲੋਨੀ ਅੰਦਰ ਵੜਦੀ ਗਲੀ ਦੇ ਮੂਹਰੇ, ਲੋਹੇ ਦੇ ਗੇਟ ਦੇ ਅੰਦਰਲੇ ਪਾਸੇ ਬਣੇ ਸੀਮੈਂਟਿਡ ਬੈਂਚ 'ਤੇ ਬੈਠਾ ਉਹ ਬਾਹਰ ਸੜਕ ਵੱਲ ਦੇਖ ਰਿਹਾ ਸੀ। ਬਿਲਕੁਲ ਨੇੜੇ ਜਾਣ 'ਤੇ ਉਸਦਾ ਧਿਆਨ ਮੇਰੇ ਵੱਲ ਮੁੜਿਆ। ਇੱਥੇ ਬਹਿਣਾ ਵੀ ਇਕ ਤਰ੍ਹਾਂ ਸੈਰ ਦੇ ਰੁਟੀਨ ਦਾ ਹੀ ਹਿੱਸਾ ਬਣ ਗਿਆ ਹੋਇਆ। ਕਦੀ ਦੋ, ਕਦੀ ਚਾਰ, ਕਦੀ ਪੰਜ ਸੱਤ ਜਣੇ ਵੀ ਹੋ ਜਾਂਦੇ। ਆਹਮਣੇ-ਸਾਹਮਣੇ ਬਣੇ ਚਾਰੇ ਬੈਂਚ ਭਰ ਜਾਂਦੇ। ਇਕ ਦੂਸਰੇ ਨਾਲ ਮਨ ਦੀਆਂ ਕੁਝ ਗੱਲਾਂ ਹੋ ਜਾਂਦੀਆਂ; ਕੁਝ ਬੱਚਿਆਂ ਦੇ ਕੰਮਕਾਰ ਬਾਰੇ, ਪੈਨਸ਼ਨ ਬਾਰੇ, ਕਿਸੇ ਮਿਲਣ ਵਾਲੇ ਬਕਾਏ ਬਾਰੇ ਵੀ। ਪੈਨਸ਼ਨ ਦੀਆਂ ਬਹੁਤੀਆਂ ਬਾਰੀਕੀਆਂ ਦਾ ਕਰਤਾਰ ਸਿੰਘ ਨੂੰ ਪਤਾ ਹੁੰਦਾ, ਨਿੱਕੀ ਤੋਂ ਨਿੱਕੀ ਗੱਲ ਦਾ; ਤੇ ਉਹ ਹਰ ਨਵੀਂ ਜਾਣਕਾਰੀ ਪੂਰੇ ਵਿਸਥਾਰ ਨਾਲ ਸਮਝਾਉਣ ਦੀ ਕੋਸ਼ਿਸ਼ ਵੀ ਕਰਦਾ। ਕਈਆਂ ਦੇ ਅੜੇ-ਥੁੜੇ ਕੇਸ ਪੈਸਿਆਂ ਦਾ ਲੈ-ਦੇ ਕਰ ਕੇ ਕਢਵਾ ਵੀ ਦਿੰਦਾ। ਕਲੋਨੀ 'ਚ ਹੋਏ-ਵਾਪਰੇ ਦੀ ਵੀ ਚਰਚਾ ਹੁੰਦੀ ਰਹਿੰਦੀ; ਕਿਸ ਕੋਠੀ 'ਚ ਕਿਹੜੀ ਖਿਚੜੀ ਰਿੱਝ ਰਹੀ ਐ ਜਾਂ ਕਿਸ ਮੁੰਡੇ-ਕੁੜੀ ਦਾ ਚੱਕਰ ਚੱਲਣ ਲੱਗਾ। ਦੇਸ਼ ਦੀ ਰਾਜਨੀਤੀ ਦੀ ਚਰਚਾ ਤਾਂ ਭੱਖਦੀ ਹੀ, ਇਸ 'ਚ ਹਰਪਾਲ ਵਿਰਕ ਤੇ ਵਰਮੇ ਦੇ ਬਹੁਤ ਸਿੰਗ ਫਸਦੇ। ਵਿਰਕ ਪਹਿਲਾਂ ਅਕਾਲੀਆਂ ਦਾ ਹਿਮਾਇਤੀ ਹੁੰਦਾ ਸੀ, ਅੱਜਕਲ ਆਮ ਆਦਮੀ ਪਾਰਟੀ ਦੇ ਗੁਣਗਾਨ ਕਰਦਾ। ਕਾਂਗਰਸ ਦਾ ਪਹਿਲਾਂ ਹੀ ਤਵਾ ਲਾਉਂਦਾ ਸੀ, ਹੁਣ ਅਕਾਲੀਆਂ 'ਤੇ ਸੂਈ ਉਸ ਤੋਂ ਵੀ ਤਿੱਖੀ ਚਲਦੀ, "ਸਾਨੂੰ ਪੰਥ ਦਾ ਵਾਸਤਾ ਦੇ ਕੇ ਆਪਣੇ ਘਰ ਭਰਦੇ ਰਹੇ...।" ਉਹ ਸਾਧਾਰਨ ਗੱਲ ਨੂੰ ਵੀ ਰਾਜਨੀਤੀ ਵੱਲ ਖਿੱਚ ਤੁਰਦਾ ਤਾਂ ਵਰਮਾ ਹੱਸ ਕੇ ਕਹਿੰਦਾ, "ਵਿਰਕ ਸਾਬ੍ਹ, ਇਸ ਵਾਰ ਅਸੀਂ ਤੁਹਾਨੂੰ ਕੌਂਸਲਰ ਦੀ ਚੋਣ ਲੜਾਵਾਂਗੇ...ਕੁਝ ਸਾਡੀ ਕਲੋਨੀ ਦਾ ਵੀ ਸੁਧਾਰ ਹੋ ਜੂ।"

"ਨਾ, ਨਾ...ਇਹ ਚੋਣ ਰਾਜਨੀਤੀ ਆਪਣੇ ਬਸ ਦੀ ਗੱਲ ਨੀ...ਇਹ ਤਾਂ ਭੀੜਤੰਤਰ ਬਣਦੀ ਜਾ ਰਹੀ ਐ...ਸੱਚ, ਅਸੂਲਾਂ ਦੀ ਗੱਲ ਨੂੰ ਕੌਣ ਪੁੱਛਦਾ!" ਕੰਨਾਂ ਨੂੰ ਹੱਥ ਲਾ ਤੋਬਾ ਕਰਦਾ ਉਹ ਨਾਲ ਹੀ ਵਰਮੇ ਨੂੰ ਚੋਭ ਲਾ ਜਾਂਦਾ, "ਇਹ ਤਾਂ ਤੁਸੀਂ ਲੜੋ...ਤੁਹਾਡੀ ਪਾਰਟੀ ਦੀ ਅੱਜਕਲ ਪੂਰੀ ਚੜ੍ਹਾਈ ਐ...ਹਰ ਕੋਈ ਈ ਡੀ ਤੋਂ ਡਰਿਆ ਤੁਹਾਡਾ ਨਾਮ ਜਪੀ ਜਾਂਦਾ।"

"ਜਦੋਂ ਤੁਸੀਂ ਹੇਰਾਫੇਰੀ ਕਰਨੀ ਨੀ, ਤੁਹਾਨੂੰ ਕਾਹਦਾ ਡਰ?"

"ਡਰ ਨਾ ਕਰਨ ਵਾਲੇ ਨੂੰ ਹੀ ਹੁੰਦਾ! ਜਿਹੜੇ ਕਰਦੇ, ਉਹਨਾਂ ਨੇ ਪਹਿਲਾਂ ਹੀ ਤਾਰਾਂ ਉਪਰ ਤਕ ਜੋੜੀਆਂ ਹੁੰਦੀਆਂ।" ਇੱਥੇ ਬੈਠਿਆਂ, ਗੱਲਾਂ ਮਾਰਦਿਆਂ ਸੰਸਾਰ ਜੀਉ ਪਿਆ ਲਗਦਾ ਸੀ। ਨਹੀਂ ਤਾਂ ਘਰ ਪਏ ਰਹੋ ਚੁੱਪ-ਚਾਪ। ਕਦੀ ਚਾਹ ਪੀ ਲਈ, ਕਦੀ ਤਾਜ਼ੇ ਕਰਵਾਏ ਚੈੱਕਅਪ ਦੀਆਂ ਰਿਪੋਰਟਾਂ ਦਾ ਪਿਛਲੀਆਂ ਰਿਪੋਰਟਾਂ ਨਾਲ ਮਿਲਾਣ ਕਰ ਦੇਖ ਲਿਆ; ਸਿਹਤ 'ਚ ਕੋਈ ਸੁਧਾਰ ਆਇਆ ਜਾਂ ਸਥਿਤੀ ਪਹਿਲਾਂ ਤੋਂ ਵਿਗੜ ਗਈ। ਦੂਜੇ ਤੀਜੇ ਬੀ.ਪੀ. ਚੈੱਕ ਕਰਨਾ। ਉਸਦੇ ਵਾਧੇ-ਘਾਟੇ ਦੀਆਂ ਚਿੰਤਾਵਾਂ ਵੱਖਰੀਆਂ।

ਕੁਝ ਇਹ ਥਾਂ ਵੀ ਰਮਣੀਕ ਜਿਹੀ ਹੈ। ਸਾਹਮਣੀ ਸੜਕ ਪਿੰਡਾਂ ਵੱਲੋਂ ਆਉਂਦੀ ਸ਼ਹਿਰ ਦੇ ਅੱਡੇ ਵੱਲ ਨੂੰ ਜਾਂਦੀ ਸੀ, ਜਿਸ 'ਤੇ ਸਵੇਰੇ ਹੀ ਆਵਾਜਾਈ ਸ਼ੁਰੂ ਹੋ ਜਾਂਦੀ। ਪਹਿਲਾਂ ਸਕੂਲ ਵੈਨਾਂ/ਬੱਸਾਂ। ਕਲੋਨੀ ਅੰਦਰ ਨੂੰ ਵੀ ਤਿੰਨ ਚਾਰ ਸਕੂਲਾਂ ਦੀਆਂ ਵੈਨਾਂ ਬੱਚੇ ਲੈਣ ਲਈ ਮੁੜਦੀਆਂ। ਸਕੂਲਾਂ 'ਚ ਸਹੂਲਤਾਂ ਦਾ ਪੱਧਰ ਵੈਨਾਂ/ਬੱਸਾਂ 'ਚੋਂ ਦਿਸ ਜਾਂਦਾ। ਬੱਸ ਏ.ਸੀ. ਹੈ ਜਾਂ ਨਾਨ-ਏ.ਸੀ.।

ਸਹੂਲਤਾਂ ਅਨੁਸਾਰ ਹੀ ਖਰਚੇ ਹੁੰਦੇ। ਸਕੂਟਰਾਂ/ਕਾਰਾਂ 'ਤੇ ਮਾਪੇ ਆਪ ਵੀ ਬੱਚਿਆਂ ਨੂੰ ਛੱਡਣ ਜਾਂਦੇ। ਇਹ ਰਸ਼ ਮੁੱਕਦਾ ਤਾਂ ਨੌਕਰੀਆਂ ਵਾਲਿਆਂ ਦੀ ਆਓ-ਗੱਛ ਸ਼ੁਰੂ ਹੋ ਜਾਂਦੀ। ਸਕੂਟਰ, ਕਾਰਾਂ, ਬਾਈਕਾਂ ਦਾ ਇਕ ਅਮੁੱਕ ਸਿਲਸਿਲਾ।

ਸੜਕ ਦੇ ਪਾਰੋਂ ਪਹਿਲਾਂ ਗੰਦਾ ਨਾਲਾ ਲੰਘਦਾ ਸੀ। ਅੱਧੇ ਸ਼ਹਿਰ ਦੇ ਸੀਵਰੇਜ ਦਾ ਪਾਣੀ ਇਸ ਨਾਲੇ ਰਾਹੀਂ ਛੇ,ਸੱਤ ਕਿਲੋਮੀਟਰ ਬਦਬੂ ਖਿੰਡਾਉਂਦਾ ਵੇਈਂ 'ਚ ਜਾ ਕੇ ਪੈਂਦਾ। ਇਸਦੇ ਦੋਹਾਂ ਕੰਢਿਆਂ 'ਤੇ ਰੁੱਖਾਂ, ਝਾੜੀਆਂ ਦੀ ਭਰਮਾਰ ਸੀ, ਖਾਸ ਕਰਕੇ ਬਾਂਸਾਂ ਦੇ ਸੰਘਣੇ ਝਾੜ। ਉਹਨਾਂ 'ਤੇ ਚਹਿਕਦੇ ਪੰਛੀ। ਸਾਲ ਕੁ ਪਹਿਲਾਂ ਨਾਲਾ ਅੰਡਰਗਰਾਊਂਡ ਕਰ ਦੇਣ ਨਾਲ ਇੱਥੋਂ ਕੁ ਬਦਬੂ ਬਾਹਰ ਖਿੰਡਣੀ ਤਾਂ ਮੁੱਕ ਗਈ ਪਰ ਨਾਲ ਹੀ 'ਗਰੀਨ-ਬੈਲਟ' ਵੀ। ਇਸ ਪੱਧਰੀ ਹੋਈ ਥਾਂ 'ਤੇ ਸ਼ੁਰੂ ਹੋ ਗਈ ਸੀ ਨਾਜਾਇਜ਼ ਕਬਜ਼ਿਆਂ ਦੀ ਭਰਮਾਰ। ਦੋ ਦਿਨ ਇਧਰ ਨਾ ਆਓ ਤਾਂ ਤੀਸਰੇ ਦਿਨ ਕੋਈ ਨਵਾਂ ਖੋਖਾ ਰੱਖਿਆ ਦਿਸ ਜਾਂਦਾ। ਕਿਤੇ ਖੜ੍ਹੀਆਂ ਟਰਾਲੀਆਂ, ਫੋਰਵ੍ਹੀਲਰ।

"ਪ੍ਰੇਮਜੀ, ਅੱਜ ਤੁਸੀਂ ਲੇਟ ਹੋ ਗਏ... ! ... ਮੈਂ ਹੁਣ ਤਕ ਪੰਜ ਚੱਕਰ ਲਾ ਚੁੱਕਾ ਹਾਂ।" ਉਸ ਨਾਲਦੇ ਬੈਂਚ 'ਤੇ ਬਹਿੰਦਿਆਂ ਮੈਂ ਕਿਹਾ। ਅਸੀਂ ਗਲੀਆਂ 'ਚ ਬਹੁਤ ਵਾਰ ਇਕੱਠੇ ਸੈਰ ਕਰਦੇ ਸੀ। ਛੇ ਵਜੇ ਦੇ ਅਲਾਰਮ ਨਾਲ ਪਾਰਬਤੀ ਉਠ ਪੈਂਦੀ। ਉੱਠ ਕੇ ਚਾਹ ਬਣਾਉਂਦੀ। ਚਾਹ ਪੀਂਦਿਆਂ ਨੂੰ ਸਵਿੱਤਰੀ ਆ ਜਾਂਦੀ। ਪਾਰਬਤੀ ਉਸ ਤੋਂ ਕੰਮ ਕਰਵਾਉਣ 'ਚ ਰੁੱਝ ਜਾਂਦੀ ਤੇ ਮੈਂ ਬਾਹਰ ਸੈਰ ਨੂੰ ਨਿਕਲ-ਤੁਰਦਾ। ਉਦੋਂ ਕੁ ਹੀ ਪ੍ਰੇਮਜੀ ਵੀ ਆ ਜਾਂਦੇ ਸਨ।

"ਕੋਨੇ ਵਾਲੇ ਮੁਲਤਾਨੀ ਦਾ ਕਿਰਾਏਦਾਰ ਆਕੜ ਗਿਆ। ਉਧਰ ਗਿਆ ਸੀ...ਦੋ ਕੁ ਮਹੀਨਿਆਂ ਤੋਂ ਕਿਰਾਇਆ ਵੀ ਨੀ ਦਿੱਤਾ...ਉਲਟਾ ਘਰਵਾਲੀ ਤੋਂ ਕੇਸ ਪੁਆ ਦਿੱਤਾ...।"

"ਐਗਰੀਮੈਂਟ ਨੀ ਕਰਾਇਆ ਹੋਇਆ?"

"ਪਹਿਲਾ ਕਰਾਉਂਦੇ ਰਹੇ ਤਿੰਨ ਸਾਲ...ਫਿਰ ਘੌਲ਼-ਘੌਲ਼ 'ਚ ਰਹਿ ਗਏ...ਕੁਝ ਲਗਦਾ ਸੀ ਬੰਦੇ ਚੰਗੇ ਐ...ਘਰ ਵਾਂਗ ਵਰਤ-ਵਰਤਾ ਹੋ ਗਿਆ ਸੀ ਉਹਨਾਂ ਨਾਲ..."

"ਜਾਂ ਕਿਰਾਏਦਾਰਨ ਦੀਆਂ ਅੱਖਾਂ ਮਟਕਾ ਮਟਕਾ ਕੇ ਕੀਤੀਆਂ ਗੱਲਾਂ ਦਾ ਚਸਕਾ ਲੱਗ ਗਿਆ ਸੀ... ਘਰਵਾਲਾ ਟੂਰ 'ਤੇ ਹੁੰਦਾ ਤੇ ਇਧਰ ਇਹ ਠਰਕ ਭੋਰਦਾ ਰਹਿੰਦਾ! ਕੀ ਪਤਾ ਡੁੱਬਕੀ ਵੀ ਲੁਆ ਦਿੱਤੀ ਹੋਵੇ!"

"ਡੁੱਬਕੀ ਕੀ ਲਾਉਣੀ ਇਸ ਉਮਰ 'ਚ... ! ... ਉੱਦਾਂ ਈ ਠਰਕ ਠਰਕ 'ਚ ਭਰੋਸਾ ਕਰ ਗਿਆ।"

"ਭਰੋਸਾ ਹੀ ਬੰਦੇ ਨੂੰ ਲੈ ਬੈਠਦਾ।" ਮੈਨੂੰ ਕਿੰਨੇ ਕਿੱਸੇ ਯਾਦ ਆਉਣ ਲੱਗੇ, ਜਿੱਥੇ ਮਕਾਨ ਮਾਲਕਾਂ ਦੇ ਕਿਰਾਏਦਾਰਾਂ ਨਾਲ ਪੰਗੇ ਪਏ ਹੋਏ ਸਨ। ਸਾਡੀ ਕਲੋਨੀ 'ਚ ਹੀ ਇਹ ਤੀਸਰਾ ਕੇਸ ਸੀ। ਚੌਤੀ ਵਾਲੇ ਗੁਰਦੀਪ ਸਿੰਘ ਦਾ ਵਕੀਲ ਤਾਂ ਚਾਰ ਲੱਖ ਲੈ ਕੇ ਉਠਿਆ।

"ਇਹਨਾਂ ਦਾ ਕੋਈ ਰਿਸ਼ਤੇਦਾਰ ਥਾਣੇਦਾਰ ਨੀ ਲੱਗਿਆ ਹੋਇਆ?"

"ਆਪਣਾ ਖਾਸ ਬੰਦਾ ਨਾ ਹੋਵੇ ਤਾਂ ਕੌਣ ਰਿਸਕ ਲੈਂਦਾ...ਫਿਰ ਜਿੱਥੋਂ ਪੈਸੇ ਨਾ ਬਣਨੇ ਹੋਏ...ਉਸਨੇ ਹੀ ਸਲਾਹ ਦਿੱਤੀ ਐ, 'ਮਿੱਠੇ ਪਿਆਰੇ ਹੋ ਕੇ ਕਿਸੇ ਤਰ੍ਹਾਂ ਖਾਲੀ ਕਰਾ ਲਓ, ਝਗੜੇ 'ਚ ਉਲਝ ਗਏ ਤਾਂ ਮਾਮਲਾ ਵੱਧ ਕੰਪਲੀਕੇਟ ਹੋ ਜਾਣਾ!"

ਮਨ 'ਚ ਆਉਣ ਲੱਗਾ ਕੀ ਬਣੇਗਾ? ਕਿਵੇਂ ਖਾਲੀ ਕਰਵਾਉਣਗੇ? ਛਿਅੱਤਰਾਂ-ਸਤੱਤਰਾਂ ਨੂੰ ਢੁੱਕਿਆ ਮੁਲਤਾਨੀ। ਸ਼ੂਗਰ, ਬੀ.ਪੀ, ਹਾਰਟ ਦੀਆਂ ਬਿਮਾਰੀਆਂ ਦਾ ਮਰੀਜ਼। ਘਰਵਾਲੀ ਦੇ ਗੋਡੇ ਨੀ ਚਲਦੇ। ਨੂੰਹ-ਪੁੱਤ ਪੂਨੇ। ਕਦੀ ਸਾਲ-ਛਿਮਾਹੀ ਗੇੜਾ ਮਾਰਦੇ ਦੋ ਚਾਰ ਦਿਨਾਂ ਲਈ। ਉਹਨੀਂ ਦਿਨੀ ਉਹਨਾਂ ਦਾ ਘੁੰਮਣ-ਫਿਰਨ ਨੀ ਮੁੱਕਦਾ! ਕਦੀ ਕਿਸੇ ਰਿਸ਼ਤੇਦਾਰੀ 'ਚ, ਕਦੀ ਕਿਸੇ ਦੋਸਤ ਮਿੱਤਰ ਕੋਲ਼।

"ਦੇਖਦਿਆਂ ਦੇਖਦਿਆਂ ਖੋਖੇ ਰੱਖ ਹੋਣ ਲੱਗੇ...ਛੇ ਮਹੀਨਿਆਂ 'ਚ ਹੀ ਮਾਰਕੀਟ ਬਣ ਗਈ ਐ। ਹੁਣ ਕਿਸੇ ਨੂੰ ਨੀ ਦਿਸਦਾ! ਕਬਜ਼ੇ ਪੱਕੇ ਹੋ ਗਏ ਤਾਂ ਕੋਰਟਾਂ 'ਚ ਕੇਸ ਪਾਉਂਦੇ ਫਿਰਨਗੇ ਖਾਲੀ ਕਰਾਉਣ ਲਈ।" ਗਿੱਲ ਪੋਲਟਰੀ ਫਾਰਮ ਵਾਲਿਆਂ ਦਾ ਫੋਰਵ੍ਹੀਲਰ ਮੁਰਗੇ ਲਾਹੁਣ ਲਈ ਖੋਖਿਆਂ ਵੱਲ ਮੁੜਿਆ ਤਾਂ ਪ੍ਰੇਮਜੀ ਦਾ ਧਿਆਨ ਉਧਰ ਨੂੰ ਹੋ ਗਿਆ। ਬਾਰੀਕ ਤਾਰਾਂ ਦੇ ਜਾਲ਼ ਨਾਲ ਢਕੀ ਹੋਈ ਬਾਡੀ। ਅੰਦਰ ਫੱਟੇ ਲਾ ਕੇ ਬਣਾਈਆਂ ਹੋਈਆਂ ਪੰਜ ਛੱਤਾਂ। ਹਰ ਤਹਿ 'ਚ ਤਾੜ ਤਾੜ ਕੇ ਭਰੇ ਹੋਏ ਮੁਰਗੇ। ਇਹ ਗੱਡੀ ਹਰ ਰੋਜ਼ ਸਵੇਰੇ ਆਉਂਦੀ ਤੇ ਖੋਖੇ ਵਾਲਿਆਂ ਦੀ ਲੋੜ ਅਨੁਸਾਰ ਮੁਰਗੇ ਲਾਹ ਜਾਂਦੀ। ਦੋ ਰੇੜ੍ਹੀਆਂ ਮੱਛੀ ਦੀਆਂ ਵੀ ਲੱਗਣ ਲੱਗ ਪਈਆਂ ਸਨ, ਚਾਰ ਪੰਜ ਸਬਜ਼ੀ ਦੀਆਂ। ਚਾਟ, ਗੋਲਗੱਪੇ, ਆਈਸਕਰੀਮ, ਨੂਡਲਜ਼, ਬਰਗਰ। ਸ਼ਾਮ ਨੂੰ ਇੱਥੇ ਪੂਰੀ ਰੌਣਕ ਹੁੰਦੀ। ਖਰੀਦਦਾਰਾਂ ਦੀ ਵੀ ਤੇ ਮੱਖੀਆਂ ਦੀ ਵੀ; ਖਾਸ ਕਰਕੇ ਮੱਛੀ ਦੀਆਂ ਰੇੜ੍ਹੀਆਂ ਦੁਆਲ਼ੇ ਭਿਣਭਿਣਾਉਂਦੀਆਂ ਮੱਖੀਆਂ ਦੇ ਝੁੰਡਾਂ ਦੇ ਝੁੰਡ। ਕੋਈ ਗਾਹਕ ਆਉਂਦਾ ਤਾਂ ਵੱਢ-ਟੁੱਕ ਨੂੰ ਰੱਖੇ ਝਟਕਈ, ਦੋ ਕੁ ਫੁੱਟ ਡੰਡੇ ਮੋਹਰੇ ਬੰਨ੍ਹੇ ਕੱਪੜੇ ਨੂੰ ਲਹਿਰਾ ਕੇ ਮੱਖੀਆਂ ਉਡਾਉਂਦੇ। ਮੱਖੀਆਂ ਕੁਝ ਪਲ ਲਈ ਉੱਡਦੀਆਂ। ਉਹ ਗਾਹਕ ਦੀ ਇੱਛਾ ਅਨੁਸਾਰ ਵੱਢ-ਟੁੱਕ ਕਰਨ ਲਗਦੇ ਤਾਂ ਝੁੰਡ ਮੁੜ ਮੋਈਆਂ ਮੱਛੀਆਂ 'ਤੇ 'ਕੱਠੇ ਹੋਣ ਲਗਦੇ।

"ਕਬਜ਼ੇ ਵੀ ਸਰਕਾਰੀ ਬੰਦੇ ਹੀ ਕਰ-ਕਰਾ ਰਹੇ ਐ...ਤੇਰਾ ਕੀ ਖਿਆਲ ਐ, ਕਾਰਪੋਰੇਸ਼ਨ ਵਾਲੇ ਅੰਨ੍ਹੇ ਐ...ਸਭ ਦਿਸਦਾ, ਪਰ ਨੋਟਾਂ ਦੀ ਗਰਮੀ ਅੱਖਾਂ 'ਤੇ ਚਰਬੀ ਚਾੜ੍ਹ ਦਿੰਦੀ ਐ।"

"ਕਈ ਤਾਂ ਕਹਿੰਦੇ, ਖੋਖਿਆਂ ਵਾਲੇ ਕੌਂਸਲਰ ਦੇ ਬੰਦੇ ਐ।"

"ਉਸਨੇ ਵੀ ਕਿਹੜਾ ਮੁਫ਼ਤ ਬਿਠਾਇਆ ਹੋਊ...ਮਹੀਨਾ ਲੈਂਦਾ ਹੋਣਾ!" ਮੈਂ ਇਕ ਪਲ ਪ੍ਰੇਮਜੀ ਵੱਲ ਤੱਕਿਆ ਤੇ ਅਗਲੇ ਪਲ ਬੈਂਚਾਂ ਵੱਲ। ਇਹ ਗੇਟ ਤੇ ਬੈਂਚ ਕਰੋਨਾ ਕਾਲ਼ ਵੇਲ਼ੇ ਬਣੇ ਸੀ। ਉਦੋਂ ਕਲੋਨੀ ਵਾਲਿਆਂ ਨੇ ਰਲ਼ ਕੇ ਸਕਿਉਰਿਟੀ ਗਾਰਡ ਵੀ ਬਿਠਾ ਦਿੱਤਾ ਸੀ ਏਥੇ। ਗਾਰਡ ਗੇਟ ਬੰਦ ਰੱਖਦਾ। ਕਲੋਨੀ ਵਾਲਾ ਹੀ ਕੋਈ ਅੰਦਰ ਆ ਸਕਦਾ ਸੀ ਜਾਂ ਫਿਰ ਦੋਧੀ, ਸਬਜ਼ੀਆਂ ਵਾਲੇ। ਕਰੋਨਾ ਕਹਿਰ ਠੰਢਾ ਹੁੰਦਿਆਂ ਹੀ ਉਸਨੂੰ ਹਟਾ ਦਿੱਤਾ। ਹੁਣ ਗੇਟ ਚੌਵੀ ਘੰਟੇ ਚੁਪੱਟ ਖੁੱਲ੍ਹਾ ਰਹਿੰਦਾ। ਪਾਸੇ ਦੀਆਂ ਕੰਧਾਂ ਨਾਲ ਲੱਗੇ ਰਹਿੰਦੇ ਗਰਿੱਲਾਂ ਵਾਲੇ ਪੱਲੇ। ਨੁੱਕਰਾਂ 'ਚ ਫੈਲਦਾ ਘਾਹ। ਗੰਦੇ ਨਾਲ਼ੇ ਨੂੰ ਅੰਡਰਗਰਾਊਂਡ ਕਰਨ ਦਾ ਕੰਮ ਸ਼ੁਰੂ ਹੋਇਆ ਤਾਂ ਕਿਹਾ ਜਾਂਦਾ, ਇਸ ਥਾਂ ਪਾਰਕ ਬਣੇਗੀ। ਜੇ.ਸੀ.ਬੀ ਮਸ਼ੀਨਾਂ; ਨਾਲ ਤੀਹ ਤੀਹ ਫੁੱਟ ਡੂੰਘੀ ਖਾਲ਼ੀ ਪੁੱਟੀ ਗਈ। ਫਿਰ ਕਰੇਨਾਂ ਨਾਲ ਵਿਚ ਉਤਾਰੇ ਗਏ ਵੱਡੇ ਵੱਡੇ ਸੀਮੈਂਟਿਡ ਪਾਇਪ। ਦਸ ਫੁੱਟ ਵਿਆਸ ਦੇ ਇਹਨਾਂ ਪਾਇਪਾਂ 'ਚ ਬੰਦਾ ਖੜ੍ਹਾ ਹੋ ਕੇ ਉਤਾਂਹ ਨੂੰ ਬਾਹਾਂ ਫੈਲਾਉਂਦਾ ਤਾਂ ਉਪਰਲੇ ਪਾਸੇ ਨੂੰ ਹੱਥ ਨਾ ਛੂਹ ਸਕਦੇ। ਕਰੇਨਾਂ ਨੇ ਹੀ ਪਾਇਪਾਂ ਸੇਧ 'ਚ ਕਰ ਫਿੱਟ ਕੀਤੀਆਂ। ਛੇ ਮਹੀਨਿਆਂ ਦੇ ਵਿਚ-ਵਿਚ ਪਾਇਪਾਂ ਵਿਛਾਉਣ ਦਾ ਕੰਮ ਨਿਬੜ ਗਿਆ ਸੀ। ਮਸ਼ੀਨਾਂ ਹੀ ਮਸ਼ੀਨਾਂ, ਜੇ.ਸੀ.ਬੀ., ਕਰੇਨਾਂ, ਮਿਕਸਰ ਪਲਾਂਟ, ਟਰੈਕਟਰ ਟਰਾਲੀਆਂ। ਉਹਨਾਂ 'ਤੇ ਅਪਰੇਟਰ, ਇੰਜਨੀਅਰ, ਫੋਰਮੈਨ; ਵੱਧ ਤੋਂ ਵੱਧ ਢਾਈ ਦਰਜਨ ਬੰਦੇ ਹੋਣਗੇ, ਜਿਨ੍ਹਾਂ ਨੇ ਢਾਈ ਕਿਲੋਮੀਟਰ ਤੋਂ ਵੱਧ ਪਾਇਪਾਂ ਵਿਛਾ ਕੇ ਕੰਮ ਨਬੇੜ ਦਿੱਤਾ। ਫਿਰ ਵਿਚੋਂ ਕੱਢੀ ਮਿੱਟੀ ਦੇ ਢੇਰ ਉਪਰ ਵਿਛਾਏ ਜਾਣ ਲੱਗੇ। ਨਾਲੇ ਦੇ ਸੜਕ ਵਾਲੇ ਪਾਸੇ ਬਾਂਸਾਂ ਦੀਆਂ ਸੰਘਣੀਆਂ ਝਾੜੀਆਂ ਦੀ ਲਾਇਨ ਹੁੰਦੀ ਸੀ; ਕਿਤੇ ਪੰਜ, ਛੇ ਦਹਾਕੇ ਪਹਿਲਾਂ ਦੇ ਲੱਗੇ ਹੋਏ। ਉਹ ਫੈਲ ਕੇ ਇੰਨੀਆਂ ਸੰਘਣੀਆਂ ਝਾੜੀਆਂ 'ਚ ਬਦਲ ਚੁੱਕੇ ਸੀ, ਉਹਨਾਂ ਤੋਂ ਪਾਰ ਕੁਝ ਨਾ ਦੇਖਿਆ ਜਾ ਸਕਦਾ। ਸਾਰਾ ਸਾਲ ਹਰਿਆਲੀ ਦੀ ਪਰਤ ਅੱਖਾਂ ਨੂੰ ਠੰਡਕ ਪਹੁੰਚਾਉਣ ਦਾ ਕੰਮ ਕਰਦੀ। ਮਸ਼ੀਨਾਂ ਨੇ ਉਹ ਜੜ੍ਹਾਂ ਸਣੇ ਪੁੱਟ ਕੇ ਉੱਥੇ ਸਤਹਿ ਪੱਧਰ ਕਰ ਦਿੱਤੀ, ਇਕਸਾਰ। ਕੰਮ ਮੁਕੰਮਲ ਹੁੰਦਿਆਂ ਦੇਖ ਮਨ ਉਤਸ਼ਾਹ ਨਾਲ ਭਰਦਾ, 'ਹੁਣ ਪਾਰਕ ਬਣ ਜਾਵੇਗੀ। ਸੈਰ ਕਰਨ ਦੀ ਮੌਜ ਹੋ ਜਾਊ।' ਕਲੋਨੀ 'ਚ ਪਾਰਕ ਤਾਂ ਕੀ, ਕੋਈ ਚੌਂਕ ਵੀ ਰਤਾ-ਮਾਸਾ ਖੁੱਲ੍ਹਾ ਨਹੀਂ। ਹਰ

ਨੁੱਕਰ, ਹਰ ਟੇਢ ਪਲਾਟਾਂ 'ਚ ਬਦਲੀ ਹੋਈ। ਉਪਰੋਂ ਕੋਠੀਆਂ ਮੂਹਰੇ ਗਲੀ 'ਚ ਗੱਡੀਆਂ ਖੜ੍ਹੀਆਂ ਕਰਨ ਦਾ ਵਰਤਾਰਾ। ਲਗਪਗ ਹਰ ਕੋਈ ਗਲੀ 'ਚ ਹੀ ਗੱਡੀ ਖੜ੍ਹੀ ਕਰਦਾ। ਸਾਂਝੇ ਥਾਂ, ਗਲੀਆਂ, ਸੜਕਾਂ ਨੂੰ ਮੱਲਣਾ ਵੀ ਜਿਵੇਂ ਸਟੇਟਸ-ਸਿੰਬਲ ਬਣਦਾ ਜਾ ਰਿਹਾ। ਗੰਦੇ ਨਾਲ਼ੇ ਵਾਲੀ ਥਾਂ ਵੀ ਇਹ ਕੰਮ ਸ਼ੁਰੂ ਹੋ ਗਿਆ ਸੀ। ਕਿਤੇ ਇੱਟਾਂ, ਬਜਰੀ, ਰੇਤਾ ਦੇ ਢੇਰ ਲੱਗੇ ਹੋਏ; ਕਿਤੇ ਸ਼ਟਰਿੰਗ ਸਟੋਰ ਵਾਲਿਆਂ ਦਾ ਮਟੀਰੀਅਲ। ਗਲੀਆਂ, ਮੋੜਾਂ ਸਾਹਮਣੇ ਉਸਰਦੀਆਂ ਖੋਖਾ ਮਾਰਕੀਟਾਂ।

"ਸਾਰੀ ਖੇਡ ਪੈਸਿਆਂ ਦੀ ਹੈ। ਪੈਸੇ ਸੁੱਟੋ ਤੇ ਤਮਾਸ਼ਾ ਦੇਖੋ।"

"ਪੈਸਿਆਂ ਨਾਲ ਪਹੁੰਚ ਦੀ ਵੀ ਜ਼ਰੂਰਤ ਹੁੰਦੀ ਐ ਤੇ ਬੰਦਿਆਂ ਦੀ ਵੀ...ਮੈਂ ਜਾਂ ਤੂੰ ਕੀ ਕਰ ਲੈਣਾ! ਮੁਲਤਾਨੀ ਕੋਲ ਪੈਸਿਆਂ ਦਾ ਘਾਟਾ...ਸਭ ਕੁਝ ਹੋਣ ਦੀਆਂ ਪ੍ਰੇਸ਼ਾਨੀਆਂ ਵੱਖਰੀ ਤਰ੍ਹਾਂ ਦੀਆਂ ਹੁੰਦੀਆਂ!" ਪ੍ਰੇਮਜੀ ਦੀ ਗੱਲ 'ਚੋਂ ਉਸਦਾ ਦਰਦ ਵੀ ਝਲਕਦਾ ਸੀ। ਪਿਛਲੇ ਸਾਲ ਭਰ ਤੋਂ ਉਸਦੀ ਸਿਹਤ ਲਗਾਤਾਰ ਡਿੱਗਦੀ ਜਾ ਰਹੀ ਸੀ। ਸਵੇਰੇ ਸ਼ਾਮ ਗੋਲੀਆਂ ਦਾ ਫੱਕਾ ਭਰਕੇ ਖਾਂਦਾ। ਡੇਢ, ਦੋ ਘੰਟੇ ਸੈਰ ਵੀ ਕਰਦਾ, ਪਰ ਸ਼ੂਗਰ ਨਾਰਮਲ ਹੋਣ ਦਾ ਨਾਂ ਨਹੀਂ ਸੀ ਲੈ ਰਹੀ। ਕਦੀ ਡਿਪਰੈਸ਼ਨ ਦਾ ਦੌਰਾ ਸ਼ੁਰੂ ਹੋ ਜਾਂਦਾ। ਨਿਊਜ਼ੀਲੈਂਡ ਰਹਿੰਦੇ ਮੁੰਡੇ ਨੂੰ ਜਦੋਂ ਵੀ ਫੋਨ ਕਰਦਾ, ਉਸਦਾ ਜੁਆਬ ਹੁੰਦਾ, "ਰੈਸਟੋਰੈਂਟ ਦਾ ਕੰਮ ਸ਼ੁਰੂ ਕੀਤਾ ਹੋਇਆ ਕਿਸੇ ਨਾਲ ਰਲ਼ਕੇ...ਬਹੁਤ ਮਿਹਨਤ ਕਰਨੀ ਪੈ ਰਹੀ ਐ....ਕੁਝ ਪੈਰਾਂ ਸਿਰ ਹੋ ਜਾਵਾਂ, ਫਿਰ ਆਉਣ ਦਾ ਬਣਾਉਨਾਂ...ਪੈਸੇ ਦੱਸੋ ਕਿੰਨੇ ਭੇਜ ਦਿਆਂ!" ਅਕਸਰ ਇਹੋ ਜਿਹਾ ਹੀ ਜੁਆਬ ਹੁੰਦਾ ਹਰ ਵਾਰ। ਪ੍ਰੇਮਜੀ ਕੀ, ਕਲੋਨੀ 'ਚ ਬਹੁਤਿਆਂ ਦਾ ਇਹੀ ਹਾਲ ਐ। ਕੋਈ ਪੁੱਛੇ ਤਾਂ ਬੜੇ ਮਾਣ ਨਾਲ ਦੱਸੀਦਾ, 'ਸਾਡੀ ਕਲੋਨੀ ਤਾਂ ਬਹੁਤੀ ਐੱਨ.ਆਰ.ਆਈ ਐ।' ਪਰ ਇਹ ਗੌਰਵ-ਗਾਥਾ ਕਿਸੇ ਨੂੰ ਦੱਸਣ ਦੇ ਪਲਾਂ ਤਕ ਹੀ ਸੀਮਤ ਹੁੰਦੀ। ਉਂਝ ਇਕੱਲਤਾ, ਇਕਲਾਪੇ, ਬੇਵੱਸੀਆਂ ਦੇ ਸੰਤਾਪ 'ਚ ਗ੍ਰਸੇ ਹੋਏ ਲੋਕ। ਰਾਤ-ਬਰਾਤੇ ਬਿਮਾਰ ਪੈ ਜਾਓ ਤਾਂ ਹਸਪਤਾਲ ਲਿਜਾਣ ਵਾਲਾ ਕੋਈ ਨੀ ਦਿਸਦਾ। ਕੁਝ ਤਾਂ ਸਮੁੱਚੇ ਪਰਿਵਾਰ ਹੀ ਬਾਹਰ ਚਲੇ ਗਏ ਹਨ। ਉਹਨਾਂ ਘਰਾਂ ਦੇ ਬਾਹਰ ਲਟਕਦੇ ਮੋਟੇ ਜਿੰਦਰਿਆਂ 'ਤੇ ਚੜ੍ਹਦੀਆਂ ਜੰਗਾਲ ਦੀਆਂ ਪਰਤਾਂ।

ਅਨੁਜ ਛੇ ਸਾਲ ਪਹਿਲਾਂ ਗਿਆ ਸੀ ਪਲੱਸ-ਟੂ ਕਰ ਕੇ। ਚਾਰ ਸਾਲ ਉੱਥੇ ਜਾ ਕੇ ਡਿਗਰੀ ਕੀਤੀ। ਹੁਣ ਵਰਕ-ਪਰਮਿਟ ਮਿਲਿਆ ਹੋਇਆ। ਆਉਣ ਦਾ ਅਜੇ ਨਾਂ ਨੀ ਲੈਂਦਾ। "ਕੁਝ ਪੈਸੇ ਤਾਂ ਜੋੜ ਲਵਾਂ। ਆਉਣ ਲਈ ਸਿਰਫ਼ ਟਿਕਟ ਹੀ ਥੋੜ੍ਹਾ ਚਾਹੀਦੀ ਹੁੰਦੀ ਐ! ਘੁੰਮਣ ਫਿਰਨ ਦੇ ਖਰਚੇ...ਫਿਰ ਹਰ ਕੋਈ ਤੋਹਫਿਆਂ ਦੀ ਤਵੱਕੋ ਰਖਦਾ!" ਉਹ ਆਪਣੀਆਂ ਗਿਣਤੀਆਂ-ਮਿਣਤੀਆਂ ਸਮਝਾ ਦਿੰਦਾ। ਕੁਝ ਸਮਝ 'ਚ ਆ ਜਾਂਦੀਆਂ, ਕੁਝ ਸਮਝਣੀਆਂ ਪੈਂਦੀਆਂ! ਆਰਥਿਕ ਤੌਰ 'ਤੇ ਹਿੱਲਿਆ ਘਰ ਅਜੇ ਪੈਰਾਂ ਸਿਰ ਵੀ ਕਿੱਥੇ ਆਇਆ ਸੀ! ਕਰਜ਼ੇ ਲੈ ਕੇ ਉਸਦੀਆਂ ਫੀਸਾਂ, ਰਹਿਣ ਦੇ ਖਰਚੇ ਪੂਰੇ ਕੀਤੇ ਸਨ। ਘਰ ਉਪਰ ਵੀਹ ਲੱਖ ਦੀ ਲਿਮਟ ਬਣਾ ਕੇ ਕਰਜ਼ਾ ਚੁੱਕਿਆ। ਜਮ੍ਹਾਂ ਪੂੰਜੀ ਤੇ ਪੀ.ਐੱਫ. ਕਢਾ ਕੇ ਸ਼ਰੁਤੀ ਦਾ ਵਿਆਹ ਕੀਤਾ। ਰਿਟਾਇਰਮੈਂਟ ਮੌਕੇ ਮਸਾਂ ਬਾਰਾਂ ਲੱਖ ਮਿਲਿਆ ਸੀ। ਉਸ 'ਚੋਂ ਬਚੇ ਕਰਜ਼ੇ, ਕਿਸ਼ਤਾਂ ਲਾਹੀਆਂ, ਪਿੱਛੇ ਰਹਿ ਗਏ ਖਾਲੀ ਹੱਥ। ਹੁਣ ਪੈਨਸ਼ਨ ਆਸਰੇ ਘਰ ਚੱਲਦਾ। ਰੋਟੀ ਪਾਣੀ ਦੇ ਖਰਚ, ਬਿਜਲੀ ਪਾਣੀ ਦੇ ਬਿੱਲ, ਆਪਣਾ ਦਵਾਦਾਰੂ, ਡੇਢ ਹਜ਼ਾਰ ਮਹੀਨੇ ਦਾ ਸਫਾਈ ਵਾਲੀ ਨੂੰ ਦੇਈਦਾ। ਸ਼ਰੁਤੀ ਦਾ ਵੀ ਕੋਈ ਨਾ ਕੋਈ ਦਿਨ-ਤਿਉਹਾਰ ਆਇਆ ਰਹਿੰਦਾ। ਉੱਥੇ ਵੀ ਵਿਤੋਂ ਵੱਧ ਖਰਚ ਕਰਨਾ ਪੈਂਦਾ। ਜਵਾਈ ਬੜਾ ਲਾਲਚੀ ਟੱਕਰਿਆ, ਹਰ ਵੇਲ਼ੇ ਮੂੰਹ ਅੱਡਿਆ ਹੁੰਦਾ। ਕਦੀ ਅਨੁਜ ਵੀ ਬਾਹਰੋਂ ਉਸਦੇ ਸਹੁਰੀਂ ਕੋਈ ਗਿਫ਼ਟ ਭਿਜਵਾ ਦਿੰਦਾ। ਪਿਛਲੀ ਲੋਹੜੀ 'ਤੇ ਉਸਨੇ ਵਾਸ਼ਿੰਗ ਮਸ਼ੀਨ ਭਿਜਵਾਈ ਸੀ, ਪੂਰੀ ਤਰ੍ਹਾਂ ਆਟੋ-ਮੈਟਿਕ, ਪੰਝੀ ਹਜ਼ਾਰ ਦੀ। ਐਨ ਲੋਹੜੀ ਵਾਲੀ ਸ਼ਾਮ ਨੂੰ ਕੰਪਨੀ ਦੀ ਡਲਿਵਰੀ ਉਹਨਾਂ ਦੇ ਘਰ ਪੁੱਜੀ ਪਰ ਜਵਾਈ ਦਾ ਮੂੰਹ ਕੁਝ ਦਿਨਾਂ ਬਾਅਦ ਸਗੋਂ ਹੋਰ ਅੱਡਿਆ ਗਿਆ, "ਆਉਂਦਿਆਂ

ਕਿਸੇ ਚੰਗੀ ਕੰਪਨੀ ਦਾ ਲੈਪਟਾਪ ਲਈ ਆਉਣਾ...ਬੱਚਿਆਂ ਨੂੰ ਪੜ੍ਹਾਈ 'ਚ ਬੜੀ ਲੋੜ ਰਹਿੰਦੀ ਐ।" ਮਸਾਂ ਖਿੱਚ-ਧੂਹ ਕੇ ਚੱਲ ਰਹੀ ਐ ਜ਼ਿੰਦਗੀ। ਕਦੀ ਕਦੀ ਅਨੁਜ ਸਾਨੂੰ ਵੀ ਪੁੱਛ ਲੈਂਦਾ, "ਪੈਸੇ ਚਾਹੀਦੇ ਤਾਂ ਦੱਸ ਦਿਓ...ਐਵੇ ਨਾ ਤੰਗ ਹੁੰਦੇ ਰਿਹੋ।" ਪਰ ਕਹਿਣ ਨੂੰ ਜੀਅ ਨਹੀਂ ਕਰਦਾ। ਪੈਰ ਲਾਉਣ ਲਈ ਉਹ ਕਿਹੜਾ ਘੱਟ ਜਾਨ ਮਾਰ ਰਿਹਾ। ਦਿਨੇ ਕੰਮ ਕਿਤੇ, ਰਾਤ ਨੂੰ ਕਿਤੇ। ਜਸਕਰਨ ਨੂੰ ਵੀ ਉਸਨੇ ਹੀ ਕਿਹਾ ਹੋਇਆ। ਦੂਜੇ ਚੌਥੇ ਉਸਦਾ ਫੋਨ ਆ ਜਾਂਦਾ। ਕਿਤੇ ਜਾਣਾ ਹੋਵੇ ਤਾਂ ਗੱਡੀ ਲੈ ਆਉਂਦਾ। ਬਸ ਫੋਨ ਕਰਨ ਦੀ ਹੀ ਜ਼ਰੂਰਤ ਹੁੰਦੀ! ਆਪ ਬਾਹਰ ਹੋਵੇ ਤਾਂ ਕਿਸੇ ਭਰੋਸੇ ਵਾਲੇ ਦੀ ਟੈਕਸੀ ਭੇਜੂ। ਪਰ ਬਿਗਾਨੇ ਫਿਰ ਵੀ ਬੇਗਾਨੇ ਹੁੰਦੇ ਐ! ਪਤਾ ਨੀ ਉਸ ਤੋਂ ਕਿੰਨੇ ਪੈਸੇ ਲੈਂਦਾ ਹੋਊ! ਅਨੁਜ ਨਾਲ ਹੀ ਪੜ੍ਹਦਾ ਸੀ। ਅੱਜਕਲ ਟੈਕਸੀਆਂ ਪਾਈਆਂ ਹੋਈਆਂ।

ਹੋਰ ਤਾਂ ਬਹੁਤੀ ਔਖ ਨੀ, ਪਰ ਇਹ ਡਰ ਲੱਗਦਾ ਰਹਿੰਦਾ, 'ਕੋਈ ਅਜਿਹੀ ਬਿਮਾਰੀ ਨਾ ਆ ਜਾਵੇ ਮੰਜੇ 'ਤੇ ਪੈ ਜਾਈਏ।' ਪਾਰਬਤੀ ਬਹੁਤੀਆਂ ਇਹੀ ਅਰਦਾਸਾਂ ਕਰਦੀ ਐ, 'ਰੱਬਾ! ਚਲਦੀਆਂ-ਫਿਰਦੀਆਂ ਤੋਂ ਚੁੱਕ ਲਈਂ....ਕਾਵਾਂ ਕੁੱਤਿਆਂ ਦੇ ਰੁਲਣ ਜੋਗਾ ਨਾ ਛੱਡੀਂ।' ਜਦੋਂ ਦੀ ਇੱਕੀ ਨੰਬਰ ਵਾਲੀ ਕਮਲਾ ਵਿੱਜ ਦੀ ਮੌਤ ਹੋਈ ਹੈ, ਉਹ ਰੱਬ ਅੱਗੇ ਕੁਝ ਵਧੇਰੇ ਹੀ ਹੱਥ ਜੋੜਨ ਲੱਗੀ ਸੀ। ਵਿੱਜ ਸਾਡੇ ਇਸ ਕਲੋਨੀ 'ਚ ਆਉਣ ਤੋਂ ਪਹਿਲਾਂ ਦੀ ਇਕੱਲੀ ਰਹਿ ਰਹੀ ਸੀ। ਸਵੇਰੇ ਸ਼ਾਮ ਉਸ ਕੋਲ਼ ਕੰਮ ਕਰਨ ਵਾਲੀ ਆਉਂਦੀ। ਝਾੜੂ ਪੋਚੇ, ਬਰਤਨ, ਕੱਪੜੇ ਧੋਣ ਤਕ ਸਭ ਕੰਮ ਉਹੀ ਕਰਦੀ। ਕਈ ਵਾਰ ਰੋਟੀ ਪਾਣੀ ਵੀ ਉਹੀ ਬਣਾ ਕੇ ਜਾਂਦੀ। ਵਿੱਜ ਵਿਹੜੇ 'ਚ ਸਟਿੱਕ ਆਸਰੇ ਤੁਰੀ ਫਿਰਦੀ ਗੇਟ ਤੋਂ ਬਾਹਰ ਘੱਟ ਹੀ ਨਿਕਲਦੀ। ਹਾਂ, ਗੇਟ ਮੂਹਰੇ ਕੁਰਸੀ ਡਾਹ ਕੇ ਸਾਰਾ ਦਿਨ ਬਿੱਟ ਬਿੱਟ ਗਲੀ ਵੱਲ ਝਾਕਦੀ ਰਹਿੰਦੀ। ਜੇ ਲੰਘਦਾ ਕੋਈ ਬੁਲਾ ਲੈਂਦਾ ਤਾਂ ਗੱਲਾਂ ਦੀਆਂ ਲੜੀਆਂ ਇੰਝ ਛੇੜ ਦਿੰਦੀ, ਅਗਲੇ ਨੂੰ ਖਹਿੜਾ ਛੁਡਾਉਣਾ ਔਖਾ ਹੋ ਜਾਂਦਾ। ਮੁੰਡਾ ਅਮਰੀਕਾ ਤੋਂ ਖੁੱਲ੍ਹੇ ਪੈਸੇ ਭੇਜੀ ਰੱਖਦਾ। ਉੱਥੇ ਉਸਦਾ ਕੰਮਕਾਰ ਚੰਗਾ ਸੀ। ਦੋ ਕੁ ਵਾਰ ਇਸਨੂੰ ਵੀ ਲੈ ਕੇ ਗਿਆ, ਪਰ ਇਸਦਾ ਜੀਅ ਨਾ ਲੱਗਾ। ਗੋਰੀ ਨੂੰਹ। ਅਗਾਂਹ ਕਾਲਿਜਾਂ, ਯੂਨੀਵਰਸਿਟੀਆਂ 'ਚ ਪੜ੍ਹਦੇ ਬੱਚੇ। ਆਪਣੇ-ਆਪਣੇ ਕੰਮਾਂਕਾਰਾਂ 'ਚ ਉਹਨਾਂ ਦਾ ਮਿੰਟ-ਮਿੰਟ ਰੁੱਝਿਆ ਹੋਇਆ। ਇਹ ਦੋ ਬੋਲ ਸਾਂਝੇ ਕਰਨ ਲਈ ਤਰਸਦੀ ਰਹਿੰਦੀ। ਦੂਸਰੀ ਵਾਰ ਤੋਂ ਬਾਅਦ ਇਸਨੇ ਓਧਰ ਦੀ ਝਾਕ ਹੀ ਮੁਕਾ ਦਿੱਤੀ, "ਹੋਰ ਨੀ ਕੁਝ, ਇੱਥੇ ਕੋਈ ਜੜ੍ਹ ਤਾਂ ਹੈ...ਕਲੋਨੀ ਨੂੰ ਅੱਖੀਂ ਵਸਦੀ ਦੇਖਿਆ...ਪੈਦਾ ਹੁੰਦੇ ਬੱਚੇ, ਜਵਾਨ ਹੁੰਦੇ। ਬਾਹਰ ਨੂੰ ਉਡਾਰੀਆਂ ਭਰਦੇ...ਉੱਥੇ ਤਾਂ ਘਰ ਤੋਂ ਬਾਹਰ ਬੇਪਛਾਣ ਦੁਨੀਆ, ਘਰ ਅੰਦਰ ਮਸ਼ੀਨਾਂ 'ਚ ਬਦਲੇ ਜੀਅ...ਇੱਥੇ ਹੀ ਠੀਕ ਐ।" ਉਸਦਾ ਮਰੀ ਦਾ ਉਦੋਂ ਪਤਾ ਲੱਗਾ, ਜਦੋਂ ਸਵੇਰੇ ਕੰਮਵਾਲੀ ਆਈ। ਬੂਹਾ ਨਾ ਖੁੱਲ੍ਹਿਆ ਤਾਂ ਉਹਨੇ ਆਂਢ-ਗੁਆਂਢ 'ਚ ਦੱਸਿਆ। ਕਿਸੇ ਨੇ ਪੁਲੀਸ ਨੂੰ ਫੋਨ ਕਰ ਦਿੱਤਾ। ਦਰਵਾਜ਼ਾ ਤੋੜਿਆ ਤਾਂ ਅੰਦਰ ਉਹ ਵਾਸ਼ਰੂਮ ਤੇ ਬੈੱਡ ਦੇ ਵਿਚਾਲੇ ਡਿੱਗੀ ਪਈ ਸੀ। "ਕਿਸੇ ਦਿਨ ਸਾਡੇ ਨਾਲ ਵੀ ਇੰਝ ਹੀ ਹੋਣਾ! ਕੀ ਕਰਨਾ ਪੈਸਿਆਂ ਨੂੰ, ਜੇ ਤੁਹਾਡੇ ਨਾਲ ਕੋਈ ਦੋ ਬੋਲ ਸਾਂਝੇ ਕਰਨ ਵਾਲਾ ਨੀ!" ਉਸਦੀ ਮੌਤ ਪਾਰਬਤੀ 'ਤੇ ਮਾਨਸਿਕ ਅਸਰ ਕਰ ਗਈ ਲਗਦੀ ਹੈ। ਡਰ ਤਾਂ ਮੈਨੂੰ ਵੀ ਲਗਦਾ, ਪਰ ਮੈਂ ਜ਼ਾਹਰ ਨਹੀਂ ਹੋਣ ਦਿੰਦਾ। ਸਥਿਤੀਆਂ ਬਦਲ ਤਾਂ ਨਹੀਂ ਜਾਣੀਆਂ!

ਬੱਚੇ ਵੀ ਕੀ ਕਰਨ। ਇਧਰ ਕੰਮ ਨਹੀਂ ਮਿਲਦਾ! ਜੇ ਮਿਲਦਾ ਹੈ ਤਾਂ ਯੋਗਤਾ ਅਨੁਸਾਰ ਪੈਸੇ ਨਹੀਂ ਮਿਲਦੇ। ਇੰਜੀਨੀਅਰਿੰਗ ਦੀ ਡਿਗਰੀ ਕਰੀ ਫਿਰਦੇ ਦਸ ਦਸ, ਬਾਰਾਂ-ਬਾਰਾਂ ਹਜ਼ਾਰ 'ਤੇ ਧੱਕੇ ਖਾਂਦੇ ਫਿਰਦੇ ਐ। ਕੰਪਨੀਆਂ ਵਾਲੇ ਗ਼ੁਲਾਮਾਂ ਵਰਗਾ ਵਿਹਾਰ ਕਰਦੇ। ਅਜੇ ਪਰਸੋਂ ਹੀ ਫਰਿਜ ਰਿਪੇਅਰ ਕਰਨ ਆਏ ਕੰਪਨੀ ਦੇ ਇੰਜਨੀਅਰ ਦੀਆਂ ਗੱਲਾਂ ਸੁਣ ਸੁਣ ਕਲੇਜਾ ਮੂੰਹ ਨੂੰ ਆਏ। ਅਨੁਜ ਦੀ ਉਮਰ ਕੁ ਦਾ ਹੀ ਮੁੰਡਾ ਹੋਊ। ਪਾਰਬਤੀ ਨੇ ਉਸ ਲਈ ਚਾਹ ਬਣਾ ਲਈ। ਗੱਲਾਂ ਗੱਲਾਂ 'ਚ ਉਸਨੇ ਦੱਸਿਆ, "ਜਿੰਨੀਆਂ ਕੰਪਲੇਟਾਂ ਦਫ਼ਤਰ ਵੱਲੋਂ ਮਿਲਦੀਆਂ, ਉਸੇ ਦਿਨ ਕਲੀਅਰ

ਕਰਨੀਆਂ ਹੁੰਦੀਆਂ। ਪੰਜ ਸਾਲ ਪਹਿਲਾਂ ਨੌਕਰੀ ਸ਼ੁਰੂ ਕੀਤੀ ਸੀ ਤਾਂ ਬਾਰਾਂ ਹਜ਼ਾਰ ਮਿਲਦੇ, ਹੁਣ ਪੰਦਰਾਂ ਹਜ਼ਾਰ...ਡਿਊਟੀ ਦਾ ਕੋਈ ਸਮਾਂ ਨੀ... ! ਸਵੇਰੇ ਨੌਂ ਵਜੇ ਸ਼ੁਰੂ ਹੋਏ, ਚੱਲ ਸੋ ਚੱਲ...ਮੋਬਾਇਲ ਨੇ ਵੀ ਬੇੜਾ ਗਰਕ ਕੀਤਾ ਹੋਇਆ...ਕੰਪਲੇਟ ਦਫ਼ਤਰ ਮਗਰੋਂ ਪੁੱਜਦੀ ਐ, ਉਸੇ ਵੇਲੇ ਸਾਨੂੰ ਫੀਲਡ 'ਚ ਪਾਸ ਕਰ ਦੇਣਗੇ। " ਉਸਦੀਆਂ ਗੱਲਾਂ ਸੁਣਦਿਆਂ ਲੱਗਾ, ਚੰਗਾ ਹੀ ਹੋਇਆ ਅਨੁਜ ਬਾਹਰ ਚਲਾ ਗਿਆ। ਪੈਸੇ ਤਾਂ ਲੱਗੇ ਪਰ ਰੁਜ਼ਗਾਰ ਵੀ ਸੀ; ਮਿਹਨਤ ਦਾ ਮੁੱਲ ਮਿਲਦਾ। ਹੋਰ ਤਾਂ ਹੋਰ ਪੜ੍ਹਦਿਆਂ ਵੀ ਸਟੋਰਾਂ, ਰੈਸਟੋਰੈਂਟਾਂ, ਗੈਸ ਸਟੇਸ਼ਨਾਂ 'ਤੇ ਕੰਮ ਕਰ ਕੇ ਆਪਣੇ ਖਾਣ ਪੀਣ ਦੇ ਖਰਚੇ ਕੱਢਦਾ ਰਿਹਾ। ਇਧਰੋਂ ਸਾਨੂੰ ਫੀਸਾਂ ਹੀ ਭੇਜਣੀਆਂ ਪਈਆਂ ਜਾਂ ਕਦੀ ਕਦੀ ਕਿਰਾਇਆ। "ਇੱਥੇ ਬੰਦਾ ਕੰਮ ਕਰਨ ਵਾਲਾ ਹੋਵੇ, ਉਸ ਲਈ ਕੰਮ ਬਹੁਤ। ਚੀਜ਼ਾਂ ਵੀ ਆਰਾਮ ਨਾਲ ਕਿਸ਼ਤਾਂ 'ਤੇ ਮਿਲ ਜਾਂਦੀਆਂ, ਕਾਰਾਂ ਤੋਂ ਲੈ ਫਲੈਟ ਤਕ ਸਭ ਕੁਝ। " ਅਨੁਜ ਅਕਸਰ ਗੱਲਾਂ ਕਰਦਾ। ਅਜਿਹੀਆਂ ਗੱਲਾਂ ਮੂੰਹੋਂ-ਮੂੰਹ ਤੁਰਦੀਆਂ, ਇਧਰ ਜਵਾਨੀ ਚੜ੍ਹ ਰਹੀ ਪੀੜ੍ਹੀ ਦੇ ਸੁਪਨਿਆਂ 'ਚ ਆਪਣੀਆਂ ਪੈੜਾਂ ਖੁਣਦੀਆਂ ਰਹਿੰਦੀਆਂ; ਉਸਦੇ ਪੈਰ ਚੁੱਕੇ ਜਾਂਦੇ। ਮਨ 'ਚ ਵਸ ਜਾਂਦਾ ਕੈਨੇਡਾ, ਅਮਰੀਕਾ; ਉਵੇਂ ਹੀ ਜਿਵੇਂ ਯੂਪੀ, ਬਿਹਾਰ ਦੇ ਭਈਆਂ ਦਾ ਪੰਜਾਬ ਆਉਣਾ। ਮਿਹਨਤ ਮਜ਼ਦੂਰੀ ਵਾਲੇ ਛੋਟੇ ਮੋਟੇ ਧੰਦੇ ਇਕ ਤਰ੍ਹਾਂ ਇਹਨਾਂ ਨੇ ਹੀ ਸਾਂਭ ਲਏ ਹਨ। ਸਾਡੀ ਕਲੋਨੀ ਦੇ ਪਿੱਛੇ ਯਾਦਵ ਕਲੋਨੀ ਇਹਨਾਂ ਦੀ ਹੀ ਹੈ। ਇੱਥੋਂ ਹੀ ਆਉਂਦੀ ਹੈ ਸਵਿੱਤਰੀ। ਸਾਢੇ ਛੇ ਤੋਂ ਅੱਠ ਵਜੇ ਤਕ ਸਾਡੇ ਘਰ ਕੰਮ ਕਰਦੀ। ਆਉਣ ਲੱਗਿਆਂ ਭਾਵੇਂ ਕੁਝ ਲੇਟ ਹੋ ਜਾਵੇ ਪਰ ਅੱਠ ਵਜੇ ਤੋਂ ਬਾਅਦ ਇਕ ਮਿੰਟ ਨੀ ਰੁਕਦੀ। ਹੋਰ ਵੀ ਕਈ ਘਰਾਂ ਦਾ ਕੰਮ ਫੜਿਆ ਹੋਇਆ। ਜਦੋਂ ਦੀ ਪਾਰਬਤੀ ਦੀ ਰੀੜ੍ਹ ਦੀ ਹੱਡੀ ਦੀ ਸਮੱਸਿਆ ਆਈ ਹੈ, ਉਸ ਤੋਂ ਝੁਕ ਜਾਂ ਬਹਿ ਕੇ ਕੰਮ ਨਹੀਂ ਹੁੰਦਾ। ਝਾੜੂ ਪੋਚੇ, ਕੱਪੜੇ ਧੋਣ ਦਾ ਕੰਮ, ਇਹਨਾਂ ਕੰਮ ਵਾਲੀਆਂ ਆਸਰੇ ਹੀ ਚੱਲਦਾ। ਪਹਿਲਾਂ ਦਾਇਯਾ ਆਉਂਦੀ ਸੀ। ਉਹ ਵੀ ਇਸੇ ਕਲੋਨੀ 'ਚੋਂ ਹੀ ਸੀ। ਦੋ ਕੁ ਸਾਲ ਤੋਂ ਇਹ ਆ ਰਹੀ ਸੀ।

ਯਾਦਵ ਕਲੋਨੀ ਵਾਲੀ ਥਾਂ ਪਹਿਲਾਂ ਭੱਠੇ ਦੇ ਖਤਾਨ ਹੁੰਦੇ ਸੀ। ਦਸ-ਦਸ, ਬਾਰਾਂ-ਬਾਰਾਂ ਫੁੱਟ ਡੂੰਘੇ। ਬਰਸਾਤਾਂ 'ਚ ਪਾਣੀ ਖੜ੍ਹਾ ਰਹਿੰਦਾ। ਗਰਮੀਆਂ 'ਚ ਆ ਕੇ ਝਾੜੀਆਂ ਫੈਲਰਨ ਲੱਗਦੀਆਂ। ਸਾਡੀ ਕਲੋਨੀ ਦੇ ਪਿੱਛਿਓਂ ਗਿਆਰਾਂ ਫੁੱਟ ਦਾ ਰਾਹ ਇਧਰ ਨੂੰ ਲਗਦਾ। ਇਕ ਤਾਂ ਤੰਗ ਰਾਹ ਤੇ ਦੂਸਰਾ ਵਲ਼ ਪਾ ਕੇ ਆਉਣਾ। ਲਹਿੰਦੀ ਵਲ ਰੇਲਵੇ ਲਾਇਨ, ਜਿੱਧਰੋਂ ਕਿਸੇ ਰਾਹ ਦੇ ਬਣਨ ਦੀ ਸੰਭਾਵਨਾ ਹੀ ਨਾ। ਖੁੱਲ੍ਹੇ ਰਾਹ ਦਾ ਸਬੱਬ ਨਾ ਬਣਨ ਕਰਕੇ, ਸ਼ਹਿਰ ਦੇ ਨਾਲ ਹੋਣ ਦੇ ਬਾਵਜੂਦ ਇਹ ਥਾਂ ਕਿੰਨਾ ਚਿਰ ਬੇਆਬਾਦ ਪਈ ਰਹੀ। ਇਹੀ ਪ੍ਰਾਪਰਟੀ ਦਾ ਕੰਮ ਕਰਨ ਵਾਲੇ ਆਸ਼ੂ ਯਾਦਵ ਨੇ ਸਸਤੇ 'ਚ ਖਰੀਦੀ। ਉਹ ਪਹਿਲਾਂ 'ਸਿੰਘ ਪ੍ਰਾਪਰਟੀ ਲਿੰਕਰਜ' ਨਾਲ ਕੰਮ ਕਰਦਾ ਸੀ, ਉਹਨਾਂ ਦੇ ਕਰਿੰਦੇ ਵਜੋਂ। ਨਾਲ ਉਸਨੇ ਤਿੰਨ ਭਈਆਂ ਨੂੰ ਹੋਰ ਰਲਾ ਲਿਆ ਤੇ ਪ੍ਰਾਪਰਟੀ ਦਾ ਕੰਮ ਕਰਨ ਲੱਗੇ। ਇੱਥੇ ਸ਼ਹਿਰ 'ਚੋਂ ਨਿਕਲਦੇ ਮਲਬੇ ਦੀਆਂ ਟਰਾਲੀਆਂ ਸੁੱਟਵਾ, ਛੇ ਮਹੀਨਿਆਂ 'ਚ ਖਤਾਨ ਭਰ ਲਏ। ਉਪਰ ਸਾਫ਼ ਮਿੱਟੀ ਦੀਆਂ ਕੁਝ ਟਰਾਲੀਆਂ ਪਾ, ਥਾਂ ਪੱਧਰਾ ਕਰ, ਪੰਦਰਾਂ ਪੰਦਰਾਂ ਫੁੱਟ ਦੀਆਂ ਗਲੀਆਂ ਦੇ ਨਿਸ਼ਾਨ ਲਾ ਪਲਾਟ ਵੇਚਣੇ ਸ਼ੁਰੂ ਕਰ ਦਿੱਤੇ। ਕੋਈ ਢਾਈ ਮਰਲੇ, ਕੋਈ ਤਿੰਨ ਮਰਲੇ ਦਾ। ਡੇਢ ਲੱਖ ਨੂੰ ਮਰਲੇ ਦੇ ਹਿਸਾਬ ਚਾਰ ਪੰਜ ਲੱਖ ਦਾ ਪਲਾਟ ਬਣ ਜਾਂਦਾ। ਇੰਨੇ ਕੁ ਉਪਰ ਲਾ ਕੇ ਢਾਂਚਾ ਖੜ੍ਹਾ ਹੋ ਜਾਂਦਾ। ਇਹ ਸਾਰੇ ਯੂ.ਪੀ., ਬਿਹਾਰ ਦੇ ਪਰਵਾਸੀਆਂ ਨੇ ਹੀ ਖਰੀਦੇ ਹੋਏ ਐ। ਕਿਸੇ ਘਰ ਦੀਆਂ ਕੰਧਾਂ ਪਲਸਤਰ ਹੋਈਆਂ, ਕੋਈ ਉੱਦਾਂ ਹੀ। ਔਰਤਾਂ ਆਸ-ਪਾਸ ਦੀਆਂ ਕਲੋਨੀਆਂ 'ਚ ਝਾੜੂ ਪੋਚੇ ਦਾ ਕੰਮ ਕਰਦੀਆਂ, ਰੋਟੀ ਪਕਾਉਣ, ਕੱਪੜੇ ਧੋਣ ਦਾ ਵੀ। ਕੁੜੀਆਂ ਸ਼ੋਅਰੂਮਾਂ, ਮੌਲਜ਼ 'ਚ ਸੇਲਗਰਲਜ਼। ਬੰਦੇ ਕੋਈ ਸਬਜ਼ੀ ਦੀ ਰੇਹੜੀ ਲਾਉਂਦਾ, ਕੋਈ ਫਰੂਟ ਜਾਂ ਆਈਸਕਰੀਮ ਦੀ। ਨੂਡਲਜ਼, ਪਾਨਬੀੜੀ ਦੇ ਖੋਖੇ ਵੀ। ਬੱਚੇ ਗਲੀਆਂ 'ਚੋਂ ਕਚਰਾ ਬੀਣਦੇ। ਰੇਲਵੇ ਲਾਇਨ ਦੇ ਨਾਲ ਨਾਲ ਲੋਹੇ ਦੇ ਪੁਰਾਣੇ ਕਿੱਲ ਕਬਜ਼ੇ, ਪਲਾਸਟਿਕ ਕਚਰੇ ਤੇ ਰੱਦੀ

ਦੇ ਢੇਰ ਉਸਰਦੇ ਰਹਿੰਦੇ, ਜਿਸਨੂੰ ਬਾਹਰੋਂ ਆਏ ਕਬਾੜੀਏ ਖਰੀਦ ਕੇ ਫੋਰਵ੍ਹੀਲਰਾਂ 'ਚ ਭਰ ਲੈ ਜਾਂਦੇ।

ਕਦੀ ਕਦੀ ਲਗਦਾ, ਸਾਡੀ ਮੌਤ ਤੋਂ ਬਾਅਦ ਇਹ ਘਰ ਵੀ ਸ਼ਾਇਦ ਕਿਸੇ ਭਈਏ ਨੇ ਹੀ ਖਰੀਦਣਾ। ਅਨੁਜ ਨੇ ਵੇਚਦਿਆਂ ਬਹੁਤੀ ਸੋਚ-ਵਿਚਾਰ ਨਹੀਂ ਕਰਨੀ। ਇਹੀ ਹਾਲ ਕਲੋਨੀ ਦੇ ਬਹੁਤੇ ਘਰਾਂ ਦਾ ਹੋਣਾ ਜਿਨ੍ਹਾਂ ਦੇ ਬੱਚੇ ਬਾਹਰ ਐ। ਸੈਨਟਰੀ ਦਾ ਕੰਮ ਕਰਨ ਵਾਲੇ ਜਗਨ ਭਈਏ ਨੇ ਜੌਹਲਾਂ ਵਾਲੀ ਕੋਠੀ ਖਰੀਦ ਕੇ ਸ਼ੁਰੂਆਤ ਤਾਂ ਕਰ ਹੀ ਦਿੱਤੀ ਸੀ। ਉਂਝ ਜਗਨ ਬੜੀ ਜਾਨ ਮਾਰ ਕੇ ਕੰਮ ਕਰਦਾ, ਤੇ ਸਫ਼ਾਈ ਨਾਲ ਵੀ। ਬਾਹਰੋਂ ਆ ਕੇ ਬਾਰਾਂ-ਪੰਦਰਾਂ ਸਾਲਾਂ 'ਚ ਹੀ ਵਧੀਆ ਰੈਪੂਟੇਸ਼ਨ ਬਣਾ ਲਈ ਸੀ। ਇਧਰ ਉਧਰ ਦੀਆਂ ਬਹੁਤੀਆਂ ਗੱਲਾਂ ਨਹੀਂ। ਸਪੱਸ਼ਟ ਰੂਪ 'ਚ ਦੱਸੂ। ਤੇ ਜੋ ਕਹਿੰਦਾ, ਉਸ 'ਚ ਕੋਈ ਹੇਰ ਫੇਰ ਨੀ। ਜਿਸਨੇ ਇਕ ਵਾਰ ਕੰਮ ਕਰਵਾ ਲਿਆ, ਫਿਰ ਦੁਬਾਰਾ ਲੱਭ ਕੇ ਕਰਵਾਊ। ਗਿਆਰਾਂ ਸਾਲ ਤਾਂ ਸਾਡੇ ਘਰ ਬਣੇ ਨੂੰ ਹੋ ਗਏ ਐ, ਅੱਜ ਤਕ ਨਾ ਕਿਸੇ ਪਾਇਪ ਦਾ ਜੋੜ ਲੀਕ ਕੀਤਾ, ਨਾ ਸਲਾਭ ਚੜ੍ਹੀ। ਜਾਨ ਮਾਰ ਕੇ ਸਾਡੇ ਬੱਚੇ ਵੀ ਬਥੇਰਾ ਕੰਮ ਕਰਦੇ ਐ ਪਰ ਨਵੇਂ ਮੁਲਕਾਂ, ਨਵੀਆਂ ਧਰਤੀਆਂ 'ਤੇ। ਉੱਥੇ ਅਕਸਰ ਇੰਨੇ ਰੁੱਝੇ ਹੁੰਦੇ, ਕਈ ਵਾਰ ਫੋਨ 'ਤੇ ਗੱਲ ਕਰਨ ਜੋਗੀ ਵਿਹਲ ਵੀ ਨੀ ਲਗਦੀ! ਇਧਰੋਂ ਫੋਨ ਕਰਨ ਤੋਂ ਝਿਜਕਦੇ ਰਹੀਦਾ, 'ਕੰਮ 'ਤੇ ਨਾ ਹੋਵੇ', 'ਗੱਡੀ ਨਾ ਚਲਾ ਰਿਹਾ ਹੋਵੇ', 'ਸੁੱਤਾ ਨਾ ਹੋਵੇ।' ਪਹਿਲਾਂ ਪਹਿਲਾਂ ਗਏ ਅਨੁਜ ਨੂੰ ਤਾਂ ਮਸਾਂ ਚਾਰ ਪੰਜ ਘੰਟੇ ਦਾ ਸਮਾਂ ਹੀ ਮਿਲਦਾ ਸੀ ਸੌਣ ਲਈ। ਯੂਨੀਵਰਸਿਟੀ ਜਾਣਾ, ਫਿਰ ਕੰਮ ਜਿੱਥੇ ਵੀ ਲੱਭੇ। ਬਹੁਤ ਮਿਹਨਤ ਕੀਤੀ ਐ ਉਸਨੇ। ਕਈ ਵਾਰ ਕਹਿੰਦਾ, "ਓਵਰਟਾਈਮ ਕਰ ਕੇ ਆਇਆ ਹਾਂ...ਨੀਂਦ ਬਹੁਤ ਆਈ ਹੋਈ ਐ। ਸਵੇਰੇ ਗੱਲ ਕਰਦਾਂ!" ਪਰ ਫੋਨਾਂ ਆਸਰੇ ਜ਼ਿੰਦਗੀ ਥੋੜ੍ਹਾ ਚਲਦੀ ਐ! ਹੁਣ ਸਕੂਟਰ ਚਲਾਉਣ ਲੱਗਿਆਂ ਡਰ ਲਗਦਾ! ਇਧਰ-ਉਧਰ ਦੇ ਛੋਟੇ ਮੋਟੇ ਕੰਮ ਤਾਂ ਪਏ ਹੀ ਰਹਿੰਦੇ ਐ। ਕਦੀ ਸਬਜ਼ੀ, ਕਦੀ ਕੋਈ ਮੁੱਕੀ ਚੀਜ਼ ਲੈਣ ਜਾਣਾ, ਦਵਾਈਆਂ। 'ਕੱਲੇ ਨੇ ਜਾਣਾ ਹੋਵੇ ਤਾਂ ਸਕੂਟਰ 'ਤੇ ਚਲਾ ਜਾਨਾਂ। ਪਾਰਬਤੀ ਨੇ ਨਾਲ ਜਾਣਾ ਹੋਵੇ ਤਾਂ ਜਸਕਰਨ ਨੂੰ ਟੈਕਸੀ ਲਈ ਫੋਨ ਕਰਨਾ ਪੈਂਦਾ। ਪਿੱਛੇ ਬਹਾ ਕੇ ਚਲਾਉਣ ਤੋਂ ਡਰ ਲਗਦਾ। ਕਿਤੇ ਝੋਲ ਖਾ ਕੇ ਡਿੱਗ ਪਏ। ਲੱਤ ਬਾਂਹ ਟੁੱਟ ਗਈ ਤਾਂ ਇਸ ਉਮਰ 'ਚ ਜੁੜਨੀ ਔਖੀ ਹੋ ਜੂ! ਕੌਣ ਸਾਂਭੂ? ਉਂਝ ਡਰ ਤਾਂ ਸੈਰ ਕਰਨ ਨਿਕਲਣ ਲੱਗਿਆਂ ਵੀ ਲਗਣ ਲੱਗ ਪਿਆ। ਹਰ ਘਰ ਨੇ ਹੀ ਗੇਟ ਮੂਹਰੇ ਰੈਂਪ ਵਧਾ ਕੇ ਬਣਾਏ ਹੋਏ। ਚਾਰ ਫੁੱਟ ਤਕ ਆਮ ਗੱਲ ਐ! ਕਈਆਂ ਨੇ ਤਾਂ ਪੰਜ ਪੰਜ ਫੁੱਟ ਤਕ ਵੀ ਬਣਾਏ ਹੋਏ। ਕੋਈ ਪੁੱਛਣ ਵਾਲਾ ਨਹੀਂ। ਦੋਹੀਂ ਪਾਸੀ ਵਧਾ ਕੇ ਬਣਾਏ ਇਹਨਾਂ ਰੈਂਪ ਨੇ ਅੱਧੀ ਗਲੀ ਮੱਲੀ ਹੁੰਦੀ ਐ। ਕੰਧ ਨਾਲ ਢਾਈ ਢਾਈ, ਤਿੰਨ ਤਿੰਨ ਫੁੱਟ ਗਰੀਨ-ਬੈਲਟ। ਅਗਾਂਹ ਖੜ੍ਹੀਆਂ ਗੱਡੀਆਂ। ਤੇਤੀ ਵਾਲੇ ਸ਼ੇਰ ਸਿੰਘ ਨੇ ਤਾਂ ਗਲੀ 'ਚ ਹੀ ਤਿਰਪਾਲ ਪਾ ਕੇ ਕਵਰ ਕਰ ਛੱਡੀ ਐ। ਦਸੀਂ-ਵੀਹੀਂ ਦਿਨੀਂ ਕਿਤੇ ਜਾਣਾ-ਆਉਣਾ ਹੋਵੇ ਤਾਂ ਡਰਾਈਵਰ ਸੱਦਦਾ। ਆਪ ਉਸਨੂੰ ਡਾਕਟਰ ਨੇ ਮਨ੍ਹਾਂ ਕੀਤੀ ਹੋਈ ਐ ਚਲਾਉਣੀ। ਦੋਵੇਂ ਮੁੰਡੇ ਬਾਹਰ। ਗੱਡੀ ਕਿਉਂ ਰੱਖੀ ਹੋਈ ਐ, ਸਮਝ ਨਹੀਂ ਆਉਂਦੀ। ਤੁਸੀਂ ਚਲਾ ਨਹੀਂ ਸਕਦੇ, ਤੁਹਾਡਾ ਅਕਸਰ ਕਿਤੇ ਜਾਣ-ਆਉਣ ਨਹੀਂ। ਕਈ ਵਾਰ ਤਾਂ ਦਸੀਂ ਪੰਦਰੀਂ ਦਿਨੀ ਸੱਦਿਆ ਡਰਾਈਵਰ ਉੱਦਾਂ ਹੀ ਗੇੜੀ ਜਿਹੀ ਦੇ, ਧੋ ਕੇ ਮੁੜ ਕਵਰ ਕਰ ਦਿੰਦਾ।

ਮੁੰਡੇ ਕੁੜੀਆਂ ਸਕੂਟਰ, ਗੱਡੀਆਂ ਭਜਾਉਂਦੇ ਵੀ ਅੰਨ੍ਹੇਵਾਹ ਐ, ਜਿਵੇਂ ਅਗਾਂਹ ਅੱਗ ਬੁਝਾਉਣ ਜਾਣਾ ਹੋਵੇ! ਕੋਨੇ ਵਾਲੇ ਅਗਰਵਾਲਾਂ ਦੀ ਨੂੰਹ ਹੀ ਮਾਣ ਨੀ! ਸਾਰਾ ਦਿਨ ਸਫ਼ਾਰੀ ਨੂੰ ਸਾਹ ਨੀ ਲੈਣ ਦਿੰਦੀ! ਕਦੀ ਨਰਸਰੀ 'ਚ ਪੜ੍ਹਦੀ ਬੇਟੀ ਨੂੰ ਸਕੂਲ ਛੱਡਣ ਜਾਊ, ਕਦੀ ਲਿਆਉਣ। ਕਦੀ ਟਿਊਸ਼ਨ, ਕਦੀ ਬਾਜ਼ਾਰ। ਸ਼ਾਮ ਨੂੰ ਜਿੰਮ ਤਾਂ ਪੱਕਾ ਹੀ! ਇੰਝ ਹੀ ਬਹੁਤਿਆਂ ਘਰਾਂ 'ਚ ਗੱਡੀਆਂ ਕੰਮ ਨਾਲੋਂ ਬਹੁਤੀਆਂ ਸ਼ੌਕ/ਦਿਖਾਵੇ ਲਈ ਘੁੰਮਦੀਆਂ। ਖੜਾਕ ਸੁਣ ਪਹਿਲਾਂ ਹੀ ਪਾਸੇ ਹੋ

ਜਾਈਦਾ। ਪੂਰੇ ਚੌਕਸ ਹੋ ਕੇ ਤੁਰਨਾ ਪੈਂਦਾ। "ਚੱਲੀਏ ਪ੍ਰੇਮਜੀ," ਭਾਵੇਂ ਘਰ ਵੀ ਕੋਈ ਕੰਮ ਨਹੀਂ ਸੀ। ਨੌਂ, ਸਵਾ ਨੌਂ ਤਕ ਨਾਸ਼ਤਾ ਬਣਾਉਣਾ ਸ਼ੁਰੂ ਕਰਦੀ ਸੀ ਪਾਰਬਤੀ, ਪਰ ਫਿਰ ਵੀ ਉਠ ਪਿਆ। ਜਦੋਂ ਤਕ ਸਵਿੱਤਰੀ ਹੁੰਦੀ, ਉਹ ਉਸ ਨਾਲ ਰੁਝੀ ਰਹਿੰਦੀ। ਉਹ ਚਲੀ ਜਾਂਦੀ ਤਾਂ ਇਕੱਲਤਾ ਉਸ ਨੂੰ ਜਿਵੇਂ ਖਾਣ ਲੱਗ ਪੈਂਦੀ ਸੀ। ਦੇਰ ਨਾਲ ਘਰ ਗਏ ਨੂੰ ਲੜਨ ਨੂੰ ਪੈਂਦੀ, "ਆਪਣੀਆਂ ਮੌਜ-ਮਸਤੀਆਂ 'ਚ ਬਾਹਰ ਤੁਰੇ ਫਿਰਦੇ ਹੋ...ਪਿੱਛੇ ਘਰ ਵੀ ਕੋਈ ਹੁੰਦਾ! ਮੈਂ ਭਾਵੇਂ ਡਿੱਗ ਕੇ ਤੜਫ਼ਦੀ ਰਹਾਂ।"

"ਮੈਂ ਵੀ ਚਲਦਾਂ।" ਪ੍ਰੇਮਜੀ ਵੀ ਉੱਠ ਪਿਆ, "ਲਗਦਾ, ਅੱਜ ਹੋਰ ਨੀ ਕਿਸੇ ਆਉਣਾ!"

ਗਲੀ 'ਚ ਪੰਜ ਕੁ ਕੋਠੀਆਂ ਤਕ ਇਕੱਠੇ ਤੁਰੇ ਆਏ। ਕੋਨੇ ਕੋਲ਼ ਕਿਸ਼ਨ ਭਈਆ ਪ੍ਰੈੱਸ 'ਚ ਕੋਲੇ ਪਾ ਰਿਹਾ ਸੀ। ਇੱਥੇ ਉਹ ਸਾਰਾ ਦਿਨ ਮੇਜ਼ 'ਤੇ ਕੱਪੜੇ ਪ੍ਰੈੱਸ ਕਰਦਾ ਰਹਿੰਦਾ। ਉਸਦੇ ਬੱਚੇ ਸਕੂਲੋਂ ਆ ਕੇ ਨੇੜਲੇ ਘਰਾਂ 'ਚੋਂ ਕੱਪੜਿਆਂ ਦੀਆਂ ਗਠੜੀਆਂ ਫੜ ਲਿਆਉਂਦੇ, ਪ੍ਰੈੱਸ ਕੀਤੇ ਦੇ ਆਉਂਦੇ। ਵਿਹਲੇ ਹੁੰਦੇ ਤਾਂ ਗੁਲਮੁਹਰ ਦੀ ਛਾਵੇਂ ਸਕੂਲੋਂ ਮਿਲਿਆ ਕੰਮ ਕਰਦੇ ਰਹਿੰਦੇ। ਕੁੜੀ ਦੇ ਚਿੱਟੀ ਸਲਵਾਰ ਤੇ ਨੀਲਾ ਜੰਪਰ, ਮੁੰਡੇ ਦੇ ਚਿੱਟੀ ਕਮੀਜ਼ 'ਤੇ ਖਾਕੀ ਨਿੱਕਰ। ਸੜਕ ਤੋਂ ਪਾਰ ਸਰਕਾਰੀ ਸਕੂਲ 'ਚ ਪੜ੍ਹਦੇ ਐ ਦੋਵੇਂ। ਕਈ ਵਾਰ ਇਹਨਾਂ ਨਾਲ ਭਈਆਂ ਦੇ ਹੋਰ ਬੱਚੇ ਵੀ ਆ ਜਾਂਦੇ ਤੇ ਪਲਾਸਟਿਕ ਦੇ ਬੈਟ, ਬਾਲ ਨਾਲ ਕ੍ਰਿਕਟ ਖੇਡਣ ਲੱਗ ਪੈਂਦੇ। ਉੱਥੋਂ ਪ੍ਰੇਮਜੀ ਚੜ੍ਹਦੀ ਵੱਲ ਨੂੰ ਮੁੜਦੀ ਗਲੀ 'ਤੇ ਪੈ ਗਿਆ ਆਪਣੇ ਘਰ ਵਲ ਮੈਂ ਸਿੱਧਾ ਤੁਰਿਆ ਰਿਹਾ; ਆਸੇ ਪਾਸੇ ਦੇ ਘਰਾਂ, ਕੋਠੀਆਂ 'ਚ ਰਹਿੰਦੇ ਪਰਿਵਾਰਾਂ ਬਾਰੇ ਸੋਚਦਾ। ਦੋ-ਦੋ, ਤਿੰਨ-ਤਿੰਨ ਮੰਜ਼ਲੀਆਂ ਕੋਠੀਆਂ। ਕਮਰੇ ਹੀ ਕਮਰੇ। ਪਰ ਕਿਸੇ ਘਰ 'ਚ ਦੋ ਜੀਅ, ਕਿਸੇ 'ਚ ਇਕ, ਕਿਸੇ ਦੇ ਬਾਹਰ ਲਟਕਦਾ ਜਿੰਦਰਾ। ਅੰਦਰਾਂ 'ਚ ਪਸਰੀ ਖਾਮੋਸ਼ੀ। ਘਰਾਂ, ਕਮਰਿਆਂ ਵਾਂਗ ਗਲੀ ਵੀ ਖਾਮੋਸ਼। ਕੰਧਾਂ, ਕਾਰਾਂ, ਬਰਾਂਡਾਂ 'ਚ ਘਿਰੀ ਜ਼ਿੰਦਗੀ ਸ਼ਾਇਦ ਸਮੇਂ ਦੀ ਸਭ ਤੋਂ ਉਦਾਸ ਇਬਾਰਤ ਸਿਰਜ ਰਹੀ ਸੀ! 000

***(95-C, ਪੰਜਾਬ ਐਵਿਨਿਊ, ਸੁਭਾਨਾ, ਜਲੰਧਰ***
***ਫੋਨ: +91-96309-44345)***

## *ਸਿਰਜਣਾ ਦੇ ਪੁਰਾਣੇ ਅੰਕ*

### *SIRJANA ARCHIVES ON INTERNET*

***ਕੈਨੇਡਾ ਵਸਦੇ ਪੰਜਾਬੀ ਚਿੰਤਕ-ਲੇਖਕ ਸੁਖਵੰਤ ਹੁੰਦਲ ਨੇ 'ਸਿਰਜਣਾ' ਦੀਆਂ ਫਾਈਲਾਂ ਨੂੰ ਡਿਜੀਟਲ ਰੂਪ ਵਿਚ ਇੰਟਰਨੈੱਟ 'ਤੇ ਪਾਉਣ ਦਾ ਵੱਡਾ ਕੰਮ ਕੀਤਾ ਹੈ। ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ ਵਿਚ ਅਧਿਆਪਕ ਵਜੋਂ ਆਪਣੀ ਸੇਵਾ-ਮੁਕਤੀ ਤੋਂ ਪਿੱਛੋਂ ਉਸਨੇ ਕਾਫੀ ਸਮਾਂ ਨਿੱਠ ਕੇ ਕੰਮ ਕਰਦਿਆਂ ਇਹ ਕਾਰਜ ਨਿਪਟਾਇਆ ਹੈ। ਬਹੁਤ ਸਾਰੀਆਂ ਪੁਰਾਣੀਆਂ ਫਾਈਲਾਂ ਸੁਖਵੰਤ ਹੁੰਦਲ ਨੂੰ ਉਪਲਭਦ ਕਰਾਉਣ ਵਿਚ ਸਾਧੂ ਬਿਨਿੰਗ ਨੇ ਵੀ ਯੋਗਦਾਨ ਪਾਇਆ ਹੈ। ਸੁਖਵੰਤ ਦੀ ਤਿਆਰ ਕੀਤੀ 'ਸਿਰਜਣਾ' ਦੀ ਵੈੱਬਸਾਈਟ ਦਾ ਪਤਾ ਹੈ:***

***https://sirjanaarchives.wordpress.com/***

***ਇਸ ਸਾਈਟ ਉੱਤੇ 'ਸਿਰਜਣਾ' ਦੀਆਂ ਪੀਡੀਐੱਫ ਫਾਈਲਾਂ ਦੇ ਨਾਲ ਨਾਲ 'ਸਿਰਜਣਾ' ਵਿਚ ਛਪੀਆਂ ਲਿਖਤਾਂ ਦੀ ਸੂਚੀ ਵੀ ਹੈ। ਪਿਛਲੇ ਕੁਝ ਅੰਕ ਜੋ ਹਾਲੇ ਇਸ ਵੈੱਬਸਾਈਟ ਉੱਤੇ ਪਾਏ ਨਹੀਂ ਗਏ, ਉਹ ਵੀ ਛੇਤੀ ਹੀ ਪਾ ਦਿੱਤੇ ਜਾਣਗੇ। -ਸੰਪਾਦਕ***

# ਪਰਛਾਵਾਂ: ਕਹਾਣੀ: ਮੁਖਤਿਆਰ ਸਿੰਘ

ਗੋਲੂ ਪਹੁ ਫੁਟਾਲੇ ਤੋਂ ਪਹਿਲਾਂ ਫੁਰਤੀ ਨਾਲ ਉੱਠਿਆ, 'ਕੰਮ-ਧੰਦੇ ਕਾਹਨੂੰ ਚੈਨ ਲੈਣ ਦਿੰਦੇ ਨੇ।'

ਉਹ ਸੂਰਾਂ ਵੱਲ ਗੇੜਾ ਮਾਰਨ ਆਇਆ, 'ਖੋਲ੍ਹਦਾਂ ਖੋਲ੍ਹਦਾਂ, ਚੀਕਾਂ ਕਿਉਂ ਮਾਰਨ ਲੱਗ ਪੇ।'

ਝਿੜਕ ਸੁਣ ਕੇ ਸੁੱਖੋ ਨੇ ਚਾਹ ਧਰ ਲਈ।

ਚਾਹ ਪੀ ਕੇ ਉਹ ਵਾਹੋ ਦਾਹੀ ਚੱਲ ਪਿਆ ਸੀ। ਵਿਹੜੇ 'ਚੋਂ ਨਿਕਲ ਕੇ ਫਿਰਨੀ 'ਤੇ ਜਾ ਚੜ੍ਹਿਆ। ਵੱਡੇ ਛੋਟੇ ਗੇਟ ਬੰਦ ਸਨ। ਅੱਧੇ ਘਰਾਂ ਦੇ ਬੱਚੇ ਵਿਦੇਸ਼ਾਂ 'ਚ ਜਾਣ ਕਰਕੇ ਬੰਦ ਘਰ ਭਾਂ ਭਾਂ ਕਰਦੇ ਪਏ ਸਨ। ਟਿਕੀ ਰਾਤ ਨੂੰ ਘਾਹ ਤੇ ਛੋਟੇ ਦਰੱਖਤਾਂ ਉੱਤੇ ਬੀਂਡਿਆਂ ਦੀ ਆਵਾਜ਼ ਗੂੰਜਣ ਲੱਗ ਜਾਂਦੀ। ਚੁੱਪ ਸ਼ਾਂਤ ਵਾਤਾਵਰਨ। ਮੁਰਗੇ ਵੀ ਬੇਟੈਮੀ ਬਾਂਗ ਦੇਣ ਲੱਗ ਪਏ ਸਨ। ਬੌਲ਼ਦਾਂ ਦੀਆਂ ਘੁੰਗਰਾਲਾਂ ਤੇ ਟੱਲੀਆਂ ਨਹੀਂ ਖੜਕਦੀਆਂ। ਟਰੈਕਟਰ-ਟਰਾਲੀਆਂ ਤੇ ਹਲ਼ ਆਰਾਮ ਕਰ ਰਹੇ ਸੀ। ਕੁੱਤੇ ਭੌਂਕ ਕੇ ਰਾਤ ਦੇ ਥੱਕੇ, ਲੰਮੀਆਂ ਤਾਣ ਪਏ ਹੋਏ ਸਨ।

ਉਸ ਨੇ ਲਾਲੀ ਦਾ ਵੱਡਾ ਗੇਟ ਜਾ ਖੜਕਾਇਆ। ਲਾਲੀ ਅੱਭੜਵਾਹੇ ਉੱਠਿਆ, 'ਪਤਾ ਨੀਂ ਤੜਕੇ ਈ...?' ਉਸ ਤੋਂ ਕਾਹਲੀ 'ਚ ਚੱਪਲਾਂ ਵੀ ਨਾ ਪਾਈਆਂ ਗਈਆਂ। ਉਸ ਨੂੰ ਪਤਾ ਵੀ ਸੀ ਇਸ ਵੇਲੇ ਗੋਲੂ ਹੀ ਆਉਂਦਾ ਹੈ, ਫਿਰ ਵੀ ਕੀ ਪਤਾ ਕੌਣ ਹੋਵੇ? ਉਹ ਗੇਟ ਖੋਲ੍ਹਣ ਤੋਂ ਪਹਿਲਾਂ ਬੋਲਿਆ, 'ਕੌਣ ਐ...?'

ਬਾਹਰੋਂ ਆਵਾਜ਼ ਆਈ, 'ਮੈਂ ਆਂ ਜੀ...ਗੋਲੂ।'

ਲਾਲੀ ਨੇ ਦੋਹਰੀ ਕਲ਼ਾਂ ਵਾਲੇ ਜਿੰਦਰੇ 'ਚ ਚਾਬੀ ਪਾਈ, 'ਯਾਰ, ਗੋਲੂ...ਅੱਛਾ...।'

ਗੋਲੂ ਦਰਵਾਜਾ ਖੋਲ੍ਹ ਕੇ ਸਿੱਧਾ ਮੱਝਾਂ ਵੱਲ ਤੁਰ ਪਿਆ, 'ਚਾਰ ਘਰਾਂ ਦਾ ਹੋਰ ਕਰਨੈ ਜੀ। ਫੇ ਸ਼ੈਲਰ 'ਚ ਜਾਣੈ...ਤੇ...।'

'ਤੂੰ ਵੀ ਵਿਹੜਿਆਂ ਆਲ਼ਿਆਂ ਵਾਂਗੂੰ ਦਿਨ ਚੜ੍ਹੇ ਆਇਆ ਕਰ।'

'ਮੈਂ ਉਹਨਾਂ ਨੂੰ ਕਹੂੰਗਾ, ਮੇਰੀ ਰੀਸ ਕਰੋ। ਸਦੇਹਾਂ ਉਠ ਕੇ ਕੰਮ ਭਾਲ਼ੋ। ਜੱਟਾਂ ਦੇ ਕੰਮ ਬਥੇਰੇ ਨੇ, ਕਰੋ ਆ ਕੇ।'

'ਵਾਹ ਓਇ ਪੱਟੂਆ, ਪਿੰਡ ਦੇ ਬੰਦੇ ਪਿੰਡ 'ਚ ਹੀ ਰਹਿਣ। ਊਂ ਤਾਂ ਉਹ ਹੁਣ ਸ਼ਹਿਰਾਂ ਨੂੰ ਦਿਹਾੜੀਆਂ ਕਰਨ ਨੱਠਦੇ ਐ।'

ਲਾਲੀ ਅੰਦਰ ਵੱਲ ਤੁਰ ਪਿਆ, 'ਮ੍ਹੈਸਾਂ ਬੈਠੀਆਂ ਜੁਗਾਲ਼ੀ ਕਰ ਰਹੀਆਂ। ਬੇਜ਼ਬਾਨਾਂ ਨੂੰ ਬੇਆਰਾਮ ਕਰੇਂਗਾ?'

'ਤੁਸੀਂ ਸਾਜਰੇ ਧਾਰਾਂ ਨੀਂ ਕੱਢਣੀਆਂ? ਡੈਰੀ 'ਚ ਦੁੱਧ ਪਾਉਣ ਲਈ?' ਉਸ ਨੇ ਫੌੜ੍ਹਾ ਚੁੱਕ ਲਿਆ।

'ਓਇ ਕੱਢਲਾਂਗੇ ਧਾਰਾਂ, ਦੋ ਮ੍ਹੈਸਾਂ? ਦੂਜੀਆਂ ਭਲਿਆਟਾਂ ਤੇ ਕੱਟੀਆਂ। ਭਈਆ ਕੱਖ-ਕੰਡਾ ਪਾਊਗਾ...ਹਾਂ ਸੱਚ ਜ਼ੀਰੀ ਨੂੰ ਸਪਰੇਅ ਕਰ ਆਵੀਂ ਭਲਕ ਸਵੇਰ?'

'ਆਥਣ ਨੂੰ ਕਰਦੂੰਗਾ ਸਰਦਾਰਾ।'

ਲਾਲੀ ਠੰਢੇ ਕਮਰੇ 'ਚ ਜਾਣ ਲੱਗਾ ਟੇਢਾ ਝਾਕਿਆ, ਜਿਵੇਂ ਕੁਝ ਕਹਿ ਗਿਆ ਹੋਵੇ, ਕਿਹਾ ਕੁਝ ਨਹੀਂ।

ਗੋਲੂ ਨੇ ਬੁੜ ਬੁੜ ਕੀਤੀ, 'ਵੱਡੇ ਜੱਟ ਬਣੇ ਫਿਰਦੇ ਐ। ਜ਼ੀਰੀ ਨੂੰ ਨੱਕਾ ਮੋੜ ਨੀਂ ਹੁੰਦਾ। ਓ ਬੀ ਭਈਏ?'

ਉਸ ਨੇ ਬਰਾਂਡੇ ਵਿਚੋਂ ਮੱਝਾਂ ਉਠਾ ਦਿੱਤੀਆਂ। ਉਸ ਨੂੰ ਪਤਾ ਸੀ ਗੋਹਾ ਕਰ ਲੈਣਗੀਆਂ। ਇਕ ਪਾਸੇ ਅੱਧਖੜ ਬੌਲ਼ਦ ਵੇਖ ਕੇ ਖੜ੍ਹਾ ਹੋ ਗਿਆ। ਬੁੱਢੇ ਹੋ ਰਹੇ ਬਲ਼ਦ ਦੀਆਂ ਅੱਖਾਂ ਵਿਚ ਗਿੱਡ ਵੇਖ ਕੇ, ਉਹ ਸੋਚ ਗਿਆ, 'ਕੱਲਾ ਰਹਿ ਗਿਆ ਰੇਹੜੇ 'ਤੇ ਪੱਠੇ ਲਿਆਉਣ ਲਈ। ਜਦੋਂ ਮੇਰਾ ਬਾਈ ਇਨ੍ਹਾਂ ਨਾਲ ਰਲ਼ਿਆ ਹੋਇਆ ਤੀ। ਚਾਰ ਜੋੜੀਆਂ ਦੀ ਖੇਤੀ ਕਰਦੇ ਤੀ। ਸਾਂਝਾ ਟੱਬਰ ਤੀ। ਹੁਣ ਅੱਡੋ ਅੱਡ ਹੋ ਗਏ ਤੇ। ਹਰੇ ਇਨਕਲਾਬ ਨੇ ਟੱਬਰ ਅੱਡੋ-ਪਾਟੀ ਕਰਤਾ।'

ਮੱਝਾਂ ਨੇ ਪਿੱਠਾਂ ਤੇ ਬੂਥੀਆਂ ਘੁੰਮਾਈਆਂ। ਗੋਲੂ ਉਨ੍ਹਾਂ ਦੇ ਹੇਠੋਂ ਮਿੱਧੇ ਫੋਸ, ਫੌੜ੍ਹੇ ਨਾਲ ਇਕੱਠੇ ਕਰਨ ਲੱਗ ਪਿਆ। ਉਹ ਕਹੀ ਨਾਲ ਤਪੱਹੀਆ ਰੇਹੜੀ ਵਿਚ ਗੋਹਾ ਪਾ ਕੇ, ਬਾਹਰ ਢੇਰ 'ਤੇ ਸੁੱਟ ਆਉਂਦਾ।

ਉਸ ਨੇ ਇਧਰੋਂ ਵਿਹਲਾ ਹੋ ਕੇ ਧਰਮ ਸਿਉਂ ਦਾ ਗੇਟ ਜਾ ਖੜਕਾਇਆ। ਮੂੰਹ ਹਨੇਰਾ ਹੀ ਸੀ। ਪਿੰਡ ਅਜੇ ਵੀ ਚੁੱਪ-ਚਾਪ ਸੀ। ਗੁਰਦੁਆਰੇ ਉੱਤੇ ਲੱਗੇ ਸਪੀਕਰ ਨੇ ਚੁੱਪ ਤੋੜੀ। ਉਸ ਦੇ ਕੰਨਾਂ 'ਚ ਵੀ 'ਵਹਿਗੁਰੂ' ਦੀ ਆਵਾਜ਼ ਪਈ। ਇੱਕੜ-ਦੁੱਕੜ ਘਰਾਂ 'ਚ ਬੋਲ-ਬੁਲਾਰਾ ਹੋਣ ਲੱਗ ਪਿਆ। ਕੋਈ ਕੋਈ ਮਾਈ ਤੇ ਬਜ਼ੁਰਗ 'ਵਹਿਗੁਰੂ ਵਹਿਗੁਰੂ' ਜਪਦੇ ਗੁਰਦੁਆਰੇ ਵੱਲ ਜਾਣ ਲੱਗ ਪਏ ਸਨ। ਸਾਂਝੀ ਜਗ੍ਹਾ 'ਚ ਪਿੱਪਲ-ਬਰੋਟਾ, ਨਿੰਮ ਉੱਤੇ ਪੰਛੀਆਂ ਦੀ ਚਹਿਚਹਾਟ ਹੋਣ ਲੱਗ ਪਈ।

ਉਸ ਨੂੰ ਕਰਮ ਸਿਉਂ ਦੇ ਗੇਟ 'ਤੇ ਉਡੀਕਣਾ ਨਹੀਂ ਸੀ ਪਿਆ। ਕੁੰਡਾ ਖੁੱਲ੍ਹਿਆ ਹੋਇਆ ਸੀ, 'ਵਾਹ ਕਰਮ ਸਿਆਂ, ਬੰਦਾ ਅੰਮ੍ਰਿਤ ਵੇਲ਼ੇ ਉੱਠੇ। ਸਾਜ੍ਹਰੇ ਕੰਮ ਨਿਬੇੜੇ।'

ਸੂਰਜ ਚੜ੍ਹ ਆਇਆ ਸੀ। ਫਿਰਨੀ 'ਤੇ ਜਾਂਦਿਆਂ, ਉਸ ਦਾ ਚਿਹਰਾ ਲੋਅ ਨਾਲ ਲਾਲ ਸੂਹਾ ਹੋ ਗਿਆ। ਉਸ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਉਸ ਦਾ ਲੰਮਾ ਪਰਛਾਵਾਂ ਨਾਲ ਨਾਲ ਆ ਰਿਹਾ ਸੀ। ਉਹ ਵਿਹੜੇ ਵਾਲਿਆਂ ਦੇ ਮਕਾਨਾਂ ਵੱਲ ਝਾਕਿਆ। ਉਸ ਨੂੰ ਬੇਜੈਂ ਖਿਝ ਆਈ। ਫਿਰਨੀ 'ਤੇ ਕੋਈ ਕੋਈ ਬੰਦਾ ਦਿਸਿਆ। ਉਹ ਨੇੜੇ ਦੇ ਘਰ ਵੱਲ ਚਲਾ ਗਿਆ। ਬੂਹਾ ਖੁੱਲ੍ਹਾ ਸੀ। ਉਸ ਨੇ ਜੈਲੂ ਨੂੰ ਹਾਕ ਮਾਰੀ। ਕੋਈ ਨਾ ਬੋਲਿਆ, ਉਹ ਅੰਦਰ ਜਾ ਵੜਿਆ, 'ਉੱਠੋ ਗੋਡੇ ਗੋਡੇ ਧੁੱਪ ਚੜ੍ਹ ਆਈ। ਲੰਮੀਆਂ ਤਾਣ ਕੇ ਪਏ ਹੋ। ਦੁਕਾਨ ਸਾਂਭ ਜਾ ਕੇ।'

'ਓ ਜਾਨਾਂ ਚਾਚਾ...ਊਏਂ ਗਲ਼ ਪਈ ਜਾਨੈ।'

'ਤੂੰ ਸੂਰਜ ਮਚਦਾ ਵੇਖਿਆ? ਥੋਡੇ ਪੈਰ ਮੱਚਣ ਲੱਗ ਜਾਣਗੇ। ਕੰਮ ਨੂੰ ਦੁੜਕੀਂ ਜਾਓਗੇ।' ਉਹ ਘਰ ਵੱਲ ਆ ਗਿਆ।

ਉਸ ਨੇ ਸੂਰਾਂ ਦਾ ਖੁੱਡਾ ਖੋਲ੍ਹ ਦਿੱਤਾ। ਇਕ ਦੂਜੇ ਦੇ ਅੱਗੇ ਚੀਕਾਂ ਮਾਰਦੇ, ਚਿੱਕੜ ਫਰੋਲਣ ਜਾ ਲੱਗੇ। ਮੋਥੇ ਦੀਆਂ ਧਰਤੀ 'ਚ ਗੱਠੀਆਂ ਤੇ ਘਾਹ ਦੀਆਂ ਤਿੜਾਂ ਖਾ ਜਾਂਦੇ। ਉੱਥੇ ਹੀ ਲਿਟਣ ਲੱਗ ਪੈਂਦੇ। ਗੋਲੂ ਮਨ 'ਚ ਹੀ ਕਹਿ ਗਿਆ, 'ਕੰਜਰ ਦੇ ਕਿਵੇਂ ਖਾਜ ਹਟਾਉਂਦੇ ਮਸਤੀਆਂ ਕਰਦੇ ਨੇ।'

ਗੋਲੂ ਕੁਝ ਚਿਰ ਉਨ੍ਹਾਂ ਨੂੰ ਪਰਖਦਾ ਰਿਹਾ। ਕਿਹੜੀ ਸੂਰੀ ਸੂਣ ਵਾਲੀ। ਕਿਹੜਾ ਸੂਰ ਜ਼ਿਆਦਾ ਭਾਰੀ ਹੋ ਗਿਆ। ਕਿਸ ਸੂਰੀ ਦੇ ਬੱਚੇ ਵੱਡੇ ਹੋ ਰਹੇ ਨੇ। ਕਿਹੜਾ ਸੂਰ ਵੱਧ ਪੈਸੇ ਵਟਾਏਗਾ। ਏਨੇ ਸਮੇਂ ਨਾਲ ਹੀ ਉਸ ਦੀ ਥਕਾਵਟ ਲਹਿ ਗਈ। ਸੁੱਖੋ ਨੇ ਉਸ ਲਈ ਚਾਹ ਬਣਾ ਲਈ ਸੀ, 'ਲਓ ਪੀਓ।'

'ਪਿੰਡੇ 'ਤੇ ਪਾਣੀ ਪਾ ਲਵਾਂ।' ਉਹ ਸਰਕਾਰੀ ਟੂਟੀ ਤੋਂ ਬਾਲਟੀ ਭਰ ਕੇ ਨਾਹ ਲਿਆ। ਪਿੰਡੇ 'ਤੇ ਪਾਣੀ ਪਾਉਣ ਨਾਲ ਥਕੇਵਾਂ ਲਹਿ ਗਿਆ ਮਹਿਸੂਸ ਹੋਇਆ।

ਉਸ ਨੇ ਚਾਹ ਪੀਂਦਿਆਂ ਵੇਖਿਆ, 'ਬੱਚੇ ਸਕੂਲ ਗਏ ਨੀਂ ਅਜੇ?'

ਸੁੱਖੋ ਬੋਲ ਪਈ, 'ਅੱਜ ਛੁੱਟੀ ਕਰਲੀ। ਨਾਲਦਿਆਂ ਤੋਂ ਮੁਬੈਲ 'ਤੇ ਕੰਮ ਕਰ ਲੈਣਗੇ। ਜੁਆਕਾਂ ਦੇ ਭਮਾਂ ਦੀਦੇ ਫੁਟ ਜਾਣ।'

‘ਕੋਈ ਨਾ ਕੋਈ ਨਾ, ਇਕ ਦਿਨ ਦਾ ਕੀ ਐ। ਕਰਨ ਦੇ ਆਰਾਮ।’

‘ਲੈਅ ਘਰੇ ਟਿਕਦੇ ਐ ਜੁਆਕੜੇ, ਉਠਣ ਦੇ ਕੇਰਾਂ ਦੜਿਕਦੇ ਫਿਰਨਗੇ?’

‘ਚਲ ਦੋ ਘੜੀ ਮੇਰੇ ਕੋਲ਼ ਬਹਿ ਜਿਆ ਕਰ।’

ਸੁੱਖੋ ਮੁਸਕਰਾਈ ਤੇ ਉਸ ਦੇ ਨਾਲ ਲੱਗ ਕੇ ਬੈਠ ਗਈ, ‘ਹਾਇ ਜੀ ਥੋਡੇ ਨਾਲ ਜਾਇਆ ਕਰੂੰ। ਕੱਲੇ ਔਖੇ ਹੁੰਨੇ ਓਂ।’

ਗੋਲੂ ਨੇ ਉਸ ਦੀ ਗਰਦਨ ਉਪਰੋਂ ਬਾਂਹ ਪਾ ਲਈ, ‘ਤੂੰ ਮੇਰੀ ਰਾਣੀ। ਬੰਦਾ ਖੁਸ਼ ਹੋ ਕੇ ਜਾਵੇ, ਉੱਡਿਆ ਫਿਰਦੈ।’

‘ਛੱਡੋ, ਰੋਟੀ ਖਾ ਕੇ ਕੰਮ ’ਤੇ ਜਾਈਏ।’ ਉਹ ਚੁਲ੍ਹੇ ਚੌਂਕੇ ਦੇ ਆਹਰ ਲੱਗ ਪਈ।

ਗੋਲੂ ਨੇ ਦੋ ਖਾਲੀ ਡਰੰਮੀਆਂ ਰੇਹੜੀ ਉੱਤੇ ਰੱਖ ਲਈਆਂ। ਟਾਇਰਾਂ ਵਿਚ ਹਵਾ ਵੇਖ ਕੇ ਟੱਲੀ ਖੜਕਾ ਦਿੱਤੀ। ਉਹ ਹਰ ਰੋਜ਼ ਵਾਂਗ ਸ਼ਹਿਰ ਨੇੜੇ, ਸ਼ੈੱਲਰ ਵੱਲ ਸਿੱਧਾ ਹੋ ਗਿਆ। ਉਸ ਦੀ ਗਾਮੇ ਵੱਲ ਨਿਗਾਹ ਚਲੀ ਗਈ, ‘ਕਿਸੇ ਕੰਮ ਨੂੰ ਹੱਥ ਹਿਲਾ ਲਓ। ਖੂਹ ਦੇ ਡੱਡੂ ਬਣ ਕੇ ਨੀਂ ਬੈਠੇ ਰਹਿਣਾ।’

ਗਾਮਾ ਦੰਦੀਆਂ ਜਿਹੀਆਂ ਕੱਢਦਾ ਅੰਦਰ ਜਾ ਵੜਿਆ।

ਉਨ੍ਹਾਂ ਨੇ ਭੀੜੀ ਬੀਹੀ ਵਾਲੇ ਕੱਚੇ ਘਰ ਛੱਡ ਕੇ ਫਿਰਨੀ ਉੱਤੇ ਪਾ ਲਏ ਸਨ।

ਉਹ ਜੱਟਾਂ ਵਾਲੇ ਪਾਸੇ ਸੁੰਨੀ ਫਿਰਨੀ ਵੇਖ ਕੇ ਹੈਰਾਨ ਨਹੀਂ ਹੋਇਆ। ਇਨ੍ਹਾਂ ਨੇ ਕਿਹੜਾ ਚਿੜੀ ਚੂਹਕਦੀ ਨੂੰ ਹਲ਼ ਜੋੜਨਾ ਸੀ? ਨਾ ਹੀਰ ਤੇ ਮਿਰਜ਼ੇ ਦੀਆਂ ਹੇਕਾਂ ਲਾਉਣੀਆਂ ਨੇ?

ਉਸ ਦੇ ਕੋਲੋਂ ਤੇਜ਼ ਕਾਰ ਲੰਘੀ, ‘ਗਹਾਂ ਅੱਗ ਬੁਝਾਉਣੀ ਐ।’

ਉਸ ਦੀਆਂ ਗਿਣਤੀਆਂ ਮਿਣਤੀਆਂ ’ਚ ਰੇਹੜੀ ਕਦੇ ਤੇਜ਼ ਹੋ ਜਾਂਦੀ ਕਦੇ ਹੌਲ਼ੀ। ਕਾਰਾਂ ਵਾਲੇ ਹਾਰਨ ਤੇ ਹਾਰਨ ਵਜਾ ਕੇ ਲੰਘਦੇ। ਪਿਛਲੇ ਦਿਨਾਂ ਵਿਚ ਟਾਂਡੀ ਨਾਲ ਭਰੀ ਟਰੈਕਟਰ ਟਰਾਲੀ ਜਾ ਰਹੀ ਸੀ। ਉਸ ਦੇ ਲੰਘਣ ਤੋਂ ਪਾਸੇ ਹੋ ਕੇ ਖੜ੍ਹਾ ਸੋਚਦਾ ਰਿਹਾ। ਸੇਹ-ਮਾਜਰੀ ਪਿੰਡਾਂ ਵਾਲੇ ਟਾਂਡੀ ਵੱਢ ਕੇ ਜ਼ੀਰੀ ਬੀਜਣ ਲਈ ਜ਼ਮੀਨ ਤਿਆਰ ਕਰ ਲੈਂਦੇ ਨੇ। ਮੇਰੇ ਪਿੰਡ ਦੇ ਜੱਟ ਨੀਂ ਐਨੀ ਹਿੰਮਤ ਕਰਦੇ। ਜੂਨ ਦੀ ਮਿਥੀ ਤਾਰੀਕ ਤੋਂ ਜ਼ੀਰੀ ਲਾਉਣ ਵਾਲੀ ਸਰਕਾਰੀ ਬੰਦਸ਼ ਨੂੰ ਉਡੀਕੀ ਜਾਣਗੇ। ਫੇ ਕੱਦੂ ਕਰਕੇ ਭਈਆਂ ਨੂੰ ਲੱਭਦੇ ਫਿਰਨਗੇ। ਆਪ ਖੜ੍ਹ ਜਾਣਗੇ ਲੱਕ ’ਤੇ ਹੱਥ ਧਰਕੇ...। ਐਂ ਤਾਂ ਸਰਕਾਰ ਕਹਿੰਦੀ ਜ਼ੀਰੀ ਦੀ ਸਿੱਧੀ ਬਿਜਾਈ ਕਰਕੇ, ਚਾਹੇ ਮਈ ’ਚ ਬੀਜ ਲਓ। ਓਕਣ ਕੋਈਓ ਬੀਜਦੈ। ਲਾਲੀ ਕਹਿੰਦਾ ਫਾਇਦਾ ਨੀਂ। ਜਿੰਨਾ ਝਾੜ ਕੱਦੂ ਕਰਕੇ ਬੀਜਣ ਨਾਲ ਮਿਲਦਾ। ਓਨਾ ਸਿੱਧੀ ਬਿਜਾਈ ਨਾਲ ਨੀਂ ਮਿਲਦਾ।

ਉਹ ਪਿੱਛੋਂ ਮੋਟਰ ਸਾਈਕਲ ਲੰਘਣ ਤੋਂ ਕੰਬ ਗਿਆ, ‘ਹੈਂ? ਨਵੀਂ ਵਹੁਟੀ ਦੇ ਚਾਅ ’ਚ ਭਜਾਈਂ ਜਾਂਦੈ, ਕਿਤੇ ਦੜ੍ਹਕਾ ਨਾ ਪਏ? ਬਿਚਾਰੀ ਫਿੰਡ ਬਣੀ ਰੁੜ੍ਹਦੀ ਫਿਰੇ।’

ਉਸ ਨੂੰ ਮੱਲੋਮੱਲੀ ਹਾਸਾ ਆ ਗਿਆ ਸੀ, ‘ਮੈਂ ਚਾਅ ’ਚ ਈ ਸੁੱਖੋ ਨੂੰ ਸੈਂਕਲ ’ਤੇ ਬਠਾਉਣ ਲੱਗਾ ਤੀ। ਜਿੰਨਾ ਚਿਰ ਨੂੰ ਉਹ ਕੀਲੀ ’ਤੇ ਪੈਰ ਧਰ ਕੇ ਕੈਰੀਅਰ ’ਤੇ ਬੈਠਣ ਲੱਗੀ, ਮੈਂ ਪੈਡਲ ’ਤੇ ਲੱਤ ਦਿੱਤੀ, ਭਜਾ ਲਿਆ ਤੀ ਬੰਬੂਕਾਟ ਮਾਂਗਣ। ਉਹ ਡਿੱਗ ਕੇ ਲੋਟ ਪੋਟਣੀ ਖਾ ਗੀ ਤੀ। ਮੈਨੂੰ ਲੱਗਿਆ ਮੇਰੇ ਪਿੱਛੇ ਉਸ ਦੀ ਹਿੱਕ ਕਿਉਂ ਨੀਂ ਲੱਗਦੀ। ਖੜ੍ਹ ਕੇ ਪਿੱਛੇ ਝਾਕਿਆ। ਉਹ ਰੁੱਸੀ ਬੈਠੀ ਤੀ। ਫੇ ਸੈਂਕਲ ’ਤੇ ਨਾ ਬੈਠੇ। ਮਿੰਨਤਾਂ ਕੀਤੀਆਂ। ਕਹੇ ਪੈਲ੍ਹਾਂ ਬਿਠਾ, ਫੇ ਚਲਾਈਂ।’

ਉਹ ਮਨ ਦੀਆਂ ਘੁੰਮਣਘੇਰੀਆਂ ’ਚ ਫਸਿਆ, ਸ਼ੈੱਲਰ ’ਚ ਪਹੁੰਚ ਗਿਆ ਸੀ। ਰੇਹੜੀ, ਗੇਟ ਤੋਂ ਬਾਹਰ ਖੜ੍ਹੀ ਕੀਤੀ। ਅੰਦਰੋਂ ਝਾੜੂ ਚੁੱਕਿਆ, ਦਫਤਰ ਚਲਾ ਗਿਆ। ਜੋ ਦਿਨ ਤੇ ਰਾਤ ਦਾ ਗੰਦ ਮੰਦ ਖਾਧਾ-ਪੀਤਾ, ਮਿੰਟਾਂ ’ਚ ਸਫਾ ਚੱਟ ਕਰ ਦਿੱਤਾ। ਲਾਲੇ ਲੇਟ ਆਉਂਦੇ ਸੀ। ਮੁਨੀਮ ਸਵੇਰੇ ਹੀ ਆ ਬੈਠਦਾ। ਉਹ ਵੇਖਦਾ ਰਹਿੰਦਾ, ਗੋਲੂ ਨੇ ਕੰਮ ਠੀਕ ਕੀਤਾ।

ਉਹ ਕੰਮ ਕਰ ਕੇ ਘਿਓ ਮਿੱਲ ਵੱਲ ਚੱਲ ਪਿਆ, ‘ਅੱਧੇ ਘੰਟੇ ਦੀ ਵਾਟ ਐ। ਹੁਣ ਜਾ

ਬਜਣੈ।'

ਉਹ ਜਰਨੈਲੀ ਸੜਕ ਚੜ੍ਹ ਕੇ ਸਭ ਕੁਝ ਭੁੱਲ ਗਿਆ ਸੀ। ਉਸ ਦੇ ਚਾਰੇ ਪਾਸੇ, ਸਕੂਟਰ, ਕਾਰਾਂ, ਬੱਸਾਂ ਤੇ ਟਰੱਕ ਹਾਰਨ ਮਾਰਦੇ ਕੰਨ ਪਾਈ ਨਾ ਸੁਣਦਾ। ਉਸ ਨੇ ਆਪਣੇ ਅੰਦਰੋਂ ਘਰੋੜ ਕੇ ਦਿਲ ਦੀ ਭੜਾਸ ਕੱਢੀ, 'ਅਸੀਂ ਏਥੋਂ ਈ ਲੰਘਣੈਂ। ਹੋਰ ਰੱਬ 'ਤੇ ਰੇਹੜੀ ਚਾੜ੍ਹ ਲਾਂ? ਗੱਭੇ ਪਹਾੜ ਖੜ੍ਹਾ ਕਰਤਾ। ਥੰਮਲਿਆਂ 'ਤੇ ਪੁਲ਼ ਬਣਾ ਲੈਂਦੇ। ਦੋ ਹਿੱਸਿਆਂ 'ਚ ਸ਼ਹਿਰ ਵੰਡਤਾ ਵੱਢੀਖੋਰਾਂ ਨੇ।'

ਉਸ ਨੂੰ ਸ਼ਹਿਰੋਂ ਬਾਹਰ ਨਿਕਲ ਕੇ ਸਾਹ ਆਇਆ ਸੀ। ਸੁੱਖੋ ਯਾਦ ਆਈ, 'ਫੋਨ ਕਰਦਾਂ, ਨਿਆਣੇ, ਭੈਣ ਜੀਆਂ ਕੋਲ਼ ਪੜ੍ਹਦੇ ਹੋਣੇ ਐ। ਉਹਨਾਂ ਦੇ ਫੋਨ ਨੂੰ ਦਮ ਆਊ। ਆਪੇ ਸੁੱਖੋ ਹਾਲ-ਚਾਲ ਪੁੱਛ ਲੂ। ਜੇ ਕੁਸ਼ ਮੰਗਾਉਣਾ ਹੋਊ। ਦੱਸ ਦਊ। ਇਕ ਗੱਲ ਭੁੱਲਗੀ। ਸੈਂਤ ਲਾਲੀ ਨੇ ਕੁਸ਼ ਕਿਹਾ ਤੀ। ਖਬਰਨੀ ਬੁੜਬੁੜ ਕਰਦਾ ਤੀ। ਕਾਹਲ਼ੀ 'ਚ ਸੁਣਿਆ ਨੀਂ...ਕੋਈ ਗੁੱਸੇ ਆਲ਼ੀ ਝਿੜਕ ਲੱਗੀ ਐ, ਚਲ ਹੋਊ ਆਜੂ ਚੇਤੇ।'

ਉਸ ਨੇ ਘਿਓ ਮਿੱਲ ਦੇ ਬਾਹਰ, ਦੋਵੇਂ ਪਾਸੇ ਖੋਖੀਆਂ ਕੋਲ਼ ਰੇਹੜੀ ਰੋਕ ਲਈ। ਘਿਓ ਮਿੱਲ ਲਾਗੇ ਫੈਕਟਰੀਆਂ ਦਾ ਇਕ ਪਿੰਡ ਬਣਿਆ ਹੋਇਆ। ਜਦੋਂ ਮਜ਼ਦੂਰਾਂ ਨੂੰ ਛੁੱਟੀ ਮਿਲਦੀ, ਉਹ ਵੱਡੀ ਸੜਕ ਦੇ ਇਕ ਪਾਸੇ ਖੋਖੀਆਂ ਵੱਲ ਉਲਰ ਆਉਂਦੇ। ਉਹ ਪਊਆ ਅੱਧੀਆ ਲੈ ਕੇ ਬਰਗਰ, ਮੀਟ, ਮੱਛੀ ਆਂਡਿਆਂ ਨਾਲ ਪੀ ਲੈਂਦੇ। ਪਲੇਟਾਂ ਵਿਚ ਬਚਦੀ ਜੂਠ ਗੋਲੂ ਦੀਆਂ ਡਰੰਮੀਆਂ ਵਿਚ ਪਾਈ ਜਾਂਦੇ।

ਉਸ ਖੋਖੀ ਵਾਲੇ ਭਈਏ ਨੂੰ ਕਦੇ ਕਦੇ ਪਊਆ ਫੜਾ ਕੇ, ਹੱਥ 'ਤੇ ਰੱਖਦਾ। ਭਰੀਆਂ ਹੋਈਆਂ ਚੁੱਕ ਕੇ ਰੇਹੜੀ ਉੱਤੇ ਟਿਕਾ ਲੈਂਦਾ।

ਉਹ ਪਿੰਡ ਵੱਲ ਸਿੱਧਾ ਹੋ ਗਿਆ ਸੀ। ਉਸ ਨੂੰ ਜਰਨੈਲੀ ਸੜਕ ਤੋਂ ਲੰਘਣਾ, ਜੰਗਲ ਨੂੰ ਪਾਰ ਕਰਨਾ ਜਾਪਦਾ। ਉਸ ਦਾ ਪੂਰਾ ਧਿਆਨ ਆਪਣੇ ਆਪ ਨੂੰ ਬਚਾਉਣ ਵੱਲ ਲੱਗਿਆ ਰਹਿੰਦਾ। ਸੂਰਾਂ ਦਾ ਮਨ ਪਸੰਦ ਖਾਣਾ ਡਰੰਮੀਆਂ ਵਿਚ ਛਲਕਦਾ ਹੋਰ ਗਾੜ੍ਹਾ ਹੋ ਜਾਂਦਾ।

ਸ਼ਹਿਰ ਲੰਘ ਕੇ ਉਸ ਨੇ ਲੰਮਾ ਸਾਹ ਲਿਆ, 'ਸੁੱਖੋ, ਪਤਾ ਨੀਂ ਸੜਕ ਕੰਨੀਂ ਮਿੱਟੀ ਪਾਉਣ ਗਈ ਹੋਊ। ਸੈਂਤ ਘਰੇ ਹੋਵੇ। ਨਿਆਣੇ ਖੇਲ੍ਹਣ ਤੁਰ ਗਏ ਹੋਣੇ। ਨਰੇਗਾ 'ਚ ਨਾ ਜਾਇਆ ਕਰੇ। ਨਿਆਣੇ ਸਾਂਭੇ। ਸੋਚਦੇ ਹਾਂ, ਲੰਙੇ ਡੰਗ ਜਾਣਾ ਪੈਂਦਾ ਹੈ। ਉਹ ਵਿਹਲੀ ਜੱਟਾਂ ਦੇ ਝਾੜੂ ਲਾਉਂਦੀ ਫਿਰੂ। ਕੱਪੜੇ ਧੋਣ ਲਈ ਕਈ ਘਰਾਂ 'ਚ ਜਾਣਾ ਪੈਂਦਾ ਹੈ। ਕੀ ਸੋਚ ਗਿਆ ਮੈਂ? ਕਈ ਗੱਲਾਂ ਮਨ 'ਚ ਮੱਲੋਮੱਲੀ ਆਣ ਵੜਦੀਆਂ। ਮੁੰਡੀਰ ਨਸ਼ਿਆਂ 'ਚ ਅੰਨ੍ਹੀ ਹੋਈ ਫਿਰਦੀ। ਕੀ ਪਤਾ? ਮੈਨੂੰ ਨੀਂ ਕਿਸੇ 'ਤੇ ਤਵਾਰ।'

ਸੂਰਾਂ ਨੂੰ ਰੇਹੜੀ ਦੀ ਆਵਾਜ਼ ਆਈ। ਉਨ੍ਹਾਂ ਬੂਥੀਆਂ ਚੁੱਕ ਲਈਆਂ। ਕੰਨ ਖੜ੍ਹੇ ਕਰ ਲਏ। ਗੋਲੂ ਨੇ ਫੁਰਤੀ ਵਿਖਾਈ। ਖੁੱਡੇ ਕੋਲ਼ ਪਈ ਲੱਕੜ ਦੀ ਖੁਰਲੀ ਵਿਚ ਡਰੰਮੀਆਂ ਉਲਟਾ ਦਿੱਤੀਆਂ। ਸੂਰ ਖੇਲ਼ ਦੇ ਦੋਵੇਂ ਪਾਸੇ ਚਿੰਬੜ ਗਏ।

ਗੋਲੂ ਨੇ ਕੇਲਿਆਂ ਦਾ ਲਫਾਫਾ ਨਿਆਣਿਆਂ ਨੂੰ ਫੜਾ ਦਿੱਤਾ। ਸੁੱਖੋ, ਗੋਲੂ ਨੂੰ ਪਾਣੀ ਪਿਆ ਕੇ, ਰੋਟੀ ਦੇ ਆਹਰ ਲੱਗ ਗਈ। ਗੋਲੂ ਰੋਟੀ ਖਾ ਕੇ ਆਰਾਮ ਕਰਨ ਪੈ ਗਿਆ। ਤੜਕੇ ਦਾ ਉਠਿਆ ਝੱਟ ਅੱਖ ਲੱਗ ਗਈ। ਸੁਫਨੇ 'ਚ ਮਨ ਉਡਾਰੀਆਂ ਭਰਨ ਲੱਗ ਪਿਆ।

ਉਸ ਦੇ ਸੂਰ ਸਾਫ ਸੁਥਰੇ ਲਾਲ ਨਿਕਲ ਆਏ ਦਿਸੇ। ਚਮੜੀ ਉੱਤੇ ਇਕੱਲਾ ਇਕੱਲਾ ਵਾਲ਼ ਖੜ੍ਹਾ ਨਜ਼ਰ ਆਇਆ, 'ਵਾਹ, ਕਰਾਮਾਤ ਹੋ ਗੀ? ਸੋਹਣੇ ਸੁਨੱਖੇ ਦੁਗਣੇ ਪੈਸੇ ਵਟਾ ਜਾਣਗੇ। ਦਿਵਾਲੀ ਤੇ ਲੋਹੜੀ ਦੇ ਦਿਨਾਂ 'ਚ ਗਾਹਕ ਖਿੱਚਿਆ ਆਵੇਗਾ। ਉਹ ਸਿਫਤਾਂ ਕਰਦੇ ਨੀਂ ਥੱਕਣਗੇ, 'ਓਇ ਗੋਲੂ ਕਿਹੜੇ ਸ਼ੈਂਪੂ ਨਾਲ ਨੁਹਾ ਕੇ ਚਮਕਾਏ ਐ।'

ਗੋਲੂ ਹੱਸਦਾ ਰਿਹਾ। ਉਸ ਨੇ ਗਾਹਕ ਨੂੰ ਦੁੱਗਣੀ ਕੀਮਤ ਦੱਸ ਦਿੱਤੀ ਸੀ। ਗਾਹਕ ਨੇ ਓਨੇ ਹੀ

ਪੈਸੇ ਦੇ ਦਿੱਤੇ।

ਪਹਿਲਾਂ ਪਹਿਲਾਂ ਉਹ ਆਪ ਸੂਰ ਮਾਰ ਕੇ, ਵੇਚਦਾ ਰਿਹਾ ਸੀ। ਇਕ ਦਿਨ ਸੁੱਖੋ ਨੂੰ ਸੂਰਾਂ ਦੀਆਂ ਚੀਕਾਂ ਨੇ ਡਰਾ ਦਿੱਤਾ। ਭਾਵੇਂ ਤਿਓਹਾਰ ਵਾਲੇ ਦਿਨ ਹੱਥੋ ਹੱਥ ਵਿਕ ਜਾਂਦਾ। ਵਟਤ ਵੀ ਦੁੱਗਣੀ ਹੋ ਜਾਂਦੀ। ਸੁੱਖੋ ਨੇ ਬੰਦ ਕਰਾ ਦਿੱਤਾ ਸੀ। ਜਿਊਂਦਾ ਸੂਰ ਵੇਚਣਾ ਚੰਗਾ। ਲੈਣ ਵਾਲਾ ਚਾਹੇ ਮਾਰੇ, ਚਾਹੇ ਪਾਲ਼ ਕੇ ਹੋਰ ਵੱਡਾ ਕਰ ਲਵੇ। ਅੱਖਾਂ ਤੋਂ ਪਰੇ ਜੱਗ ਮਰੇ।

ਸੁਫਨੇ 'ਚ ਹੀ ਉਹ ਸੁੱਖੋ ਨਾਲ ਇਕ ਪੱਕੇ ਵਧੀਆ ਮਕਾਨ ਵਿਚ ਪਿਆ ਹੱਸਦਾ, 'ਵੇਖ ਸੁੱਖੋ ਸੂਰਾਂ ਦੀ ਵੱਟਤ ਤੇ ਹੱਥੀਂ ਕਮਾਈ ਦੀ ਕੋਠੀ 'ਚ ਪਏ ਹਾਂ। ਬੰਦ ਕਮਰਿਆਂ 'ਚ ਪਤਾ ਹੀ ਨੀਂ ਲੱਗਦਾ ਕਿ ਬਾਹਰ ਮੀਂਹ ਜਾਂ ਹਨੇਰੀ ਆਈ ਤੀ। ਨਿਆਣੇ ਮੇਜ ਕੁਰਸੀਆਂ 'ਤੇ ਬੈਠੇ ਪੜ੍ਹ ਰਹੇ ਨੇ। ਹੁਣ ਗੋਹਾ ਕੂੜਾ ਕਰਨ ਨੀਂ ਜਾਣਾ ਪੈਣਾ। ਲਾਲੀ ਨੂੰ ਕਹਿ ਆਉਣਾ, 'ਸਰਦਾਰਾ ਅਸੀਂ ਹੁਣ ਕੋਠੀਆਂ ਆਲ਼ੇ ਹੋ ਗੇ ਜੀ...ਕੋਠੀਆਂ ਆਲ਼ੇ...।'

ਲਾਲੀ ਸੁਣ ਕੇ ਹੈਰਾਨ ਰਹਿ ਗਿਆ, 'ਹੈਂ? ਠੀਕ ਹੈ ਬਈ ਠੀਕ। ਸਾਡੇ ਨਿਆਣੇ ਵਿਦੇਸ਼ 'ਚ ਮਜ਼ਦੂਰੀ ਕਰਦੇ ਨੇ। ਪਿੱਛੋਂ ਕੋਠੀਆਂ ਪਤਾ ਨੀਂ ਕਿਸ ਨੇ ਸਾਂਭਣੀਆਂ?'

ਉਹ ਦੋਵੇਂ ਹੱਸ ਪਏ ਤੇ ਦੋਵੇਂ ਗੰਭੀਰ ਹੋ ਗਏ। ਲਾਲੀ ਸੋਚਣ ਲੱਗ ਪਿਆ। ਇਹ ਕਿਹੋ ਜਿਹੀ ਹਵਾ ਵਗ ਪਈ। ਉਹ ਸੋਚਦਾ ਸੋਚਦਾ ਹੋਰ ਉਦਾਸ ਹੋ ਗਿਆ।

'ਸਰਦਾਰਾ ਹਵਾ ਦੇ ਰੁਖ਼ ਦਾ ਪਤਾ ਨੀ ਚਲਦਾ ਕਦੋਂ ਪੱਛਮ ਤੋਂ ਪੂਰਬ ਵੱਲ ਉਲਟ ਜਾਵੇ। ਹੁਣ ਕਹਿੰਦੇ ਐ ਪੱਥਰ ਚੱਟ ਕੇ ਪੰਜਾਬੀ ਵਾਪਸ ਆਉਣ ਲੱਗ ਪਏ। ਓਥੇ ਕੰਮ ਨੀ ਮਿਲਦਾ ਤੇ ਮਹਿੰਗਾਈ ਅੱਤ ਦੀ ਵਧੀ ਹੋਈ ਐ।'

'ਹਾਂ ਯਾਰ ਮੁੰਡਾ ਗੱਲ ਕਰਦਾ ਤੀ।' ਉਸ ਦੀਆਂ ਅੱਖਾਂ 'ਚ ਚਮਕ ਆ ਗਈ। ਕਹਿੰਦਾ, 'ਕੁਛ ਨੀਂ ਇੱਥੇ, ਵਾਪਸ ਆਵਾਂਗੇ।'

ਗੋਲੂ ਨੇ ਉਸ ਨੂੰ ਚੇਤਾ ਕਰਾਇਆ, 'ਸਪਰੇਅ ਕਰਨ ਲਈ ਕਹਿ ਰਹੇ ਤੀ?'

ਲਾਲੀ ਉਦਾਸੀ 'ਚੋਂ ਨਿਕਲ ਕੇ ਬੋਲਿਆ, 'ਹਾਂ ਯਾਰ ਜਿਸ ਦਿਨ ਵਿਹਲ ਮਿਲਿਆ ਛਿੜਕ ਆਵੀਂ।'

ਗੋਲੂ ਉਭੜਵਾਹੇ, ਸੁਫਨੇ ਵਿਚੋਂ ਨਿਕਲ ਕੇ ਬੈਠ ਗਿਆ, 'ਹੈਂ? ਅੱਜ ਲੋਟ ਐ?'

ਸੁੱਖੋ ਡਰ ਗਈ, 'ਕੀ ਹੋਇਆ ਜੀ ਕੀ ਹੋਇਆ? ਕੋਈ ਭੈੜਾ ਸੁਪਨਾ ਆਇਆ?' ਉਸ ਨੇ ਪਾਣੀ ਦਾ ਗਲਾਸ ਦਿੱਤਾ, 'ਪਾਣੀ ਪੀਓ, ਓਪਰੀ ਸ਼ੈਅ ਨੱਠ ਜੂਗੀ।'

ਗੋਲੂ ਨੇ ਦੋ ਕੁ ਘੁੱਟਾਂ ਪੀ ਕੇ ਗਲਾਸ ਪਰੇ ਰੱਖ ਦਿੱਤਾ, 'ਐਵੇਂ ਨਾ ਇਹੋ ਜੀਆਂ ਗੱਲਾਂ ਤੋਂ ਡਰਿਆ ਕਰ। ਕੁਛ ਨੀਂ ਹੈ। ਸਭ ਮਨ ਦਾ ਵਹਿਮ।'

'ਜਾਹ ਜਾਂਦੀ ਹੋਗੀ ਤੀ।' ਉਹ ਹੌਸਲੇ 'ਚ ਹੋ ਗਈ। ਗੋਲੂ ਦੇ ਝੱਟ ਸੁਫਨਾ ਯਾਦ ਆ ਗਿਆ, 'ਆਪਾਂ ਸ਼ਾਨਦਾਰ ਕੋਠੀ 'ਚ ਬੈਠੇ ਤੀ। ਬੱਚੇ ਮੇਜ਼ ਕੁਰਸੀਆਂ 'ਤੇ ਬੈਠੇ ਪੜ੍ਹ ਰਹੇ। ਟੀ ਵੀ ਵੇਖ ਰਹੇ। ਲਾਲੀ ਝੂਰ ਰਿਹਾ ਕਿ ਕੋਠੀਆਂ 'ਚ ਰਹਿਣ ਵਾਲਾ ਕੋਈ ਨੀਂ ਰਹਿਣਾ। ਸੁੱਖੋ ਤੂੰ ਮੇਰਾ ਸੁਨਹਿਰੀ ਸੁਪਨਾ ਗੁਆ ਤਾ।'

'ਬਸ ਕਰ, ਸੁਪਨੇ ਸੱਚੇ ਨੀਂ ਹੁੰਦੇ, ਆਪਾਂ ਦੋ ਕਮਰੇ ਪੂਰੇ ਕਰਾਂਗੇ।'

'ਓ ਹੋ, ਮੈਂ ਭੁੱਲ ਗਿਆ ਤੀ, ਚਾਹ ਬਣਾ ਘੁੱਟ, ਪੀ ਕੇ ਲਾਲੀ ਦੀ ਜ਼ੀਰੀ 'ਤੇ ਸਪਰੇਅ ਕਰ ਆਵਾਂ।'

'ਲਓ ਜੀ ਬਣਗੀ ਚਾਹ, ਹਾਲੇ ਤੀਜਾ ਪਹਿਰ ਹੋਇਆ।'

ਗੋਲੂ ਨੇ ਸਪਰੇਅ ਪੰਪ ਸਾਫ ਕੀਤਾ। ਨੋਜ਼ਲ ਵੇਖੀ। ਟੈਂਕੀ 'ਚ ਪੈਟਰੋਲ ਪਾ ਲਿਆ। ਲਾਲੀ ਤੋਂ ਸਪਰੇਅ ਵਾਲੀ ਦਵਾਈ ਲੈ ਕੇ ਡਰੰਮੀ ਵਿਚ ਪਾਣੀ 'ਚ ਮਿਲਾ ਲਈ। ਸਾਈਕਲ 'ਤੇ ਜ਼ੀਰੀ

ਵਾਲੇ ਕੀਲ਼ੇ 'ਚ ਜਾ ਵੜਿਆ। ਉਸ ਨੇ ਮੂੰਹ ਸਿਰ ਚੰਗੀ ਤਰ੍ਹਾਂ ਪਰਨੇ ਨਾਲ ਢਕ ਲਿਆ ਸੀ। ਕਾਲੀਆਂ ਐਨਕਾਂ ਲਾ ਲਈਆਂ।

ਲਾਲੀ ਦੇ ਸਕਿਆਂ ਦੀ ਜ਼ੀਰੀ ਵਿਚ ਭਈਏ ਸਪਰੇਅ ਕਰ ਰਹੇ ਸਨ।

ਭਈਏ ਆਪਸ ਵਿਚ ਹਮਕੋ ਤੁਮਕੋ ਕਰੀ ਜਾ ਰਹੇ ਸੀ। ਗੋਲੂ ਨੇ ਉਨ੍ਹਾਂ ਵੱਲ ਬਹੁਤਾ ਧਿਆਨ ਨਹੀਂ ਦਿੱਤਾ। ਉਹ ਆਪਣਾ ਕੰਮ ਕਰੀ ਗਿਆ। ਉਂ ਉਸ ਦੇ ਹੌਲ ਪਿਆ, 'ਇਹਨਾਂ ਦੇ ਹੁੰਦਿਆਂ ਸਾਨੂੰ ਕੰਮ ਮਿਲਣ ਤੋਂ ਘਟ ਗਿਆ।'

ਸੋਚਾਂ 'ਚ ਉਸ ਨੂੰ ਪਤਾ ਹੀ ਨਾ ਚੱਲਿਆ ਕਦੋਂ ਪੰਜ ਕੀਲ਼ੇ 'ਚ ਦਵਾਈ ਛਿੜਕ ਆਇਆ ਸੀ। ਇਕ ਪੰਪ ਦੇ ਪੰਜਾਹ ਰੁਪਏ ਜਾਂ ਇਕ ਕੀਲੇ ਦੇ 250 ਸੌ ਰੁਪਏ ਰੇਟ ਬੰਨ੍ਹੇ ਹੋਏ ਸਨ। ਵਾਧਾ ਵੀ ਹੁੰਦਾ ਰਹਿੰਦਾ ਸੀ। ਰੇਹ ਦੇ ਥੈਲੇ ਦੇ ਵੀ 50 ਰੁਪਏ ਜਾਂ ਕੀਲੇ ਦੇ 250 ਸੌ ਰੁਪਏ ਰੇਟ ਚਲਦਾ ਸੀ।

ਉਸ ਦੇ ਆਪਣਾ ਪਿਓ ਯਾਦ ਆ ਗਿਆ। ਪਿਓ ਜੱਟਾਂ ਦੀਆਂ ਘੁਲਾੜੀਆਂ ਤੋਂ ਮੈਲ਼ ਲੈ ਆਉਂਦਾ ਸੀ। ਕੜਾਹੇ 'ਚ ਰਸ ਉੱਬਲ਼ਦਾ, ਉਸ ਉੱਤੋਂ ਮੈਲ਼ ਲਾਹ ਕੇ ਵੱਖਰੇ ਪੀਪੇ ਵਿਚ ਪਾਈ ਜਾਂਦੇ। ਗੋਲੂ ਦਾ ਬਾਪੂ ਸੂਰਾਂ ਲਈ ਭਰਿਆ ਪੀਪਾ ਚੁੱਕ ਲਿਆਉਂਦਾ। ਦੂਜੇ ਦਿਨ ਸਾਜ੍ਹਰੇ ਹੀ ਓਥੇ ਹੀ ਰੱਖ ਆਉਂਦਾ। ਉਸ ਨੇ ਘੁਲਾੜੀਆਂ 'ਤੇ ਪੀਪੇ ਰੱਖੇ ਹੋਏ ਸਨ। ਜਦੋਂ ਸਰਕਾਰ ਨੇ ਇੱਖ ਪੀੜ ਕੇ ਗੁੜ, ਸ਼ੱਕਰ, ਦੇਸੀ ਖੰਡ ਬਣਾਉਣ 'ਤੇ ਪਾਬੰਦੀ ਲਾ ਦਿੱਤੀ ਸੀ। ਜੱਟ ਮਜਬੂਰਨ ਇੱਖ ਪੀੜਨ ਤੋਂ ਹਟ ਗਏ ਸਨ। ਸਰਕਾਰ ਨੇ ਗੰਨਾ ਪੀੜਨ ਵਾਲੇ ਮਿੱਲ ਲਾ ਕੇ, ਜੱਟਾਂ ਨੂੰ ਮਿੱਲ 'ਚ ਲਿਆਉਣ ਲਈ ਮਜਬੂਰ ਕਰ ਦਿੱਤਾ। ਮਿੱਲ ਵੱਲੋਂ ਕਈ ਕਈ ਸਾਲ ਪੈਸਾ ਨਾ ਮਿਲਦਾ। ਜੱਟ ਅੱਕ ਕੇ ਧਰਨੇ ਲਾਉਂਦੇ। ਗੰਨੇ ਦੀ ਨਗਦ ਕਮਾਈ ਨਾ ਹੋਣ ਕਰਕੇ, ਬੀਜਣ ਤੋਂ ਬਹੁਤ ਘਟ ਗਏ।

ਉਹ ਲਾਲੀ ਕੋਲ ਆ ਗਿਆ, 'ਹੋ ਗਿਆ ਜੀ ਕੰਮ।'

'ਵਾਹ ਓਇ ਸ਼ੇਰਾ, ਚੱਕਤੇ ਫੱਟੇ।'

'ਹਾਂ ਜੀ।' ਉਹ ਪੈਸਿਆਂ ਦੀ ਆਸ ਨਾਲ ਖੜ੍ਹਾ ਰਿਹਾ।

'ਪੈਸੇ ਫੇ ਲੈ ਜੀਂ...ਹਾਲੇ ਹੈ ਨੀਂ।' ਲਾਲੀ ਦੀ ਬੇਵਸੀ ਦਿਸੀ।

'ਕੋਈ ਗੱਲ ਨੀਂ ਸਰਦਾਰਾ...ਜੇ ਲੋੜ ਹੋਈ ਫੋਨ ਕਰ ਦਿਓ। ਸਾਰ ਦੂੰ ਬੁੱਤਾ...।'

'ਓ ਜਿਊਂਦਾ ਰਹਿ। ਤੇਰੇ 'ਤੇ ਮਾਣ ਐ।'

ਗੋਲੂ ਵੱਡਾ ਗੇਟ ਲੰਘ ਕੇ ਫਿਰਨੀ 'ਤੇ ਆ ਗਿਆ। ਸੂਰਜ ਛਿਪਣ ਵੇਲੇ ਵੱਡਾ ਹੋ ਕੇ ਕਿਰਨਾਂ ਵਿਖੇਰ ਰਿਹਾ ਸੀ। ਗੋਲੂ ਨੇ ਸਾਈਕਲ 'ਤੇ ਪਾਵਰ ਟੈਂਕੀ ਤੇ ਡਰੰਮੀ ਟਿਕਾ ਲਈ। ਉੱਪਰੋਂ ਸਾਈਕਲ-ਟਿਊਬ ਪਾ ਕੇ ਕਸ ਦਿੱਤੀ। ਸਾਈਕਲ 'ਤੇ ਅੱਡੀ ਦਿੱਤੀ। ਸੂਰਜ ਵੱਲ ਪਿੱਠ ਹੋਣ ਕਰਕੇ ਉਸ ਨੂੰ ਆਪਣਾ ਪਰਛਾਵਾਂ ਦਿਸ ਰਿਹਾ ਸੀ। ਜਿਵੇਂ ਜਿਵੇਂ ਸਾਈਕਲ ਚਲਦਾ ਜਾਂਦਾ, ਪਰਛਾਵਾਂ ਵੱਡਾ ਹੋ ਕੇ ਅੱਗੇ ਅੱਗੇ ਭੱਜ ਰਿਹਾ ਸੀ।

ਉਸ ਦੇ ਪੈਰ ਮੱਚਣ ਲੱਗ ਪਏ। ਪੈਡਲਾਂ 'ਤੇ ਪੂਰਾ ਭਾਰ ਪਾ ਦਿੱਤਾ। ਫਿਰਨੀ 'ਤੇ ਵਿਹੜੇ ਵਾਲਿਆਂ ਵੱਲ ਜਾ ਵੜਿਆ। ਉਸ ਨੂੰ ਵੇਖ ਕੇ ਕਈ ਬੰਦੇ ਤੇ ਮੁੰਡੇ ਸਾਹਮਣੇ ਆ ਗਏ ਸਨ। ਗੋਲੂ ਨੇ ਸਾਇਕਲ, ਸਟੈਂਡ 'ਤੇ ਲਾ ਲਿਆ, 'ਓਇ ਆਹ ਵੇਖੋ ਪਰਛਾਵਾਂ। ਮੈਂ ਕਦੇ ਧਿਆਨ ਈ ਨੀਂ ਤੀ ਦਿੱਤਾ...।'

ਉਸ ਦੇ ਨਾਲ ਹੀ ਲਾਲੀ, ਗੇਟ ਤੋਂ ਬਾਹਰ ਨਿਕਲ ਆਇਆ ਸੀ। ਉਸ ਨੂੰ ਗੋਲੂ ਦਾ ਪਰਛਾਵਾਂ ਵੱਡਾ ਹੋ ਗਿਆ ਦਿਸਿਆ। ਉਸ ਨੂੰ ਵੱਡੇ ਗੇਟ ਅੰਦਰ ਵੜਦਿਆਂ ਹੀ ਹੌਲ ਪੈਣ ਲੱਗ ਪਿਆ। 000

***(ਸੁਨੇਤ ਨਗਰ, ਅਮਲੋਹ ਰੋਡ, ਖੰਨਾ 141 401***
***ਫੋਨ: +91-98728-23511)***

# ਗੁਲਜ਼ਾਰ ਸਿੰਘ ਸੰਧੂ-ਜਿਨ ਨੇਕੀ ਨਾਮ ਕਮਾਇਆ:
## ਸ਼ਬਦ-ਚਿਤਰ: ਲਖਵਿੰਦਰ ਜੌਹਲ

ਗੁਲਜ਼ਾਰ ਸਿੰਘ ਸੰਧੂ ਮਾਲਵੇ ਵਿਚ ਜੰਮਿਆ-ਪਲਿਆ, ਦੁਆਬੇ ਵਿਚ ਜਵਾਨ ਹੋਇਆ-ਪੜ੍ਹਿਆ, ਲੰਮੇ ਸਮੇਂ ਤਕ ਦਿੱਲੀ ਵਿਚ ਰਿਹਾ, ਤੇ ਫੇਰ ਲੁਧਿਆਣਾ-ਪਟਿਆਲਾ-ਚੰਡੀਗੜ੍ਹ ਵਿਚ ਵਿਚਰਦਾ ਹੋਇਆ ਚੰਡੀਗੜ੍ਹ ਦਾ ਪੱਕਾ ਵਸਨੀਕ ਬਣ ਗਿਆ। ਇਸੇ ਕਰਕੇ ਉਸਦੇ ਸੁਭਾਅ ਵਿਚ ਮਲਵੱਈਆਂ ਵਰਗੀ ਨਿਰਛਲਤਾ ਹੈ, ਪੁਆਧੀਆਂ ਵਰਗੀ ਠੇਠਤਾ ਹੈ, ਦੁਆਬੀਆਂ ਵਰਗੀ ਤੇਜ਼ ਤਰਾਰੀ ਹੈ ਅਤੇ ਮਹਾਨਗਰਾਂ ਵਰਗੀ ਵਿਸ਼ਾਲਤਾ ਹੈ। ਸਿੱਧੀ ਸਪਾਟ ਗੱਲ, ਬਿਨਾਂ ਕਿਸੇ ਮੁਲੰਮੇ ਤੋਂ ਸਾਹਮਣੇ ਵਾਲੇ ਦੇ ਮੂੰਹ ਉੱਤੇ ਕਹਿ ਦੇਣਾ, ਉਸ ਦੀ ਵਾਰਤਾਲਾਪ ਦਾ ਮੀਰੀ ਗੁਣ ਹੈ।

ਮੈਂ ਉਸ ਨੂੰ ਪਹਿਲੀ ਵਾਰ ਕਦੋਂ ਮਿਲਿਆ? ਇਹ ਮੈਨੂੰ ਪੱਕੀ ਤਰ੍ਹਾਂ ਯਾਦ ਨਹੀਂ ਹੈ। ਸ਼ਾਇਦ ਇਹ ਮਿਲਣੀ ਚੰਡੀਗੜ੍ਹ ਵਿਚ ਹੋਈ ਸੀ, ਜਦੋਂ ਮੈਂ ਡਾਕਟਰ ਰਘਬੀਰ ਸਿੰਘ ਸਿਰਜਣਾ ਨੂੰ ਮਿਲਣ ਗਿਆ ਸੀ। ਉਦੋਂ ਤਕ ਗੁਲਜ਼ਾਰ ਸਿੰਘ ਸੰਧੂ ਨੂੰ ਉਸ ਦੀ ਸ਼ਾਹਕਾਰ ਰਚਨਾ 'ਅਮਰ ਕਥਾ' ਉੱਤੇ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲ ਚੁੱਕਿਆ ਸੀ।

...ਫੇਰ ਕਦੇ ਦੂਰਦਰਸ਼ਨ ਉੱਤੇ ਅਤੇ ਕਦੇ ਸੈਮੀਨਾਰਾਂ-ਕਾਨਫ਼ਰੰਸਾਂ ਵਿਚ ਗੁਲਜ਼ਾਰ ਸਿੰਘ ਸੰਧੂ ਨੂੰ ਮੈਂ ਦੂਰੋਂ-ਦੂਰੋਂ ਹੀ ਮਿਲਦਾ ਰਿਹਾ। ਰਸਮੀ ਜਿਹੀ ਦੁਆ ਸਲਾਮ ਤੋਂ ਅੱਗੇ ਸਾਡੀ ਕੋਈ ਗੱਲ ਨਾ ਹੁੰਦੀ। ਦੂਰਦਰਸ਼ਨ ਜਲੰਧਰ ਉੱਤੇ ਵੀ, ਮੈਨੂੰ ਉਸ ਨਾਲ ਕੋਈ ਪ੍ਰੋਗਰਾਮ ਕਰਨ ਦਾ ਬਹੁਤਾ ਮੌਕਾ ਨਾ ਮਿਲਿਆ, ਸਿਵਾਏ ਇਕ ਸੰਵਾਦ ਦੇ ਜਿਸ ਵਿਚ ਉਹ ਡਾਕਟਰ ਰਘਬੀਰ ਸਿੰਘ ਸਿਰਜਣਾ ਦੇ ਨਾਲ ਹੀ ਮੇਰੇ ਇਕ ਪ੍ਰੋਗਰਾਮ ਵਿਚ ਆਇਆ ਸੀ। ...ਜਦੋਂ ਮੈਂ ਜਲੰਧਰ ਦੂਰਦਰਸ਼ਨ ਦੇ ਡਰਾਮਾ ਵਿਭਾਗ ਦਾ ਇੰਚਾਰਜ ਬਣਿਆ ਤਾਂ ਉਸਦੀ ਇਕ ਕਹਾਣੀ "ਮਿਸ ਸੌਫ਼ਟ" ਉੱਤੇ ਮੈਂ ਇਕ ਟੈਲੀ ਫ਼ਿਲਮ ਬਣਵਾਈ, ਜਿਸ ਦੀ ਸਾਰੀ ਸ਼ੂਟਿੰਗ ਬਲਦੇਵ ਸਲੋਤਰਾ ਨੇ ਕੀਤੀ, ਮੁੱਖ ਨਾਇਕਾ ਦੀ ਭੂਮਿਕਾ ਰਮਨਪ੍ਰੀਤ ਕੌਰ ਨੇ ਨਿਭਾਈ। ਗੁਲਜ਼ਾਰ ਸਿੰਘ ਸੰਧੂ ਤੋਂ ਇਸ ਕਹਾਣੀ ਦੇ ਅਧਿਕਾਰ ਪ੍ਰਾਪਤ ਕਰਨ ਤੋਂ ਬਿਨਾਂ, ਉਸ ਨਾਲ ਮੇਰੀ ਕੋਈ ਹੋਰ ਮੁਲਾਕਾਤ ਨਾ ਹੋ ਸਕੀ। ... ਜਦੋਂ ਮੈਂ ਨਵੇਂ ਸ਼ੁਰੂ ਹੋਏ ਪਟਿਆਲਾ ਦੂਰਦਰਸ਼ਨ ਦਾ ਪ੍ਰੋਗਰਾਮ ਮੁਖੀ ਬਣ ਕੇ ਪਟਿਆਲੇ ਗਿਆ ਤਾਂ ਮੈਂ ਗੁਲਜ਼ਾਰ ਸਿੰਘ ਸੰਧੂ ਬਾਰੇ ਇਕ ਦਸਤਾਵੇਜ਼ੀ ਫ਼ਿਲਮ 'ਹਸਤਾਖ਼ਰ' ਦਾ ਨਿਰਮਾਣ ਕਰਵਾਇਆ। ਪਰ ਇਸਦੇ ਫ਼ਿਲਮਾਂਕਣ ਲਈ ਵੀ ਮੈਂ ਆਪਣੇ ਸਹਿਯੋਗੀ ਕੁੰਤਲ ਕੰਬੋਜ ਦੀ ਅਗਵਾਈ ਵਿਚ ਦੂਰਦਰਸ਼ਨ ਦੀ ਕੈਮਰਾ ਟੀਮ ਪਟਿਆਲੇ ਤੋਂ ਚੰਡੀਗੜ੍ਹ ਭੇਜ ਦਿੱਤੀ ਅਤੇ ਇਸ ਫ਼ਿਲਮਾਂਕਣ ਲਈ ਆਪ ਜਾਣ ਦਾ ਸਮਾਂ ਮੈਂ ਉਦੋਂ ਵੀ ਨਾ ਕੱਢ ਸਕਿਆ।

...ਗੁਲਜ਼ਾਰ ਸਿੰਘ ਸੰਧੂ ਦੀਆਂ 'ਅਮਰ ਕਥਾ', 'ਮਿਸ ਸੌਫ਼ਟ', 'ਸੋਨੇ ਦੀ ਇੱਟ', 'ਠੱਗੀ', 'ਸ਼ਰਾਬਣ', ਆਦਿ ਕਹਾਣੀਆਂ ਦਾ ਮੈਂ ਹਮੇਸ਼ਾ ਕਾਇਲ ਰਿਹਾ ਹਾਂ। 'ਅਮਰ ਕਥਾ' ਨੂੰ ਸਾਹਿਤ ਅਕਾਦਮੀ ਪੁਰਸਕਾਰ ਮਿਲਣ ਸਮੇਂ ਮੈਂ 'ਨਵਾਂ ਜ਼ਮਾਨਾ' ਦਾ ਸਾਹਿਤ ਸੰਪਾਦਕ ਸਾਂ। ਅਗਲੇ ਹੀ ਅੰਕ ਵਿਚ ਮੈਂ ਇਸ ਕਿਤਾਬ ਦੀ ਇਸੇ ਸਿਰਲੇਖ ਵਾਲੀ ਕਹਾਣੀ 'ਨਵਾਂ ਜ਼ਮਾਨਾ' ਵਿਚ ਛਾਪੀ ਸੀ। 'ਮੂਰਖ ਹਨ ਸਹੁਰੇ' ਅਤੇ 'ਇਹ ਕਹਾਣੀ ਬੰਗਲਾਦੇਸ਼ ਦੀ ਨਹੀਂ' ਵਰਗੇ ਵਾਕਾਂ ਉੱਤੇ ਟਿਕੀ ਹੋਈ, ਇਹ ਕਲਾਤਮਿਕ ਕਹਾਣੀ ਮਾਨਵੀ ਦਰਿੰਦਗੀ ਦੇ ਯਥਾਰਥ ਨੂੰ, ਜਿਸ ਸੂਖ਼ਮਤਾ ਨਾਲ ਸਿਰਜਦੀ ਹੈ, ਇਸ ਦਾ ਪੰਜਾਬੀ ਨਿੱਕੀ ਕਹਾਣੀ ਵਿਚ ਕੋਈ ਹੋਰ ਜੋੜ ਵਿਰਲਾ ਹੀ ਹੋਵੇਗਾ।

ਕਿਸੇ ਵਿਚਾਰਧਾਰਕ ਕੱਟੜਤਾ ਤੋਂ ਨਿਰਲੇਪ ਰਹਿ ਕੇ ਸੂਖਮ ਮਾਨਵੀ ਭਾਵਾਂ ਨੂੰ ਆਪਣੀਆਂ

ਕਹਾਣੀਆਂ ਦੇ ਵਿਸ਼ੇ ਬਣਾਉਣ ਵਾਲਾ ਸੰਧੂ ਮੂਲ ਰੂਪ ਵਿਚ ਮਾਨਵੀ ਸਰੋਕਾਰਾਂ ਦਾ ਕਹਾਣੀਕਾਰ ਹੈ। ਉਸ ਦੀ ਕਹਾਣੀ ਦੀ ਬਣਤਰ ਅਤੇ ਬੁਣਤਰ ਨੂੰ ਨਿਹਾਰੀਏ ਤਾਂ ਉਸਦੀਆਂ ਕਹਾਣੀਆਂ ਵਿਚ ਸਮਾਜੀ ਯਥਾਰਥ ਦੀਆਂ ਗਹਿਰੀਆਂ ਗੁੰਝਲਾਂ ਦਾ ਬਹੁ-ਪਰਤੀ ਵਰਤਾਰਾ, ਨਿਹਾਇਤ ਸੂਖ਼ਮਤਾ ਨਾਲ ਪੇਸ਼ ਹੁੰਦਾ, ਸਹਿਜ ਰੂਪ ਵਿਚ ਹੀ ਨਜ਼ਰ ਆ ਜਾਂਦਾ ਹੈ। ਉਸ ਦੀ ਕਹਾਣੀ ਬਿਨਾਂ ਕਿਸੇ ਵਾਧੂ ਵਿਸਥਾਰ ਅਤੇ ਪ੍ਰਾਕਿਰਤਕ ਵਰਣਨ ਦੇ ਆਪਣੇ ਸਿਖਰ ਵੱਲ ਦੌੜਦੀ ਹੈ। ਉਸ ਦੇ ਕਹਾਣੀ ਲੇਖਣ ਦੀ ਇਕ ਯੁਗਤ ਇਹ ਵੀ ਹੈ ਕਿ ਕਹਾਣੀ ਜਿੱਥੋਂ ਸ਼ੁਰੂ ਹੋਈ ਹੋਵੇ, ਉੱਥੇ ਹੀ ਵਾਪਸ ਪਰਤਦੀ ਹੋਈ, ਗਹਿਰੇ ਅਰਥ ਵਿਸਥਾਰ ਦਾ ਬੋਧ ਸਿਰਜ ਦਿੰਦੀ ਹੈ। 'ਅਮਰ ਕਥਾ' ਦਾ ਪਹਿਲਾ ਫਿਕਰਾ ਹੈ 'ਇਹ ਕਹਾਣੀ ਬੰਗਲਾ ਦੇਸ਼ ਦੀ ਨਹੀਂ' ਇਸੇ ਕਹਾਣੀ ਦਾ ਆਖਰੀ ਫਿਕਰਾ ਹੈ 'ਇਹ ਕਹਾਣੀ ਬੰਗਲਾ ਦੇਸ਼ ਦੀ ਨਹੀਂ'...

ਗੁਰਬਖਸ਼ ਸਿੰਘ ਪ੍ਰੀਤ ਲੜੀ, ਡਾ. ਮਹਿੰਦਰ ਸਿੰਘ ਰੰਧਾਵਾ, ਸੰਤ ਸਿੰਘ ਸੇਖੋਂ, ਕੁਲਵੰਤ ਸਿੰਘ ਵਿਰਕ ਅਤੇ ਕਰਤਾਰ ਸਿੰਘ ਦੁੱਗਲ ਆਦਿ ਲੇਖਕਾਂ ਦੀਆਂ ਸ਼ਖ਼ਸੀਅਤਾਂ ਅਤੇ ਲਿਖਤਾਂ ਤੋਂ ਪ੍ਰਭਾਵਤ ਸੰਧੂ ਇਕ ਉਦਾਰਵਾਦੀ, ਸਰਲ-ਸਾਦਾ ਲੇਖਕ ਹੈ। ਆਮ ਬੋਲਚਾਲ ਵਾਲੀ ਭਾਸ਼ਾ ਨੂੰ, ਆਪਣੇ ਪਾਤਰਾਂ ਦੀ ਭਾਸ਼ਾ ਨਾਲ ਓਤਪੋਤ ਕਰ ਕੇ ਸੰਖੇਪ ਅਤੇ ਸੰਜਮੀ ਸ਼ਬਦਾਂ ਵਿਚ ਆਪਣੇ ਕੱਥ ਅਤੇ ਵੱਥ ਦਾ ਸੰਯੋਗ ਸਿਰਜ ਲੈਣਾ, ਉਸ ਨੂੰ ਬਾਖ਼ੂਬੀ ਆਉਂਦਾ ਹੈ। ਸੂਖਮ ਵਿਅੰਗ ਅਤੇ ਕਟਾਖਸ਼ ਰਾਹੀਂ ਗਹਿਰਾ ਅਰਥ ਸੰਚਾਰ ਕਰਨਾ ਉਸ ਦੀ ਕਹਾਣੀ ਦਾ ਸਹਿਜ ਹੈ। ਆਪਣੀ ਕਹਾਣੀ ਦੀ ਲਿਖਣ ਸ਼ੈਲੀ ਬਾਰੇ ਬਿਆਨਦਾ ਉਹ ਪੂਰੀ ਬੇਬਾਕੀ ਨਾਲ ਦੱਸਦਾ ਹੈ:

"ਕਹਾਣੀ ਲਿਖਣੀ ਸ਼ੁਰੂ ਕਰਨ ਵੇਲੇ, ਮੈਂ ਇਹ ਫ਼ੈਸਲਾ ਸਭ ਤੋਂ ਪਹਿਲਾਂ ਕਰਦਾ ਹਾਂ ਕਿ ਇਸ ਕਹਾਣੀ ਦਾ ਅੰਤ ਕੀ ਹੋਵੇਗਾ? ਬਾਕੀ ਸਭ ਕੁਝ ਭਰਤੀ ਕਰ ਲੈਣਾ ਕੋਈ ਮੁਸ਼ਕਿਲ ਨਹੀਂ ਹੁੰਦਾ।"

ਉਹ ਇਹ ਕਹਿੰਦਿਆਂ ਵੀ ਕਦੇ ਸੰਕੋਚ ਨਹੀਂ ਕਰਦਾ ਕਿ "ਉਹ ਵਧੇਰੇ ਸੌਣ ਵਾਲਾ ਅਤੇ ਘੱਟ ਪੜ੍ਹਨ ਵਾਲਾ ਵਿਅਕਤੀ ਹੈ।"

ਉਸ ਦੀ ਦਿਲਚਸਪ ਧਾਰਨਾ ਹੈ ਕਿ ਵਧੇਰੇ ਪੜ੍ਹਨ ਨਾਲ ਦੂਸਰੇ ਲੇਖਕਾਂ ਦਾ ਪ੍ਰਭਾਵ ਆ ਜਾਂਦਾ ਹੈ। ਘੱਟ ਪੜ੍ਹਨ ਨਾਲ ਮੌਲਿਕਤਾ ਬਣੀ ਰਹਿੰਦੀ ਹੈ।

... ਜਦੋਂ ਉਸ ਨੇ ਐੱਮ.ਏ. ਅੰਗਰੇਜ਼ੀ ਕੀਤੀ, ਉਦੋਂ ਉਸ ਨੇ ਪਾਠਕ੍ਰਮ ਵਿਚ ਲੱਗੇ ਅੰਗਰੇਜ਼ੀ ਨਾਵਲਾਂ ਦੇ ਸਾਰ ਆਪਣੇ ਦੋਸਤ ਮਨਮੋਹਣ ਸਿੰਘ ਤੋਂ ਸੁਣ ਕੇ ਹੀ ਇਮਤਿਹਾਨ ਦੇ ਦਿੱਤਾ ਸੀ...

ਉਸ ਦੇ ਸਾਹਿਤ ਸੰਸਾਰ ਨੂੰ ਵੇਖੀਏ ਤਾਂ 1963 ਵਿਚ 'ਹੁਸਨ ਦੇ ਹਾਣੀ' ਤੋਂ ਸ਼ੁਰੂ ਹੋਇਆ ਇਹ ਸਫ਼ਰ 'ਇਕ ਸਾਂਝ ਪੁਰਾਣੀ' (1965), 'ਸੋਨੇ ਦੀ ਇੱਟ' (1970), 'ਅਮਰ ਕਥਾ' (1978), 'ਗਮਲੇ ਦੀ ਵੇਲ' (1985), 'ਰੁਦਨ ਬਿੱਲੀਆਂ ਦਾ' (1988) ਆਦਿ ਕਹਾਣੀ ਸੰਗ੍ਰਿਹਆਂ ਅਤੇ 'ਕੰਧੀਂ ਜਾਏ', "ਗੋਰੀ ਹਿਰਨੀ', 'ਧਰੂ ਤਾਰੇ' ਅਤੇ 'ਪਰੀ ਸੁਲਤਾਨਾ' ਵਰਗੇ ਨਾਵਲਾਂ ਤਕ ਫੈਲਿਆ ਹੋਇਆ ਹੈ। ਉਸ ਨੇ ਕੁਝ ਸੰਸਾਰ ਪ੍ਰਸਿੱਧ ਨਾਵਲਾਂ ਦੇ ਸਾਰ ਵੀ ਲਿਖੇ ਅਤੇ ਦੂਸਰੀਆਂ ਭਾਸ਼ਾਵਾਂ ਵਿਚੋਂ ਕਈ ਹੋਰ ਪੁਸਤਕਾਂ ਦਾ ਅਨੁਵਾਦ ਵੀ ਕੀਤਾ। ਇਨ੍ਹਾਂ ਵਿਚ ਥਾਮਸ ਹਾਰਡੀ ਦਾ ਸੰਸਾਰ ਪ੍ਰਸਿੱਧ ਨਾਵਲ 'ਟੈੱਸ', ਵੈਸਿਲੀ ਐਗਸਨੋਵ ਦਾ ਨਾਵਲ 'ਸਾਥੀ', ਮੈਕਸਿਮ ਗੋਰਕੀ ਦਾ 'ਜੀਵਨ ਤੇ ਸਾਹਿਤ', ਖੁਸ਼ਵੰਤ ਸਿੰਘ ਦੀ 'ਪਾਕਿਸਤਾਨ ਮੇਲ' ਆਦਿ ਰਚਨਾਵਾਂ ਸ਼ਾਮਿਲ ਹਨ। ਉਸ ਵੱਲੋਂ ਕੀਤੇ ਗਏ ਸੰਪਾਦਨ ਕਾਰਜਾਂ ਵਿਚ 'ਅੱਗ ਦਾ ਸਫ਼ਰ' ਸ਼ਿਵ ਕੁਮਾਰ ਬਟਾਵਲੀ ਦੀ ਚੋਣਵੀਂ ਕਵਿਤਾ, 'ਸੋਹਣ ਸਿੰਘ ਮੀਸ਼ਾ : ਸੰਪੂਰਨ ਕਾਵਿ', 'ਪੰਜਾਬ ਦਾ ਛੇਵਾਂ ਦਰਿਆ: ਐੱਮ.ਐੱਸ. ਰੰਧਾਵਾ', 'ਨਵਯੁੱਗ ਟਕਸਾਲ: ਭਾਪਾ ਪ੍ਰੀਤਮ ਸਿੰਘ", 'ਵਾਸ਼ਨਾ, ਵਿਸਕੀ ਅਤੇ ਵਿਦਵਤਾ: ਖੁਸ਼ਵੰਤ ਸਿੰਘ" ਆਦਿ ਵਡਮੁੱਲੇ ਕਾਰਜ ਹਨ। ਉਸ ਵੱਲੋਂ ਲਿਖੇ ਗਏ ਰੇਖਾ ਚਿੱਤਰਾਂ ਦੀਆਂ ਦੋ ਕਿਤਾਬਾਂ 'ਸਾਡਾ ਹਸਮੁੱਖ ਬਾਬਾ' (1951) ਅਤੇ 'ਰੋਹੀ ਦਾ ਰੁੱਖ' (1955) ਵੀ

ਜ਼ਿਕਰਯੋਗ ਹਨ।

ਉਸ ਦੀ ਜਿੰਨੀ ਮੁਹਾਰਤ ਸਿਰਜਣਾਤਮਕ ਸਾਹਿਤ ਉੱਤੇ ਹੈ, ਓਨੀ ਹੀ ਵਾਰਤਕ ਲੇਖਣ ਉੱਤੇ ਵੀ ਹੈ। ਉਸ ਵੱਲੋਂ ਵੱਡੀ ਗਿਣਤੀ ਵਿਚ ਲਿਖੀਆਂ ਗਈਆਂ ਵਾਰਤਕ ਪੁਸਤਕਾਂ ਵਿਚ 'ਸਾਡੇ ਹਾਰ ਸ਼ਿੰਗਾਰ' (1961), 'ਮੇਰਾ ਪੰਜਾਬ ਅਤੇ ਮੇਰੀ ਪੱਤਰਕਾਰੀ' (2000), 'ਪੰਝੀ ਮੁਲਕ ਪਗੰਤਰ ਗੱਲਾਂ' (2003), ਸ਼ਾਮਿਲ ਹਨ।

ਪਿਛਲੇ ਵੀਹ ਸਾਲ ਤੋਂ 'ਅਜੀਤ' ਅਖ਼ਬਾਰ ਵਿਚ ਲਗਾਤਾਰ ਛਪ ਰਿਹਾ ਉਸ ਦਾ ਕਾਲਮ 'ਨਿਕ-ਸੁਕ' ਬੇਹੱਦ ਮਕਬੂਲ ਹੈ। ਇਸ ਤੋਂ ਬਿਨਾਂ ਹੋਰ ਰੋਜ਼ਾਨਾ ਅਖ਼ਬਾਰਾਂ ਅਤੇ ਰਸਾਲਿਆਂ ਲਈ ਲਗਾਤਾਰ ਲਿਖਦੇ ਰਹਿਣਾ ਉਸ ਦਾ ਸ਼ੌਕ ਹੈ।

...ਚਾਲੀ ਤੋਂ ਵੱਧ ਕਿਤਾਬਾਂ ਦੇ ਇਸ ਲੇਖਕ ਦਾ ਜਨਮ ਉਸ ਦੇ ਨਾਨਕੇ ਪਿੰਡ ਕੋਟਲਾ ਬਡਲਾ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਵਿਖੇ 27 ਫਰਵਰੀ, 1935 ਨੂੰ ਹੋਇਆ। ਉਸ ਦਾ ਜੱਦੀ ਪਿੰਡ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਮਾਹਲਪੁਰ ਨੇੜੇ ਸੂਨੀ ਹੈ। ਉਸ ਨੇ ਗੁਰੂ ਗੋਬਿੰਦ ਸਿੰਘ ਖ਼ਾਲਸਾ ਸਕੂਲ ਮਾਹਲਪੁਰ ਤੋਂ ਦਸਵੀਂ ਪਾਸ ਕੀਤੀ ਅਤੇ ਖ਼ਾਲਸਾ ਕਾਲਿਜ ਮਾਹਲਪੁਰ ਤੋਂ ਹੀ ਬੀ.ਏ. ਕੀਤੀ। ਉਸ ਨੇ ਗਿਆਨੀ ਅਤੇ ਐੱਮ.ਏ. ਪੰਜਾਬੀ ਵੀ ਕੀਤੀ ਤੇ ਕੈਂਪ ਕਾਲਿਜ ਨਵੀਂ ਦਿੱਲੀ ਤੋਂ ਐੱਮ.ਏ. ਅੰਗਰੇਜ਼ੀ ਕਰ ਲਈ।

... ਤੇ ਫੇਰ ਉਹ ਸਫ਼ਲਤਾ ਦੀ ਇਕ ਤੋਂ ਬਾਅਦ ਇਕ ਪੌੜੀ ਚੜ੍ਹਦਾ ਗਿਆ। ਭਾਰਤ ਸਰਕਾਰ ਦੀ ਸ਼ਾਨਾਮਤੀ ਨੌਕਰੀ ਪੰਜਾਬੀ ਸੰਪਾਦਕ, ਪਬਲੀਕੇਸ਼ਨ, ਭਾਰਤ ਸਰਕਾਰ ਦੇ ਹੀ ਪੇਂਡੂ ਵਿਕਾਸ ਮੰਤਰਾਲੇ ਵਿਚ ਡਾਇਰੈਕਟਰ ਬੇਸਿਕ ਲਿਟਰੇਚਰ ਅਤੇ ਪਬਲਿਕ ਕੋਆਪਰੇਸ਼ਨ, ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਚ ਜਾਇੰਟ ਡਾਇਰੈਕਟਰ ਸੰਚਾਰ ਕੇਂਦਰ, ਸੰਪਾਦਕ 'ਪੰਜਾਬੀ ਟ੍ਰਿਬਿਊਨ', ਸਕੱਤਰ ਪੰਜਾਬ ਕਲਾ ਪਰਿਸ਼ਦ,ਚੇਅਰਮੈਨ ਪੰਜਾਬ ਕਲਾ ਪਰਿਸ਼ਦ, ਪ੍ਰੋਫ਼ੈਸਰ ਅਤੇ ਮੁਖੀ ਪੱਤਰਕਾਰੀ ਅਤੇ ਜਨ ਸੰਚਾਰ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸੰਪਾਦਕ 'ਦੇਸ਼ ਸੇਵਕ' ਅਖ਼ਬਾਰ, ਮੈਂਬਰ ਸਲਾਹਕਾਰ ਬੋਰਡ, ਭਾਰਤੀ ਸਾਹਿਤ ਅਕਾਦਮੀ, ਦਿੱਲੀ ਅਤੇ ਸਕੱਤਰ ਪੰਜਾਬ 'ਰੈੱਡ ਕਰਾਸ' ਵਰਗੇ ਵਕਾਰੀ ਅਹੁਦਿਆਂ ਤਕ ਪਹੁੰਚਣ ਲਈ ਉਸਨੂੰ ਕਿਸੇ ਵੀ ਤਰ੍ਹਾਂ ਦੇ ਕੋਈ ਪਾਪੜ ਵੇਲਣ ਦੀ ਲੋੜ ਨਹੀਂ ਪਈ।

ਉਹ ਅਕਸਰ ਕਹਿੰਦਾ ਹੈ: "ਮੈਨੂੰ ਜ਼ਿੰਦਗੀ ਦੀਆਂ ਅਜਿਹੀਆਂ ਉੱਚ ਪ੍ਰਾਪਤੀਆਂ ਲਈ ਕੋਈ ਸੰਘਰਸ਼ ਨਹੀਂ ਕਰਨਾ ਪਿਆ। ਮੇਰੇ ਸੁਭਾਅ ਅਤੇ ਸ਼ਖ਼ਸੀਅਤ ਵਿਚ ਹੀ ਕੁਝ ਅਜਿਹਾ ਸੀਕਿ ਮੇਰੇ ਦੋਸਤ ਅਤੇ ਮੇਰੇ ਵਾਕਿਫ ਆਪਣੇ-ਆਪ ਹੀ ਮੇਰੀ ਮਦਦ ਕਰਦੇ ਰਹੇ ਹਨ।" ਉਸਦੀ ਸਵੈਜੀਵਨੀ 'ਬਿਨ ਮਾਂਗੇ ਮੋਤੀ ਮਿਲੇ' ਉਸਦੇ ਜੀਵਨ ਦੀਆਂ ਗਹਿਰੀਆਂ ਪਰਤਾਂ ਦਾ ਸਹਿਜ ਵਰਣਨ ਹੈ।

ਆਪਣੀਆਂ ਸਫ਼ਲਤਾਵਾਂ ਦੀ ਗੱਲ ਕਰਦਿਆਂ ਉਹ ਦੇਸ ਰਾਜ ਗੋਇਲ, ਡਾਕਟਰ ਮਹਿੰਦਰ ਸਿੰਘ ਰੰਧਾਵਾ, ਖੁਸ਼ਵੰਤ ਸਿੰਘ ਅਤੇ ਐੱਸ. ਰਾਮਾਸਵਾਮੀ ਦੇ ਨਾਮ ਲੈਣੇ ਕਦੇ ਨਹੀਂ ਭੁੱਲਦਾ। ਪੰਜਾਬ ਦੇ ਗਵਰਨਰ ਰਹੇ ਸਿਧਾਰਥ ਸ਼ੰਕਰ ਰੇਅ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਐੱਚ. ਕੇ. ਮਨਮੋਹਣ ਸਿੰਘ ਵੀ ਉਨ੍ਹਾਂ ਵਿਅਕਤੀਆਂ ਵਿਚੋਂ ਹਨ , ਜਿਨ੍ਹਾਂ ਨੇ ਗੁਲਜ਼ਾਰ ਸਿੰਘ ਸੰਧੂ ਨੂੰ 'ਸੈਕਟਰੀ ਪੰਜਾਬ ਰੈੱਡ ਕਰਾਸ' ਅਤੇ ਪੰਜਾਬੀ ਯੂਨੀਵਰਸਿਟੀ ਵਿਚ ਪੱਤਰਕਾਰੀ ਵਿਭਾਗ ਦਾ ਪ੍ਰੋਫ਼ੈਸਰ ਅਤੇ ਮੁਖੀ ਲਗਾਉਣ ਵੇਲੇ ਇਕ ਮਿੰਟ ਦੀ ਦੇਰੀ ਵੀ ਨਹੀਂ ਲਗਾਈ ਸੀ। ਐੱਸ. ਰਾਮਾਸਵਾਮੀ ਦੀ ਦਇਆ ਦ੍ਰਿਸ਼ਟੀ ਦੀ ਗੱਲ ਉਹ ਬਹੁਤ ਮਾਣ ਨਾਲ ਸੁਣਾਉਂਦਾ ਹੈ।:-

"ਜਦੋਂ ਯੂ.ਪੀ.ਐੱਸ. ਸੀ. ਨੇ ਅੰਕੜਾ ਵਿਭਾਗ ਵਿਚ ਅਸਾਮੀਆਂ ਕੱਢੀਆਂ ਤਾਂ ਯੋਗਤਾਵਾਂ ਵਿਚ ਇਨਕਾਮਿਕਸ ਦੀ ਐੱਮ.ਏ. ਹੋਣਾ ਜ਼ਰੂਰੀ ਸੀ। ਪਰ ਮੈਂ ਤਾਂ ਪੰਜਾਬੀ ਅਤੇ ਅੰਗਰੇਜ਼ੀ ਦੀ

ਐੱਮ.ਏ. ਸਾਂ। ਇਸ ਦੇ ਬਾਵਜੂਦ ਵਿਭਾਗ ਦੇ ਮੁਖੀ ਐੱਸ. ਰਾਮਾਸਵਾਮੀ ਨੇ ਮੇਰੇ ਤੋਂ ਅਰਜ਼ੀ ਭਿਜਵਾ ਦਿੱਤੀ। ਬਾਅਦ ਵਿਚ ਯੋਗਤਾ ਵਿਚ ਛੋਟ ਦੇਣ ਦੀ ਫਾਈਲ ਤੋਰੀ ਗਈ। ਕੁੱਲ ਨੌਂ ਅਰਜ਼ੀਆਂ ਵਿਚੋਂ ਮੈਂ ਹੀ ਇਕੱਲਾ ਸਾਂ, ਜੋ ਐੱਮ.ਏ. ਇਕਨਾਮਿਕਸ ਨਹੀਂ ਸਾਂ। ਪਰ ਨਿਯੁਕਤੀ ਮੇਰੀ ਹੋਈ ਕਿਉਂਕਿ ਮੇਰੇ ਹੋਰ ਤਜਰਬਿਆਂ ਨੂੰ ਐੱਮ.ਏ. ਦੇ ਬਰਾਬਰ ਮੰਨ ਲਿਆ ਗਿਆ ਸੀ।"

ਪੰਜਾਬੀ ਯੂਨੀਵਰਸਿਟੀ ਪਟਿਆਲਾ, ਰੈੱਡ ਕਰਾਸ ਚੰਡੀਗੜ੍ਹ ਅਤੇ 'ਪੰਜਾਬੀ ਟ੍ਰਿਬਿਊਨ' ਦੀਆਂ ਨੌਕਰੀਆਂ ਵੇਲੇ ਵੀ ਕੁਝ ਇਸੇ ਤਰ੍ਹਾਂ ਦੀਆਂ ਰਹਿਮਤਾਂ ਹੋਈਆਂ ਸਨ... ਜ਼ਿੰਦਗੀ ਉੱਤੇ ਕੋਈ ਵੀ ਗਿਲਾ ਨਾ ਕਰਦਾ ਹੋਇਆ, ਉਹ ਕਹਿੰਦਾ ਹੈ:

"ਜੇਕਰ ਤੁਸੀਂ ਆਪਣੀ ਜ਼ਿੰਦਗੀ ਨੂੰ ਆਪਣੀਆਂ ਸ਼ਰਤਾਂ ਉੱਤੇ ਜਿਊਣਾ ਚਾਹੁੰਦੇ ਹੋ ਤਾਂ ਤੁਹਾਨੂੰ ਆਪਣਾ ਮਕਸਦ ਤੈਅ ਕਰਨਾ ਪਵੇਗਾ। ਹਮੇਸ਼ਾ ਹਾਂਪੱਖੀ ਵਤੀਰੇ ਨਾਲ ਹੀ ਮੁਸੀਬਤਾਂ ਦਾ ਸਾਹਮਣਾ ਕਰਨਾ ਜ਼ਰੂਰੀ ਹੁੰਦਾ ਹੈ। ਜੇਕਰ ਤੁਸੀਂ ਆਪ ਆਪਣੇ ਅੰਦਰਲੇ-ਮਨੋ ਠੀਕ ਕਾਰਜ ਕੀਤੇ ਹੋਣ ਤਾਂ ਲੋਕ ਤੁਹਾਡੀ ਮਦਦ ਜ਼ਰੂਰ ਕਰਦੇ ਹਨ।"...

ਆਪਣੀਆਂ ਸਾਰੀਆਂ ਨੌਕਰੀਆਂ ਵਿਚੋਂ, ਸਿਰਫ਼ 'ਪੰਜਾਬੀ ਟ੍ਰਿਬਿਊਨ' ਦੀ ਨੌਕਰੀ ਹੀ, ਉਸ ਦੀ ਜ਼ਿੰਦਗੀ ਦੀ ਕਿਤਾਬ ਦਾ ਉਦਾਸ ਪੰਨਾ ਕਿਹਾ ਜਾ ਸਕਦਾ ਹੈ:

"ਮੈਂ ਦਸ ਸਾਲ ਤਕ ਦੀ ਯੋਜਨਾ ਬਣਾ ਕੇ, ਇਸ ਅਖ਼ਬਾਰ ਵਿਚ ਆਇਆ ਸਾਂ। ਪਰ ਅਖ਼ਬਾਰ ਵਿਚ ਪਹਿਲਾਂ ਤੋਂ ਕੰਮ ਕਰਦੇ ਅਸਿਸਟੈਂਟ ਐਡੀਟਰ ਨੇ ਮੇਰੇ ਪੈਰ ਨਾ ਲੱਗਣ ਦਿੱਤੇ। ਉਸ ਨੇ ਬਹੁਤ ਚਲਾਕੀ ਨਾਲ ਮੈਨੂੰ ਗੁੰਮਰਾਹ ਕੀਤਾ ਅਤੇ ਟਰੱਸਟ ਕੋਲ ਉਨ੍ਹਾਂ ਹੀ ਫੈਸਲਿਆਂ ਦੀਆਂ ਚੁਗਲੀਆਂ ਮਾਰੀਆਂ, ਜਿਹੜੇ ਫ਼ੈਸਲੇ ਉਸ ਨੇ ਖ਼ੁਦ ਹੀ ਮੇਰੇ ਕੋਲੋਂ ਕਰਵਾਏ ਸਨ। ਅਖੀਰ ਮੇਰੇ ਉੱਤੇ ਇਹ ਇਲਜ਼ਾਮ ਲਗਾ ਕੇ, ਕਿ ਤੁਹਾਡੇ ਸੰਪਾਦਕੀ ਟਰੱਸਟ ਦੀ ਨੀਤੀ ਦੇ ਅਨੁਕੂਲ ਨਹੀਂ ਹਨ, ਮੈਨੂੰ ਅਸਤੀਫਾ ਦੇਣ ਲਈ ਆਖ ਦਿੱਤਾ ਗਿਆ। ਇਸ ਦਾ ਮੈਨੂੰ ਬੇਹੱਦ ਦੁਖ ਹੋਇਆ ਕਿਉਂਕਿ ਮੈਂ ਭਾਰਤ ਸਰਕਾਰ ਦੀ ਨੌਕਰੀ, ਆਪਣੀ ਸੇਵਾ ਮੁਕਤੀ ਤੋਂ ਕਈ ਸਾਲ ਪਹਿਲਾਂ ਛੱਡ ਕੇ ਆਇਆ ਸਾਂ। ਜੇਕਰ ਮੈਂ ਆਪਣੇ ਪੂਰੇ ਸਮੇਂ ਉੱਤੇ ਸੇਵਾ ਮੁਕਤ ਹੁੰਦਾ ਤਾਂ ਮੇਰੀ ਪੈਨਸ਼ਨ ਹੁਣ ਨਾਲੋਂ ਕਿਤੇ ਵੱਧ ਹੁੰਦੀ... ਮੈਂ ਬਹੁਤ ਨਿਰਾਸ਼ ਹੋਇਆ, ਪਰ ਉਸ ਵੇਲੇ ਦੇ ਪੰਜਾਬ ਦੇ ਗਵਰਨਰ ਸਿਧਾਰਥ ਸ਼ੰਕਰ ਰੇਅ ਨੇ ਮੈਨੂੰ ਬਹੁਤਾ ਸਮਾਂ ਵਿਹਲਾ ਨਾ ਰਹਿਣ ਦਿੱਤਾ। ... ਸੈਕਟਰੀ "ਰੈੱਡ ਕਰਾਸ' ਲਗਾ ਦਿੱਤਾ... ...।"

...ਸੁਰਜੀਤ ਕੌਰ ਪੰਨੂ ਨਾਲ ਆਪਣੇ ਵਿਆਹ ਦਾ ਕਿੱਸਾ ਉਹ ਫ਼ਿਲਮੀ ਕਹਾਣੀ ਵਾਂਗ, ਪੂਰੀ ਰੌਚਿਕਤਾ ਨਾਲ ਸੁਣਾਉਂਦਾ ਹੈ।... ਉਦੋਂ ਉਹ ਦੋਵੇਂ ਦਿੱਲੀ ਵਿਖੇ ਨੌਕਰੀ ਕਰਦੇ ਸਨ, ਗੁਲਜ਼ਾਰ ਸਿੰਘ ਸੰਧੂ ਖੇਤੀਬਾੜੀ ਮੰਤਰਾਲੇ ਵਿਚ ਅਤੇ ਸੁਰਜੀਤ ਕੌਰ ਨੈਸ਼ਨਲ ਇੰਸਟੀਚਿਊਟ ਆਫ਼ ਫੈਮਲੀ ਪਲੈਨਿੰਗ ਵਿਚ... ਗੁਲਜ਼ਾਰ ਸਿੰਘ ਸੰਧੂ ਦਾ ਦੋਸਤ ਬਰਜੇਸ਼ ਭਾਟੀਆ ਇਕ ਦਿਨ ਸੰਧੂ ਸਾਹਿਬ ਨੂੰ ਕਹਿਣ ਲੱਗਾ ਕਿ ਉਨ੍ਹਾਂ ਦਾ ਮੌਜੂਦਾ ਦਫ਼ਤਰ ਛੋਟਾ ਹੈ, ਉਹ ਚਾਹੁੰਦੇ ਹਨ ਕਿ ਜੇਕਰ ਕੋਈ ਵੱਡੀ ਜਗ੍ਹਾ ਮਿਲ ਜਾਏ ਤਾਂ ਦਫ਼ਤਰ ਬਦਲ ਲਿਆ ਜਾਏ।

"ਮੈਂ ਉਸ ਨੂੰ ਦੱਸਿਆ ਕਿ ਹੌਜ਼ ਖਾਸ ਵਾਲਾ ਅੰਮ੍ਰਿਤਾ ਪ੍ਰੀਤਮ ਦਾ ਘਰ ਦੋ ਮੰਜ਼ਿਲਾ ਹੋ ਗਿਆ ਹੈ। ਉਹ ਇਕ ਮੰਜ਼ਿਲ ਕਿਰਾਏ ਉੱਤੇ ਦੇਣਾ ਚਾਹੁੰਦੀ ਹੈ। ਪਸੰਦ ਆਏ ਤਾਂ ਵੇਖ ਲੈਣਾ।" ਬਰਜੇਸ਼ ਕਹਿਣ ਲੱਗਾ ਕੱਲ੍ਹ ਮੇਰੇ ਨਾਲ ਜਾਓ ਤਾਂ ਦੇਖ ਆਉਂਦੇ ਹਾਂ। ਮੈਂ ਕਿਹਾ "ਠੀਕ ਹੈ।"

-ਸੁਰਜੀਤ ਕੌਰ ਬਰਜੇਸ਼ ਭਾਟੀਆ ਦੀ ਅਫ਼ਸਰ ਸੀ, ਉਸ ਨੇ ਉਸ ਨੂੰ ਦੱਸਿਆ ਕਿ ਕੱਲ੍ਹ ਉਹ ਆਪਣੇ ਇਕ ਦੋਸਤ ਗੁਲਜ਼ਾਰ ਸਿੰਘ ਸੰਧੂ ਨਾਲ ਜਾ ਕੇ ਅੰਮ੍ਰਿਤਾ ਪ੍ਰੀਤਮ ਦਾ ਘਰ ਦਫ਼ਤਰ ਲਈ ਵੇਖਣ ਜਾਏਗਾ। ਉਸਦੀ ਬੌਸ ਬੋਲੀ "ਜੇਕਰ ਅੰਮ੍ਰਿਤਾ ਪ੍ਰੀਤਮ ਦੇ ਘਰ ਜਾਣਾ ਹੈ ਤਾਂ ਉਹ ਵੀ ਚੱਲੇਗੀ।"... ਏਥੇ ਗੁਲਜ਼ਾਰ ਸਿੰਘ ਸੰਧੂ ਤੇ ਸੁਰਜੀਤ ਕੌਰ ਦੀ ਮੁਲਾਕਾਤ ਹੋਈ। ਇਕ ਦੂਸਰੇ ਦੇ

ਹੋਰ ਨੇੜੇ ਹੋਣ ਦਾ ਇਕ ਹੋਰ ਸਬੱਬ ਹੈਲਥ ਮਨਿਸਟਰੀ ਵੱਲੋਂ ਪੰਜਾਬ ਦੇ ਉਨ੍ਹਾਂ ਪਿੰਡਾਂ ਦਾ ਦੌਰਾ ਕਰਨਾ ਸੀ, ਜਿਹੜੇ 1965 ਦੀ ਲੜਾਈ ਵੇਲੇ ਪਾਕਿਸਤਾਨ ਤੋਂ ਖੋਹੇ ਗਏ ਸਨ। ਸਿਹਤ ਵਿਭਾਗ ਵੱਲੋਂ ਇਨ੍ਹਾਂ ਪਿੰਡਾਂ ਨੂੰ ਕੁਝ ਮਾਲੀ ਸਹਾਇਤਾ ਦਿੱਤੀ ਜਾਣੀ ਸੀ। ਵਿਭਾਗ ਦਾ ਫ਼ੈਸਲਾ ਸੀ ਕਿ ਦਿੱਲੀ ਤੋਂ ਵਿਭਾਗ ਦੀ ਬੱਸ ਵਿਚ ਪੂਰਾ ਸਟਾਫ਼ ਜਾ ਕੇ ਪਹਿਲਾਂ ਸਰਵੇ ਕਰੇਗਾ। ਬਰਜੇਸ਼ ਭਾਟੀਆ ਨੇ ਗੁਲਜ਼ਾਰ ਸਿੰਘ ਸੰਧੂ ਨੂੰ ਵੀ ਇਸ ਟੂਰ ਲਈ ਵੈਸੇ ਹੀ ਨਾਲ ਜਾਣ ਲਈ ਕਿਹਾ। ਪਰ ਸੰਧੂ ਨੇ ਕਿਹਾ ਉਹ ਵਿਭਾਗ ਦੀ ਬੱਸ ਵਿਚ ਨਹੀਂ, ਆਪਣੇ ਮੋਟਰਸਾਈਕਲ ਉੱਤੇ ਬਾਰਡਰ ਦੇ ਇਹ ਪਿੰਡ ਵੇਖਣ ਜਾਏਗਾ। ਸੰਧੂ ਸਾਹਿਬ ਅਤੇ ਤਾਰਾ ਸਿੰਘ ਮੋਟਰਸਾਈਕਲ 'ਤੇ ਪਹੁੰਚੇ। ਇੱਥੋਂ ਨੇੜੇ ਹੀ ਸੁਰਜੀਤ ਕੌਰ ਦਾ ਪਿੰਡ ਨੌਸ਼ਹਿਰਾ ਪੰਨੂਆਂ ਸੀ। ਗੁਲਜ਼ਾਰ ਸਿੰਘ ਸੰਧੂ ਅਤੇ ਤਾਰਾ ਸਿੰਘ ਉੱਥੇ ਪਹੁੰਚ ਗਏ। ਜਦੋਂ ਇੱਥੋਂ ਪਿੰਡਾਂ ਦੇ ਦੌਰੇ ਲਈ ਤੁਰਨ ਲੱਗੇ ਤਾਂ ਸੁਰਜੀਤ ਕੌਰ ਦੇ ਭਰਾ ਨੇ ਕਿਹਾ, "ਤਾਰਾ ਸਿੰਘ ਮੇਰੇ ਬੁਲਿਟ ਮੋਟਰਸਾਈਕਲ ਉੱਤੇ ਬੈਠੇਗਾ, ਸੁਰਜੀਤ ਕੌਰ ਨੂੰ ਤੂੰ ਆਪਣੇ ਬੁਲਿਟ 'ਤੇ ਬਿਠਾ ਲੈ !"... "ਇਸ ਦਿਨ ਮੈਂ ਤੇ ਸੁਰਜੀਤ ਕੁਝ ਸਮੇਂ ਲਈ ਹਮਸਫ਼ਰ ਬਣ ਗਏ" ਇਨ੍ਹਾਂ ਪਲਾਂ ਨੂੰ ਯਾਦ ਕਰਦਿਆਂ ਗੁਲਜ਼ਾਰ ਸਿੰਘ ਸੰਧੂ ਦੀਆਂ ਅੱਖਾਂ ਚਮਕ ਉੱਠਦੀਆਂ ਹਨ। ਉਸ ਦੀ ਸੰਘਣੀ ਅੱਧ ਘੁੰਗਰਾਲੀ ਦਾਹੜੀ ਉਸ ਦੇ ਹਾਸੇ ਦੀ ਗਰਜ ਨਾਲ ਫੜਫੜਾਉਣ ਲੱਗ ਜਾਂਦੀ ਹੈ...

'...ਤੇ ਫੇਰ ਗਿਆਰਾਂ ਮਾਰਚ, 1966 ਨੂੰ ਉਹਨਾਂ ਦਾ ਵਿਆਹ ਹੋ ਗਿਆ। ਇਸ ਵਿਆਹ ਦੀ ਬਰਾਤ ਵਿਚ ਗੁਰਮੁਖ ਸਿੰਘ ਮੁਸਾਫ਼ਰ, ਸਾਧੂ ਸਿੰਘ ਹਮਦਰਦ, ਸੰਤ ਸਿੰਘ ਸੇਖੋਂ, ਸ਼ਿਵ ਕੁਮਾਰ ਬਟਾਵਲੀ, ਪ੍ਰੋਫ਼ੈਸਰ ਮੋਹਣ ਸਿੰਘ, ਸੋਹਣ ਸਿੰਘ ਮੀਸ਼ਾ ਆਦਿ ਹਾਜ਼ਰ ਸਨ। ਅਨੰਦ ਕਾਰਜਾਂ ਤੋਂ ਬਾਅਦ ਸ਼ਿਵ ਕੁਮਾਰ ਬਟਾਲਵੀ ਨੇ ਸਿਹਰਾ ਪੜ੍ਹਨ ਦੇ ਬਹਾਨੇ 'ਧੀਆਂ ਦੇ ਦੁੱਖ ਬੁਰੇ' ਗਾ ਕੇ ਕੁੜੀ ਵਾਲਿਆਂ ਦੇ ਨਾਲ-ਨਾਲ ਬਰਾਤੀਆਂ ਦੇ ਵੀ ਹੰਝੂ ਵਹਾ ਦਿੱਤੇ ਸਨ...

-ਗੁਲਜ਼ਾਰ ਸਿੰਘ ਸੰਧੂ ਦਾ ਪਿੰਡ ਅਰਾਈਆਂ ਦਾ ਪਿੰਡ ਸੀ, 1947 ਦੀ ਵੰਡ ਵੇਲੇ ਹੋਏ ਵੱਢ-ਵਢਾਂਗੇ ਨੂੰ, ਉਸ ਨੇ ਆਪਣੀ ਅੱਖੀਂ ਵੇਖਿਆ ਸੀ। ਇਸੇ ਕਰਕੇ ਉਸ ਦੀਆਂ ਲਿਖਤਾਂ ਵਿਚ ਵੰਡ ਦਾ ਜ਼ਿਕਰ ਵਾਰ-ਵਾਰ ਆਉਂਦਾ ਹੈ। ਉਸ ਦਾ ਵਿਚਾਰ ਹੈ ਕਿ ਅਸਲ ਵਿਚ ਵੰਡ ਦੇ ਦਰਦ ਨੇ ਹੀ, ਉਸ ਨੂੰ ਲੇਖਕ ਬਣਾਇਆ ਹੈ।

ਤਲਵਾਰਾਂ-ਵਰਛੇ ਚੁੱਕੀ ਹਜ਼ਾਰਾਂ ਵਹਿਸ਼ੀਆਂ ਦੀ ਭੀੜ 'ਹਰਿ ਹਰਿ ਮਹਾਦੇਵ' ਅਤੇ 'ਬੋਲੇ ਸੋ ਨਿਹਾਲ' ਦੇ ਨਾਅਰੇ ਲਗਾਉਂਦੀ ਉਹਦੇ ਪਿੰਡ ਵੱਲ ਆਉਂਦੀ, ਉਸ ਨੇ ਆਪਣੀਆਂ ਅੱਖਾਂ ਨਾਲ ਵੇਖੀ ਅਤੇ ਲਾਸ਼ਾਂ ਦੇ ਸੱਥਰਾਂ ਨੂੰ ਸਾਂਭਣ ਵਾਲਿਆਂ ਅਤੇ ਜ਼ਖ਼ਮੀਆਂ ਨੂੰ ਕੈਂਪਾਂ ਤਕ ਪਹੁੰਚਾਉਣ ਵਾਲਿਆਂ ਵਿਚ ਉਹ ਆਪ ਸ਼ਾਮਿਲ ਸੀ... ਉਦੋਂ ਉਸ ਦੀ ਉਮਰ ਤੇਰਾਂ ਸਾਲ ਦੀ ਸੀ, ਉਹ ਕਹਿੰਦਾ ਹੈ:

"ਆਦਮੀ ਜਦੋਂ ਨੇਕੀ ਦੇ ਕੰਮ ਕਰਦਾ ਹੈ ਤਾਂ ਵੀ ਉਸ ਦਾ ਕੋਈ ਹਿਸਾਬ ਨਹੀਂ ਹੈ ਅਤੇ ਆਦਮੀ ਜਦੋਂ ਵਹਿਸ਼ੀ ਹੁੰਦਾ ਹੈ ਤਾਂ ਵੀ ਉਸ ਦਾ ਕੋਈ ਜਵਾਬ ਨਹੀਂ ਹੈ... ਕਿਸ ਤਰ੍ਹਾਂ ਦਾ ਹੈ ਇਹ ਰਹੱਸ ਕਿ ਆਦਮੀ ਇਸ ਤਰ੍ਹਾਂ ਬਦਲ ਜਾਂਦਾ ਹੈ। ਇਸ ਦਾ ਮੰਜ਼ਰ ਉਸ ਨੇ, 1984 ਦੇ ਦਿੱਲੀ ਦੇ ਸਿੱਖ ਵਿਰੋਧੀ ਦੰਗਿਆਂ ਵੇਲੇ ਵੀ ਵੇਖਿਆ ਸੀ, ਜਦੋਂ ਉਹ ਦਿੱਲੀ ਵਿਚ ਹੀ ਸੀ। ਉਹ ਇਹ ਯਾਦ ਕਰਦਿਆਂ ਕੰਬ ਜਾਂਦਾ ਹੈ ਕਿ ਬਾਹਰ ਭੜਕਦੇ ਦੰਗੇ ਵੇਖ ਕੇ, ਕਿਵੇਂ ਉਸ ਦੇ ਨੌਕਰ ਨੇ ਉਸ ਨੂੰ ਖਿੱਚ ਕੇ ਘਰ ਦੇ ਅੰਦਰ ਵਾੜ ਲਿਆ ਸੀ।...

... ਮੇਰੇ ਨਾਲ ਉਸ ਦੀਆਂ ਬਕਾਇਦਾ ਮੁਲਾਕਾਤਾਂ 2016 ਤੋਂ ਬਾਅਦ ਉਦੋਂ ਸ਼ੁਰੂ ਹੋਈਆਂ, ਜਦੋਂ ਮੈਂ ਪੰਜਾਬ ਕਲਾ ਪਰਿਸ਼ਦ ਦਾ ਸਕੱਤਰ ਬਣ ਗਿਆ। ਉਹ ਇਸੇ ਸੰਸਥਾ ਦਾ ਸਕੱਤਰ ਅਤੇ ਚੇਅਰਮੈਨ ਰਹਿ ਚੁੱਕਾ ਸੀ, ਹੁਣ ਉਹ ਕਲਾ ਪਰਿਸ਼ਦ ਦੀ ਜਨਰਲ ਕੌਂਸਿਲ ਦਾ ਮੈਂਬਰ ਹੈ। ਕਲਾ ਭਵਨ ਵਿਚ ਉਸ ਦਾ ਆਉਣਾ ਨਿਯਮਤ ਹੋ ਗਿਆ। ਹਰ ਸਾਲ ਫਰਵਰੀ ਦੇ ਪਹਿਲੇ ਹਫ਼ਤੇ ਮਨਾਏ

ਜਾਂਦੇ ਡਾ. ਮਹਿੰਦਰ ਸਿੰਘ ਰੰਧਾਵਾ ਉਤਸਵ ਵਿਚ, ਉਹ ਪੂਰੇ ਉਤਸ਼ਾਹ ਨਾਲ ਸ਼ਾਮਿਲ ਹੁੰਦਾ ਡਾਕਟਰ ਰੰਧਾਵਾ ਨਾਲ ਆਪਣੀ ਨੇੜਤਾ ਦੇ ਕਿੱਸੇ ਸੁਣਾਉਂਦਾ, ਮੀਟਿੰਗ ਵਿਚ ਵੀ, ਸਮਾਗਮ ਦੇ ਮੰਚ ਤੋਂ ਵੀ...

ਪ੍ਰਿੰਸੀਪਲ ਸਰਵਣ ਸਿੰਘ ਨੇ ਆਪਣੇ ਇਕ ਲੇਖ ਵਿਚ ਡਾਕਟਰ ਅਤਰ ਸਿੰਘ ਦੇ ਹਵਾਲੇ ਨਾਲ ਲਿਖਿਆ ਹੈ ਕਿ ਉਸ ਨੇ ਦਿੱਲੀ ਦੀ ਕਨਾਟ ਪਲੇਸ ਵਿਚ ਕਾਕੇ ਦੇ ਢਾਬੇ ਉੱਤੇ ਸੰਧੂ ਨੂੰ ਦਾਰੂ ਦੀ ਲੋਰ ਵਿਚ ਨੋਟਾਂ ਦਾ ਮੀਂਹ ਵਰ੍ਹਾਉਂਦੇ ਹੋਏ ਵੇਖਿਆ ਸੀ। ਸੰਧੂ ਦੇ ਖਿਲਾਰੇ ਹੋਏ ਨੋਟ ਡਾਕਟਰ ਅਤਰ ਸਿੰਘ ਨੇ ਖ਼ੁਦ ਇਕੱਠੇ ਕੀਤੇ ਸਨ।...ਪਰ ਗੁਲਜ਼ਾਰ ਸਿੰਘ ਸੰਧੂ ਦੀ ਮਾਇਆ ਪ੍ਰਤੀ ਬੇਰੁਖੀ ਅਤੇ ਦੂਸਰਿਆਂ ਦੇ ਕੰਮ ਆਉਣ ਦੀ ਖ਼ਬਤ ਨੂੰ, ਗਹਿਰੇ ਜ਼ਬਤ ਰਾਹੀਂ ਸਾਕਾਰ ਹੁੰਦਿਆਂ, ਮੈਂ ਇਨ੍ਹਾਂ ਸਾਲਾਂ ਵਿਚ ਵੇਖਿਆ... ਕੋਰੋਨਾ ਕਾਲ ਦੇ ਸਭ ਤੋਂ ਭਿਆਨਕ ਦੌਰ ਵਿਚ ਕਦੇ ਉਹ ਪੰਜਾਬ ਦੇ ਚੀਫ਼ ਸੈਕਟਰੀ ਸੁਰੇਸ਼ ਕੁਮਾਰ ਕੋਲ ਜਾਂਦਾ ਹੈ ਅਤੇ ਆਪਣੀ ਪੈਨਸ਼ਨ ਦੀ ਕਮਾਈ ਵਿਚੋਂ ਲੱਖਾਂ ਰੁਪਏ ਦਾ ਚੈੱਕ ਕੱਟ ਕੇ ਕੋਰੋਨਾ ਪੀੜਤਾਂ ਦੀ ਮਦਦ ਲਈ ਭੇਟ ਕਰ ਆਉਂਦਾ ਹੈ। ਕਦੇ ਕਿਸੇ ਸਾਧਨ ਵਿਹੂਣੇ ਪੰਜਾਬੀ ਲੇਖਕ ਨੂੰ ਪੰਜਾਹ ਹਜ਼ਾਰ ਰੁਪਏ ਦਾ ਚੈੱਕ ਕੱਟ ਕੇ ਉਹਦੇ ਹੱਥਾਂ ’ਤੇ ਧਰ ਦਿੰਦਾ ਹੈ। ਕਦੇ ਪੰਜਾਬ ਕਲਾ ਪਰਿਸ਼ਦ ਵਿਚ ਆਡੀਓ-ਵੀਡੀਓ ਸਟੂਡੀਓ ਦੀ ਸਥਾਪਨਾ ਲਈ ਲਗਪਗ ਪੰਦਰਾਂ ਲੱਖ ਦੀ ਰਾਸ਼ੀ ਕੁਰਬਾਨ ਕਰ ਦਿੰਦਾ ਹੈ। ਕਦੇ ਸਟੂਡੀਓ ਦੀ ਦੇਖ-ਰੇਖ ਲਈ ਰੱਖੇ ਗਏ ਸਟਾਫ਼ ਦੀ ਸਾਲ ਭਰ ਦੀ ਤਨਖਾਹ ਆਪਣੇ ਖਾਤੇ ਵਿਚੋਂ ਕਲਾ ਪਰਿਸ਼ਦ ਦੇ ਖਾਤੇ ਵਿਚ ਜਮ੍ਹਾਂ ਕਰ ਦਿੰਦਾ ਹੈ। ਕਦੇ ‘ਆਪਣੀ ਆਵਾਜ਼’ ਵੱਲੋਂ ਉਸ ਦੇ ਨਾਵਲ ‘ਪਰੀ ਸੁਲਤਾਨਾ’ ਉੱਤੇ ਦਿੱਤੇ ਗਏ ਇਕਵੰਜਾ ਹਜ਼ਾਰ ਰੁਪਏ ਦੇ ਪੁਰਸਕਾਰ ਦਾ ਚੈੱਕ ਸਿੱਧਾ ਹੀ ਇਕ ਸਮਾਜ ਸੇਵੀ ਸੰਸਥਾ ਦੇ ਖਾਤੇ ਵਿਚ ਭੇਜ ਦਿੰਦਾ ਹੈ।...

...ਤੇ ਫੇਰ ਇਕ ਦਿਨ ਮੈਨੂੰ ਉਸਦਾ ਫੋਨ ਆਉਂਦਾ ਹੈ:- “ਮੇਰੇ ਘਰ ਆਈਂ ਮੈਂ ਕੋਈ ਜ਼ਰੂਰੀ ਗੱਲ ਕਰਨੀ ਹੈ”

ਮੈਂ ਸਵੇਰੇ-ਸਵੇਰੇ ਜਲੰਧਰੋਂ ਸਿੱਧਾ ਉਸ ਦੇ ਘਰ ਪਹੁੰਚਦਾ ਹਾਂ। ਗੁਲਜ਼ਾਰ ਸਿੰਘ ਸੰਧੂ ਅਤੇ ਸੁਰਜੀਤ ਕੌਰ ਸੰਧੂ ਬੈਠੇ ਹਨ। ਵਾਰਤਾ ਸ਼ੁਰੂ ਹੁੰਦੀ ਹੈ...ਗੱਲ ਗੁਲਜ਼ਾਰ ਸਿੰਘ ਸੰਧੂ ਸ਼ੁਰੂ ਕਰਦਾ ਹੈ:

“ਅਸੀਂ ਚਾਹੁੰਦੇ ਹਾਂ ਕਿ ਪੰਜਾਬ ਕਲਾ ਪਰਿਸ਼ਦ ਦੇ ਖਾਤੇ ਵਿਚ ਏਨੇ ਕੁ ਪੈਸੇ ਜਮ੍ਹਾਂ ਕਰਵਾ ਦਈਏ ਕਿ ਆਉਣ ਵਾਲੇ ਸਮੇਂ ਵਿਚ ਇਸ ਨੂੰ ਬੱਜਟ ਦੀ ਕੋਈ ਥੋੜ੍ਹ ਮਹਿਸੂਸ ਨਾ ਹੋਵੇ ਅਤੇ ਇਹ ਸੰਸਥਾ ਲੇਖਕਾਂ ਅਤੇ ਕਲਾਕਾਰਾਂ ਨੂੰ ਪੁਰਸਕਾਰ ਅਤੇ ਹੋਰ ਸਹਾਇਤਾ ਲਗਾਤਾਰ ਮੁਹੱਈਆ ਕਰਵਾਉਂਦੀ ਰਹੇ ਪਰ ਇਸ ਦੇ ਪ੍ਰਬੰਧ ਲਈ ਕੋਈ ਪੱਕੀ ਕਮੇਟੀ ਬਣ ਜਾਵੇ।”... ਮੈਂ ਚੁੱਪ ਹਾਂ। ਸਰਕਾਰੀ ਤੰਤਰ ਦੀਆਂ ਘੁਣਤਰਾਂ ਨੂੰ ਨਿਹਾਰਦਾ ਹਾਂ... ਫੇਰ ਤਕਨੀਕੀ ਪਹਿਲੂਆਂ ਦਾ ਹਵਾਲਾ ਦੇ ਕੇ, ਇਕ ਵੱਖਰਾ ਟਰੱਸਟ ਬਣਾ ਕੇ ਅਜਿਹੀ ਪਰਉਪਕਾਰੀ ਯੋਜਨਾ ਨੂੰ ਨੇਪਰੇ ਚਾੜ੍ਹਨ ਦੀ ਸਲਾਹ ਦਿੰਦਾ ਹਾਂ... ਬਾਅਦ ਵਿਚ ਮੈਨੂੰ ਪਤਾ ਲੱਗਦਾ ਹੈ ਕਿ ਕੁਝ ਹੋਰ ਸਲਾਹਕਾਰਾਂ ਨੇ ਵੀ, ਉਨ੍ਹਾਂ ਨੂੰ ਇਹੀ ਸਲਾਹ ਦਿੱਤੀ ਸੀ... ਉਨ੍ਹਾਂ ਦੇ ਆਪਣਾ ਕੋਈ ਬੱਚਾ ਨਹੀਂ ਹੈ, ਘਰ ਵਿਚ ਰੱਖੇ ਹੋਏ ਸੇਵਾਦਾਰਾਂ ਦੇ ਬੱਚਿਆਂ ਨੂੰ ਉਹ ਪੂਰੀ ਸ਼ਿੱਦਤ ਨਾਲ ਪਾਲ਼ ਪੋਸ ਰਹੇ ਹਨ।

ਖੁੱਲ੍ਹੇ-ਡੁਲ੍ਹੇ ਸੁਭਾਅ ਅਤੇ ਦਇਆ ਦ੍ਰਿਸ਼ਟੀ ਵਾਲੀ ਅਜਿਹੀ ਕੋਈ ਹੋਰ ਜੋੜੀ ਮੈਂ ਕਦੇ ਨਹੀਂ ਵੇਖੀ... ਗੁਲਜ਼ਾਰ ਸਿੰਘ ਸੰਧੂ ਦੇ ਸੁਭਾਅ ਵਿਚ ਸਹਿਜਤਾ ਹੈ, ਵਤੀਰੇ ਵਿਚ ਦਿਆਲਤਾ ਹੈ, ਉਹ ਹਮੇਸ਼ਾ ਹਾਂ-ਪੱਖੀ ਹੈ, ਜ਼ਿੰਦਗੀ ਵਿਚ ਵੀ, ਕਹਾਣੀਆਂ ਵਿਚ ਵੀ। ਉਹ ਕਹਿੰਦਾ ਹੈ:

“ਮੇਰੀ ਕੋਈ ਕਹਾਣੀ ਨੈਗੇਟਿਵ ਨਹੀਂ ਹੈ, ਅਸਲ ਜ਼ਿੰਦਗੀ ਵਿਚ ਵੀ, ਜੋ ਕੁਝ ਮੈਨੂੰ ਨੈਗੇਟਿਵ ਦਿਸਦਾ ਹੈ, ਕਹਾਣੀ ਲਿਖਣ ਲੱਗਿਆਂ ਮੈਂ ਉਸ ਨੂੰ ਵੀ ਪਾਜ਼ੇਟਿਵ ਬਣਾ ਲੈਂਦਾ ਹਾਂ।

ਲੇਖਕ ਬਣਨਾ, ਬੰਦੇ ਦੇ ਜੀਨਜ਼ ਵਿਚ ਹੁੰਦਾ ਹੈ ਅਤੇ ਹਰ ਬੰਦੇ ਵਿਚ ਜਮਾਂਦਰੂ ਗੁਣ ਹੀ ਹੁੰਦੇ

ਹਨ, ਜੋ ਉਸ ਦੀ ਸਿਰਜਣਾਤਮਕ ਸ਼ਕਤੀ ਦੇ ਰੂਪਾਂ ਨੂੰ ਨਿਰਧਾਰਤ ਕਰਦੇ ਹਨ। ਮੈਨੂੰ ਪਤਾ ਹੈ ਕਿ ਮੈਂ ਚੰਗਾ ਬੁਲਾਰਾ ਨਹੀਂ ਹਾਂ, ਮੈਨੂੰ ਮੰਚ ਉੱਤੇ ਚੜ੍ਹ ਕੇ ਸ਼ਬਦਾਂ ਦੀ ਲੜੀ ਜੋੜਨ ਦਾ ਅਭਿਆਸ ਨਹੀਂ ਹੈ ਪਰ ਲਿਖਣ ਵੇਲੇ ਮੈਂ ਸ਼ਬਦਾਂ ਦੀ ਚੰਗੀ ਜੜ੍ਹਤ ਕਰ ਲੈਂਦਾ ਹਾਂ, ਕਦੇ-ਕਦੇ ਤਾਂ ਮੈਂ ਆਪਣਾ ਲਿਖਿਆ ਪੜ੍ਹ ਕੇ ਹੀ ਹੈਰਾਨ ਹੋ ਜਾਂਦਾ ਹਾਂ ਕਿ ਇਹ ਏਨਾ ਵਧੀਆ ਮੈਂ ਹੀ ਲਿਖਿਆ ਹੈ?"

ਆਪਣੇ ਆਲ਼ੇ-ਦੁਆਲ਼ੇ ਉਹ ਜੋ ਕੁਝ ਵੇਖਦਾ ਹੈ, ਉਸੇ ਨੂੰ ਲਿਖਦਾ ਹੈ। ਇਸਦਾ ਜ਼ਿਕਰ ਕਰਦਿਆਂ ਉਸ ਨੇ ਇਕ ਟੀ.ਵੀ. ਮੁਲਾਕਾਤ ਵਿਚ ਦੱਸਿਆ ਕਿ ਉਸ ਨੇ ਕੁਲਵੰਤ ਸਿੰਘ ਵਿਰਕ ਦੀਆਂ ਦੋ ਧੀਆਂ ਬਾਰੇ ਇਕ ਕਹਾਣੀ ਲਿਖੀ ਸੀ 'ਏਕੇ ਦੀ ਮੌਤ'। ਬਾਅਦ ਵਿਚ ਕਈ ਸਾਲਾਂ ਬਾਅਦ ਵਿਰਕ ਦੀ ਇਕ ਧੀ, ਜੋ ਚੰਡੀਗੜ੍ਹ ਰਹਿੰਦੀ ਹੈ, ਨੇ ਉਸ ਤੋਂ ਉਹ ਕਹਾਣੀ ਮੰਗੀ ਤਾਂ ਕਿ ਉਸ ਬਾਰੇ ਲਿਖੀ ਗਈ ਉਹ ਕਹਾਣੀ ਉਹ ਆਪਣੀਆਂ ਸਹੇਲੀਆਂ ਅਤੇ ਬੱਚਿਆਂ ਨੂੰ ਭੇਜ ਸਕੇ।

ਗੁਲਜ਼ਾਰ ਸਿੰਘ ਸੰਧੂ ਦੀਆਂ ਅਨੇਕਾਂ ਕਹਾਣੀਆਂ ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਵਿਚ ਅਨੁਵਾਦ ਵੀ ਹੋਈਆਂ ਹਨ ਅਤੇ ਦੁਨੀਆ ਭਰ ਦੇ ਵੱਡੇ ਮੈਗਜ਼ੀਨਾਂ ਵਿਚ ਵੀ ਛਪੀਆਂ ਹਨ। ਅੰਗਰੇਜ਼ੀ ਮੈਗਜ਼ੀਨ 'ਥਾਟ' ਵੱਲੋਂ ਉਸ ਦੀ ਕਹਾਣੀ 'ਮੈਂ ਚੁੱਪ ਹਾਂ' ਦੇ ਅੰਗਰੇਜ਼ੀ ਅਨੁਵਾਦ ਨੂੰ ਰੂਸੀ ਲੇਖਕ ਚੈਖੋਵ ਦੀ ਲਿਖਤ ਦੇ ਬਰਾਬਰ ਆਖਿਆ ਗਿਆ ਅਤੇ ਛਾਪਿਆ ਗਿਆ।

ਉਸ ਦੀ ਇਕ ਹੋਰ ਕਹਾਣੀ 'ਸੀਤ ਪੋਟੇ' ਦੇ ਅੰਗਰੇਜ਼ੀ ਅਨੁਵਾਦ 'Frozen fingers' ਨੂੰ 'ਕਾਰਵਾਂ' ਮੈਗਜ਼ੀਨ ਵਿਚੋਂ ਪੜ੍ਹ ਕੇ, ਅਮਰੀਕੀ ਪਬਲੀਕੇਸ਼ਨ Hinshaw ? Sthlmann ਨੇ ਉਸ ਦੀਆਂ ਕਹਾਣੀਆਂ ਨੂੰ ਛਾਪ ਕੇ ਅਮਰੀਕਾ ਅਤੇ ਕੈਨੇਡਾ ਸਮੇਤ ਸੰਸਾਰ ਭਰ ਵਿਚ ਪਹੁੰਚਾਉਣ ਦੀ ਪੇਸ਼ਕਸ਼ ਵੀ ਕੀਤੀ ਸੀ।

ਮਾਨਵੀ ਸਰੋਕਾਰਾਂ ਦੀ ਸੂਖਮ ਪੇਸ਼ਕਾਰੀ ਦਾ ਖ਼ੂਬਸੂਰਤ ਹਸਤਾਖ਼ਰ ਅਤੇ ਦਿਆਲੂ ਭਾਵਨਾਵਾਂ ਨਾਲ ਭਰਪੂਰ ਖ਼ੂਬਸੂਰਤ ਸ਼ਖ਼ਸੀਅਤ ਗੁਲਜ਼ਾਰ ਸਿੰਘ ਸੰਧੂ ਸਨੇਹ ਅਤੇ ਸੂਖ਼ਮਤਾ ਦਾ ਅਦਭੁਤ ਖ਼ਜ਼ਾਨਾ ਹੈ। ਉਸ ਨੂੰ ਮਿਲਣਾ, ਉਸ ਨਾਲ ਗੱਲਾਂ ਕਰਨਾ, ਜ਼ਿੰਦਗੀ ਦੇ ਗੁੰਝਲਦਾਰ ਰਹੱਸਾਂ ਨੂੰ, ਸਹਿਜ ਰੂਪ ਵਿਚ ਹੀ ਸਮਝਣ ਦੀ ਪ੍ਰਕਿਰਿਆ ਵਾਂਗ ਹੈ ... ਨੱਬੇ ਸਾਲ ਦੀ ਉਮਰ ਤਕ ਪਹੁੰਚ ਕੇ ਵੀ, ਚੰਡੀਗੜ੍ਹ ਦੀਆਂ ਸੜਕਾਂ ਉੱਤੇ ਆਪਣੀ ਗੱਡੀ ਆਪ ਚਲਾ ਕੇ ਦੋਸਤਾਂ ਨੂੰ ਮਿਲਣ ਜਾਣਾ ਉਸ ਦਾ ਸਹਿਜ ਹੈ।...

ਆਪਣੇ ਘਰ ਤੋਂ ਆਪ ਗੱਡੀ ਚਲਾ ਕੇ ਕਲਾ ਭਵਨ ਤਕ ਪਹੁੰਚਣ ਵਾਲਾ ਗੁਲਜ਼ਾਰ ਸਿੰਘ ਸੰਧੂ, ਡੰਗੋਰੀ ਦੇ ਸਹਾਰੇ ਨਾਲ ਕਲਾ ਭਵਨ ਦੇ ਅੰਦਰ ਆਉਂਦਾ ਹੈ। ਮੀਟਿੰਗ ਤੋਂ ਬਾਅਦ ਮੈਂ ਉਸਨੂੰ, ਉਸਦੀ ਗੱਡੀ ਤੱਕ ਛੱਡਣ ਜਾਂਦਾ ਹਾਂ। ਉਹ ਆਪਣੀ ਡੰਗੋਰੀ ਖੱਬੀ ਸੀਟ ਉੱਤੇ ਰੱਖ ਕੇ, ਮੈਥੋਂ ਹਲਕਾ ਜਿਹਾ ਸਹਾਰਾ ਲੈ ਕੇ, ਸਟੇਰਿੰਗ ਵਾਲੀ ਸੀਟ 'ਤੇ ਆਰਾਮ ਨਾਲ ਬੈਠ ਕੇ, ਪੂਰੇ ਜਲੌਅ ਨਾਲ ਗੱਡੀ ਸਟਾਰਟ ਕਰਕੇ,ਆਪਣਾ ਸਫਰ ਆਰੰਭ ਦਿੰਦਾ ਹੈ...। ਮੈਂ ਉੱਥੇ ਹੀ ਖੜ੍ਹਾ ਦੂਰ ਤਕ ਦੇਖਦਾ ਰਹਿੰਦਾ ਹਾਂ...ਮੇਰੀਆਂ ਅੱਖਾਂ ਵਿਚ ਉਸਦੀ ਜ਼ਿੰਦਗੀ ਦਾ ਜਲੌਅ ਡਲ੍ਹਕਦਾ ਹੈ... ਪੰਜਾਬੀ ਦੇ ਸਰਬਾਂਗੀ ਸਾਹਿਤਕਾਰ, ਇਕ ਸਦਾਬਹਾਰ ਅਦਭੁਤ ਸ਼ਖ਼ਸੀਅਤ ਨੂੰ, ਮੈਂ ਏਨਾ ਨੇੜਿਓਂ ਵੇਖ ਰਿਹਾ ਹਾਂ, ਇਹ ਸੋਚ ਕੇ ਮੈਂ ਫਖ਼ਰ ਨਾਲ ਭਰ ਜਾਂਦਾ ਹਾਂ...ਫੇਰ ਹੌਲੀ ਹੌਲੀ ਵਾਪਸ ਮੁੜਦਾ ਹਾਂ... ਤੇ ਆ ਕੇ ਆਪਣੀ ਉਸ ਕੁਰਸੀ ਉੱਤੇ ਬੈਠ ਜਾਂਦਾ ਹਾਂ, ਜਿਸ ਉੱਤੇ ਕਦੇ ਗੁਲਜ਼ਾਰ ਸਿੰਘ ਸੰਧੂ ਬੈਠਦਾ ਸੀ...। 000

***(20, ਪ੍ਰੋਫੈਸਰ ਕਾਲੋਨੀ, ਵਡਾਲਾ ਚੌਕ, ਜਲੰਧਰ-144 001***
***ਫੋਨ: +91-94171-94812)***

# ਮੈਂ ਬਾਰੇ ਮੈਂ: ਸਵੈ ਚਿੱਤਰ: ਰਾਜਿੰਦਰਪਾਲ ਸਿੰਘ ਬਰਾੜ

*ਉੱਜਲੇ ਸ਼ੀਸ਼ੇ ਸਨਮੁਖ ਮੈਨੂੰ ਚਿਰ ਤਕ ਨਾ ਖਲ੍ਹਿਹਾਰ*
*ਮੈਲ਼ੇ ਮਨ ਵਾਲੇ ਮੁਜਰਮ ਨੂੰ ਇਸ ਮੌਤੇ ਨਾ ਮਾਰ (ਸੁਰਜੀਤ ਪਾਤਰ)*

ਸੈੱਲਫੀ ਖਿੱਚਣੀ ਸੌਖੀ ਹੈ ਪਰ ਮਨ ਦੀ ਸੈੱਲਫੀ ਖਿੱਚਣੀ ਔਖੀ ਹੈ, ਸਵੈ ਦਾ ਸ਼ਬਦ ਚਿੱਤਰ ਲਿਖਣਾ ਹੋਰ ਵੀ ਔਖਾ ਹੈ, ਕੋਈ ਕਿੰਨਾ ਵੀ ਮਹਾਂਬਲੀ ਕਿਉਂ ਨਾ ਹੋਵੇ, ਧਰਤੀ ਦੀ ਟੇਕ ਬਿਨਾਂ ਆਪਣਾ ਭਾਰ ਆਪ ਨਹੀਂ ਚੱਕ ਹੁੰਦਾ। ਪ੍ਰਿੰਸੀਪਲ ਤੇਜਾ ਸਿੰਘ ਆਪਣੀ ਸਵੈ ਜੀਵਨੀ 'ਆਰਸੀ' ਦੇ ਆਰੰਭ ਵਿਚ ਹੀ ਲਿਖਦੇ ਹਨ "ਮੇਰੇ ਰੱਬ ਜੀ ਮੇਰੀ ਯਾਦ ਦੀ ਆਰਸੀ ਸਾਫ ਕਰਕੇ ਰੱਖਣੀ, ਮੈਥੋਂ ਆਪਣੇ ਬਾਰੇ ਬਹੁਤੀਆਂ ਗੱਲਾਂ ਨਾ ਅਖਵਾਉਣੀਆਂ ਸਗੋਂ ਬਹੁਤਾ ਕੁਝ ਉਨ੍ਹਾਂ ਘਟਨਾਵਾਂ ਅਤੇ ਵਿਅਕਤੀਆਂ ਸਬੰਧੀ ਲਿਖਵਾਉਣਾ ਜਿਨ੍ਹਾਂ ਤੋਂ ਮੈਂ ਪ੍ਰਭਾਵਿਤ ਹੋਇਆ ਹਾਂ"। ਤੁਹਾਨੂੰ ਰੱਬ ਨਾਲ ਮੇਰੀ ਦੋਸਤੀ ਦਾ ਪਤਾ ਹੀ ਹੈ, ਸੋ ਮੈਂ ਤਾਂ ਤੇਜਾ ਸਿੰਘ ਵਾਂਗ ਰੱਬ ਅੱਗੇ ਹੱਥ ਵੀ ਨਹੀਂ ਜੋੜ ਸਕਦਾ ਅਤੇ ਉੱਤੋਂ ਤੁਹਾਡੇ ਉੱਤੇ ਸਿਤਮ ਇਹ ਕਰਨ ਲੱਗਾਂ ਕਿ ਗੱਲਾਂ ਵੀ ਆਪਣੇ ਬਾਰੇ ਹੀ ਕਰਨੀਆਂ ਹਨ ਕਿਉਂਕਿ ਅੱਜ ਕੱਲ੍ਹ ਸੈੱਲਫੀ ਰਾਹੀਂ ਸੈੱਲਫ ਪ੍ਰਮੋਸ਼ਨ ਦਾ ਜ਼ਮਾਨਾ ਹੈ। ਸੋ ਮੇਰੀ ਇਲਤਜਾ ਹੈ ਕਿ ਮੈਂ ਤੁਹਾਡੇ ਅੱਗੇ ਲਿਖਤੀ ਰੂਪ ਵਿਚ ਅੱਧਾ ਸੱਚ ਤੇ ਅੱਧਾ ਝੂਠ ਪਰੋਸ ਰਿਹਾ ਹਾਂ। ਅੱਧਾ ਸੱਚ ਇਸ ਕਰਕੇ ਕਿ ਮੈਂ ਆਪਣੇ ਬਾਰੇ ਕੇਵਲ ਦੱਸਣਯੋਗ ਸੱਚੀਆਂ ਗੱਲਾਂ ਹੀ ਦੱਸ ਰਿਹਾ ਹਾਂ। ਉਹ ਕੁਝ ਨਹੀਂ ਵੀ ਦੱਸ ਰਿਹਾ ਜਿਸ ਨੂੰ ਦੱਸਣਯੋਗ ਨਹੀਂ ਸਮਝਦਾ। ਇਕ ਗੱਲ ਸੱਚੀ ਹੈ ਕਿ ਜੋ ਮੈਂ ਦੱਸਣਾ ਨਹੀਂ ਚਾਹੁੰਦਾ, ਉਹ ਉਹੀ ਹੈ ਜੋ ਮੈਂ ਕਰਨਾ ਵੀ ਨਹੀਂ ਚਾਹੁੰਦਾ ਸੀ ਪਰ ਮੈਥੋਂ ਹੋ ਗਿਆ ਹੋਵੇਗਾ। ਭਾਈ ਐਸਾ ਕੌਣ ਹੈ ਜੋ ਗੁਨਾਹਗਾਰ ਨਹੀਂ। ਇਸ ਵਿਚ ਝੂਠ ਉਹ ਹੈ ਜੋ ਮੈਂ ਬਣਨਾ ਚਾਹੁੰਦਾ ਸੀ ਪਰ ਬਣ ਨਹੀਂ ਸਕਿਆ ਅਤੇ ਹੁਣ ਝੂਠ ਮੂਠ ਦੇ ਮਹਿਲ ਉਸਾਰ ਰਿਹਾ ਹਾਂ। ਖੈਰ ਇਹ ਸੱਚ ਝੂਠ ਦੀਆਂ ਸਾਫ਼ ਸਫ਼ਾਈਆਂ ਛੱਡੀਏ ਤੇ ਅਸਲੀ ਗੱਲ ਵੱਲ ਆਈਏ।

ਦਾਸ 26 ਨਵੰਬਰ, 1963 ਨੂੰ ਮਾਤਾ ਮਹਿੰਦਰ ਕੌਰ ਉਰਫ ਪ੍ਰੀਤਮ ਕੌਰ ਅਤੇ ਪਿਤਾ ਸ੍ਰ. ਜਰਨੈਲ ਸਿੰਘ ਵਲਦ ਫ਼ਤਿਹ ਸਿੰਘ ਵਲਦ ਨਿਹਾਲ ਸਿੰਘ, ਜੱਦੀ ਪਿੰਡ ਸਾਧਾਂਵਾਲਾ ਦੇ ਘਰ ਕੋਟਕਪੂਰੇ ਵਿਚ ਸਭ ਤੋਂ ਸਭ ਵੱਡੀ ਭੈਣ ਇਕਬਾਲ ਕੌਰ ਅਤੇ ਵੱਡੇ ਭਰਾ ਰਾਜਪਾਲ ਸਿੰਘ ਤੋਂ ਤੀਜੇ ਥਾਂ ਪੈਦਾ ਹੋਇਆ। ਇਹ ਬੜੀ ਸਾਧਾਰਨ ਆਮ ਘਟਨਾ ਸੀ ਪਰ ਉਸੇ ਸਮੇਂ ਸਾਡੇ ਪਿੰਡ ਭਾਵ ਸੈਣੀਆਂ ਦੇ ਕੋਠਿਆਂ ਵਿਚ ਬਿਜਲੀ ਆਈ ਜੋ ਖਾਸ ਘਟਨਾ ਸੀ ਭਾਵ ਸਾਡੇ ਆਉਣ ਨਾਲ ਪਹਿਲਾਂ ਤੋਂ ਵੱਧ ਚਾਨਣ ਹੋ ਗਿਆ। ਬਿਜਲੀ ਤੁਹਾਨੂੰ ਪਤੈ ਇਕੱਲਿਆਂ ਨਹੀਂ ਆਉਂਦੀ, ਆਪਣੇ ਨਾਲ ਹੀ ਰੋਸ਼ਨੀ ਦੇ ਲਾਟੂ, ਹਵਾ ਵਾਲੇ ਪੱਖੇ, ਮੋਟਰ ਨਾਲ ਚੱਲਦੀ ਪੱਠੇ ਕੁਤਰਨ ਵਾਲੀ ਮਸ਼ੀਨ, ਟਿਊਬਵੈੱਲ ਆਦਿ ਵਰਗਾ ਜੰਗਪੁਲੰਘਾ ਲੈ ਕੇ ਆਈ। ਇਹ ਇਤਫਾਕ ਹੀ ਹੈ ਕਿ 180 ਕਿਲੋਮੀਟਰ ਦੂਰ ਪਟਿਆਲੇ ਸਾਲ ਕੁ ਪਹਿਲਾਂ ਹੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਨੀਂਹ ਪੱਥਰ ਰੱਖਿਆ ਗਿਆ ਜਿਹੜੀ ਤਾਅ ਉਮਰ ਮੇਰੀ ਕਰਮਭੂਮੀ ਬਣਨੀ ਸੀ, ਪੜ੍ਹਨ ਪੱਖੋਂ ਵੀ, ਪੜ੍ਹਾਉਣ ਪੱਖੋਂ ਵੀ। ਸਾਡੇ ਸਾਰੇ ਟੱਬਰ ਨੇ ਪੰਜਾਬੀ ਯੂਨੀਵਰਸਿਟੀ ਤੋਂ ਪੜ੍ਹਨਾ ਸੀ, ਇੱਥੇ ਹੀ ਲੰਮਾ ਸਮਾਂ ਰਹਿਣਾ ਸੀ ਅਤੇ, ਮੈਂ ਤੇ ਮੇਰੀ ਹਮਸਫਰ, ਦੋਹਾਂ ਨੇ ਇੱਥੇ ਹੀ ਨੌਕਰੀ ਕਰਨੀ ਸੀ।

ਇਹ ਸਤਰਾਂ ਲਿਖਣ ਵਾਲਾ ਕੋਈ ਮੂੰਹ ਵਿਚ ਚਾਂਦੀ ਦਾ ਚਮਚਾ ਲੈ ਕੇ ਤਾਂ ਨਹੀਂ ਜੰਮਿਆ ਪਰ ਘਰ ਜੰਮਣ ਤੋਂ ਪਹਿਲਾਂ ਸਟੀਲ ਦੇ ਚਮਚੇ ਜ਼ਰੂਰ ਸਨ। ਉਸ ਸਮੇਂ ਜਦੋਂ ਪਿੱਤਲ ਦੀ ਪਰਾਂਤ, ਪੰਜ ਥਾਲੀਆਂ, ਪੰਜ ਬਾਟੀਆਂ, ਇਕ ਕੰਗਣੀ ਵਾਲਾ ਗਲਾਸ, ਵਲਟੋਹੀ ਅਤੇ ਛੰਨਾ ਹੀ ਸਰਦੇ ਪੁੱਜਦੇ ਘਰ ਦੀ ਨਿਸ਼ਾਨੀ ਸੀ। ਉਸ ਸਮੇਂ ਸਟੀਲ ਦਾ ਜੱਗ, ਟੀਸੈੱਟ ਅਤੇ ਚਮਚੇ ਅੱਯਾਸ਼ੀ ਹੀ ਸਨ।

ਇਹ ਅੱਯਾਸ਼ੀ ਦੀਆਂ ਬਰਕਤਾਂ ਵੀ ਪਿਤਾ ਜੀ ਦੇ ਕਰਾਚੀ ਹਵਾਈ ਅੱਡੇ 'ਤੇ ਨੌਕਰੀ ਕਰਦਿਆਂ ਹੋਣ ਕਰਕੇ ਹੱਥ ਆਈਆਂ ਸਨ, ਆਜ਼ਾਦੀ ਆ ਰਹੀ ਸੀ, ਦੇਸ਼ ਵੰਡਿਆ ਜਾਣਾ ਸੀ, ਇਹ ਪਹਿਲਾਂ ਹੀ ਪਤਾ ਲੱਗਣ ਕਰਕੇ ਕਿ ਹੁਣ ਸੱਤਾਧਾਰੀ ਬਸਤੀਵਾਦੀਏ ਭੱਜਣਗੇ, ਫਿਰਕੂ ਤਣਾਅ ਵਧੇਗਾ, ਦੰਗੇ ਭੜਕਣ ਤੋਂ ਪਹਿਲਾਂ ਹੀ ਸਾਡਾ ਪਰਿਵਾਰ ਬਿਨਾਂ ਨੁਕਸਾਨ ਕਰਾਚੀਉਂ, ਕੋਟਕਪੂਰੇ ਆ ਗਿਆ, ਨਾਲ ਹੀ ਅੰਗਰੇਜ਼ੀ ਸਾਮਾਨ ਆ ਗਿਆ ਵੱਡੇ ਟਰੰਕ, ਟੱਬ, ਲੋਹੇ ਦੇ ਸਪਰਿੰਗਾਂ ਵਾਲੇ ਬੈੱਡ, ਢੋਆਂ ਅਤੇ ਫਰੇਮ ਵਾਲੇ ਨਵਾਰੀ ਪਲੰਘ, ਮੇਜ਼, ਕੁਰਸੀਆਂ, ਆਰਾਮ ਕੁਰਸੀਆਂ ਵਗੈਰਾ। ਹੋਰ ਵਿਲੱਖਣ ਅਤੇ ਦੁਰਲੱਭ ਸਾਮਾਨ ਸੀ ਰੇਡੀਉ, ਵਾੱਲਕਲਾਕ, ਗ੍ਰਾਮੋਫੋਨ ਅਤੇ ਸਭ ਤੋਂ ਵਿਲੱਖਣ ਸੀ, ਡੱਬੇ ਵਿਚ ਬੰਦ ਹੋ ਜਾਣ ਵਾਲਾ ਗਾਂਧੀ ਚਰਖਾ ਜਿਸਦਾ ਚੱਕਰ ਲੇਟਵਾਂ ਹੁੰਦਾ ਸੀ। ਰੇਡੀਓ ਤੋਂ ਬਗ਼ੈਰ ਬਾਕੀ ਕੁਝ ਮੇਰੀ ਸੁਰਤ ਵਿਚ ਕਦੇ ਚੱਲਿਆ ਨਹੀਂ। ਕਲਾਕ ਕਦੇ ਮੇਰੇ ਬਾਪ ਦੇ ਗ਼ੁੱਸੇ ਦਾ ਸ਼ਿਕਾਰ ਹੋ ਕੇ ਕੱਪੜੇ ਦੀ ਗੱਠ ਵਿੱਚ ਬੱਝ ਗਿਆ। ਗ੍ਰਾਮੋਫੂਨ ਦਾ ਕੋਈ ਅੰਦਰਲਾ ਪੁਰਜ਼ਾ ਖਰਾਬ ਸੀ, ਗਾਂਧੀ ਚਰਖਾ ਕਦੇ ਕਿਸੇ ਨੇ ਚਲਾਇਆ ਨਹੀਂ ਸੀ। ਮੇਰੀ ਮਾਂ ਆਮ ਪੰਜਾਬੀ ਦੇਸੀ ਚਰਖਾ ਹੀ ਕੱਤਦੀ ਸੀ। ਮੇਰੀ ਬੀਬੀ ਇਨ੍ਹਾਂ ਨੂੰ ਸ੍ਰਿਸਟੀ ਦੀਆਂ ਚੀਜ਼ਾਂ ਆਖਦੀ ਸੀ। ਸ੍ਰਿਸਟੀ ਤੋਂ ਉਸਦਾ ਭਾਵ ਪਤਾ ਨਹੀਂ ਸੰਸਾਰ ਦੀਆਂ ਉੱਤਮ ਚੀਜ਼ਾਂ ਤੋਂ ਸੀ ਜਾਂ ਪੁਰਾਤਨ ਵਿਰਾਸਤੀ ਚੀਜ਼ਾਂ ਤੋਂ ਸੀ ਪਰ ਸਾਨੂੰ ਵੈਸੇ ਸਾਰਿਆਂ ਨੂੰ ਇਲਮ ਸੀ ਕਿ ਉਸਦਾ ਇਸ਼ਾਰਾ ਉਨ੍ਹਾਂ ਵਸਤਾਂ ਵੱਲ ਹੁੰਦਾ ਸੀ ਜੋ ਮੁਕਾਬਲਤਨ ਦੂਜੀ ਸੰਸਾਰ ਜੰਗ ਸਮੇਂ ਦੀਆਂ ਸਨ ਅਤੇ ਪਿੰਡ ਵਿਚ ਕਿਸੇ ਹੋਰ ਘਰ ਨਹੀਂ ਸਨ।

ਸਾਡਾ ਪਰਿਵਾਰ ਸਾਰੀ ਉਮਰ ਹੀ ਆਰਥਿਕ ਤੌਰ ‘ਤੇ ਮੱਧ ਮੱਧਵਰਗੀ ਜਮਾਤ ਅਤੇ ਵਿਚਾਰਧਾਰਾ ਪੱਖੋਂ ਮੱਧਮਾਰਗੀ ਸੋਚ ਦਾ ਹੀ ਧਾਰਨੀ ਰਿਹਾ। ਹੌਲ਼ੀ ਹੌਲ਼ੀ ਇਸਨੂੰ ਮੈਂ ਬੁੱਧ ਦੇ ਮੱਧ ਮਾਰਗ ਨਾਲ ਜੋੜ ਲਿਆ, ਜ਼ਿੰਦਗੀ ਦੀਆਂ ਤਾਰਾਂ ਨਾ ਕੱਸੀਆਂ, ਨਾ ਢਿੱਲੀਆਂ, ਸੁਰ ਸਿਰ, ਸੰਗੀਤਮਈ ਅਤੇ ਸਹਿਜ। ਨਾ ਅਮੀਰੀ ਨਾ ਗ਼ਰੀਬੀ। ਮੇਰੇ ਕੋਲ਼ ਹਮਦਰਦੀ ਲੈਣ ਲਈ ਅਤੇ ਦੂਜਿਆਂ ਨੂੰ ਸੰਘਰਸ਼ ਦੀ ਪ੍ਰੇਰਨਾ ਦੇਣ ਵਾਲੀ ਗਰੀਬੀ ਦੀ ਕੋਈ ਕਹਾਣੀ ਨਹੀਂ ਹੈ ਅਤੇ ਇਹ ਵੀ ਸੱਚ ਹੈ ਕਿ ਮੇਰੇ ਕੋਲ਼ ਪਰਿਵਾਰਕ ਰੋਹਬ ਦਾਅਬ ਵਾਲੀ ਕੋਈ ਵਿਸ਼ੇਸ਼ ਚੜ੍ਹਤ ਦੀ ਕਹਾਣੀ ਵੀ ਨਹੀਂ ਹੈ,ਜਿਸਦੀ ਫ਼ੁਕਰੀ ਮਾਰੀ ਜਾਵੇ। ਪਿੰਡ ਵਿਚ ਘਰਦਿਆਂ ਦੀ ਸਥਿਤੀ ਬੇਉਲਾਦ ਭੈਣ ਦੀ ਢੇਰੀ ਸਾਂਭਣ ਵਾਲੇ ਇਕ ਘਰ ਨੂੰ ਛੱਡਕੇ ਸਭ ਨਾਲੋਂ ਚੰਗੀ ਸੀ। ਦੋ ਪਿੰਡੀਂ ਜ਼ਮੀਨ ਸੀ, ਬਾਪ ਦਾਦੇ ਦੇ ਜੱਦੀ ਪਿੰਡ ਸਾਧਾਂਵਾਲਾ ਤੇ ਕੋਟਕਪੂਰੇ ਦੇ ਸੈਣੀਆਂ ਦੇ ਕੋਠਿਆਂ ਵਿਚ ਬਾਪੂ ਜੀ ਵੱਲੋਂ ਆਪ ਨੌਕਰੀ ਦੌਰਾਨ ਗਹਿਣੇ ਬੈਅ ਲਈ ਹੋਈ। ਸਭ ਕੁਝ ਹੀ ਮੱਧਵਰਗੀ। ਸੁਭਾਅ ਵੀ ਮੱਧਮਾਰਗੀ ਔਸਤਨ। ਇੱਥੋਂ ਤਕ ਕਿ ਅੱਜ ਤਕ ਵੀ ਨਾ ਬਹੁਤੇ ਅਮੀਰ ਕਿ ਅੱਯਾਸ਼ੀਆਂ ਕਰਦੇ ਰਹੀਏ, ਨਾ ਕੋਈ ਗ਼ਰੀਬ ਕਿ ਰੋਟੀ ਦੇ ਲਾਲੇ ਪਏ ਹੋਣ, ਨਾ ਪੂਰੇ ਪੇਂਡੂ ਨਾ ਪੂਰੇ ਸ਼ਹਿਰੀ, ਨਾ ਸਾਰੇ ਅਨਪੜ੍ਹ ਨਾ ਸਾਰੇ ਪੜ੍ਹੇ ਲਿਖੇ। ਨਾ ਕੇਵਲ ਮੁੰਡਿਆਂ ਵਾਲਾ ਘਰ ਨਾ ਕੇਵਲ ਕੁੜੀਆਂ ਦਾ। ਕੁੱਝ ਕੁ ਖੇਤੀ ਵਾਲੇ ਜੱਟ ਬੂਟ ਜਿਹੇ, ਕੁੱਝ ਕੁ ਨੌਕਰੀ ਵਾਲੇ ਬਾਬੂ ਲੋਕ ਜਿਹੇ। ਆਮ ਜਿਹੇ ਲੋਕ, ਜੋ ਆਪਣੀ ਅਤੇ ਸਮਾਜ ਦੋਹਾਂ ਦੀ ਤਰੱਕੀ ਚਾਹੁੰਦੇ ਹਨ।

ਇਹ ਤਾਂ ਪਰਿਵਾਰ ਦਾ ਹਾਲ ਸੀ, ਆਪਾਂ ਵੀ ਪਰਿਵਾਰ ਤੋਂ ਵੱਖਰੇ ਥੋੜ੍ਹਾ ਸੀ। ਹੋਰ ਤਾਂ ਹੋਰ ਖੁਦ ਦਾਸ ਨਾ ਸਦਾ ਟੌਪਰਾਂ ਵਿਚ ਨਾ ਸਦਾ ਫਾਡੀਆਂ ਵਿਚ। ਹੋਰ ਤਾਂ ਹੋਰ ਨਾ ਕੱਦ ਲੰਮਾ ਨਾ ਮਧਰਾ। ਭਾਰ ਨਾ ਬਹੁਤਾ ਨਾ ਘੱਟ। ਇਕ ਤਰ੍ਹਾਂ ਨਾਲ ਹਰ ਪੱਖੋਂ ਔਸਤਵਾਦ (ਜੇ ਕੋਈ ਅਜਿਹਾ ਵਾਦ ਹੈ) ਦੇ ਧਾਰਨੀ ਰਹੇ ਹਾਂ। ਅੱਤ ਤੋਂ ਬਗ਼ੈਰ ਭਲਾ ਕੋਈ ਕਹਾਣੀ ਹੋ ਸਕਦੀ ਹੈ? ਕਹਾਣੀ ਬਣਾਉਣ ਲਈ ਚਲੋ ਮੰਨ ਲੈਂਦੇ ਹਾਂ, ਇਹ ਔਸਤ ਦੀ ਅੱਤਵਾਦ ਹੈ। ਸਕੂਲ ਕਾਲਿਜ ਵਿਚ ਮੈਂ ਕੋਈ ਹੁਸ਼ਿਆਰ ਬੱਚਿਆਂ ਵਿਚ ਨਹੀਂ ਸੀ ਜਿਨ੍ਹਾਂ ਦੇ ਨਾਂ ਮੈਰਿਟ ਬੋਰਡਾਂ ‘ਤੇ ਲਿਖੇ ਜਾਂਦੇ ਹਨ ਪਰ ਇਕ ਵਾਰ ਨੂੰ ਛੱਡ ਕੇ ਮੈਂ ਕਦੇ ਫੇਲ੍ਹ ਵੀ ਨਹੀਂ ਹੋਇਆ ਸਗੋਂ ਐੱਮ.ਏ. ਪੰਜਾਬੀ ਦੀ ਯੂਨੀਵਰਸਿਟੀ ਦੀ ਮੈਰਿਟ ਲਿਸਟ ਵਿਚ ਆਇਆ ਅਤੇ ਐੱਮ ਫਿਲ ਦੀ ਪੜ੍ਹਾਈ ਜਾਰੀ ਰੱਖਣ ਕਰਕੇ ਪਹਿਲੇ ਨੰਬਰ ‘ਤੇ ਆਉਣ ਵਾਲੇ ਵਜ਼ੀਫ਼ੇ ਦਾ ਸੁਆਦ ਵੀ ਮਾਣਿਆ।

ਹੁਣ ਫੇਲ੍ਹ ਹੋਣ ਦੀ ਕਹਾਣੀ ਵੀ ਸੁਣ ਲਵੋ। ਫੇਲ੍ਹ ਮੈਂ ਬੀ.ਐੱਸਸੀ. ਕਰਦਿਆਂ ਜੁਆਲੋਜੀ ਦੇ ਪ੍ਰੈਕਟੀਕਲ ਵਿਚ ਹੋਇਆ। ਇਸ ਦਾ ਕਾਰਨ ਵੀ ਅਜੀਬ ਸੀ। ਡੀ ਏ ਵੀ ਕਾਲਿਜ ਪ੍ਰਬੰਧਕਾਂ ਨੇ ਸਰਕਾਰੀ ਆਦੇਸ਼ਾਂ 'ਤੇ ਫੈਸਲਾ ਕੀਤਾ ਕਿ 30 ਜਨਵਰੀ ਮਹਾਤਮਾ ਗਾਂਧੀ ਦੇ ਮਰਨ (ਬਲੀਦਾਨ) ਦਿਵਸ 'ਤੇ ਘੰਟੀ ਵੱਜੇਗੀ, ਸਾਰੇ ਉਸ ਸਮੇਂ ਮੋਨ ਧਾਰਨ ਕਰਨਗੇ। ਸਾਡੀ ਵਿਦਿਆਰਥੀ ਜੱਥੇਬੰਦੀ ਪੀ.ਐੱਸ.ਯੂ ਨੇ ਫੈਸਲਾ ਕੀਤਾ ਕਿ ਠੀਕ ਉਸੇ ਸਮੇਂ ਅਸੀਂ ਮੋਨ ਧਾਰਨ ਨਹੀਂ ਕਰਾਂਗੇ ਸਗੋਂ ਸ਼ਹੀਦ ਭਗਤ ਸਿੰਘ ਦਾ ਕਾਤਲ ਗਾਂਧੀ ਗ਼ਦਾਰ ਮੁਰਦਾਬਾਦ, ਸ਼ਹੀਦ ਭਗਤ ਸਿੰਘ ਜ਼ਿੰਦਾਬਾਦ ਦੇ ਨਾਅਰੇ ਲਗਾਵਾਂਗੇ। ਮੈਂ ਬੀ.ਐੱਸਸੀ. ਮੈਡੀਕਲ ਦਾ ਵਿਦਿਆਰਥੀ ਸੀ, ਸਾਇੰਸ ਵਾਲੇ ਸ਼ਹਿਰੀਏ ਵਿਦਿਆਰਥੀ ਜੱਥੇਬੰਦੀਆਂ ਵਿਚ ਘੱਟ ਹੀ ਦਿਲਚਸਪੀ ਲੈਂਦੇ, ਹੜਤਾਲ ਹੋਣ 'ਤੇ ਮੁਜਾਹਰਾ ਕਰਨ ਦੀ ਥਾਂ ਫਿਲਮ ਵੇਖਣ ਚਲੇ ਜਾਂਦੇ, ਫੇਰ ਵੀ ਮੈਂ ਆਪਣੇ ਇਕ ਆੜੀ ਨੂੰ ਨਾਅਰੇ ਦਾ ਜਵਾਬ ਦੇਣ ਲਈ ਪੱਕਾ ਤਿਆਰ ਕਰ ਲਿਆ। ਹੋਰਨਾਂ ਜਮਾਤੀਆਂ ਨਾਲ ਵੀ ਗੱਲ ਕਰ ਲਈ। ਜਦੋਂ ਨਿਸਚਤ ਸਮੇਂ 'ਤੇ ਘੰਟੀ ਵੱਜੀ ਤਾਂ ਸਾਰੇ ਚੁੱਪਚਾਪ ਮੋਨ ਖੜ੍ਹੇ ਹੋ ਗਏ। ਮੈਂ ਆਪਣੀ ਜਮਾਤ ਵਿਚ ਇਕੱਲਾ ਹੀ ਨਾਅਰੇ ਮਾਰ ਰਿਹਾ ਸੀ ਪਰ ਜਵਾਬ ਦੇਣ ਦੀ ਹਾਮੀ ਓਟਣ ਵਾਲਾ ਆੜੀ ਵੀ ਚੁੱਪ ਖੜ੍ਹਾ ਸੀ, ਗ਼ਦਾਰੀ ਕਰ ਗਿਆ। ਆਖਰ ਮੈਂ ਆਪ ਹੀ ਨਾਅਰਾ ਲਾਉਂਦਾ ਆਪ ਹੀ ਜਵਾਬ ਦਿੰਦਾ। ਦੂਰ ਆਰਟਸ ਬਲਾਕ ਵਿਚ ਤਾਂ ਨਾਅਰੇ ਗੂੰਜ ਰਹੇ ਸੀ ਪਰ ਸਾਰਾ ਸਾਇੰਸ ਬਲਾਕ ਚੁੱਪ ਸੀ, ਸਾਡੇ ਕਮਰੇ ਵਿਚ ਮੈਂ ਇਕੱਲਾ ਇਨਕਲਾਬ ਕਰ ਰਿਹਾ ਸੀ। ਆਖਿਰ ਸਮਾਂ ਪੂਰਾ ਹੋਇਆ। ਅਧਿਆਪਕ ਨੇ ਮੁੜ ਪੜ੍ਹਾਉਣਾ ਸ਼ੁਰੂ ਕਰ ਦਿੱਤਾ, ਹੁਣ ਕਲਾਸ ਵਿਚ, ਕੀ ਰਹਿੰਦਾ? ਕੀ ਬਹਿੰਦਾ? ਕੀ ਸਹਿੰਦਾ? ਕੀ ਕਹਿੰਦਾ? ਕਹਿਣ ਵਾਲੀ ਗੱਲ਼ ਤਾਂ ਕਹੀ ਜਾ ਚੁੱਕੀ ਸੀ, ਸੋ ਕਲਾਸ ਛੱਡਕੇ ਆਰਟਸ ਬਲਾਕ ਵਿਚ ਬਾਕੀ ਸਾਥੀਆਂ ਨਾਲ ਜਾ ਮਿਲਿਆ। ਉਸ ਅਧਿਆਪਕ ਨੇ ਇਸ ਬਦਤਮੀਜ਼ੀ ਦੀ ਸਜ਼ਾ ਪ੍ਰੈਕਟੀਕਲ ਪਰੀਖਿਆ ਵਿਚ ਪਰੀਖਿਅਕ ਨੂੰ ਮੇਰੇ ਸਾਹਮਣੇ ਹੀ ਮੇਰੀ ਇਹ ਕਰਤੂਤ ਦੱਸਕੇ ਦਿਵਾਈ ਕਿ ਇਸ ਵੱਡੇ ਵਿਸ਼ਵ ਇਨਕਲਾਬੀ ਨੂੰ ਐਟਲਸ ਵਰਟੀਬਰਾ (atlas vertebra) ਬਾਰੇ ਪੁੱਛੋ। ਇਸੇ ਤਰ੍ਹਾਂ ਮੇਰੇ ਐੱਮ.ਏ. ਪੰਜਾਬੀ ਦੀ ਯੂਨੀਵਰਸਿਟੀ ਮੈਰਿਟ ਵਿਚ ਆਉਣ ਦੀ ਕਹਾਣੀ ਵੀ ਅਜੀਬ ਇਤਫਾਕ ਹੈ। ਮੈਂ ਬੀ.ਐੱਸਸੀ. ਬਾਅਦ ਬੀ.ਐੱਡ ਕਰਕੇ ਹਟਿਆ ਸੀ ਅਤੇ ਸਰਕਾਰੀ ਅਧਿਆਪਕ ਲਈ ਨਿਯੁਕਤੀ ਪੱਤਰ ਦੀ ਉਡੀਕ ਕਰ ਰਿਹਾ ਸੀ ਜੋ ਉਸ ਸਮੇਂ ਸਾਇੰਸ ਅਧਿਆਪਕ ਨੂੰ ਇਕ ਅੱਧ ਮਹੀਨੇ ਵਿਚ ਮਿਲ ਜਾਂਦਾ ਸੀ। ਮੇਰੀ ਅਧਿਆਪਕ ਲੱਗੀ ਭੈਣ ਰਾਹੀਂ ਉਸ ਦੀ ਇਕ ਕੁਲੀਗ ਦੇ ਘਰਵਾਲੇ ਨੇ ਪਹੁੰਚ ਕੀਤੀ ਕਿ ਜਿੰਨਾ ਚਿਰ ਮੈਂ ਵਿਹਲਾ ਹਾਂ, ਜੇ ਮੈਂ ਉਸ ਦੇ ਪ੍ਰਾਈਵੇਟ ਅਕੈਡਮੀਨੁਮਾ ਸਕੂਲ ਲਈ ਆਪਣਾ ਅਧਿਆਪਕ ਵਜੋਂ ਨਾਂ ਦੇ ਦੇਵਾਂ ਤਾਂ ਉਹ ਪੰਜਾਬ ਸਕੂਲ ਬੋਰਡ ਤੋਂ ਸੰਬੰਧਤਾ ਲੈ ਸਕੇਗਾ ਅਤੇ ਹੋਰ ਜੇ ਮੈਂ ਚਾਹਾਂ ਤਾਂ ਦਸਵੀਂ ਦੇ ਵਿਦਿਆਰਥੀਆਂ ਨੂੰ ਪੜ੍ਹਾ ਵੀ ਦਿਆਂ ਤਾਂ ਉਹ ਮੈਨੂੰ ਤਨਖਾਹ ਵੀ ਦੇਵੇਗਾ। ਮੈਂ ਪੜ੍ਹਾਉਣ ਲੱਗਾ ਤਾਂ ਉਸ ਨੇ ਆਖਿਆ ਕਿ ਮੈਂ ਐੱਮ.ਏ. ਪੰਜਾਬੀ ਦੇ ਪ੍ਰਾਈਵੇਟ ਪੇਪਰ ਦੇ ਦੇਵਾਂ, ਇਕ ਹੋਰ ਡਿਗਰੀ ਹੋ ਜਾਵੇਗੀ। ਉਹ ਮੈਨੂੰ ਖੁਦ ਪੜ੍ਹਾ ਦੇਵੇਗਾ। ਮੈਂ ਸਾਇੰਸ ਦਾ ਵਿਦਿਆਰਥੀ ਹੋਣ ਕਰਕੇ ਐੱਮ ਐੱਸਸੀ ਬਾਰੇ ਹੀ ਸੋਚਦਾ ਸੀ। ਅਸਲ ਵਿਚ ਉਸ ਦੀ ਸਕੀਮ ਤਨਖਾਹ ਵਿਚੋਂ ਕੁਝ ਪੈਸੇ ਆਪਣੀ ਫੀਸ ਦੇ ਨਾਂ ਉੱਤੇ ਕੱਟਕੇ ਪੈਸੇ ਘੱਟ ਦੇਣ ਦੀ ਸੀ। ਉਸ ਨੇ ਮੈਨੂੰ ਕੀ ਪੜ੍ਹਾਉਣਾ ਸੀ ਪਰ ਮੇਰਾ ਪੜ੍ਹਾਈ ਵਿਚ ਦਿਲ ਲੱਗ ਗਿਆ। ਸੋ ਮੈਂ ਪੜ੍ਹਾਉਣਾ ਛੱਡ, ਮੁੜ ਪੜ੍ਹਨਾ ਸ਼ੁਰੂ ਕਰ ਦਿੱਤਾ। ਮੈਂ ਪ੍ਰਾਈਵੇਟ ਪੇਪਰ ਦਿੱਤੇ ਤਾਂ ਯੂਨੀਵਰਸਿਟੀ ਵਿਚ ਪਹਿਲੀ ਪੋਜ਼ੀਸ਼ਨ ਪੈ ਗਈ। ਇਹ ਸਭ ਬਚਪਨ ਵਿਚ ਸ਼ੌਕੀਆ ਪੜ੍ਹੀਆਂ ਸਾਹਿਤਕ ਪੁਸਤਕਾਂ ਦਾ ਪ੍ਰਤਾਪ ਜਾਪਦਾ ਸੀ। ਇਹ ਸਾਹਿਤ ਨਾਲ ਸ਼ੌਕ ਵੀ ਬਚਪਨ ਵਿਚ ਇਤਫਾਕਨ ਹੋਇਆ। ਇਕ ਵਾਰ ਗਰਮੀਆਂ ਦੀਆਂ ਛੁੱਟੀਆਂ ਵਿਚ ਬਾਪੂ ਜੀ ਦੇ ਸਕੂਲ ਦੀ ਲਾਇਬਰੇਰੀ ਲਈ ਆਈਆਂ ਨਵੀਆਂ ਕਿਤਾਬਾਂ ਸਕੂਲ ਬੰਦ ਹੋਣ ਕਰਕੇ ਮਹਿਕਮੇ ਵਾਲੇ ਸਾਡੇ ਘਰ ਰੱਖ ਗਏ। ਦੋ ਬੋਰੀਆਂ ਕਿਤਾਬਾਂ ਦੀਆਂ ਮੈਂ ਦੋ ਮਹੀਨਿਆਂ ਵਿਚ ਪੜ੍ਹ ਦਿੱਤੀਆਂ ਹੋਣੀਆਂ। ਇਨ੍ਹਾਂ ਵਿਚ ਮਾਚਿਸ ਦੀ ਕਹਾਣੀ ਤੋਂ ਲੈ ਕਿ ਟਾਲਸਟਾਏ ਤਕ ਬਹੁਤ ਕੁਝ ਸੀ। ਇੱਥੋਂ ਹੀ ਸਾਹਿਤ ਦੀ

ਮੁੱਢਲੀ ਚੇਟਕ ਲੱਗੀ। ਵਿਗਿਆਨ ਦਾ ਵਿਦਿਆਰਥੀ ਸੀ ਪਰ ਸਾਹਿਤ ਅਤੇ ਆਮ ਗਿਆਨ ਪੜ੍ਹਨਾ ਹਮੇਸ਼ਾ ਚੰਗਾ ਲੱਗਦਾ ਸੀ। ਸੱਚੀ ਗੱਲ ਤਾਂ ਇਹ ਹੈ ਕਿ ਮੇਰੀ ਕੋਈ ਜੇ ਸਫਲਤਾ ਹੈ ਤਾਂ ਉਸਦਾ ਸਾਰਾ ਸਿਹਰਾ ਪੜ੍ਹਨ ਦੀ ਆਦਤ ਸਿਰ ਹੀ ਹੈ। ਅਗਲੇ ਸਾਲ ਮੈਂ ਬ੍ਰਿਜਿੰਦਰਾ ਕਾਲਿਜ ਫਰੀਦਕੋਟ ਵਿਚ ਐੱਮ.ਏ. ਸੈਕਿੰਡ ਈਅਰ ਰੈਗੂਲਰ ਕਰਨ ਲੱਗਾ। ਇਕ ਦਿਨ ਵੱਡਾ ਵੀਰ ਰਾਜਪਾਲ ਸਿੰਘ ਅਖ਼ਬਾਰ ਫੜਾਉਂਦਿਆਂ ਆਖਣ ਲੱਗਾ ਕਿ ਜਿਨ੍ਹਾਂ ਦੀ ਫਸਟ ਈਅਰ ਵਿਚੋਂ ਫਸਟ ਕਲਾਸ ਹੈ, ਉਹ ਪੀਐੱਚ.ਡੀ ਦੇ ਸਕਾਲਰਸ਼ਿਪ ਲਈ ਕੌਮੀ ਪੱਧਰ ਦਾ ਨਵਾਂ ਸ਼ੁਰੂ ਹੋਇਆ ਜੇ ਆਰ ਐੱਫ ਨੈੱਟ ਦਾ ਇਮਤਿਹਾਨ ਦੇ ਸਕਦੇ ਹਨ। ਤੈਨੂੰ ਇਹ ਫ਼ਾਰਮ ਭਰਨਾ ਚਾਹੀਦਾ ਹੈ। ਮੈਨੂੰ ਕੋਈ ਬਹੁਤੀ ਸਮਝ ਨਹੀਂ ਸੀ, ਆਪ ਹੀ ਉਨ੍ਹਾਂ ਫਾਰਮ ਭਰ ਦਿੱਤਾ। ਚੰਡੀਗੜ੍ਹ ਸੈਂਟਰ ਸੀ, ਮੈਂ ਘੇਸਲ ਮਾਰ ਰਿਹਾ ਸੀ, ਪਰ ਵੱਡੇ ਵੀਰ ਨੇ ਇਹ ਕਹਿ ਕੇ ਭੇਜ ਦਿੱਤਾ 'ਤੂੰ ਕਦੇ ਚੰਡੀਗੜ੍ਹ ਨਹੀਂ ਗਿਆ, ਚੱਲ ਚੰਡੀਗੜ੍ਹ ਹੀ ਵੇਖ ਆ'। ਇਸ ਤਰ੍ਹਾਂ ਮੈਂ ਪੇਪਰ ਦਿੱਤਾ ਅਤੇ ਪਹਿਲੇ ਬੈਚ ਦਾ ਯੂ.ਜੀ.ਸੀ.ਨੈੱਟ ਜੇ ਆਰ ਐੱਫ ਪਾਸ ਬਣ ਗਿਆ।

ਦਾਸ ਕਦੇ ਵੀ ਅਧਿਆਪਕਾਂ ਦੀ ਅੱਖ ਦਾ ਤਾਰਾ ਨਹੀਂ ਰਿਹਾ ਪਰ ਕੋਈ ਵਿਗੜਿਆ ਹੋਇਆ ਵੀ ਨਹੀਂ ਸੀ। ਬੈਕ ਬੈਂਚਰ ਵੀ ਨਹੀਂ ਸੀ ਪਰ ਸਭ ਤੋਂ ਅੱਗੇ ਵੀ ਨਹੀਂ ਬੈਠਦਾ ਸੀ। ਵਿਚ ਵਿਚਾਲੇ ਜਿਹੇ ਬੈਠਦਾ ਜਿੱਥੇ ਅਗਲੇ ਚਮਚੇ ਕਿਸਮ ਦੇ ਹੁਸ਼ਿਆਰਾਂ ਦੀਆਂ ਹੁਸ਼ਿਆਰੀਆਂ ਅਤੇ ਬੈਕ ਬੈਂਚਰਾਂ ਦੀਆਂ ਖਰਮਸਤੀਆਂ ਦੋਹਾਂ ਦਾ ਅਨੰਦ ਲਿਆ ਜਾ ਸਕੇ। ਕਾਲਿਜ ਸਮੇਂ ਤੋਂ ਹੀ ਮੇਰੀ ਕਈ ਕੁੜੀਆਂ ਨਾਲ ਜਾਣਪਛਾਣ ਰਹੀ। ਇਕ ਦੋ ਨਾਲ ਨੇੜਤਾ ਵੀ ਹੋਈ ਪਰ ਜੀਵਨ ਭਰ ਸਾਥ ਨਿਭਾਉਣ ਦੀ ਭਾਵਨਾ ਕੇਵਲ ਯੂਨੀਵਰਸਿਟੀ ਆ ਕੇ ਚਰਨਜੀਤ ਲਈ ਹੀ ਪਨਪੀ। ਤਰਕਸ਼ੀਲ ਲਹਿਰ ਨਾਲ ਸਾਡੀ ਸਾਂਝ, ਆਪਸੀ ਸਾਂਝ ਦਾ ਵੀ ਆਧਾਰ ਬਣੀ। ਇਹ ਵੀ ਬੜੀ ਸਹਿਜ ਹੀ ਸੀ, ਨਾ ਕੋਈ ਰਸਮੀ ਪਰਪੋਜ਼, ਨਾ ਵੱਡੀ ਕੁਮਿੱਟਮੈਂਟ, ਨਾ ਕਸਮਾਂ, ਨਾ ਵਾਅਦੇ, ਨਾ ਦਾਅਵੇ। ਇਹਨੂੰ ਸੱਚੀ ਮੁਹੱਬਤ ਵਰਗਾ ਲਕਬ ਦਿੱਤਾ ਜਾ ਸਕਦਾ ਹੈ। ਬੱਸ ਇਕ ਅਹਿਸਾਸ ਸੀ ਕਿ ਇਹ ਕੁੜੀ ਮੇਰੇ ਲਈ ਯੋਗ ਹੈ। ਖੈਰ ਮੈਂ ਆਪਣੇ ਆਪ ਨੂੰ ਤਾਂ ਯੋਗ ਸਮਝਦਾ ਹੀ ਸੀ, ਕਾਲਰ ਖਿੱਚਕੇ ਤੁਰਦਾ ਸੀ ਪਰ ਮੇਰੀ ਕਲਪਨਾ ਉਡਾਰੀ ਕਦੇ ਫਿਲਮੀ ਐਕਟਰੈੱਸਾਂ ਜਾਂ ਕਾਲਿਜ ਯੂਨੀਵਰਸਿਟੀ ਦੀਆਂ ਕਹਿੰਦੀਆਂ ਕਹਾਉਂਦੀਆਂ ਹੂਰਾਂ ਪਰੀਆਂ ਵੱਲ ਨਹੀਂ ਉੱਡੀ। ਪਤਾ ਨਹੀਂ ਕਿਉਂ ਸ਼ਾਇਦ ਮੇਰਾ ਸੁਭਾਅ ਹੀ ਯਥਾਰਥਵਾਦੀ ਜਿਹਾ ਸੀ। ਵੈਸੇ ਵੀ ਮੈਂ ਜੋ ਕੁਝ ਲੱਭਦਾ ਸੀ, ਉਹ ਉਸ ਸਮੇਂ ਕੇਵਲ ਚਰਨਜੀਤ ਵਿਚੋਂ ਹੀ ਲੱਭਿਆ। ਉਸ ਸਮੇਂ ਤਾਂ ਨਹੀਂ ਪਰ ਬਾਅਦ ਵਿਚ ਪਤਾ ਲੱਗਾ ਕਿ ਜਾਤ, ਪਰਿਵਾਰਕ ਧਰਮ, ਸਿੱਖਿਆ, ਪਰਿਵਾਰਕ ਪਿਛੋਕੜ ਲਗਪਗ ਉੱਨੀ ਇੱਕੀ ਦੇ ਫਰਕ ਨਾਲ ਸਭ ਮਿਲਦਾ ਸੀ। ਦੋਹਾਂ ਪਰਿਵਾਰਾਂ ਨੂੰ ਕੋਈ ਵੱਡਾ ਇਤਰਾਜ਼ ਨਹੀਂ ਸੀ। ਤਰਕਸ਼ੀਲ ਲਹਿਰ ਦੇ ਪ੍ਰਭਾਵ ਅਧੀਨ ਬਿਨਾਂ ਦਾਜ ਦਹੇਜ ਅਤੇ ਧਾਰਮਿਕ ਰਸਮਾਂ ਦੇ ਸਾਧਾਰਨ ਪਲਾਸਟਿਕ ਦੇ ਹਾਰ ਪਾ ਕੇ ਵਿਆਹ ਹੋ ਗਿਆ। ਰਾਜਿੰਦਰ ਭਦੌੜ, ਜਗਤਾਰ ਜੋਗਾ ਅਤੇ ਜੀਵਨ ਲਾਲ ਸ਼ਹਿਣਾ ਵਰਗੇ ਬੁਲਾਰਿਆਂ ਨੇ ਭਾਸ਼ਨ ਦਿੱਤੇ, ਕੋਈ ਹੰਗਾਮਾ ਨਹੀਂ ਹੋਇਆ। ਮੇਰੇ ਬਾਪ ਨੂੰ ਧਾਰਮਿਕ ਰਸਮਾਂ ਤੋਂ ਬਗ਼ੈਰ ਵਿਆਹ ਪਸੰਦ ਨਹੀਂ ਸੀ, ਸੋ ਉਹ ਜੰਨ ਨਹੀਂ ਚੜ੍ਹੇ ਪਰ ਉਹ ਗੁੱਸੇ ਵੀ ਨਹੀਂ ਸੀ, ਘਰ ਪਾਰਟੀ ਦਾ ਪ੍ਰਬੰਧ ਕਰਦੇ ਰਹੇ, ਇਸਦਾ ਥੋੜ੍ਹਾ ਮਲਾਲ ਹੈ ਕਿ ਮੈਨੂੰ ਉਨ੍ਹਾਂ ਨੂੰ ਮਨਾਉਣਾ ਚਾਹੀਦਾ ਸੀ। ਵੱਡੇ ਵੀਰ ਨੇ ਪੂਰਾ ਸਾਥ ਦਿੱਤਾ। ਸਮਕਾਲੀਆਂ ਦੀ ਨਜ਼ਰ ਵਿਚ ਉਦੋਂ ਇਹ ਇਨਕਲਾਬੀ ਕਦਮ ਸੀ ਪਰ ਅਸਲ ਵਿਚ ਸਭ ਕੁਝ ਅਤਿ ਸਾਧਾਰਨ ਔਸਤ ਕਿਸਮ ਦੀ ਗੱਲ ਸੀ। ਯੇ ਤੋ ਹੋਨਾ ਹੀ ਥਾ।

ਕਿੰ ਹੋਰ ਚੀਜ਼ ਹੋਰ ਬੜੀ ਦਿਲਚਸਪ ਦੱਸਾਂ! ਜਿਸਦਾ ਪਤਾ ਬੜੀ ਦੇਰ ਨਾਲ ਲੱਗਿਆ। ਉਹ ਇਹ ਸੀ ਕਿ ਜਨਮੋਂ ਹੀ ਹਰ ਪੱਖੋਂ ਲਾਹੇਵੰਦੀ ਸਥਿਤੀ ਵਿਚ ਹੋਣਾ। ਕਦੇ ਅਹਿਸਾਸ ਨਹੀਂ ਹੋਇਆ ਕਿ ਅਸੀਂ ਹਰ ਪੱਖੋਂ ਵਿਸ਼ੇਸ਼ ਅਧਿਕਾਰ ਸੰਪੰਨ ਤਥਾਕਥਿਤ ਸਾਧਨਵੰਤ ਜਮਾਤ ਵਿਚ ਆਉਂਦੇ ਹਾਂ। ਇਹ ਤਾਂ ਬਹੁਤ ਪੜ੍ਹਲਿਖਕੇ, ਘੱਟਗਿਣਤੀਆਂ ਅਤੇ ਦਲਿਤਾਂ ਬਾਰੇ ਸਾਹਿਤ ਤੇ ਸਿਧਾਂਤ ਪੜ੍ਹ

ਕੇ ਮਹਿਸੂਸ ਹੋਇਆ ਕਿ ਪੰਜਾਬ ਵਿਚ ਰਹਿੰਦੇ ਬਹੁਗਿਣਤੀ ਵਾਲੇ ਸਿੱਖ ਭਾਈਚਾਰੇ ਦੇ ਸਿੱਖਾਂ ਵਿਚੋਂ, ਸਭ ਤੋਂ ਵੱਧ ਗ਼ਾਲਿਬ ਜਾਤ ਜੱਟਾਂ ਵਿਚੋਂ, ਜ਼ਮੀਨ ਵਾਲੇ ਸਿੱਧੂ ਬਰਾੜਾਂ ਦੇ ਪੜ੍ਹੇਲਿਖੇ ਨੌਕਰੀਪੇਸ਼ਾ ਪਰਿਵਾਰ ਵਿਚ ਪੈਦਾ ਹੋਣਾ ਵੱਡੀ ਗੱਲ ਸੀ। ਯਾਨੀ ਅਸੀ ਆਪਣੇ ਆਪ ਨੂੰ ਪ੍ਰੋਲੇਤਾਰੀ ਸਮਝਦੇ ਸੀ ਪਰ ਅਸਲ ਵਿਚ ਬੁਰਜੂਆ, ਨਹੀਂ ਤਾਂ ਪੈਟੀ ਬੁਰਜੂਆ ਪੱਕੇ ਸੀ। ਇਸ ਸਮਝ ਦਾ ਕਾਰਨ ਇਹ ਸੀ ਕਿ ਉਸ ਸਮੇਂ ਪੇਂਡੂ ਘਰਾਂ ਵਿਚ ਸਾਰੇ ਅਮੀਰ ਗ਼ਰੀਬ ਕੰਮ ਕਰਦੇ ਸੀ। ਸੱਚੀ ਗੱਲ ਤਾਂ ਇਹ ਹੈ ਕਿ ਮੈਨੂੰ ਇਸਦਾ ਕਦੇ ਨਾ ਤਾਂ ਗ਼ਰੂਰ ਹੋਇਆ ਤੇ ਨਾ ਹੀ ਕਦੇ ਅਹਿਸਾਸੇ ਕਮਤਰੀ ਦਾ ਅਨੁਭਵ ਹੋਇਆ।

ਮੈਂ ਪ੍ਰਾਇਮਰੀ ਤਕ ਉਨ੍ਹਾਂ ਸਰਕਾਰੀ ਸਕੂਲਾਂ ਵਿਚ ਪੜ੍ਹਿਆ ਜਿੱਥੇ ਮੇਰੇ ਬਾਪੂ ਜੀ ਪੜ੍ਹਾਉਂਦੇ ਸਨ। ਪਹਿਲਾਂ ਵੜਿੰਗਾਂ ਦੇ ਅਗਲੇ ਕੋਠੇ, ਫਿਰ ਜਦੋਂ ਅਕਾਲੀ ਸਰਕਾਰ ਨੇ ਮਾਸਟਰਾਂ ਦੀ ਬਦਲੀ 20 ਕਿਲੋਮੀਟਰ ਦੂਰ ਕਰ ਦਿੱਤੀ ਤਾਂ ਨੇੜੇ ਵਾਲੇ ਵੜਿੰਗਾਂ ਦੇ ਕੋਠੇ। ਜਦੋਂ ਬਦਲੀ ਰੱਦ ਹੋ ਗਈ ਤਾਂ ਚੌਥੀ ਪੰਜਵੀਂ, ਕੋਟਕਪੂਰਾ ਸ਼ਹਿਰ ਦੇ ਉਸ ਸਮੇਂ ਦੇ ਵਾਰਡ ਨੰਬਰ 9 ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਚੋਂ ਕੀਤੀ ਜਿੱਥੇ ਮੇਰੇ ਬਾਪੂ ਜੀ ਹੈੱਡ ਟੀਚਰ ਸਨ, ਇੱਥੇ ਇੰਦਰ ਭੈਣ ਜੀ ਸਾਨੂੰ ਪੜ੍ਹਾਉਂਦੇ ਸਨ। ਬਹੁਤ ਮਿਹਨਤ ਨਾਲ ਪੜ੍ਹਾਉਂਦੇ, ਬੱਚਿਆਂ ਨਾਲ ਬੱਚੇ ਹੋ ਕੇ ਖੇਡਦੇ। ਮੈਨੂੰ ਹਮੇਸ਼ਾ ਮੇਰੇ ਨਿੱਕੇ ਨਾਂ ਰਾਣੇ ਨਾਲ ਮਧਾਣੇ ਜੋੜ ਕੇ ਬੁਲਾਉਂਦੀ। ਸਵੇਰੇ ਪ੍ਰਾਰਥਨਾ ਸਮੇਂ ਰਾਸ਼ਟਰੀ ਗਾਣ ਤੋਂ ਇਲਾਵਾ ਧਾਰਮਿਕ ਗੀਤ "ਝਮਕਾਰੇ ਪੈਂਦੇ ਚੱਕਰਾਂ ਦੇ ਗੁਰੂ ਗੋਬਿੰਦ ਸਿੰਘ ਆਏ" ਵਰਗੇ ਧਾਰਮਿਕ ਗੀਤ ਗਾਉਂਦੀ ਅਤੇ ਗਵਾਉਂਦੀ। ਪਤਾ ਨਹੀਂ ਉਹ ਵਿਧਵਾ ਸੀ ਜਾਂ ਪਤੀ ਦੁਆਰਾ ਛੱਡੀ ਹੋਈ ਸੀ ਪਰ ਸਾਰੇ ਉਸ ਨਾਲ ਹਮਦਰਦੀ ਕਰਦੇ ਸਨ। ਬਾਅਦ ਵਿਚ ਸੱਤਵੀਂ ਅੱਠਵੀਂ ਵਿਚ ਪਤਾ ਲੱਗਾ ਕਿ ਉਸ ਨੇ ਪਿੱਛੋਂ ਪ੍ਰੇਮ ਵਿਆਹ ਕਰਵਾ ਲਿਆ ਸੀ। ਹਮਦਰਦੀ ਵਾਲੇ ਬੋਲ ਥੂ ਥੂ ਵਿਚ ਬਦਲ ਗਏ ਸਨ, ਮੈਨੂੰ ਇਸਦਾ ਦੁੱਖ ਹੋਇਆ, ਐਨੀ ਚੰਗੀ ਭੈਣਜੀ ਨਾਲ ਇਹ ਸਲੂਕ। ਇਕ ਹੋਰ ਰਹੱਸ ਅੱਜ ਤਕ ਸਮਝ ਨਹੀਂ ਆਇਆ ਕਿ ਮੇਰੇ ਬਾਪੂ ਜੀ ਨੇ ਮੇਰਾ ਦਾਖਲਾ ਪ੍ਰਾਈਵੇਟ ਕਿਉਂ ਭੇਜਿਆ ਸੀ। ਸ਼ਾਇਦ ਉਨ੍ਹਾਂ ਨੂੰ ਸ਼ੱਕ ਸੀ ਕਿ ਮੈਂ ਫੇਲ੍ਹ ਹੋ ਕੇ ਉਨ੍ਹਾਂ ਦੇ ਸਕੂਲ ਦੇ ਰੀਜ਼ਲਟ ਦਾ ਰਿਕਾਰਡ ਖਰਾਬ ਨਾ ਕਰ ਦਿਆਂ। ਇਸ ਗੱਲ ਦਾ ਪਤਾ ਤਾਂ ਬਾਪੂ ਜੀ ਦੀ ਮੌਤ ਬਾਅਦ ਉਨ੍ਹਾਂ ਦੇ ਕਾਗ਼ਜ਼ ਫਰੋਲਦਿਆਂ ਲੱਗਿਆ ਜਿੱਥੇ ਪ੍ਰਾਈਵੇਟ ਵਿਦਿਆਰਥੀ ਵਜੋਂ ਪੇਪਰ ਦਿਵਾਉਣ ਲਈ ਪਿਤਾ ਵੱਲੋਂ ਦਿੱਤੇ ਗਏ ਜ਼ਰੂਰੀ ਹਲਫੀਆ ਬਿਆਨ ਦੀ ਨਕਲ ਪਈ ਸੀ। ਖ਼ੈਰ ਉਸ ਸਮੇਂ ਪੰਜਵੀਂ ਦੇ ਪੇਪਰ ਵੱਡੇ ਹਾਇਰ ਸੈਕੰਡਰੀ ਸਕੂਲ ਵਿਚ ਹੁੰਦੇ ਸੀ। ਅਸੀਂ ਪਹਿਲਾਂ ਮੰਦਰ ਮੱਥਾ ਟੇਕਿਆ, ਫੇਰ ਵੱਡੇ ਗੁਰਦਆਰੇ ਗਏ, ਫੇਰ ਵੱਡੇ ਸਕੂਲ ਵਿਚ ਪੇਪਰ ਦਿੱਤੇ। ਪਾਸ ਹੋ ਗਿਆ ਤਾਂ ਵੱਡੇ ਸਰਕਾਰੀ ਹਾਇਰ ਸੈਕੰਡਰੀ ਸਕੂਲ (ਲੜਕਿਆਂ) ਵਿਚ ਪੜ੍ਹਨ ਲੱਗਿਆ। ਇਹ ਬਾਪ ਦਾ ਸਕੂਲ ਨਹੀਂ ਸੀ। ਇਕੱਲੇ ਮੁੰਡਿਆਂ ਦਾ ਸਕੂਲ ਸੀ। ਹਰ ਵਿਸ਼ੇ ਲਈ ਵੱਖਰਾ ਅਧਿਆਪਕ ਕਲਾਸ ਲੈਂਦਾ। ਮਾਸਟਰ ਟਿਊਸ਼ਨਾਂ ਅਤੇ ਗਾਈਡਾਂ ਲਗਾਉਣ ਖਾਤਰ ਮਾਰਦੇ। ਮੈਂ ਪਹਿਲੇ ਸਾਲ ਪੈਦਲ ਤੇ ਫੇਰ ਸਾਈਕਲ ‘ਤੇ ਸਕੂਲ ਜਾਂਦਾ ਰਿਹਾ। ਥੋੜ੍ਹਾ ਡਰਿਆ ਜਿਹਾ ਰਹਿੰਦਾ। ਕੁੱਟ ਤੋਂ ਡਰਦਾ ਘਰਦਾ ਕੰਮ ਕਰ ਲੈਂਦਾ। ਘਰਦਿਆਂ ਨੂੰ ਮੇਰੀ ਪੜ੍ਹਨ ਯੋਗਤਾ ‘ਤੇ ਭਰੋਸਾ ਨਹੀਂ ਸੀ। ਲਿਖਾਈ ਮਾੜੀ, ਡਰਾਇੰਗ ਮਾੜੀ, ਅੰਗਰੇਜ਼ੀ ਤੋਂ ਤਾਂ ਨਫਰਤ ਸੀ ਕਿਉਂਕਿ ਅੰਗਰੇਜ਼ੀ ਵਾਲਾ ਯਸ਼ਰਾਜ ਮਾਸਟਰ ਟਿਊਸ਼ਨ ਨਾ ਰੱਖਣ ਵਾਲੇ ਵਿਦਿਆਰਥੀਆਂ ਨੂੰ ਕੁੱਟਦਾ ਰਹਿੰਦਾ ਸੀ। ਸਾਇੰਸ, ਹਿਸਾਬ, ਪੰਜਾਬੀ, ਹਿੰਦੀ ਅਤੇ ਸਮਾਜਕ ਵਿਗਿਆਨ ਚੰਗੇ ਲਗਦੇ। ਇਕ ਵਾਰ ਘਰੇ ਸਲਾਹ ਬਣੀ ਜੋ ਮੈਨੂੰ ਸਾਜ਼ਿਸ਼ ਲੱਗੀ ਕਿ ਇਸ ਦੇ ਦਸਵੀਂ ਦੇ ਪੇਪਰ ਡਰਾਪ ਕਰਵਾ ਦੇਈਏ। ਅਗਲੇ ਸਾਲ ਚੰਗੇ ਨੰਬਰ ਆ ਜਾਣਗੇ। ਵੈਸੇ ਵੀ ਕੱਦ ਕਰ ਜਾਵਾਂਗਾ। ਮੈਨੂੰ ਇਹ ਗੱਲ ਬਿਲਕੁਲ ਚੰਗੀ ਨਹੀਂ ਲਗਦੀ ਸੀ। ਉਲਟਾ ਮੇਰਾ ਇਕ ਹੁਸ਼ਿਆਰ ਕਲਾਸਫੈਲੋ ਤਾਂ ਨੌਵੀਂ ਵਿਚੇ ਛੱਡਕੇ ਸਿੱਧੇ ਹੀ ਦਸਵੀਂ ਦੇ ਪੇਪਰ ਦੇ ਕੇ ਅੱਗੇ ਲੰਘ ਗਿਆ ਸੀ। ਹੁਣ ਉਹ ਸਾਡੇ ਸਕੂਲ ਵਿਚ ਹੀ ਗਿਆਰਵੀਂ ਕਲਾਸ ਵਿਚ ਪੜ੍ਹਦਾ ਜਦੋਂ ਕਿ ਅਸੀਂ ਦਸਵੀਂ ਵਿਚ ਬੈਠੇ ਸੀ। ਖੈਰ ਮੈਂ ਪੇਪਰ ਦਿੱਤੇ ਤੇ ਫਸਟ ਡਿਵੀਜ਼ਨ ਵਿਚ ਪਾਸ ਹੋ ਗਿਆ। ਮਾਂ ਨੇ ਪਤਾਸੇ ਵੰਡੇ। ਅੱਗੋਂ

ਘਰਦਿਆਂ ਮੈਨੂੰ ਬ੍ਰਿਜਿੰਦਰਾ ਕਾਲਿਜ ਪ੍ਰੈੱਪ ਐਗਰੀਕਲਚਰ ਵਿਚ ਦਾਖਲ ਕਰਵਾ ਦਿੱਤਾ। ਸ਼ਾਇਦ ਘਰਦਿਆਂ ਦੀ ਮੈਨੂੰ ਬਹੁਤਾ ਪੜ੍ਹਾਉਣ ਵਿਚ ਦਿਲਚਸਪੀ ਨਹੀਂ ਸੀ, ਵੱਡਾ ਪੜ੍ਹ ਗਿਆ ਸੀ, ਸਭ ਨੂੰ ਪੜ੍ਹਾਉਣ ਦਾ ਬਹੁਤਾ ਰਿਵਾਜ ਵੀ ਨਹੀਂ ਸੀ। ਉਹ ਮੇਰੇ ਤੋਂ ਖੇਤੀ ਕਰਾਉਣਾ ਚਾਹੁੰਦੇ ਸੀ, ਖਾਸ ਕਰਕੇ ਮੇਰੀ ਬੀਬੀ, ਜਿਸ ਵਿਚ ਬਾਪੂ ਦੀ ਮੂਕ ਸਹਿਮਤੀ ਸੀ।

ਕਾਲਿਜ ਜਾ ਕੇ ਮੈਨੂੰ ਨਵੀਂ ਕਿਸਮ ਦਾ ਅਹਿਸਾਸ ਹੋਇਆ-- ਖੁੱਲ੍ਹਾ ਮਾਹੌਲ, ਮਾਸਟਰ ਦੀ ਕੁੱਟ ਦਾ ਨਾ ਡਰ ਨਾ ਭਉ, ਪੰਜਾਬ ਸਟੂਡੈਂਟ ਯੂਨੀਅਨ ਦਾ ਬੋਲਬਾਲਾ, ਬੱਸਾਂ ਦਾ ਸਫਰ, ਵੱਡੀਆਂ ਸਰਗਰਮੀਆਂ ਕਦੇ ਯੂਥਫੈਸਟੀਵਲ, ਕਦੇ ਮੈਚ, ਕਦੇ ਵਿਦਿਆਰਥੀ ਚੋਣਾਂ, ਕਦੇ ਕੋਈ ਰੈਲੀ, ਕਦੇ ਕੋਈ ਫੰਕਸ਼ਨ, ਦੋਸਤਾਂ ਦਾ ਵੱਡਾ ਘੇਰਾ, ਮੁੰਡੇਕੁੜੀਆਂ ਦਾ ਇਕੱਠੇ ਪੜ੍ਹਨਾ, ਇਕ ਦਮ ਦਿਸਹੱਦੇ ਹੀ ਖੁੱਲ੍ਹ ਗਏ। ਮੈਂ ਉੱਡਣ ਲੱਗਾ। ਪਿਛਲੇ ਜੱਦੀ ਪਿੰਡ ਸਾਧਾਂ ਵਾਲੇ ਦੇ ਨੇੜਲੇ ਪਿੰਡਾਂ ਗੋਲੇਵਾਲੇ, ਸਾਈਆਂ ਵਾਲੇ ਪਾਸੇ ਦੇ ਮੁੰਡੇ 'ਆ ਬਰਾੜਾ', 'ਬਹਿ ਬਰਾੜਾ' ਕਹਿੰਦੇ ਆਪਣੇ ਵੱਲ ਖਿੱਚਦੇ, ਮੇਰ ਜਤਾਉਂਦੇ। ਕੋਟਕਪੂਰੇ, ਅਜਿਤਗਿਲ, ਜੈਤੋ ਸਾਈਡ ਦੇ ਉਮਰ, ਕੱਦ ਅਤੇ ਰਾਜਪਾਲ ਦਾ ਛੋਟਾ ਭਾਈ ਹੋਣ ਕਰਕੇ ਛੋਟਾ ਵੀਰ, ਛੋਟਾ ਵੀਰ ਕਹਿੰਦੇ, ਆਪਣੇ ਨਾਲ ਰੱਖਦੇ, ਥੋੜ੍ਹਾ ਝਮਲ੍ਹਾ ਕੇ ਰੱਖਦੇ। ਨਤੀਜੇ ਸਮੇਂ ਹੈਰਾਨੀ ਹੋਈ, ਸਾਰੀ ਕਲਾਸ ਵਿਚੋਂ ਮੈਂ ਇਕੱਲਾ ਹੀ ਪਾਸ ਹੋਇਆ। ਉਸ ਸਮੇਂ ਫਰੀਦਕੋਟ ਬੀ.ਐੱਸਸੀ (ਐਗਰੀਕਲਚਰ) ਨਹੀਂ ਸੀ, ਸਗੋਂ ਪ੍ਰੈੱਪ ਬਾਅਦ ਅਗਲਾ ਦਾਖਲਾ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਵਿਚ ਲੇਟਰਲ ਐਂਟਰੀ ਰਾਹੀਂ ਦੂਜੇ ਸਾਲ ਵਿਚ ਹੁੰਦਾ ਸੀ। ਪਰ ਮੇਰਾ ਉੱਥੇ ਪਹਿਲਾਂ ਤਾਂ ਫਾਰਮ ਹੀ ਨਾ ਪਹੁੰਚਿਆ। ਹੁਣ ਅੱਗੇ ਕੀ ਕੀਤਾ ਜਾਵੇ। ਬ੍ਰਿਜਿੰਦਰਾ ਕਾਲਿਜ ਮੈਨੂੰ ਬੀ.ਐੱਸਸੀ.(ਮੈਡੀਕਲ) ਵਿਚ ਦਾਖਲਾ ਨਾ ਦੇਵੇ ਕਿਉਂਕਿ ਮੈਂ ਤਾਂ ਬਾਇਉਲੋਜੀ ਪੜ੍ਹੀ ਨਹੀਂ ਸੀ। ਆਰਟਸ ਮੈਂ ਕਰਨਾ ਨਹੀਂ ਚਾਹੁੰਦਾ ਸੀ। ਸਿੱਟੇ ਵਜੋਂ ਮੈਂ ਡੀ.ਏ.ਵੀ. ਕਾਲਿਜ ਬਠਿੰਡੇ ਆ ਗਿਆ। ਪ੍ਰਾਈਵੇਟ ਕਾਲਿਜ ਸੀ, ਉਨ੍ਹਾਂ ਹੱਸ ਕੇ ਮੈਡੀਕਲ ਵਿਚ ਦਾਖਲਾ ਦੇ ਦਿੱਤਾ। ਉਥੇ ਤਿੰਨ ਸਾਲ ਭੈਣ ਘਰ ਰਹਿਕੇ ਬੀ.ਐੱਸਸੀ. (ਮੈਡੀਕਲ) ਕੀਤੀ। ਬੀ.ਐੱਸਸੀ. ਤੋਂ ਬਾਅਦ ਗੌਰਮਿੰਟ ਐਜੂਕੇਸ਼ਨ ਕਾਲਿਜ, ਫ਼ਰੀਦਕੋਟ ਤੋਂ ਬੀ.ਐੱਡ.ਕੀਤੀ। ਅਗਲੇ ਸਾਲ ਪ੍ਰਾਈਵੇਟ ਐੱਮ.ਏ.ਪੰਜਾਬੀ ਦੇ ਪੇਪਰ ਦਿੱਤੇ ਤਾਂ ਯੂਨੀਵਰਸਿਟੀ ਵਿਚ ਪੋਜ਼ੀਸ਼ਨ ਪੈ ਗਈ। ਐੱਮ.ਏ.ਪੰਜਾਬੀ ਦੇ ਦੂਜੇ ਸਾਲ ਉਸੇ ਬ੍ਰਿਜਿੰਦਰਾ ਕਾਲਿਜ, ਫਰੀਦਕੋਟ ਦਾਖਲਾ ਲੈ ਲਿਆ ਜਿਸਨੇ ਕਦੇ ਮੈਡੀਕਲ ਦੇਣ ਤੋਂ ਇਨਕਾਰ ਕੀਤਾ ਸੀ। ਅਗਲੇ ਸਾਲ ਐੱਮ.ਫਿਲ.ਪੰਜਾਬੀ ਯੂਨੀਵਰਸਿਟੀ ਵਿਚ ਦਾਖਲਾ ਲਿਆ। ਇੱਥੇ ਹੀ ਪੀਐੱਚ. ਡੀ. ਹੋਈ।

ਜ਼ਮੀਨ ਹਿੱਸੇ ਠੇਕੇ 'ਤੇ ਦਿੰਦੇ ਰਹੇ ਹਾਂ। ਹੁਣ ਤਕ ਵੀ ਇਉਂ ਹੀ ਚੱਲ ਰਿਹਾ ਹੈ ਪਰ ਕੁਝ ਸਾਲ ਨਵਾਂ ਟਰੈਕਟਰ ਲੈ ਕੇ ਆਪ ਖੇਤੀ ਕੀਤੀ ਤਾਂ ਅਨੁਭਵ ਰਲਿਆ ਮਿਲਿਆ ਸੀ। ਨਵੇਂ ਟਰੈਕਟਰ ਦਾ ਚਾਅ, ਆਪ ਕੁਝ ਕਰ ਵਿਖਾਉਣ ਦੀ ਚਾਹਨਾ, ਨਿਸਚੇ ਹੀ ਹਿੱਸੇ ਠੇਕੇ ਨਾਲੋਂ ਵੱਧ ਆਮਦਨ ਆਉਂਦੀ ਸੀ ਪਰ ਨਾਲ ਹੀ ਗਿਆਨ ਹੋ ਗਿਆ ਜਦੋਂ ਵੱਤ ਜਾਂਦੀ ਵੇਖ ਦਿਵਾਲੀ ਵਾਲੇ ਦਿਨ ਵੀ ਕਣਕ ਬੀਜਣੀ ਪਈ ਤਾਂ ਪਤਾ ਲੱਗਾ ਕਿ ਕਿਸਾਨ ਲਈ ਕੋਈ ਤਿੱਥ ਤਿਉਹਾਰ ਨੂੰ ਛੁੱਟੀ ਨਹੀਂ ਹੈ। ਭਾਦੋਂ ਵਿਚ ਕਪਾਹ ਦੀ ਗੁਡਾਈ ਅਤੇ ਝੋਨੇ ਵਿਚੋਂ ਡੀਲੇ ਕੱਖਾਂ ਦੀ ਸਫਾਈ ਸਾਧ ਬਣਾ ਦੇਣ ਦੀ ਸਮਰੱਥਾ ਰੱਖਦੀ ਹੈ। ਆਪਣੀ ਖੇਤੀ ਦੇ ਨਾਲ ਪੜ੍ਹਾਈ ਵੀ ਚਲਦੀ ਸੀ। ਸੋ ਮੇਰੇ ਕੋਲ਼ ਸਾਧ ਬਣਨ ਦਾ ਵਿਕਲਪ ਮੌਜੂਦ ਸੀ। ਸੋ ਯੂਨੀਵਰਸਿਟੀ ਦੇ ਡੇਰੇ ਆ ਵੜੇ। ਭਾਵੇਂ ਖੇਤੀ ਵਾਲਾ ਮੁੱਢਲਾ ਚਾਅ ਛੇਤੀ ਹੀ ਮਰ ਗਿਆ ਸੀ ਤੇ ਮੈਨੂੰ ਪਤਾ ਲੱਗ ਗਿਆ ਸੀ ਕਿ ਇਹ ਬਹੁਤ ਮੁਸ਼ਕਲ ਕੰਮ ਹੈ ਪਰ ਜਿੰਨੀ ਦੇਰ ਕੀਤਾ ਪੂਰੇ ਮਨ ਨਾਲ ਕੀਤਾ ਕਿਉਂਕਿ ਮੈਨੂੰ ਲੱਗਦਾ ਸੀ ਕਿ ਇਹ ਕੰਮ ਛੇਤੀ ਹੀ ਛੱਡ ਦੇਣਾ ਹੈ। ਹਰ ਕੰਮ ਨੂੰ ਆਖਰੀ ਵਾਰ ਸਮਝ ਕੇ ਹੀ ਕਰਦਾ ਸੀ। ਇਸ ਕਰਕੇ ਫਾਹਾ ਵੱਢਣ ਦੀ ਥਾਂ ਸਿੱਖੀ ਹੋਈ ਮੁਹਾਰਤ ਦਾ ਸਿਖਰ ਦਿਖਾਉਣ ਦਾ ਝੱਲ ਚੜ੍ਹਿਆ ਰਹਿੰਦਾ ਸੀ। ਸੱਚੀ ਗੱਲ ਤਾਂ ਇਹ ਹੈ ਕਿ ਇਉਂ ਕਰਨ ਨਾਲ ਬੀਬੀ ਖੁਸ਼ ਰਹਿੰਦੀ ਸੀ। ਸਰੀਰਕ ਮਿਹਨਤ ਦੀ ਆਦਤ ਬੀਬੀ ਨੇ ਪਾਈ ਸੀ। ਸਾਡੇ ਘਰ ਪਿਤਾ ਦੀ ਨਹੀਂ ਸਗੋਂ ਬੀਬੀ ਦੀ ਸੱਤਾ ਸੀ, ਬੀਬੀ ਖੁਸ਼ ਸਭ ਖੁਸ਼, ਬੀਬੀ

ਦਾ ਮੂਡ ਖਰਾਬ, ਸਭ ਗੁੜ ਗੋਬਰ ਸੀ ।

ਪੱਗ ਨਾਲ ਮੇਰਾ ਸੌਖ ਦਾ ਰਿਸ਼ਤਾ ਰਿਹਾ ਹੈ। ਬਚਪਨ ਵਿਚ ਵਾਲ਼ ਕੱਟੇ ਹੋਏ ਸਨ। ਨੌਵੀਂ ਦਸਵੀਂ ਵਿਚ ਆਪੇ ਹੀ ਰੱਖ ਲਏ। ਬੀ.ਐੱਸਸੀ. ਕਰਦਿਆਂ ਆਪੇ ਹੀ ਕਟਾ ਲਏ। ਪੰਜਾਬ ਸੰਕਟ ਸਮੇਂ ਕੁਝ ਦੇਰ ਪੱਗ ਬੰਨ੍ਹੀਂ, ਫੇਰ ਛੱਡ ਦਿੱਤੀ। ਅੱਜਕਲ੍ਹ ਵਾਲ਼ ਕੱਟੇ ਹਨ ਪਰ ਪੱਗ ਬੰਨ੍ਹਦਾ ਹਾਂ। ਵਿਚ ਵਿਚਾਲੇ ਕਾਫੀ ਸਮਾਂ ਸਿਆਲੂ ਸਿੰਘ ਵੀ ਰਿਹਾ ਹਾਂ ਭਾਵ ਸਿਆਲ ਵਿਚ ਬੰਨ੍ਹ ਲੈਂਦਾ ਸੀ, ਗਰਮੀਆਂ ਵਿਚ ਛੱਡ ਦਿੰਦਾ ਸੀ। ਵੈਸੇ ਇਕ ਵਾਰ ਸ਼ਿਮਲੇ ਜਾ ਕੇ ਸ਼ੇਵ ਵੀ ਕਰਾਈ ਸੀ, ਮੇਰੀ ਨਿੱਕੀ ਬੇਟੀ ਹੀ ਮੇਰੀ ਗੋਦੀ ਚੜ੍ਹਨੋਂ ਇਨਕਾਰੀ ਹੋ ਗਈ ਤਾਂ ਮੁੜ ਟਰਿੰਮ ਰੱਖ ਲਈ। ਮੈਨੂੰ ਪੱਗ ਬੰਨ੍ਹਣੀ ਬੁਰੀ ਨਹੀਂ ਲੱਗਦੀ, ਇਹ ਸਾਡੇ ਵੱਡੇ ਵਡੇਰਿਆਂ ਪੁਰਖਿਆਂ ਦੀ ਸਭਿਆਚਾਰਕ ਨਿਸ਼ਾਨੀ ਹੈ। ਹਾਲਾਂਕਿ ਸਮਾਂ ਬਚਾਉਣ ਪੱਖੋਂ ਅਤੇ ਛੇਤੀ ਤਿਆਰ ਹੋਣ ਪੱਖੋਂ ਵਾਲ਼ ਕੱਟੇ ਅਤੇ ਦਾਹੜੀ ਟਰਿੰਮ ਸਭ ਤੋਂ ਸੌਖਾ ਮਾਡਲ ਹੈ। ਨਾਈ ਦੇ ਗੇੜਾ ਮਾਰਿਆਂ ਤਿੰਨ ਹਫਤੇ ਲੰਘ ਜਾਂਦੇ ਹਨ। ਜੇ ਇਕ ਵਾਰ ਘਰੇ ਟਰਿੰਮਰ ਮਾਰ ਲਵੋ ਤਾਂ ਮਹੀਨਾ ਕਾਸੇ ਦੀ ਲੋੜ ਨਹੀਂ। ਵਾਲ਼ ਰੰਗਣਾ ਇਕ ਝੰਜਟ ਹੈ। ਕੁਝ ਸਾਲ ਕੀਤਾ ਪਰ ਜਦੋਂ ਹਫ਼ਤੇ ਦੀ ਥਾਂ ਤੀਜੇ ਦਿਨ ਹੀ ਦੋਖੀ ਦਿਖਾਈ ਦੇਣ ਲੱਗੇ ਤਾਂ ਖਹਿੜਾ ਛੱਡ ਦਿੱਤਾ। ਜਦੋਂ ਸਿਰ ਦੇ ਖਿਚੜੀ ਵਾਲ਼ ਅੱਖਾਂ ਨੂੰ ਚੁਭਣ ਲੱਗੇ ਤਾਂ ਮੁੜ ਪੱਗ ਬੰਨ੍ਹ ਲਈ। ਪੱਗ ਦੇ ਆਪਣੇ ਝੰਜਟ ਵੀ ਹਨ। ਲੰਮੇ ਸਫਰ ਅਤੇ ਗਰਮੀ ਵਿਚ ਅਕਲਕਾਨ ਕਰਦੀ ਹੈ। ਕਦੇ ਕਮੀਜ਼, ਕਦੇ ਟਾਈ ਪੱਗ ਨਾਲ ਮੈਚ ਨਹੀਂ ਕਰਦੀ। ਕਦੇ ਲੜ ਵਧ, ਕਦੇ ਘਟ ਜਾਂਦਾ ਹੈ। ਪਰ ਮੈਂ ਕਦੇ ਦੂਜੀ ਵਾਰ ਪੱਗ ਨਹੀਂ ਬੰਨ੍ਹੀਂ। ਤਿੰਨ ਕੁ ਮਿੰਟ ਵਿਚ ਜਿਹੋ ਜਿਹੀ ਬੱਝ ਗਈ ਸੋ ਬੱਝ ਗਈ। ਬੱਧੀ ਪੱਗ ਉਤਾਰ ਕੇ ਦੁਬਾਰਾ ਰੱਖਣ ਦਾ ਮੈਨੂੰ ਵੱਲ ਹੀ ਨਹੀਂ, ਲੋਕ ਤਾਂ ਟੋਪੀ ਵਾਂਗ ਧਰ ਲੈਂਦੇ ਹਨ, ਮੇਰੀ ਢਹਿ ਜਾਂਦੀ ਹੈ, ਢਿੱਲੀ ਹੋ ਜਾਂਦੀ ਹੈ। ਹਰ ਵਾਰ ਨਵੇਂ ਸਿਰਿਉਂ ਬੰਨ੍ਹਦਾ ਹਾਂ। ਮੇਰੇ ਲਈ ਪੱਗ ਸਭਿਆਚਾਰ ਦਾ ਹਿੱਸਾ ਹੈ। ਪਰ ਮੈਂ ਅਨੁਭਵ ਤੋਂ ਜਾਣਿਆ ਹੈ ਕਿ ਧਰਮ ਦਾ ਇਸ ਨਾਲ ਕੁਝ ਜ਼ਿਆਦਾ ਹੀ ਜੋੜ ਜੁੜਿਆ ਹੋਇਆ ਹੈ। ਜਦੋਂ ਮੈਂ ਪੱਗ ਬੰਨ੍ਹਦਾ ਹਾਂ ਤਾਂ ਸਾਰੇ ਪੱਗਾਂ ਵਾਲੇ ਸਿੱਖ ਦੋਸਤ ਆਖਦੇ ਨੇ, ਹੁਣ ਸੋਹਣਾ ਲੱਗਦਾ ਹੈਂ, ਪੱਗ ਬੰਨ੍ਹਿਆ ਕਰ। ਜਦੋਂ ਪੱਗ ਨਹੀਂ ਬੰਨ੍ਹਦਾ ਤਾਂ ਹਿੰਦੂ ਦੋਸਤ ਆਖਦੇ ਨੇ ਕਿ ਹੁਣ ਵਧੀਆ ਲੱਗਦਾ ਹਾਂ। ਕੋਈ ਨਿਰਪੱਖ ਰਾਇ ਨਹੀਂ ਦਿੰਦਾ। ਮੇਰੀ ਮਾਂ ਨੂੰ ਮੈਂ ਪੱਗ ਨਾਲ ਵਧੇਰੇ ਸੋਹਣਾ ਲੱਗਦਾ ਸੀ। ਮੇਰਾ ਬਾਪੂ ਵੱਡੇ ਭਰਾ ਦੇ ਵਾਲ਼ ਕਟਾਉਣ ‘ਤੇ ਤਾਂ ਦੁਖੀ ਹੋਇਆ ਪਰ ਮੈਨੂੰ ਕਦੇ ਕੁਝ ਨਹੀਂ ਆਖਿਆ ਸਗੋਂ ਬਚਪਨ ਵਿਚ ਤਾਂ ਸ਼ਹਿਰ ਸਾਈਕਲ ‘ਤੇ ਆਪ ਮੇਰੇ ਵਾਲ਼ ਕਟਵਾਉਣ ਲੈ ਕੇ ਜਾਂਦੇ ਅਤੇ ਨਾਈ ਦੇ ਵਾਲ਼ ਕਟਾਉਣ ਸਮੇਂ ਟਿਕ ਕੇ ਬੈਠਣ ਦੇ ਇਵਜ਼ਾਨੇ ਵਜੋਂ ਦਾਣਾ ਮੰਡੀ ਵਿਚਲੀ ਰੇੜ੍ਹੀ ਤੋਂ ਆਈਸਕ੍ਰੀਮ ਵੀ ਖਵਾਉਣੀ, ਅੱਜ ਤਕ ਯਾਦ ਹੈ। ਵੇਚਣ ਵਾਲਾ ਭਾਈ ਆਈਸਕ੍ਰੀਮ ਚਾਕੂ ਨਾਲ ਕੱਟਕੇ ਗੋਲ ਪਲੇਟ ਵਿਚ ਪਾਕੇ ਦਿੰਦਾ। ਮੇਰੀ ਅਣਧਾਰਮਿਕ ਪਤਨੀ ਨੇ ਇਸ਼ਕ ਤਾਂ ਵਾਲ਼ ਕੱਟੇ ਮੁੰਡੇ ਨਾਲ ਕੀਤਾ ਪਰ ਹੁਣ ਅਕਸਰ ਆਖਦੀ ਹੈ ਪੱਗ ਬੰਨ੍ਹਿਆ ਕਰ। ਰੰਗ ਬਿਰੰਗੀਆਂ ਪੱਗਾਂ ਦੀ ਚੋਣ ਉਹੀ ਕਰਦੀ ਹੈ।

ਮੈਂ ਮੁੰਦਰੀ, ਕੜਾ, ਚੇਨ ਕੁਝ ਵੀ ਨਹੀਂ ਪਹਿਨਦਾ ਅਤੇ ਜਦੋਂ ਦਾ ਮੋਬਾਈਲ ਆਇਆ ਹੈ, ਘੜੀ ਨੂੰ ਵੀ ਅਲਵਿਦਾ ਕਹਿ ਦਿੱਤਾ ਹੈ। ਮੈਨੂੰ ਇਹ ਵਾਧੂ ਦਾ ਬੋਝ ਲੱਗਦੇ ਹਨ। ਕੰਮ ਕਰਦਿਆਂ ਅੜਨ, ਫਸਣ, ਡਿੱਗਣ, ਗੁਆਚਣ ਦਾ ਵਾਧੂ ਖਤਰਾ। ਪਿਛਲੇ ਕਈ ਸਾਲਾਂ ਤੋਂ ਜਦੋਂ ਦੀ ਜੀਪੇਅ ਆਈ ਹੈ,ਪਟਿਆਲੇ ਤੋਂ ਬਾਹਰ ਜਾਣ ਤੋਂ ਇਲਾਵਾ ਕਦੇ ਪਰਸ ਵੀ ਨਹੀਂ ਚੁੱਕਿਆ। ਹੋਰ ਤਾਂ ਹੋਰ ਪੈੱਨ ਵੀ ਮੈਨੂੰ ਤੰਗ ਕਰਦਾ ਹੈ, ਸਿਰਫ ਦਫਤਰੀ ਵਰਤੋਂ ਦੇ ਦਿਨ ਹੀ ਚੁੱਕਦਾ ਹਾਂ। ਪਰ ਰੁਮਾਲ ਹੁਣ ਵੀ ਮੈਂ ਪੈਂਟ ਦੀਆਂ ਜੇਬਾਂ ਵਿਚ ਪਾ ਕੇ ਰੱਖਦਾ ਹਾਂ। ਬੈੱਲਟ ਦਾ ਸ਼ੌਕੀ ਨਹੀਂ ਪਰ ਲੋੜ ਅਨੁਸਾਰ ਲਗਾ ਲੈਂਦਾ ਹਾਂ। ਗੌਗਲਜ਼ ਦੀ ਵਰਤੋਂ ਮੈਂ ਕਦੇ ਹੀ ਕਰਦਾ ਹਾਂ। ਹਾਂ, ਨੇੜੇ ਦੀ ਐਨਕ ਹਰ ਸਮੇਂ ਨੇੜੇ ਰੱਖਣੀ ਪੈਂਦੀ ਹੈ ਪਰ ਇਸ ਦੀ ਡੱਬੀ ਦੀ ਵਰਤੋਂ ਘੱਟ ਹੀ ਕਰਦਾ ਹਾਂ, ਵੈਸੇ ਹੀ ਜੇਬ ਵਿਚ ਪਾ ਰੱਖਦਾ ਹਾਂ। ਲੋੜ ਤੋਂ ਵਾਧੂ ਚੀਜ਼ ਮੈਨੂੰ ਕੋਫ਼ਤ ਕਰਦੀ ਹੈ।

ਖਾਣਪੀਣ ਦੇ ਮਾਮਲੇ ਵਿਚ ਦਾਸ ਸਭ ਕੁਝ ਹੀ ਛਕ ਲੈਂਦਾ ਹੈ ਪਰ ਆਂਡੇ ਤੋਂ ਅਲਰਜੀ ਹੈ,

ਤੇਜ਼ਾਬ ਪੈਦਾ ਹੋ ਜਾਂਦਾ ਹੈ ਅਤੇ ਢਿੱਡ ਦੁਖਣ ਲਗਦਾ ਹੈ ਪਰ ਆਂਡੇ ਤੋਂ ਮਨ੍ਹਾਂ ਕਰਨ 'ਤੇ ਕਈ ਸਿਆਣੇ ਬਿਆਣੇ ਸਾਰਾ ਮਾਸ ਅਹਾਰ ਚੁੱਕ ਲੈਂਦੇ ਹਨ। ਮੈਨੂੰ ਕਹਿਣਾ ਪੈਂਦਾ ਹੈ ਕਿ ਉਹ ਭਾਈ ਮੇਰੀ ਆਂਡੇ ਨਾਲ ਨਹੀਂ ਬਣਦੀ। ਇਸ ਦੇ ਮਾਪਿਆਂ ਨਾਲ ਕੋਈ ਦੁਸ਼ਮਣੀ ਨਹੀਂ ਸਗੋਂ ਬੜਾ ਪਿਆਰ ਹੈ। ਹੁਣ ਤੁਸੀਂ ਕਹੋਗੇ ਇਹ ਕੇਹਾ ਪਿਆਰ ਹੈ, ਜਿਸ ਨਾਲ ਪਿਆਰ ਹੈ, ਉਸ ਨੂੰ ਖਾ ਜਾਂਦੇ ਹੋ, ਜੋ ਜੰਮਕੇ ਦੁਸ਼ਮਣੀ ਕਰਦਾ ਹੈ, ਉਸ ਨੂੰ ਬਖ਼ਸ਼ ਦਿੰਦੇ ਹੋ। ਪਿਆਰਿਉ ਐਸੀ ਹੀ ਹੈ ਦੁਨੀਆਂ। ਮੈਨੂੰ ਚਾਹ ਤੋਂ ਬਗ਼ੈਰ ਕੁਝ ਵੀ ਬਣਾਉਣਾ ਨਹੀਂ ਆਉਂਦਾ। ਇਹ ਚਾਹ ਵੀ ਚਰਨਜੀਤ ਲਈ ਬਣਾਉਂਦਾ ਹਾਂ, ਆਪ ਬਹੁਤ ਘੱਟ ਪੀਂਦਾ ਹਾਂ। ਚਾਹ ਦੀ ਬਜਾਇ ਚੂਹ ਬਾਲਗ ਹੋਣ ਤੋਂ ਹੀ ਪੀ ਲੈਂਦਾ ਹਾਂ। ਪਹਿਲ ਵਿਸਕੀ, ਦੋਮ ਬੀਅਰ, ਤੀਜ ਵੋਦਕਾ, ਚੌਥ ਵਾਈਨ, ਪੰਜਵਾਂ ਨੰਬਰ ਰੰਮ, ਛੇਵਾਂ ਕੁਝ ਵੀ ਹੋਵੇ, ਵੈਸੇ ਘਰ ਦੀ ਕੱਢੀ ਦਾ ਤਾਂ ਕੀ ਕਹਿਣਾ। ਪਹਿਲਾਂ ਬਾਪੂ ਜੀ ਲਿਹਾਜੀਆਂ ਨਾਲ ਖੇਤ ਅਤੇ ਜੀਜਾ ਜੀ ਸ਼ਹਿਰ ਬਠਿੰਡੇ ਘਰੇ ਹੀ ਕੱਢ ਲੈਂਦੇ ਸਨ। ਇਹ ਪ੍ਰਕਿਰਿਆ ਆਪਣੇ ਆਪ ਵਿਚ ਬੜੀ ਅਨੰਦਦਾਇਕ ਹੁੰਦੀ ਹੈ। ਤੁਪਕੇ ਤੁਪਕੇ ਦੀ ਧਾਰ ਬਣਨੀ, ਮਿੰਟ ਮਿੰਟ ਬਾਅਦ ਅੱਗ ਲਾ ਕੇ ਦੇਖਣਾ ਕਿਤੇ ਕੱਚੀ ਭਾਵ ਪਾਣੀ ਨਾ ਚੁੱਕਿਆ ਜਾਵੇ, ਪਰ ਉਂਝ ਇਹ ਕੰਮ ਖਲਜਗਣ ਵਾਲਾ ਹੈ। ਮੈਨੂੰ ਕਿਸੇ ਵੀ ਖਲਜਗਣ ਵਿਚ ਕੋਈ ਦਿਲਚਸਪੀ ਨਹੀਂ ਹੈ, ਇਸ ਲਈ ਕਦੇ ਕੀਤਾ ਵੀ ਨਹੀਂ। ਦਾਰੂ ਦੇ ਮਾਮਲੇ ਵਿਚ ਵੀ ਔਸਤਵਾਦ ਲਾਗੂ ਹੁੰਦਾ ਹੈ। ਨਾ ਰੋਜ਼ ਪੀਣੀ, ਨਾ ਕਦੇ ਸਹੁੰ ਪਾਉਣੀ, ਨਾ ਬਹੁਤੀ ਜ਼ਿਆਦਾ ਪੀਣੀ, ਆਮ ਕਰਕੇ ਦੋ ਪੈੱਗ, ਮਹਿਫ਼ਲ ਵਿਚ ਚਾਰ, ਕਦੇ ਬਹਿਕਿਆ ਨਹੀਂ, ਕਦੇ ਜੁਬਾਨ ਨਹੀਂ ਥਿੜਕੀ, ਇਕ ਅੱਧੀ ਵਾਰ ਉਲਟਿਆ ਜ਼ਰੂਰ ਹਾਂ। ਮਨ ਦੀ ਮੌਜ ਵਿਚ ਕਦੇ ਕਦੇ ਕੁਝ ਸਮੇਂ ਲਈ ਛੱਡ ਦੇਈਦੀ ਹੈ, ਕਦੇ ਵਿਆਹ ਸ਼ਾਦੀਆਂ ਦੇ ਮੌਸਮ ਵਿਚ ਲਗਾਤਾਰ ਵੀ ਹੋ ਜਾਂਦੀ ਹੈ। ਚੰਗੀ ਗੱਲ ਹੈ ਕਿ ਦਾਰੂ ਪਿੱਛੇ ਚਰਨਜੀਤ ਨੇ ਕਦੇ ਕਲੇਸ਼ ਨਹੀਂ ਪਾਇਆ, ਉਸਦੀ ਇਕੋ ਗੱਲ ਮਾੜੀ ਹੈ ਕਿ ਮੇਰੇ ਦਾਰੂ ਪੀਣ 'ਤੇ ਜੇ ਬਾਹਰ ਹੋਈਏ ਤਾਂ ਆਪ ਗੱਡੀ ਨਹੀਂ ਚਲਾਉਂਦੀ ਸਗੋਂ ਮੈਨੂੰ ਗੱਡੀ ਚਲਾਉਣ ਦੀ ਸਜ਼ਾ ਦਾ ਹੁਕਮ ਦਿੰਦੀ ਹੈ। ਉਸਦਾ ਇਹ ਵਿਸ਼ਵਾਸ ਹੈ ਕਿ ਮੈਂ ਆਊਟ ਨਹੀਂ ਹੁੰਦਾ ਪਰ ਇਹ ਨਾ ਕਾਨੂੰਨੀ ਤੌਰ 'ਤੇ ਠੀਕ ਹੈ, ਨਾ ਸਜ਼ਾ ਦੇ ਤੌਰ 'ਤੇ। ਹੁਣ ਭਗਵੰਤ ਮਾਨ ਸਰਕਾਰ ਨੇ ਅਲਕੋਹਲਿਕ ਮੀਟਰ ਨਾਲ ਲੈਸ ਵਿਸ਼ੇਸ ਪੁਲਸ ਦਾ ਗਠਨ ਕੀਤਾ ਹੈ, ਸ਼ਾਇਦ ਕੁੱਝ ਬਚਾਅ ਹੋ ਜਾਵੇ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਖੋਜ ਤੇ ਅਧਿਆਪਨ ਦੀ ਯਾਤਰਾ ਬੜੀ ਸਿੱਧਪੱਧਰੀ ਰਹੀ ਹੈ। ਯੋਗਤਾ ਤੋਂ ਬਗ਼ੈਰ, ਸਮੇਂ ਤੋਂ ਪਹਿਲਾਂ, ਵਾਰੀ ਭੰਨ ਕੇ ਕੁਝ ਨਹੀਂ ਮਿਲਿਆ ਪਰ ਸਮੇਂ ਨਾਲ, ਵਾਰੀ ਸਿਰ, ਬਣਦੀ ਯੋਗਤਾ ਅਨੁਸਾਰ ਸਭ ਕੁਝ ਮਿਲਿਆ ਹੈ। ਹਾਂ! ਰਿਸਰਚ ਸਕਾਲਰ ਦੀ ਨਿਯੁਕਤੀ ਸਮੇਂ ਮੇਰੇ ਨਿਗਰਾਨ ਡਾ. ਨਾਹਰ ਸਿੰਘ ਨਾਲ ਤਤਕਾਲੀ ਮੁਖੀ ਦੀ ਬਣਦੀ ਨਹੀਂ ਸੀ, ਉਸ ਮੁਖੀ ਨੇ ਜ਼ਰੂਰ ਮੀਂਗਣਾਂ ਘੋਲਦਿਆਂ ਇਲਜ਼ਾਮ ਲਾਇਆ ਸੀ ਕਿ ਮੈਥੋਂ ਉਸ ਨੂੰ ਜਾਨ ਦਾ ਖਤਰਾ ਹੈ, ਸਿੱਟੇ ਵਜੋਂ ਮੇਰੀ ਹਾਜ਼ਰੀ ਪੱਤਰ ਵਿਹਾਰ ਵਿਭਾਗ ਹੋਈ ਅਤੇ ਨਿਗਰਾਨ ਡਾ.ਭੁਪਿੰਦਰ ਸਿੰਘ ਖਹਿਰਾ ਬਣੇ। ਇਸਦਾ ਵੀ ਮੈਨੂੰ ਫਾਇਦਾ ਹੀ ਹੋਇਆ, ਸਿਆਸਤ ਸਮਝ ਆ ਗਈ, ਇਕ ਦੀ ਥਾਂ ਦੋ ਨਿਗਰਾਨ ਮਿਲੇ, ਮੈਡਮ ਦਲੀਪ ਕੌਰ ਟਿਵਾਣਾ ਅਤੇ ਮੈਡਮ ਬਲਵਿੰਦਰ ਕੌਰ ਬਰਾੜ ਹੋਰਾਂ ਦੀ ਨੇੜਤਾ ਮਿਲੀ। ਬਾਕੀ ਸਭ ਕੁਝ ਰਵਾਂਰਵੀਂ ਲੈਕਚਰਾਰ, ਰੀਡਰ, ਪ੍ਰੋਫੈਸਰ, ਹੈੱਡ, ਡੀਨ ਕਾਲਿਜ(ਐਡੀ), ਡੀਨ ਭਾਸ਼ਾਵਾਂ, ਸੈਨੇਟ ਮੈਂਬਰ, ਸਿੰਡੀਕੇਟ ਮੈਂਬਰ ਚਲਦਾ ਰਿਹਾ। ਵੈਸੇ ਲੈਕਚਰਾਰ ਲੱਗਣ ਸਮੇਂ ਹੀ ਫਸਟ ਕਲਾਸ ਐੱਮ.ਏ., ਐੱਮ.ਫਿਲ., ਪੀਐੱਚ.ਡੀ, ਯੂ.ਜੀ.ਸੀ.ਨੈੱਟ ਟੈਸਟ ਕਲੀਅਰ ਕਰਨ ਤੋਂ ਇਲਾਵਾ ਦੋ ਮੌਲਿਕ ਆਲੋਚਨਾਤਮਕ ਪੁਸਤਕਾਂ ਪ੍ਰਕਾਸ਼ਤ ਸਨ, ਪੰਜ ਕੁ ਖੋਜ ਪੱਤਰ ਵੀ ਛਪੇ ਸਨ। ਇਹ ਦੋਨੋ ਪੁਸਤਕਾਂ ਵੀ ਐੱਮ.ਫਿਲ ਜਾਂ ਪੀਐੱਚ.ਡੀ. ਦੇ ਖੋਜ ਕਾਰਜ ਤੋਂ ਇਲਾਵਾ ਸਨ। ਆਮ ਪ੍ਰਚੱਲਤ ਰਿਵਾਜ ਅਨੁਸਾਰ ਥੀਸਿਸ ਛਪਵਾ ਕੇ ਪੁਸਤਕਾਂ ਨਹੀਂ ਬਣਾਈਆਂ ਸਨ। ਮੇਰੀ ਮਾਂ ਆਖਦੀ ਸੀ ਕਿ ਜੇ ਗਿੱਦੜ ਦਾ ਸ਼ਿਕਾਰ ਕਰਨਾ ਹੋਵੇ ਤਾਂ ਸ਼ੇਰ ਮਾਰਨ ਦੀ ਤਿਆਰੀ ਕਰਨੀ ਚਾਹੀਦੀ ਹੈ, ਮੈਂ ਤਾਂ ਕੀੜੀ ਮਾਰਨ ਲਈ ਵੀ

ਬੱਬਰ ਸ਼ੇਰ ਮਾਰਨ ਦੀ ਤਿਆਰੀ ਕਰਦਾ ਰਹਿੰਦਾ ਹਾਂ।

ਪੜ੍ਹਾਉਣਾ ਮੇਰੇ ਲਈ ਹਮੇਸ਼ਾਂ ਹੀ ਸਭ ਤੋਂ ਮਨਪਸੰਦ ਅਤੇ ਖੁਸ਼ਗਵਾਰ ਕੰਮ ਸੀ। ਮੈਂ ਹਮੇਸ਼ਾ ਪਹਿਲਾ, ਦੂਜਾ ਪੀਰੀਅਡ ਲੈਂਦਾ ਰਿਹਾ ਹਾਂ। ਸਵੇਰੇ ਸਵੇਰੇ ਤਾਜ਼ੇ ਦਿਮਾਗ਼ ਉੱਤੇ ਪੰਜਾਬੀ ਸਾਹਿਤ ਸਭਿਆਚਾਰ ਦੀਆਂ ਪੈੜਾਂ ਪਾਉਣੀਆਂ ਚੰਗੀਆਂ ਲੱਗਦੀਆਂ ਹਨ। ਮੈਨੂੰ ਵਿਦਿਆਰਥੀਆਂ ਤੋਂ ਢੇਰ ਪਿਆਰ ਮਿਲਿਆ। ਬਹੁਤੇ ਵਿਦਿਆਰਥੀ ਪਰਿਵਾਰ ਵਾਂਗ ਵਿਚਰਦੇ ਹਨ। ਮੈਂ ਸਾਰੇ ਧਰਮਾਂ, ਸਾਰੀਆਂ ਜ਼ਾਤਾਂ ਅਤੇ ਸਾਰੇ ਵਰਗਾਂ ਦੇ ਵਿਦਿਆਰਥੀਆਂ ਨੂੰ ਪੀਐੱਚ.ਡੀ. ਕਰਵਾਈ ਪਰ ਕੁਝ ਨੂੰ ਲੱਗਦਾ ਹੈ ਕਿ ਮੈਂ ਦਲਿਤ ਵਿਦਿਆਰਥੀਆਂ ਨੂੰ ਵਧੇਰੇ ਪੀਐੱਚ.ਡੀ. ਕਰਵਾਈ। ਇੱਥੋਂ ਤਕ ਕਿ ਕੁਝ ਸਾਥੀ ਅਧਿਆਪਕ ਮੈਨੂੰ ਚਿੜ ਨਾਲ ਲਾਲ ਬੇਗ ਵੀ ਕਹਿੰਦੇ ਰਹੇ ਹਨ। ਹਾਲਾਂ ਕਿ ਮੈਂ ਜੱਟਾਂ ਤੋਂ ਵੀ ਬਹੁਤ ਖੋਜ ਕਰਵਾਈ ਹੈ। ਤਿੰਨ ਚਾਰ ਤਾਂ ਸਿੱਧੂ ਬਰਾੜ ਹੀ ਹਨ। ਇਸ ਗੱਲ ਦੀ ਖੁਸ਼ੀ ਹੈ ਕਿ ਕਲਾਸ ਵਿਚ ਪੜ੍ਹਾਏ ਅਤੇ ਖੋਜ ਵਿਦਿਆਰਥੀ ਕਈ ਕਾਲਿਜਾਂ ਅਤੇ ਯੂਨੀਵਰਸਿਟੀਆਂ ਵਿਚ ਸੇਵਾ ਨਿਭਾ ਰਹੇ ਹਨ। ਇਹ ਲਾਮ ਡੋਰੀ ਇੰਟਰਨਲ ਯੂਨੀਵਰਸਿਟੀ ਬੜੂ ਸਾਹਿਬ ਤੋਂ ਲੈ ਕੇ ਦਿੱਲੀ ਯੂਨੀਵਰਸਿਟੀ ਤਕ ਫੈਲੀ ਹੋਈ ਹੈ। ਮੈਂ ਆਮ ਹਾਲਤਾਂ ਵਿਚ ਕਲਾਸ ਦੀ ਹਾਜ਼ਰੀ ਨਹੀਂ ਲਗਾਉਂਦਾ। ਮੈਨੂੰ ਹਾਜ਼ਰੀ ਲਗਾ ਕੇ ਵਿਦਿਆਰਥੀ ਨੂੰ ਜਮਾਤ ਵਿਚ ਬਿਠਾਉਣਾ ਵਿਦਿਆਰਥੀ ਦੀ ਹੀ ਨਹੀਂ ਆਪਣੇ ਅਧਿਆਪਕੀ ਹੁਨਰ ਦੀ ਵੀ ਤੌਹੀਨ ਲੱਗਦੀ ਹੈ। ਕਦੇ ਕਦੇ ਵਿਦਿਆਰਥੀਆਂ ਨੂੰ ਆਦਤ ਪਾਉਣ ਲਈ ਅਤੇ ਉਨ੍ਹਾਂ ਦੇ ਨਾਂ ਯਾਦ ਕਰਨ ਲਈ ਸਾਲ ਦੇ ਆਰੰਭ ਵਿਚ ਭਾਵੇਂ ਹਾਜ਼ਰੀ ਲਗਾ ਲਵਾਂ ਪਰ ਬਾਅਦ ਵਿਚ ਕਦੇ ਹਾਜ਼ਰੀ ਨਹੀਂ ਲਗਾਈ। ਮੈਨੂੰ ਲੱਗਦਾ ਹੈ, ਤੁਸੀਂ ਘੋੜੇ ਨੂੰ ਪਾਣੀ ਕੋਲ਼ ਲਿਜਾ ਸਕਦੇ ਹੋਂ ਪਰ ਪਾਣੀ ਨਹੀਂ ਪਿਆ ਸਕਦੇ। ਹਾਜ਼ਰੀ ਨਾਲ ਤੁਸੀਂ ਵਿਦਿਆਰਥੀ ਨੂੰ ਜਮਾਤ ਵਿਚ ਸਰੀਰਕ ਤੌਰ ‘ਤੇ ਬਿਠਾ ਸਕਦੇ ਹੋ ਪਰ ਗਿਆਨ ਨਹੀਂ ਦੇ ਸਕਦੇ। ਗਿਆਨ ਉਸਨੇ ਆਪਣੀ ਮਾਨਸਿਕ ਤ੍ਰੇਹ ਅਨੁਸਾਰ ਹੀ ਪੀਣਾ ਹੈ। ਇਸ ਗੱਲ ਦੀ ਖੁਸ਼ੀ ਹੈ ਕਿ ਹਾਜ਼ਰੀ ਨਾ ਲਗਾਉਣ ਦੇ ਬਾਵਜੂਦ ਹਾਜ਼ਰੀ ਪੂਰੀ ਰਹਿੰਦੀ ਸੀ ਸਗੋਂ ਕਈ ਵਾਰ ਹੋਰ ਕਲਾਸਾਂ ਦੇ ਬੱਚੇ ਵੀ ਆ ਕੇ ਬੈਠ ਜਾਂਦੇ ਸਨ।

ਪੰਜਾਬੀ ਵਿਭਾਗ ਦੇ ਮੇਰੇ ਤੋਂ ਪੁਰਾਣੇ ਵਿਦਿਆਰਥੀ ਅਤੇ ਅਧਿਆਪਕ ਅਕਸਰ ਪੰਜਾਬੀ ਵਿਭਾਗ ਦੇ ਅਧਿਆਪਕਾਂ ਵੱਲੋਂ ਜਾਣਪਛਾਣ ਵਾਲੇ ਆਪਣੇ ਚਹੇਤਿਆਂ ਨੂੰ ਫਸਟ ਕੱਢਣ, ਨੰਬਰ ਲਗਾਉਣ, ਕਟਾਉਣ ਦੀਆਂ ਅਨੇਕਾਂ ਕਹਾਣੀਆਂ ਸੁਣਾਉਂਦੇ ਹਨ। ਮੇਰੇ ਤਿੰਨ ਦਹਾਕੇ ਤੇ ਇਕ ਸਾਲ ਦੇ ਕੈਰੀਅਰ ਦੌਰਾਨ ਇਕ ਵਾਰ ਨੂੰ ਛੱਡ ਕਦੇ ਕਿਸੇ ਨੇ ਨਾ ਨੰਬਰ ਲਗਾਉਣ ਲਈ ਪਹੁੰਚ ਕੀਤੀ ਨਾ ਮੈਂ ਕਦੇ ਕੋਈ ਰਿਆਇਤ ਵਰਤੀ। ਇਕ ਵਾਰ ਦਾ ਅੱਪਵਾਦ ਵੀ ਇੰਝ ਘਟਿਆ ਕਿ ਮੇਰੇ ਕੋਲ਼ ਪੰਜਾਬ ਯੂਨੀਵਰਸਿਟੀ ਦੇ ਗਿਆਨੀ ਦੇ ਪੇਪਰ ਆਏ। ਪਿੱਛੇ ਹੀ ਇਕ ਸਾਧ ਅਖਵਾਉਂਦੇ ਅਧਿਆਪਕ ਆ ਪਧਾਰੇ। ਇਕ ਪਰਚੀ ਕੱਢਕੇ ਕਹਿੰਦੇ ਤੁਹਾਡੇ ਕੋਲ ਪੇਪਰ ਆਏ ਹਨ, ਨੰਬਰ ਲਗਾ ਦਿਓ। ਮੈਂ ਕਿਹਾ ਜਿਹੋ ਜਿਹਾ ਮੈਂ ਅਧਿਆਪਕ ਉਹੋ ਜਿਹੇ ਤੁਸੀਂ ਅਧਿਆਪਕ ਹੋ। ਪੇਪਰ ਮੇਰੀ ਬਜਾਇ ਤੁਹਾਡੇ ਕੋਲ਼ ਵੀ ਆ ਸਕਦੇ ਸੀ। ਕੀ ਤੁਸੀਂ ਕਿਸੇ ਦਾ ਹੱਕ ਮਾਰ ਕੇ ਨੰਬਰ ਲਗਾ ਦਿੰਦੇ? ਉਸ ਨੇ ਕਿਹਾ ਹਾਂ, ਆਪਣਿਆਂ ਦਾ ਤਾਂ ਕਰਨਾ ਹੀ ਪੈਂਦਾ ਹੈ। ਮੈਂ ਕਿਹਾ ਆਹ ਪਏ ਪੇਪਰ, ਆਪੇ ਲਗਾ ਲਵੋ। ਉਸ ਨੇ ਢੀਠ ਬਣ ਕੇ ਬੋਰੀ ਖੋਲ੍ਹੀ, ਖਾਸ ਪੇਪਰ ਕੱਢਿਆ ਤੇ ਨੰਬਰ ਲਗਾ ਦਿੱਤੇ। ਮੈਂ ਕਿਹਾ ਹੁਣ ਬਾਕੀ ਬੰਡਲ ਵੀ ਤੁਸੀਂ ਹੀ ਦੇਖੋ, ਉਹ ਬੱਧਾਰੁੱਧਾ ਬੈਠਾ ਬਾਕੀ ਬਚਦਾ ਬੰਡਲ ਵੀ ਮਾਰਕ ਕਰਕੇ ਜਾਣ ਲੱਗਿਆ। ਮੈਂ ਕਿਹਾ ਹੁਣ ਵਾਊਚਰ ਵੀ ਆਪਣੇ ਨਾਂ ਦਾ ਭਰ ਦਿਓ। ਇਸ ‘ਤੇ ਉਹ ਹੀਂ ਹੀਂ ਕਰਦਾ ਮੇਰੇ ਰੋਕਣ ਦੇ ਬਾਵਜੂਦ ਤੁਰ ਗਿਆ। ਅੰਦਰੂਨੀ ਪਰੀਖਿਆ ਦੇ ਪੇਪਰ ਮੈਂ ਹਮੇਸ਼ਾ ਪਹਿਲਾਂ ਦੱਸ ਦਿੰਦਾ ਸੀ ਕਿ ਕੀ ਪੁੱਛਿਆ ਜਾਵੇਗਾ। ਕਿਉਂਕਿ ਮੈਂ ਸਮਝਦਾ ਹਾਂ ਕਿ ਪੋਸਟ ਗ੍ਰੈਜੂਏਟ ਪੱਧਰ ‘ਤੇ ਪਰੀਖਿਆ ਵਿਚ ਵਿਦਿਆਰਥੀਆਂ ਦੀ ਸਮਝ ਅਤੇ ਪ੍ਰਗਟਾਉਣ ਦੀ ਸ਼ਕਤੀ ਦੇਖਣੀ ਹੁੰਦੀ ਹੈ, ਯਾਦ ਸ਼ਕਤੀ ਦਾ ਟੈੱਸਟ ਤਾਂ ਉਹ ਪਹਿਲਾਂ ਵੀ ਬਥੇਰੇ ਵਾਰ ਦੇ ਚੁੱਕੇ ਹੁੰਦੇ ਹਨ। ਅਫਸੋਸ ਸਾਡੀ ਪਰੀਖਿਆ ਪ੍ਰਣਾਲੀ ਅਜੇ ਵੀ ਕੇਵਲ ਯਾਦ ਸ਼ਕਤੀ ਹੀ

ਚੈੱਕ ਕਰਦੀ ਹੈ।

ਮੈਂ ਕਦੇ ਪੰਜਾਬੀ ਯੂਨੀਵਰਸਿਟੀ ਟੀਚਰ ਐਸੋਸੀਏਸ਼ਨ ਦੀਆਂ ਚੋਣਾਂ ਨਹੀਂ ਲੜੀਆਂ। ਅਕਸਰ ਯਾਰ ਦੋਸਤ ਆਪੇ ਕਾਗ਼ਜ਼ ਭਰ ਦਿੰਦੇ ਅਤੇ ਆਪੇ ਵਾਪਸ ਲੈ ਲੈਂਦੇ। ਹਾਂ! ਚਰਨਜੀਤ ਨੇ ਜ਼ਰੂਰ ਇਕ ਵਾਰ ਇਲੈਕਸ਼ਨ ਲੜੀ ਪਰ ਅਧਿਆਪਕਾਂ ਦੀ ਧੜੇਬੰਦੀ ਕਾਰਨ ਕੋਰਟ ਦੇ ਆਦੇਸ਼ਾਂ 'ਤੇ ਨਤੀਜਾ ਡੱਬੇਬੰਦ ਰਿਹਾ। ਇਸ ਤੋਂ ਬਾਅਦ ਕੋਰਟ ਦਾ ਹਵਾਲਾ ਵਰਤਕੇ ਅਥਾਰਟੀ ਨੇ ਕਈ ਸਾਲ ਚੋਣਾਂ 'ਤੇ ਪਾਬੰਦੀ ਲਾਈ ਰੱਖੀ। ਅਧਿਕਾਰੀਆਂ ਨੂੰ ਇਹੋ ਰਾਸ ਬੈਠਦਾ ਸੀ ਪਰ ਮੈਂ ਪੂਟਾ ਦੀਆਂ ਚੋਣਾਂ ਬਹਾਲ ਕਰਾਉਣ ਲਈ ਪੂਰਾ ਜ਼ੋਰ ਲਗਾਇਆ। ਅਸੀਂ ਸਾਥੀਆਂ ਨਾਲ ਮਿਲਕੇ ਪੂਟਾ ਬਹਾਲ ਕਰਵਾਈ ਕਿਉਂਕਿ ਮੇਰਾ ਯਕੀਨ ਸੀ ਕਿ ਜੱਥੇਬੰਦੀ ਨਾ ਕੇਵਲ ਸਮੂਹਕ ਹਿਤਾਂ ਦਾ ਹੀ ਖਿਆਲ ਰਖਦੀ ਹੈ ਸਗੋਂ ਨਿਆਂ, ਜਮਹੂਰੀਅਤ, ਸਾਂਝ ਅਤੇ ਸਹਿਯੋਗ ਵਰਗੇ ਗੁਣਾਂ ਦਾ ਵੀ ਸੰਚਾਰ ਕਰਦੀ ਹੈ। ਇਹ ਮੇਰਾ ਅੱਜ ਵੀ ਯਕੀਨ ਹੈ ਪਰ ਮੇਰਾ ਅਸਲ ਤਜਰਬਾ ਉਲਟ ਰਿਹਾ। ਪਹਿਲਾਂ ਪਹਿਲ ਸਾਰੇ ਗਰੁੱਪ ਘੱਟੋ ਘੱਟ ਦਿਸਣ ਦੀ ਪੱਧਰ 'ਤੇ ਵੱਧ ਤੋਂ ਵੱਧ ਸੱਤਾ ਦਾ ਵਿਰੋਧ ਕਰ ਕੇ ਇਨਕਲਾਬੀ ਬਣਨ ਦੇ ਚੱਕਰ ਵਿਚ ਹੁੰਦੇ ਸਨ ਪਰ ਫਿਰ ਇਕ ਧੜਾ ਸੱਤਾ ਦੇ ਨਾਲ ਤੇ ਇਕ ਧੜਾ ਵਿਰੋਧ ਵਿਚ ਹੋਣ ਲੱਗਾ, ਫਿਰ ਅਜਿਹਾ ਸਮਾਂ ਆਇਆ ਦੋਹਾਂ ਵਿਚ ਸੱਤਾ ਦੇ ਨੇੜੇ ਹੋਣ ਦਾ ਮੁਕਾਬਲਾ ਚੱਲ ਪਿਆ। ਸਿੱਟੇ ਵਜੋਂ ਪੂਟਾ ਆਪਣਾ ਗੌਰਵ ਤੇ ਚੜ੍ਹਤ ਗੁਆ ਕੇ ਗ਼ੈਰ ਪ੍ਰਸੰਗਕ ਹੋ ਗਈ ਹੈ ਜਿਸਦਾ ਮੈਨੂੰ ਦੁੱਖ ਹੈ ਕਿਉਂਕਿ ਇਹ ਸਾਡੀ ਸਾਰੀ ਟਰੇਡ ਯੂਨੀਅਨ ਦਾ ਦੁਖਾਂਤ ਹੈ।

ਪੜ੍ਹਨ ਪੜ੍ਹਾਉਣ ਤੋਂ ਇਲਾਵਾ ਬਾਕੀ ਸਭ ਕੰਮ ਸ਼ੌਕ ਨਾਲ ਉਨਾਂ ਚਿਰ ਹੀ ਕੀਤੇ ਹਨ ਜਿੰਨਾ ਚਿਰ ਮਨ ਮੰਨਿਆ। ਮਰਜ਼ੀ ਨਾਲ ਖੇਤੀ ਕੀਤੀ, ਪੰਜਾਬ ਸਟੂਡੈਂਟ ਯੂਨੀਅਨ ਅਤੇ ਤਰਕਸ਼ੀਲ ਸੁਸਾਇਟੀ ਵਿਚ ਵੀ ਮਰਜ਼ੀ ਨਾਲ ਕੰਮ ਕੀਤਾ ਮਰਜ਼ੀ ਨਾਲ ਛੱਡਿਆ, ਸਿਆਸੀ ਵਿਚਾਰ ਰੱਖਦਾ ਹਾਂ ਪਰ ਕਿਸੇ ਪਾਰਟੀ ਦਾ ਮੈਂਬਰ ਨਹੀਂ ਬਣਿਆ। ਫਿਲਮਾਂ, ਟੈਲੀਵੀਜ਼ਨ, ਰੇਡੀਉ ਮਨ ਦੀ ਮੌਜ ਵਿਚ ਕਰਦਾ ਹਾਂ, ਜਦੋਂ ਕੋਈ ਚੀਜ਼ ਬੋਝ ਬਣਦੀ ਜਾਪੇ ਤਾਂ ਛੱਡ ਦਿੰਦਾ ਹਾਂ, ਯਾਨੀ ਸ਼ੌਕ ਦੇ ਤੰਦ ਪਾਈਦੇ ਨੇ। ਅੱਜ ਕੱਲ੍ਹ ਯੂਟਿਊਬ ਚੈਨਲ ਵਿਚ ਦਿਲ ਲੱਗਿਆ ਹੋਇਆ ਹੈ। ਕੱਲ੍ਹ ਦਾ ਪਤਾ ਨਹੀਂ ।

ਮੈਂ ਰਵਾਇਤੀ ਪੁਰਾਣੇ ਵਿਸ਼ਿਆਂ 'ਤੇ ਖੋਜ ਬਹੁਤ ਘੱਟ ਕਰਵਾਈ ਹੈ। ਵੱਖਰੇ ਤੇ ਨਵੇਂ ਵਿਸ਼ਿਆਂ 'ਤੇ ਖੋਜ ਕਰਵਾਈ ਹੈ। ਮੈਨੂੰ ਲਗਦਾ ਹੈ ਕਿ ਨਵੇਂ ਵਿਸ਼ਿਆਂ ਵਿਚ ਵਿਦਿਆਰਥੀਆਂ ਕੋਲ਼ ਨਕਲ ਮਾਰਨ ਦੀ ਗੁੰਜਾਇਸ਼ ਨਹੀਂ ਹੁੰਦੀ ਜਿਸਦਾ ਅੱਜ ਕੱਲ੍ਹ ਆਮ ਪ੍ਰਚਲਨ ਹੈ। ਨਵੇਂ ਵਿਸ਼ੇ ਉੱਪਰ ਹੋ ਸਕਦਾ ਹੈ ਕਿ ਖੋਜਾਰਥੀ ਹਲਕਾ ਕੰਮ ਕਰੇ ਪਰ ਜਿੰਨਾ ਕੰਮ ਕਰੂ ਮੌਲਿਕ ਕੰਮ ਕਰੂ। ਇਸੇ ਕਰਕੇ ਮੈਂ ਪੰਜਾਬੀ ਚੁਟਕਲੇ, ਖੇਡ ਸਾਹਿਤ, ਵਿੱਕੀਪੀਡੀਆ, ਦਸਤਾਵੇਜ਼ੀ ਨਾਵਲ, ਪੰਜਾਬੀ ਗੀਤ, ਫ਼ਿਲਮਾਂ, ਜਾਦੂ ਵਰਗੇ ਵਿਸ਼ਿਆਂ 'ਤੇ ਕੰਮ ਕਰਵਾਇਆ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਮੈਨੂੰ ਪ੍ਰਸ਼ਾਸਕੀ ਅਨੁਭਵ ਵੀ ਦਿੱਤਾ ਹੈ। ਹੈੱਡ, ਡੀਨ ਕਾਲਜਿਜ਼ ਅਤੇ ਡੀਨ ਭਾਸ਼ਾਵਾਂ ਵਜੋਂ ਪ੍ਰਸ਼ਾਸਕੀ ਕੰਮ ਕਰਦਿਆਂ ਮੈਂ ਕਦੇ ਆਪਣਾ ਸਟਾਫ ਨਹੀਂ ਬਦਲਿਆ। ਮੈਨੂੰ ਕਦੇ ਕਿਸੇ ਨਾਲ ਸ਼ਿਕਾਇਤ ਨਹੀਂ ਰਹੀ। ਮੇਰੇ ਨਾਲ ਕਿਸੇ ਨੂੰ ਸ਼ਿਕਾਇਤ ਹੋਵੇ ਤਾਂ ਕਹਿ ਨਹੀਂ ਸਕਦਾ ਪਰ ਕਿਸੇ ਨੇ ਕਦੇ ਜ਼ੁਬਾਨੀ ਜਾਂ ਲਿਖਤੀ ਨਹੀਂ ਦੱਸੀ। ਮੈਂ ਹਰ ਇਕ ਦੀ ਗੁਪਤ ਰਿਪੋਰਟ ਔਸਤ ਤੋਂ ਉੱਪਰ ਹੀ ਲਿਖੀ। ਮੇਰਾ ਯਕੀਨ ਹੈ ਕਿ ਸਾਰੇ ਕਰਮਚਾਰੀ ਕੰਮ ਕਰਨਾ ਚਾਹੁੰਦੇ ਹਨ ਅਤੇ ਅਧਿਕਾਰੀ ਦਾ ਹੁਕਮ ਮੰਨਦੇ ਹਨ, ਬੱਸ ਉਨ੍ਹਾਂ ਨੂੰ ਸਮਝਣ ਅਤੇ ਕੰਮ ਸਮਝਾਉਣ ਦੀ ਲੋੜ ਹੁੰਦੀ ਹੈ। ਰੁਟੀਨ ਦਫਤਰੀ ਕੰਮ ਉਹ ਸਾਧਾਰਨ ਨਿਗਰਾਨੀ ਨਾਲ ਹੀ ਕਰੀ ਜਾਂਦੇ ਹਨ ਪਰ ਕੁਝ ਨਵਾਂ ਤੇ ਵੱਖਰਾ ਕਰਾਉਣ ਲਈ ਪ੍ਰੇਰਨਾ ਤੇ ਹੱਲਾਸ਼ੇਰੀ ਦੀ ਜ਼ਰੂਰਤ ਹੁੰਦੀ ਹੈ। ਆਖ਼ਰੀ ਪ੍ਰਸ਼ਾਸਕੀ ਗੱਲ ਤੁਹਾਨੂੰ ਹਰ ਕੰਮ, ਹਰ ਨਿਯਮ ਕਰਮਚਾਰੀ ਤੋਂ ਵਧੀਆ ਆਉਣਾ ਚਾਹੀਦਾ ਹੈ, ਜੇ ਨਹੀਂ ਆਉਂਦਾ ਤਾਂ ਸਪਸ਼ਟ ਰੂਪ ਵਿਚ ਕਰਮਚਾਰੀ ਤੋਂ ਪੁੱਛੋ, ਸਿੱਖੋ ਅਤੇ ਉਸ ਸਮੇਂ ਤਕ ਸਿੱਖੋ ਜਦੋਂ ਤਕ ਤੁਸੀਂ ਸਭ ਤੋਂ ਬਿਹਤਰ ਕਰ ਕੇ ਨਾ ਦਿਖਾ ਦੇਵੋਂ, ਨਹੀਂ ਤਾਂ ਤੁਹਾਡੀ ਕੋਈ ਕਮਾਂਡ ਨਹੀਂ ਮੰਨੇਗਾ। ਯੂਨੀਵਰਸਿਟੀ ਦੇ ਜਿਹੜੇ ਅਹੁਦਿਆਂ 'ਤੇ ਮੈਂ ਨਹੀਂ ਰਿਹਾ, ਉਹ ਵੀ ਯਾਰਾਂ ਦੋਸਤਾਂ ਦੀ ਮਿਹਰਬਾਨੀ ਨਾਲ ਸਾਰੇ ਹੀ

ਬਾਇ ਪ੍ਰੌਕਸੀ ਮਾਣੇ ਹਨ। ਲੈਕਚਰਾਰ ਹੁੰਦਿਆਂ ਹੀ ਕੁਲਦੀਪ ਸਿੰਘ ਧੀਰ ਨਾਲ ਨੇੜਤਾ ਕਰ ਕੇ ਡੀਨ, ਅਕਾਦਮਿਕ ਦਾ ਕੰਮ ਕਾਰ ਜਾਣ ਲਿਆ ਸੀ। ਮਨਜੀਤ ਸਿੰਘ ਦੀ ਰਜਿਸਟਰਾਰੀ ਸਮੇਂ ਫਾਈਲਾਂ ਦਾ ਗਧੀ ਗੇੜ ਪਤਾ ਲੱਗਾ। ਬਲਜੀਤ ਸਿੰਘ ਸਿੱਧੂ ਨੇ ਕੰਟਰੋਲਰ ਅਤੇ ਵਿੱਤ ਅਫਸਰ ਹੁੰਦਿਆਂ ਕਈ ਵਾਰ ਤਲੀ 'ਤੇ ਸਰ੍ਹੋਂ ਜਮਾਕੇ ਵਿਖਾਈ। ਬਲਬੀਰ ਸਿੰਘ ਸਿੱਧੂ ਭਾਵੇਂ ਪੰਜਾਬ ਸਰਕਾਰ ਦੇ ਆਡਿਟ ਅਫਸਰ ਸਨ ਪਰ ਸਾਡੇ ਯਾਰ ਹਨ। ਇਉਂ ਲਗਦਾ ਸੀ ਜਿਵੇਂ ਸਭ ਤੋਂ ਖਤਰਨਾਕ ਤੇ ਡਰਾਉਣਾ ਸਮਝਿਆ ਜਾਂਦਾ ਮਹਿਕਮਾ ਘਰ ਦਾ ਹੀ ਹੋਵੇ। ਅਸਲ ਗੱਲ ਤਾਂ ਇਹ ਹੈ ਕਿ ਇਨ੍ਹਾਂ ਅਫ਼ਸਰਾਂ ਨੂੰ ਵੇਖ ਕੇ ਹੀ ਪਤਾ ਲੱਗ ਗਿਆ ਕਿ ਦੂਰ ਦੇ ਢੋਲ ਹੀ ਸੁਹਾਵਣੇ ਹੁੰਦੇ ਹਨ, ਹੁੰਦੀ ਤਾਂ ਹਰ ਵਕਤ ਦੀ ਸਿਰਦਰਦੀ ਹੀ ਹੈ। ਯੂਨੀਵਰਸਿਟੀ ਵਿਚ ਇਕ ਪ੍ਰੋਫੈਸਰ ਹੀ ਆਜ਼ਾਦ ਪਰਿੰਦਾ ਹੁੰਦਾ ਹੈ ਜੋ ਆਪਣੀ ਮਰਜ਼ੀ ਨਾਲ ਪਰ ਮਾਰਦਾ ਹੈ, ਸ਼ਰਤ ਇਹ ਹੈ ਕਿ ਉਸ ਨੂੰ ਉੱਡਣ ਦਾ ਸ਼ੌਂਕ ਹੋਵੇ। ਜੇ ਪਿੰਜਰੇ ਨਾਲ ਮੋਹ ਹੋਵੇ ਤਾਂ ਉਹ ਵੀ ਚੂਰੀ ਦਾ ਲਾਲਚੀ ਹੋ ਜਾਂਦਾ ਹੈ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਮੈਨੂੰ ਬੜਾ ਮਾਣ ਸਤਿਕਾਰ ਦਿੱਤਾ ਹੈ। ਮੈਂ ਜ਼ਿੰਦਗੀ ਵਿਚ ਕਦੇ ਪੈਸੇ ਦੀ ਤੰਗੀ ਨਹੀਂ ਦੇਖੀ। ਕਦੇ ਉਧਾਰ ਨਹੀਂ ਚੁੱਕਣਾ ਪਿਆ। ਲੋੜ ਗੋਚਰਾ ਹਮੇਸ਼ਾ ਰਿਹਾ ਹੈ। ਮੱਧਵਰਗੀ ਮਨੁੱਖ ਦੀ ਲੋੜ ਅਨੁਸਾਰ ਕਾਰ ਤੇ ਕੋਠੀ ਬਣਾਉਣ ਸਮੇਂ ਬੈਂਕ ਤੋਂ ਲੋਨ ਲਿਆ ਪਰ ਸਮੇਂ ਤੋਂ ਪਹਿਲਾਂ ਮੋੜਨ ਚਲਾ ਜਾਂਦਾ। ਉਹ ਕਹਿੰਦੇ ਸਮੇਂ ਸਿਰ ਲਵਾਂਗੇ, ਇਕ ਵਾਰ ਧੱਕੇ ਨਾਲ ਪਹਿਲਾਂ ਹੀ ਮੋੜ ਦਿੱਤਾ। ਮੈਨੂੰ ਦੋਸਤ ਕੰਜੂਸ ਵੀ ਕਹਿ ਸਕਦੇ ਹਨ ਪਰ ਅਸਲ ਵਿਚ ਮੈਂ ਸੰਜਮੀ ਹਾਂ, ਮੇਰੀਆਂ ਬਹੁਤੀਆਂ ਲੋੜਾਂ ਨਹੀਂ ਹਨ। ਮੈਂ ਕੋਈ ਵੱਡਾ ਕਾਰੋਬਾਰ ਨਹੀਂ ਕਰ ਸਕਦਾ, ਨਵਾਂ ਉੱਦਮ ਨਹੀਂ ਛੇੜ ਸਕਦਾ। ਚਰਨਜੀਤ ਇਸ ਤੋਂ ਵੀ ਅੱਗੇ ਹੈ, ਉਹ ਕੋਈ ਕਾਰੋਬਾਰ ਸ਼ੁਰੂ ਵੀ ਨਹੀਂ ਕਰਨ ਦਿੰਦੀ, ਮਨੋਕਲਪਤ ਡਰਾਂ ਕਾਰਨ ਉਸ ਨੇ ਮੈਨੂੰ ਕੋਈ ਕਾਰੋਬਾਰ ਨਹੀਂ ਕਰਨ ਦਿੱਤਾ। ਹਾਲਾਂਕਿ ਮੈਨੂੰ ਵੀ ਘਾਟਾ ਪੈਣ ਦਾ ਡਰ ਲੱਗਦਾ ਰਹਿੰਦਾ ਸੀ। ਮੈਂ ਆਪਣੇ ਟੀਚਿਆਂ ਵਿਚ ਅਸਫਲ ਬਹੁਤ ਘੱਟ ਹੋਇਆ ਹਾਂ ਪਰ ਕੋਈ ਤਾਕਤ ਉਚੇਚੇ ਟੀਚੇ ਰੱਖਣ ਤੋਂ ਹਮੇਸ਼ਾ ਰੋਕਦੀ ਰਹਿੰਦੀ ਹੈ। ਸ਼ਾਇਦ ਇਹ ਤਾਕਤ ਫੇਲ੍ਹ ਹੋਣ ਜਾਂ ਰੀਜੈਕਸ਼ਨ ਦਾ ਡਰ ਹੈ। ਮੈਂ ਰਿਸਕ ਨਹੀਂ ਲੈ ਸਕਦਾ। ਮੈਨੂੰ ਜੂਆ ਤਾਂ ਇਕ ਪਾਸੇ ਲਾਟਰੀ ਪਾਉਣੀ ਵੀ ਚੰਗੀ ਨਹੀਂ ਲੱਗਦੀ। ਵਿਦੇਸ਼ ਗਿਆ ਤਾਂ ਦੋਸਤ ਮਿੱਤਰ ਕੈਸੀਨੋ ਲੈ ਗਏ, ਮੈਨੂੰ ਖੇਡਣਾ ਚੰਗਾ ਨਾ ਲੱਗਿਆ, ਪਤਾ ਨਹੀਂ ਕਿਉਂ ਮੈਨੂੰ ਹੱਕ ਦੀ ਨਿਯਮਤ ਜਿਹੀ ਕਮਾਈ ਹੀ ਚੰਗੀ ਲੱਗਦੀ ਹੈ।

ਇਕ ਵਾਰ ਦੋਸਤ ਡਾਕਟਰ ਜੋੜਾ ਘਰ ਆਇਆ ਅਤੇ ਇਕ ਪੌਂਜੀ ਸਕੀਮ ਸਮਝਾਉਣ ਲੱਗਿਆ ਕਿ ਤੁਸੀਂ ਇਸ ਇਨਵੈਸਟਮੈਂਟ ਕਮ ਫਾਈਨੈਂਸ਼ਲ ਸਕੀਮ ਦੇ ਮੈਂਬਰ ਬਣੋ। ਅੱਗੇ ਤੁਸੀਂ ਪੈਸੇ ਲੈ ਕੇ ਚਾਰ ਮੈਂਬਰ ਬਣਾਉਣੇ ਹੋਣਗੇ, ਉਹ ਅੱਗੇ ਚਾਰ ਮੈਂਬਰ ਹੋਰ ਬਣਾਉਣਗੇ, ਇੰਝ ਇਹ ਲਾਮਡੋਰੀ ਚੱਲਦੀ ਰਹੇਗੀ, ਸਾਰੇ ਹੀ ਅਮੀਰ ਬਣ ਜਾਣਗੇ। ਸਾਰੀ ਪੇਮੈਂਟ ਬੈਂਕ ਡਰਾਫਟ ਰਾਹੀਂ ਹੋਵੇਗੀ। ਸਾਡੀ ਇਸ ਸਕੀਮ ਵਿਚ ਦਿਲਚਸਪੀ ਨਾ ਜਾਗੀ, ਚਾਹ ਪਾਣੀ ਪਿਆ ਕੇ ਅਸੀਂ ਕਿਹਾ ਕਿ ਅਜਿਹੀਆਂ ਸਕੀਮਾਂ ਫਰਾਡ ਹੁੰਦੀਆਂ ਹਨ, ਤੁਸੀਂ ਵੈਸੇ ਸਾਡੇ ਤੋਂ ਮੈਂਬਰਸ਼ਿਪ ਦੇ ਪੈਸੇ ਲੈ ਲਵੋ ਪਰ ਅਸੀਂ ਅੱਗੇ ਕੋਈ ਮੈਂਬਰ ਨਹੀਂ ਬਣਾ ਸਕਦੇ। ਇਸ ਉਪਰ ਡਾਕਟਰ ਜੋੜਾ ਥੋੜ੍ਹਾ ਗੁੱਸੇ ਹੋ ਗਿਆ। ਕਹਿਣ ਲੱਗਾ ਤੁਸੀਂ ਸੋਸ਼ਲ ਨਹੀਂ ਹੋ, ਤੁਹਾਡੀ ਕਿਸੇ ਨਾਲ ਬਣੀ ਹੋਈ ਨਹੀਂ ਹੋਣੀ, ਮਸਲਾ ਪੈਸੇ ਲੈਣ ਦਾ ਨਹੀਂ, ਅੱਗੇ ਸਕੀਮ ਚਲਾਉਣ ਦਾ ਹੈ। ਉਨ੍ਹਾਂ ਚੁਣੌਤੀ ਦਿੱਤੀ ਕਿ ਤੁਸੀਂ ਇਹ ਕੰਮ ਕਰ ਹੀ ਨਹੀਂ ਸਕਦੇ। ਗੱਲ ਕੀ ਜਿਹੜਾ ਕੰਮ ਦੋਸਤੀ ਨੇ ਨਾ ਕੀਤਾ, ਉਹ ਹਉਮੈਂ ਨੂੰ ਪਾਈ ਵੰਗਾਰ ਨੇ ਕਰ ਦਿੱਤਾ। ਅਸੀਂ ਮੈਂਬਰ ਬਣੇ ਤੇ ਅੱਗੇ ਵੀ ਮੈਂਬਰ ਬਣਾ ਦਿੱਤੇ ਅਤੇ ਗਾਹੇ ਬਗਾਹੇ ਹੋਰ ਮੈਂਬਰਾਂ ਨੂੰ ਵੀ ਪ੍ਰੇਰਤ ਕੀਤਾ। ਲਓ ਜੀ ਪੈਸੇ ਡਿੱਗਣੇ ਸ਼ੁਰੂ ਹੋਏ, ਡਾਕਟਰ ਜੋੜਾ ਖੁਸ਼, ਅਸੀਂ ਵੀ ਖੁਸ਼, ਸਾਡੀ ਲੜੀ ਚੱਲ ਨਿਕਲੀ। ਪੈਸੇ ਤਾਂ ਆਈ ਜਾਣ ਜਦ ਪੰਜਾਹ ਹਜ਼ਾਰ ਟੱਪਿਆ ਤਾਂ ਸਾਨੂੰ ਲੱਗਣ ਲੱਗਾ ਕਿ ਇਹ ਹੱਕ ਦੀ ਕਮਾਈ ਨਹੀਂ, ਇਹ ਬੰਦ ਹੋਣੀ ਚਾਹੀਦੀ ਹੈ। ਸਕੀਮ ਸਾਡੇ ਹੱਥ ਨਹੀਂ ਸੀ, ਰੱਬ ਰੱਬ ਕਰਕੇ ਸਕੀਮ ਲੱਖ ਕੁ ਤੇ ਜਾ ਕੇ ਖੜ੍ਹ ਗਈ। ਉਨ੍ਹਾਂ ਦਿਨਾਂ ਵਿਚ ਅਸੀਂ ਬੜੇ

ਉੱਖੜੇ ਰਹੇ ਕਿ ਇਹ ਕਮਾਈ ਹੱਕ ਹਲਾਲ ਦੀ ਨਹੀਂ। ਉਸ ਤੋਂ ਬਾਅਦ ਅਸੀਂ ਕੰਨਾਂ ਨੂੰ ਹੱਥ ਲਾਏ ਕਿ ਕਿਸੇ ਅਜਿਹੀ ਸਕੀਮ ਵਿਚ ਨਹੀਂ ਪੈਣਾ। ਆਖਿਰ ਇਹ ਪੈਸਾ ਦੋਸਤਾਂ ਮਿੱਤਰਾਂ ਦਾ ਹੀ ਹੋਵੇਗਾ।

ਕੁਝ ਦਹਾਕੇ ਪਹਿਲਾਂ ਤਕ ਰੇਲਵੇ ਸਟੇਸ਼ਨਾਂ 'ਤੇ ਭਾਰ ਤੋਲਣ ਵਾਲੀਆਂ ਆਟੋਮੈਟਿਕ ਮਸ਼ੀਨਾਂ ਲੱਗੀਆਂ ਹੁੰਦੀਆਂ ਸਨ। ਤੁਸੀਂ ਪਲੇਟਫਾਰਮ 'ਤੇ ਚੜ੍ਹੋ, ਸਿੱਕਾ ਪਾਓ, ਗੋਲ ਚੱਕਰ ਚਲਦਾ ਵੇਖੋ, ਤੁਹਾਡੇ ਭਾਰ ਨੂੰ ਦਰਸਾਉਂਦੀ ਪ੍ਰਿੰਟਿਡ ਟਿਕਟ ਪ੍ਰਾਪਤ ਹੁੰਦੀ ਸੀ। ਇਸ ਟਿਕਟ ਦੇ ਇਕ ਪਾਸੇ ਤੁਹਾਡੀ ਸ਼ਖ਼ਸੀਅਤ ਬਾਰੇ ਆਮ ਕਰਕੇ ਲਿਖਿਆ ਆਉਂਦਾ ਸੀ ਕਿ ਤੁਸੀਂ ਤਾਂ ਲੋਕਾਂ ਦਾ ਬਹੁਤ ਕਰਦੇ ਹੋ ਪਰ ਲੋਕ ਤੁਹਾਡਾ ਨਹੀਂ ਕਰਦੇ, ਇਹੀ ਗੱਲਾਂ ਥੋੜ੍ਹੇ ਬਹੁਤੇ ਫਰਕ ਨਾਲ ਜੋਤਿਸ਼ੀ ਆਪਣੇ ਗਾਹਕਾਂ ਨੂੰ ਫਸਾਉਣ ਲਈ ਕਰਦੇ ਹਨ। ਇਹ ਗੱਲਾਂ ਬੰਦੇ ਨੂੰ ਖੁਸ਼ ਕਰਦੀਆਂ ਹਨ ਤੇ ਦੂਜਿਆਂ ਨੂੰ ਘਟੀਆ ਸਿੱਧ ਕਰਦੀਆਂ ਹਨ। ਮੈਂ ਇਸ ਦੇ ਉਲਟ ਕਹਿੰਦਾ ਹਾਂ ਕਿ ਲੋਕਾਂ ਨੇ ਜਿੰਨਾ ਮੇਰਾ ਕੀਤਾ ਹੈ, ਮੈਂ ਓਨਾ ਨਹੀਂ ਕਰ ਸਕਿਆ। ਮੈਂ ਜਿਸ ਜਿਸ ਦੀ ਵੀ ਮਦਦ ਕੀਤੀ, ਉਸ ਤੋਂ ਕਦੇ ਆਸ ਨਹੀਂ ਰੱਖੀ, ਕਿਉਂਕਿ ਮੇਰਾ ਮੰਨਣਾ ਹੈ ਕਿ ਇਹ ਇਕ ਵੱਟੇ ਇਕ ਦਾ ਤੁਰੰਤ (ਵੰਨ ਟੂ ਵੰਨ) ਲੈਣ ਦੇਣ ਨਹੀਂ ਹੁੰਦਾ, ਸਗੋਂ ਤੁਸੀਂ ਕਿਸੇ ਹੋਰ ਦਾ ਕਰਦੇ ਹੋ, ਤੁਹਾਡਾ ਕੋਈ ਹੋਰ ਕਰਦਾ ਹੈ। ਜਿਨ੍ਹਾਂ ਵੱਡਿਆਂ ਨੇ ਸਾਡੀ ਸਹਾਇਤਾ ਕੀਤੀ ਹੈ, ਉਨ੍ਹਾਂ ਦਾ ਅਹਿਸਾਨਮੰਦ ਹਾਂ, ਉਨ੍ਹਾਂ ਨੇ ਅਹਿਸਾਨ ਚੁਕਾਉਣ ਦਾ ਮੌਕਾ ਵੀ ਨਹੀਂ ਦਿੱਤਾ। ਪਰ ਜਿਨ੍ਹਾਂ ਦਾ ਮੇਰੇ ਹੱਥੋਂ ਕੁੱਝ ਚੰਗਾ ਹੋਇਆ ਹੈ, ਉਹ ਕਈ ਵਾਰ ਅਹਿਸਾਨ ਚੁਕਾ ਜਾਂਦੇ ਹਨ ਜਾਂ ਘੱਟੋ ਘੱਟ ਉਨ੍ਹਾਂ ਦੀਆਂ ਅੱਖਾਂ ਵਿਚ ਅਹਿਸਾਨਮੰਦ ਹੋਣ ਦਾ ਅਹਿਸਾਸ ਰਹਿੰਦਾ ਹੈ।

ਮੈਨੂੰ ਅੱਜ ਵੀ ਪ੍ਰਾਈਮਰੀ ਦੀਆਂ ਸ਼ਕੁੰਤਲਾ ਤੇ ਲੱਛਮੀ ਭੈਣਾਂ, ਹਾਈ ਸਕੂਲ ਦੇ ਪੱਪੂ, ਪਰਮਵੀਰ, ਮਨੋਜ ਤੇ ਸੰਜੀਵ, ਪ੍ਰੈੱਪ ਦੇ ਚਾਰੇ ਗੱਗੇ ਗੁਰਵਿੰਦਰ, ਗੁਰਦੇਵ, ਗੁਰਸੇਵਕ, ਗੁਰਮੇਲ ਬੀ.ਐੱਸਸੀ. ਦੇ ਸੰਜੀਵ, ਵਿਨੋਦ, ਰਮਨ, ਮਨੋਹਰ, ਬੀ.ਐੱਡ ਦੇ ਗੁਰਾਂਦਿੱਤਾ,ਜਸਵਿੰਦਰ, ਲਛਮਣ, ਕੰਵਲਜੀਤ, ਕਰਮਜੀਤ, ਰਾਜ, ਐੱਮ.ਏ. ਦੇ ਧਰਮ ਕੰਮੇਆਣਾ, ਮੁਖਤਿਆਰ, ਹਰਮੰਦਰ, ਪ੍ਰੀਤਇੰਦਰ, ਹਰਸ਼ਿੰਦਰ, ਪ੍ਰਮਿੰਦਰ, ਐੱਮ.ਫਿਲ ਦੇ ਸਾਰੇ ਹੀ ਖ਼ਾਸ ਕਰਕੇ ਕਾਂਗ, ਮਨਜੀਤ, ਅੰਮ੍ਰਿਤਪਾਲ, ਸ਼ੰਮੀ, ਬਚਿੱਤਰ, ਕਰਨੈਲ ਯਾਦ ਆਉਂਦੇ ਹਨ। ਕੁਝ ਨਾਲ ਸਾਂਝ ਸੰਪਰਕ ਹੁਣ ਵੀ ਬਣਿਆ ਆ ਰਿਹਾ ਹੈ।

ਬਚਪਨ ਵਿਚ ਬੇਰੀਆਂ ਦੇ ਬੇਰ, ਸ਼ਹਿਤੂਤ ਦੀਆਂ ਤੂਤੀਆਂ, ਨਿੰਮ ਦੀਆਂ ਨਿਮੋਲੀਆਂ, ਗੋਂਦੀ ਦੀਆਂ ਗੋਂਦੀਆਂ ਸਾਡੀ ਪੀੜ੍ਹੀ ਦੀ ਅੱਯਾਸ਼ੀ ਸੀ। ਗੋਂਦੀਆਂ ਦੀ ਗੂੰਦ ਨਾਲ ਅਖ਼ਬਾਰਾਂ ਦੇ ਪਤੰਗ ਵੀ ਬਣਾਏ ਜਾਂਦੇ ਜੋ ਬਣ ਤਾਂ ਜਾਂਦੇ ਸੀ ਉਡਦੇ ਘੱਟ ਹੀ ਸਨ। ਪਰ ਬਣਾਉਣ ਦਾ ਆਪਣਾ ਆਨੰਦ ਹੁੰਦਾ ਸੀ ਭਾਵੇਂ ਬਹੁਕਰ ਦੀਆਂ ਤੀਲਾਂ ਅਤੇ ਬੀਬੀ ਦੀਆਂ ਰੀਲ੍ਹਾਂ ਖਰਾਬ ਕਰਨ 'ਤੇ ਝਿੜਕਾਂ ਵਾਧੂ ਪੈਂਦੀਆਂ। ਬਚਪਨ ਵਿਚ ਉਹੀ ਖੇਡਾਂ ਖੇਡੀਆਂ ਜੋ ਉਸ ਸਮੇਂ ਦੇ ਪੇਂਡੂ ਮੁੰਡੇ ਖੇਡਦੇ ਸੀ ਗੋਲ਼ੀਆਂ (ਬੰਟੇ), ਗੁੱਲੀ ਡੰਡਾ, ਗੜ੍ਹਕਾਨਾ ਲੱਕੜੀ, ਸ਼ੱਕਰਭਿੱਜੀ, ਛੂਹਣਛੁਪਾਈ, ਲੁਕਣਛਿਪਾਈ, ਊਚਨੀਚ, ਖੁੱਦੋਖੂੰਡੀ ਤੇ ਫੁੱਟਬਾਲ। ਕ੍ਰਿਕਟ ਅਜੇ ਸ਼ਹਿਰੀਆਂ ਵਿਚ ਟਰਾਂਜ਼ਿਸਟਰ 'ਤੇ ਹੀ ਆਈ ਸੀ। ਸਾਡੀ ਇਕ ਹੋਰ ਖੇਡ ਮਾਖੋਂ ਚੋਣਾ ਹੁੰਦਾ ਸੀ। ਕਿਸੇ ਛਟੀਆਂ ਦੇ ਕੁੰਨੂ ਜਾਂ ਝਾੜੀਆਂ ਵਿਚ ਮਖਿਆਲ਼ ਲੱਗਿਆ ਦੇਖ ਲੈਣਾ ਤਾਂ ਝੱਟ ਮਾਖਿਉਂ ਚੋਣ ਵਿਚ ਮੁਹਾਰਤ ਰੱਖਦੇ ਪੱਪੂ ਨੂੰ ਬੁਲਾ ਲਿਆਉਣਾ। ਇਸ ਵਿਚ ਚੋਰੀ, ਭੱਜਭਜਾਈ, ਮੱਖੀਆਂ ਲੜਨ ਦਾ ਡਰ ਅਤੇ ਮਿਸ਼ਨ ਕਾਮਯਾਬ ਹੋਣ 'ਤੇ ਮਿੱਠਾ ਸ਼ਹਿਦ ਮਿਲਣ ਦੀ ਝਾਕ ਰਲ਼ ਕੇ ਉਤੇਜਨਾ ਭਰਦੇ ਸੀ। ਬਚਪਨ ਵਿਚ ਤਿੰਨ ਪਹੀਆ ਸਾਈਕਲ, ਵੱਡੇ ਸਾਈਕਲ ਦੀ ਕੈਂਚੀ, ਡੰਡੇ ਤੋਂ ਲੈ ਕੇ ਕਾਠੀ ਤਕ ਸਭ ਪੁਜੀਸ਼ਨਾਂ ਮਾਣੀਆਂ ਹਨ। ਜ਼ਿੰਦਗੀ ਵਿਚ ਬਲ਼ਦਾਂ ਮਗਰ ਸੁਹਾਗੇ ਤੋਂ ਲੈ ਕੇ ਹਵਾਈ ਜਹਾਜ਼ ਤਕ ਸਭ ਦੇ ਝੂਟੇ ਲਏ ਹਨ। ਪਹਿਲੀ ਸਕੂਟਰੀ ਹੀਰੋ ਮਜੈਸਟਿਕ, ਪਹਿਲਾ ਮੋਟਰ ਸਾਈਕਲ ਰਾਜਦੂਤ, ਪਹਿਲਾ ਸਕੂਟਰ ਬਜਾਜ ਚੇਤਕ, ਪਹਿਲਾ ਟਰੈਕਟਰ 2511, ਪਹਿਲੀ ਕਾਰ ਫੀਅਟ। ਵੈਸੇ ਮੇਰੀ ਘਰਵਾਲੀ

ਦੀ ਪੱਕੀ ਧਾਰਨਾ ਹੈ ਕਿ ਸੋਹਣੀਆਂ ਕਾਰਾਂ ਜਪਾਨੀਆਂ ਨੂੰ ਹੀ ਬਣਾਉਣੀਆਂ ਆਉਂਦੀਆਂ ਹਨ। ਵੈਸੇ ਹਰ ਕਾਰ ਦੇ ਆਪਣੇ ਫਾਇਦੇ ਤੇ ਆਪਣੇ ਨੁਕਸਾਨ ਹੁੰਦੇ ਹਨ। ਅੱਜਕਲ੍ਹ ਦੋ ਹਾਂਡਾ (ਸਿਟੀ ਤੇ ਬੀਆਰਵੀ) ਅਤੇ ਇਕ ਮਾਰੂਤੀ ਵੈਗਨਆਰ ਕਾਰ ਚਲਾਈ ਦੀ ਹੈ।

ਜਾਣਪਛਾਣ ਬਹੁਤ ਹੈ ਪਰ ਦਿਲ ਦੇ ਮਹਿਰਮ ਥੋੜ੍ਹੇ ਹਨ। ਕਦੇ ਕੋਸ਼ਿਸ਼ ਕਰ ਕੇ ਦੋਸਤ ਨਹੀਂ ਬਣਾਏ। ਜਮਾਤੀਆਂ ਅਤੇ ਸਹਿਕਰਮੀਆਂ ਤੋਂ ਇਲਾਵਾ ਤਰਕਸ਼ੀਲ ਸੁਸਾਇਟੀ ਨੇ ਵੱਡਾ ਘੇਰਾ ਦਿੱਤਾ ਹੈ। ਸਾਹਿਤ, ਕਲਾ, ਮੀਡੀਆ ਨੇ ਬੜੀ ਜਾਣ ਪਛਾਣ ਬਣਾਈ ਹੈ ਪਰ ਜੋ ਸਹਿਜ ਹੀ ਦੋਸਤ ਬਣੇ ਉਹੀ ਬਣਾਏ। ਪੁਰਾਣੇ ਦੋਸਤ ਕਦੇ ਛੱਡੇ ਨਹੀਂ, ਨਵਿਆਂ ਤੋਂ ਕਦੇ ਭੱਜੇ ਨਹੀਂ। ਦੋਸਤੀ ਵਿਚ ਤੁਹਾਡੇ ਕੋਲ਼ ਚੋਣ ਹੁੰਦੀ ਹੈ ਪਰ ਰਿਸ਼ਤੇ ਬਣੇ ਬਣਾਏ ਹੁੰਦੇ ਹਨ। ਰਿਸ਼ਤਿਆਂ ਵਿਚ ਦੁਨੀਆਂਦਾਰੀ ਬਹੁਤ ਘੱਟ ਆਉਂਦੀ ਹੈ। ਮੋਹ ਜ਼ਿਆਦਾ ਆਉਂਦਾ ਹੈ ਪਰ ਕਈ ਵਾਰ ਮੋਹ ਤੋਂ ਵਧ ਕੇ ਆਤਮ ਮੋਹ ਜਾਗ ਪੈਂਦਾ ਹੈ, ਹੰਕਾਰ ਵਿਚ ਪਲਟ ਜਾਂਦਾ ਹੈ। ਆਖਰ ਇਹ ਆਪਣੇ ਆਪ ਨੂੰ ਸਮਝਦੇ ਕੀ ਹਨ? ਮੇਰੀ ਪ੍ਰਵਾਹ ਹੀ ਨਹੀਂ ਕਰਦੇ, ਮੈਨੂੰ ਸਮਝਦੇ ਹੀ ਨਹੀਂ ਹਨ। ਹਰ ਇਕ ਦੇ ਕੰਮ ਆਉਣਾ ਚਾਹੁੰਦਾ ਹਾਂ ਪਰ ਕੋਈ ਉੱਲੂ ਬਣਾਵੇ ਇਹ ਗਵਾਰਾ ਨਹੀਂ। ਰਿਸ਼ਤਿਆਂ ਵਿਚ ਭਿੱਜ ਕੇ ਕਈ ਵਾਰ ਗਲੇਡੂ ਭਰਨ ਦੀ ਕਮਜ਼ੋਰੀ ਆਉਂਦੀ ਹੈ, ਕੋਈ ਠੇਸ ਪਹੁੰਚਾ ਦੇਵੇ ਤਾਂ ਉਸ ਨੂੰ ਭੁੱਲਦਾ ਨਹੀਂ ਪਰ ਉਸ ਦੀ ਪੋਟਲੀ ਬੰਨ੍ਹ ਕੇ ਕਿਧਰੇ ਮਨ ਦੀ ਪਿਛਲੀ ਪੜਛੱਤੀ ਸੁੱਟ ਦਿੰਦਾ ਹਾਂ। ਹਰ ਵੇਲ਼ੇ ਨਾਲ ਨਹੀਂ ਚੱਕੀ ਫਿਰਦਾ। ਜਾਣਦਾ ਹਾਂ ਮਨ ਇਕ ਭਾਂਡਾ ਹੈ, ਇਸ ਵਿਚੋਂ ਬਾਹਰ ਨਿਕਲਦਾ ਕੁੱਝ ਨਹੀਂ ਬੱਸ ਤੁਸੀਂ ਨਵੇਂ ਚੰਗੇ ਅਨੁਭਵਾਂ ਨਾਲ ਪੁਰਾਣੇ ਮਾੜੇ ਅਨੁਭਵ ਨੂੰ ਦੱਬ ਸਕਦੇ ਹੋ। ਇਸੇ ਲਈ ਦੂਜੇ ਦਾ ਨਜ਼ਰੀਆ ਸਮਝਣ ਦੀ ਕੋਸ਼ਿਸ਼ ਕਰਦਾ ਹਾਂ, ਉਸਦੀ ਥਾਂ ਖੜ੍ਹ ਕੇ ਸੋਚਣ ਦੀ ਕੋਸ਼ਿਸ਼ ਕਰਦਾ ਹਾਂ। ਮੁੜ ਪਹਿਲਾਂ ਵਰਗਾ ਹੀ ਹੋ ਜਾਂਦਾ ਹਾਂ। ਦਿਲ ਵਿਚ ਰੜਕ ਰੱਖਣ ਦੀ ਨਾ ਸਮਰੱਥਾ ਹੈ ਨਾ ਲੋੜ ਸਮਝਦਾ ਹਾਂ। ਹਰ ਗੱਲ ਹਰ ਇਕ ਨਾਲ ਕਰ ਲੈਂਦਾ ਹਾਂ। ਜ਼ਿੰਦਗੀ ਖੁੱਲ੍ਹੀ ਕਿਤਾਬ ਹੈ, ਨਾ ਕੁੱਝ ਲੁਕਾਇਆ ਹੈ, ਨਾ ਲੁਕਾਉਣਯੋਗ ਹੈ, ਨਾ ਹੀ ਕਦੇ ਅਜਿਹੀ ਲੋੜ ਜਾਪੀ ਹੈ।

ਲਉ ਇਕ ਹੋਰ ਅਜੀਬ ਗੱਲ ਪੜ੍ਹੋ ਕਿ ਮੈਂ ਸਾਹਿਤ ਦਾ ਡਾਕਟਰ ਬਣਨ ਤੋਂ ਪਹਿਲਾਂ ਮੈਡੀਕਲ ਡਾਕਟਰ ਬਣ ਗਿਆ ਸੀ। ਵੈਸੇ ਤਾਂ ਹਰ ਪ੍ਰੀ ਮੈਡੀਕਲ ਕਰਨ ਵਾਲੇ ਨੂੰ ਸਾਰੇ ਡਾਕਟਰ ਡਾਕਟਰ ਕਰਨ ਲੱਗ ਪੈਂਦੇ ਹਨ ਪਰ ਮੇਰਾ ਸਬੱਬ ਹੋਰ ਸੀ। ਬੀ.ਐੱਸਸੀ. ਕਰਕੇ ਵਿਹਲਾ ਹੋਇਆ ਤਾਂ ਮੇਰਾ ਬੀ.ਐੱਸਸੀ. ਦਾ ਕਲਾਸਫੈਲੋ ਵਿਨੋਦ ਕੋਟਕਪੂਰੇ ਆਪਣੇ ਡਾਕਟਰ ਮਾਮੇ ਮੂੰਗੇ ਕੋਲ਼ ਕੰਪਾਊਡਰ ਦਾ ਕੰਮ ਕਰਦਾ ਸੀ। ਜਿਵੇਂ ਟੀਕੇ, ਬੋਤਲਾਂ ਲਗਾਉਣੀਆਂ, ਦਵਾਈਆਂ ਪਾ ਕੇ ਦੇਣੀਆਂ, ਆਪਰੇਸ਼ਨ ਥੀਏਟਰ ਵਿਚ ਨਾਲ ਖੜ੍ਹਨਾ, ਬਲੱਡ ਪ੍ਰੈਸ਼ਰ ਚੈੱਕ ਕਰਨਾ, ਬੁਖ਼ਾਰ ਦੇਖਣਾ। ਮੈਂ ਅਕਸਰ ਉਸ ਨੂੰ ਮਿਲਣ ਚਲਾ ਜਾਂਦਾ। ਉਹ ਕਹਿੰਦਾ ਤੂੰ ਰੋਜ਼ ਮਿਲਣ ਤਾਂ ਆਉਣਾ ਹੀ ਹੈ, ਕੰਮ ਹੀ ਸਿੱਖ ਲੈ, ਕਦੇ ਕੰਮ ਆਊਗਾ। ਮੈਂ ਹਫ਼ਤੇ ਵਿਚ ਪਰਚੀ ਪੜ੍ਹ ਕੇ ਗੋਲੀਆਂ ਦੇਣੀਆਂ ਤੇ ਟੀਕੇ ਲਗਾਉਣੇ ਸਿੱਖ ਗਿਆ। ਛੇਤੀ ਹੀ ਪਤਾ ਲੱਗ ਗਿਆ, ਕਹਾਣੀ ਬਹੁਤ ਛੋਟੀ ਹੈ। ਤਿੰਨ ਚਾਰ ਹੀ ਪੇਨ ਕਿੱਲਰ ਜਾਂ ਬੁਖ਼ਾਰ ਲਾਹੁਣ ਵਾਲੀਆਂ ਗੋਲੀਆਂ ਹੁੰਦੀਆਂ ਹਨ, ਪੈਰਾਸੀਟਾਮੋਲ, ਐਨਾਲਜਿਨ, ਬਰੂਫਿਨ, ਐਸਪਰਿਨ ਤੇ ਚਾਰ ਪੰਜ ਹੀ ਮੇਨ ਐਂਟੀਬਾਇਟਿਕ ਪੈਨਸਲੀਨ, ਟੈਟਰਾਸਾਈਕਲਿਨ, ਅਮੌਕਸੀ, ਕਲੋਰੋਫੈਨੀਕੋਲ, ਸਲਫਾਮੀਥਾਕਸਾਜੋਲ ਹੁੰਦੇ ਹਨ। ਬਾਕੀ ਹਰ ਬਿਮਾਰੀ ਲਈ ਇਕ ਅੱਧਾ ਵਿਸ਼ੇਸ਼ ਸਾਲਟ ਹੁੰਦਾ ਹੈ, ਜਿਵੇਂ ਮਲੇਰੀਏ ਲਈ ਕੁਨੀਨ, ਬੀ.ਪੀ. ਲਈ ਲਿਸਨੀਪਰਿਲ, ਸ਼ੂਗਰ ਲਈ ਗਲਿਪੀਜਾਈਡ, ਥਾਇਰਾਇਡ ਲਈ ਲੀਵੋਥਾਏਰੈਕਸਾਈਨ। ਸਭ ਤੋਂ ਵੱਧ ਰਾਮਬਾਣ ਸਟੀਅਰਾਇਡ ਹੁੰਦੇ ਹਨ। ਕੁਝ ਦੇਰ ਬਾਅਦ ਵਿਨੋਦ ਨੇ ਸਾਡੇ ਪਿਛਲੇ ਪਿੰਡ ਸਾਧਾਂ ਵਾਲੇ ਦੁਕਾਨ ਕਰਨ ਦਾ ਫ਼ੈਸਲਾ ਕਰ ਲਿਆ। ਉੱਥੋਂ ਘੁੰਮ ਘੁੰਮਾ ਕੇ ਹਰੀ ਨੌ ਆ ਟਿਕਿਆ। ਮੈਂ ਬੀ.ਐੱਡ ਕਰਨ ਲੱਗ ਪਿਆ ਪਰ ਛੁੱਟੀਆਂ ਵਿਚ ਉਸ ਨਾਲ ਡਾਕਟਰੀ ਕਰਦਾ। ਕੁਝ ਲੋਕ ਭਾਵੇਂ ਅਜਿਹੇ ਡਾਕਟਰਾਂ ਨੂੰ ਝੋਲਾ ਛਾਪ ਆਖਦੇ ਹਨ ਪਰ ਇਹ ਡਾਕਟਰ ਘਰਦੇ ਬੂਹੇ 'ਤੇ ਜਾ ਕੇ ਸੇਵਾ ਦਿੰਦਾ ਹੈ। ਸਸਤੀ ਦਵਾਈ ਦਿੰਦਾ ਹੈ, ਉਧਾਰ ਦਿੰਦਾ ਹੈ, ਤੁਰੰਤ ਰਾਹਤ ਦਿੰਦਾ ਹੈ ਪਰ ਕਈ ਵਾਰ ਲਾਲਚ ਵਿਚ ਫਸ ਕੇ ਸਮਝੋਂ ਬਾਹਰੇ

ਗੰਭੀਰ ਰੋਗਾਂ ਦਾ ਵੀ ਸਾਧਾਰਨ ਲੱਛਣ ਅਧਾਰਤ ਇਲਾਜ ਕਰ ਕੇ ਬਿਮਾਰੀ ਵਧਾ ਦਿੰਦਾ ਹੈ। ਹੱਦੋਂ ਵੱਧ ਸਖਤ ਦਵਾਈਆਂ ਖ਼ਾਸ ਕਰਕੇ ਸਟੀਅਰਾਇਡ ਅਤੇ ਪੇਨਕਿੱਲਰ ਟਾਫੀਆਂ ਵਾਂਗ ਖਵਾ ਦਿੰਦਾ ਹੈ। ਇਸ ਦੇ ਬਾਵਜੂਦ ਪਿੰਡ ਦੇ ਲੋਕਾਂ ਲਈ ਉਹ ਸੱਚੀਂ ਦਾ ਰੱਬ ਨਾ ਸਹੀ ਪਰ ਸੱਚੀਂ ਦਾ ਡਾਕਟਰ ਬਣ ਜ਼ਰੂਰ ਬਹੁੜਦਾ ਹੈ। ਖੈਰ ਮੈਂ ਸਾਹਿਤ ਦਾ ਡਾਕਟਰ ਬਣਨ ਪਟਿਆਲੇ ਆ ਗਿਆ ਤੇ ਇਹ ਡਾਕਟਰੀ ਦਾ ਸ਼ੌਕ ਪਿੱਛੇ ਰਹਿ ਗਿਆ।

ਵੈਸੇ ਜੁਆਨੀ ਸਮੇਂ ਇਨਕਲਾਬ ਬਰੂਹਾਂ 'ਤੇ ਖੜ੍ਹਾ ਦਿਖਾਈ ਦਿੰਦਾ ਸੀ। ਸਾਰਾ ਗਿ:ਆ ਸੜਿਆ ਨਾਪਸੰਦ ਢਾਂਚਾ ਨਵਾਂ ਸਿਰਜਣ ਦੀ ਤਾਂਘ ਸੀ। ਪੰਜਾਬ ਸਟੂਡੈਂਟ ਯੂਨੀਅਨ ਇਸ ਲਈ ਖੁੱਲ੍ਹਾ ਪਲੇਟਫਾਰਮ ਸੀ। ਹਲਕੀ ਜਿਹੀ ਕਨਸੋਅ ਸੀ ਕਿ ਇਸ ਪਿੱਛੇ ਅੰਡਰਗਰਾਊਂਡ ਹਥਿਆਰਬੰਦ ਨਕਸਲਾਈਟ ਪਾਰਟੀ ਖੜ੍ਹੀ ਹੈ। ਦਰਬਾਰਾ ਸਿੰਘ ਗੌਰਮਿੰਟ ਵੱਲੋਂ ਬੱਸਾਂ ਦਾ ਕਿਰਾਇਆ ਵਧਾਇਆ ਗਿਆ ਸੀ ਜਿਸ ਵਿਰੁੱਧ ਸੰਘਰਸ਼ ਚੱਲ ਰਿਹਾ ਸੀ। 21 ਫਰਵਰੀ ਮੁਜ਼ਾਹਰਾ ਸੀ ਜਦੋਂ ਸਾਡੇ 'ਤੇ ਬਠਿੰਡੇ ਬੱਸ ਅੱਡੇ 'ਤੇ ਲਾਠੀਚਾਰਜ ਹੋਇਆ। ਸੁਖਦੇਵ ਪਟਵਾਰੀ ਵਰਗਿਆਂ ਨਾਲ ਪੁਲਿਸ ਨੇ ਸਭ ਨੂੰ ਘੇਰ ਕੇ ਗ੍ਰਿਫਤਾਰ ਕਰ ਲਿਆ। ਮੇਰੇ ਸਿਰ 'ਤੇ ਵੱਜੀ ਡਾਂਗ ਦਾ ਰੋਬੜਾ ਅਜੇ ਤਕ ਰੜਕਦਾ ਹੈ। ਕਾਬੂ ਨਾ ਆ ਰਹੇ ਲੀਡਰਾਂ ਦੀਆਂ ਪੱਗਾਂ ਨਾਲ ਹੀ ਮੁਸ਼ਕਾਂ ਬੰਨ੍ਹ ਦਿੱਤੀਆਂ। ਪੁਲਿਸ ਸਾਨੂੰ ਟਰੱਕਾਂ ਵਿਚ ਚੜ੍ਹਾ ਰਹੀ ਸੀ। ਇਕ ਹੌਲਦਾਰ ਆਇਆ ਤੇ ਸਿਪਾਹੀ ਨੂੰ ਮੇਰੇ ਬਾਰੇ ਕੁਝ ਇਸ਼ਾਰਾ ਕਰ ਗਿਆ। ਦੋ ਸਿਪਾਹੀਆਂ ਨੇ ਮੈਨੂੰ ਬਾਹੋਂ ਫੜ ਕੇ ਟਰੱਕ ਵਿਚ ਚੜ੍ਹਾ ਲਿਆ। ਟਰੱਕ ਸ਼ਹਿਰੋਂ ਬਾਹਰ ਜਾਣ ਲੱਗੇ। ਕੋਈ ਕਿਲੋਮੀਟਰ ਬਾਹਰ ਜਾ ਕੇ ਦੋ ਸਿਪਾਹੀਆਂ ਨੇ ਜ਼ਬਰਦਸਤੀ ਮੈਨੂੰ ਟਰੱਕ ਤੋਂ ਥੱਲੇ ਲਾਹ ਦਿੱਤਾ। ਮੈਂ ਜੋਸ਼ ਵਿਚ ਟਰੱਕ ਦੇ ਪਿੱਛੇ ਨਾਅਰੇ ਮਾਰਦਾ ਭੱਜ ਰਿਹਾ ਸੀ। ਉਸ ਸਮੇਂ ਇਕ ਆਮ ਰਿਵਾਜ ਸੀ ਕਿ ਪੁਲਿਸ ਗ੍ਰਿਫਤਾਰ ਲੋਕਾਂ ਨੂੰ ਹਨੇਰੇ ਪਏ ਦੂਰ ਦੁਰਾਡੇ ਛੱਡ ਦਿੰਦੀ ਸੀ। ਮੈਨੂੰ ਲੱਗਦਾ ਸੀ ਬਾਕੀਆਂ ਨੂੰ ਵੀ ਅਖੀਰ ਛੱਡ ਦਿੱਤਾ ਜਾਵੇਗਾ ਪਰ ਉਸ ਦਿਨ ਸਭ ਨੂੰ ਜੇਲ੍ਹ ਲੈ ਗਈ। ਮੈਂ ਥੱਕਿਆ ਟੁੱਟਿਆ ਰਾਜਿੰਦਰਾ ਕਾਲਿਜ ਦੇ ਹੋਸਟਲ ਅਤੇ ਹੋਰ ਟਿਕਾਣਿਆਂ 'ਤੇ ਗਿਆ। ਸਭ ਥਾਂ ਜਿੰਦੇ ਵੱਜੇ ਸੀ, ਸਭ ਭੱਜੇ ਹੋਏ ਸੀ। ਮੈਂ ਥੱਕ ਹਾਰ ਕੇ ਭੈਣ ਘਰ ਆ ਗਿਆ। ਅਗਲੇ ਦਿਨ ਕਾਲਿਜ ਗਿਆ ਪਰ ਕਾਲਿਜ ਬੰਦ ਸੀ। ਅਸੀਂ ਕੁਝ ਮੁੰਡਿਆਂ ਨੇ ਆਵਾਜਾਈ ਰੋਕਣ ਲਈ ਮੀਟਿੰਗ ਕੀਤੀ। ਸੜਕ ਰੋਕਣ ਦੀ ਕੋਸ਼ਿਸ ਕੀਤੀ ਜਿਸ ਵਿਚ ਅਸਫਲ ਰਹੇ ਪਰ ਇਸ ਨਾਲ ਮੈਂ ਘੱਟੋ ਘੱਟ ਜਨਤਕ ਬੁਲਾਰਾ ਬਣ ਗਿਆ। ਮੇਰੀ ਭੈਣ ਦੇ ਠਾਣੇਦਾਰ ਪਤਿਉਰੇ ਦਾ ਘਰ ਬਿਲਕੁਲ ਨਾਲ ਹੀ ਸੀ। ਹਫਤੇ ਬਾਅਦ ਮੇਰੇ ਬਾਪੂ ਜੀ ਬਠਿੰਡੇ ਆਏ। ਦੋਵੇਂ ਕੁੜਮ ਪੀਣ ਲੱਗੇ ਤਾਂ ਮੈਨੂੰ ਬੁਲਾ ਲਿਆ। ਠਾਣੇਦਾਰ ਕਹਿੰਦਾ ਕਾਕਾ ਕੁਝ ਪੜ੍ਹਿਆ ਕਰ, ਇਨ੍ਹਾਂ ਕੰਮਾਂ ਵਿਚ ਕੁਝ ਨਹੀਂ ਪਿਆ। ਜ਼ਿਆਦਾ ਜ਼ੋਰ ਹੈ ਤਾਂ ਕੋਈ ਗੇਮ ਕਰ ਲੈ। ਅਸਲ ਵਿਚ ਮੇਰੇ ਬਾਪੂ ਜੀ ਨੂੰ ਠਾਣੇਦਾਰ ਨੇ ਹੀ ਸੁਨੇਹਾ ਭੇਜਕੇ ਬੁਲਾਇਆ ਸੀ। ਹੁਣ ਮੈਨੂੰ ਮਾਮਲਾ ਸਮਝ ਆ ਗਿਆ ਕਿ ਹੌਲਦਾਰ ਮੇਰੇ ਵੱਲ ਇਸ਼ਾਰਾ ਕਰ ਕੇ ਸਿਪਾਹੀਆਂ ਨੂੰ ਕੀ ਕਹਿਣ ਆਇਆ ਸੀ। ਅਸਲ ਵਿਚ ਠਾਣੇਦਾਰ ਨੇ ਦੂਰਦਰਸ਼ਤਾ ਵਰਤਦਿਆਂ ਰਿਸ਼ਤੇਦਾਰੀ ਪੁਗਾਈ ਸੀ। ਮੈਨੂੰ ਇਕੱਲੇ ਨੂੰ ਟਰੱਕ ਵਿਚੋਂ ਲਾਹਿਆ, ਬਾਕੀਆਂ ਨੂੰ ਜੇਲ੍ਹ ਲੈ ਗਏ। ਖੈਰ 'ਵਾਰਿਸ ਸ਼ਾਹ ਨਾ ਮੁੜਾਂ ਰੰਝੇਟੜੇ ਤੋਂ ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ'। ਮੇਰੀਆਂ ਪੱਕੇ ਪੇਪਰਾਂ ਤਕ ਸਰਗਰਮੀਆਂ ਓਵੇਂ ਹੀ ਜਾਰੀ ਰਹੀਆਂ। ਬਠਿੰਡੇ ਦੇ ਨੇੜਲੇ ਪਿੰਡਾਂ ਵਿਚੋਂ ਦੁੱਧ ਇਕੱਠਾ ਕਰਨਾ ਤੇ ਜੇਲ੍ਹ ਦੇ ਕੇ ਆਉਣਾ। ਰੈਲੀਆਂ ਮੁਜ਼ਾਹਰੇ ਕਰਨੇ ਪਰ ਜੇ ਮੈਂ ਜੇਲ੍ਹ ਚਲਿਆ ਜਾਂਦਾ ਤਾਂ ਸ਼ਾਇਦ ਜੀਵਨਧਾਰਾ ਕੁਲਵਕਤੀ ਇਨਕਲਾਬੀ ਬਣਾਉਣ ਵੱਲ ਲੈ ਜਾਂਦੀ। ਖੈਰ ਅਗਲੇ ਸਾਲ ਬੀ.ਐੱਡ ਵਿਚ ਯੂਨੀਅਨ ਦਾ ਯੂਨਿਟ ਨਾ ਬਣਿਆ, ਕੋਰਸ ਹੀ ਨੌਂ ਮਹੀਨਿਆਂ ਦਾ ਹੁੰਦਾ ਸੀ, ਵਿਦਿਆਰਥੀ ਨੌਕਰੀ ਵੱਲੋਂ ਵੀ ਅਤੇ ਵਿਆਹ ਵੱਲੋਂ ਵੀ ਕੈਰੀਅਰ ਸੈੱਟ ਕਰਨ ਵੱਲ ਰੁਚਿਤ ਹੁੰਦੇ।

ਉਸ ਤੋਂ ਬਾਅਦ ਮੈਂ ਨਵੀਂ ਬਣੀ ਤਰਕਸ਼ੀਲ ਸੋਸਾਇਟੀ ਵਿਚ ਸਰਗਰਮ ਹੋ ਗਿਆ। ਤਰਕਸ਼ੀਲ ਸੋਸਾਇਟੀ ਪੰਜਾਬ ਦਾ ਮੀਤ ਪ੍ਰਧਾਨ, ਪ੍ਰੈਸ ਸਕੱਤਰ, ਸੰਪਾਦਕ ਅਤੇ ਮੁੱਖ ਸੰਪਾਦਕ ਰਹਿੰਦਿਆਂ ਕੋਈ ਦਹਾਕਾ ਭਰ ਕੰਮ ਕੀਤਾ। ਮੀਟਿੰਗਾਂ ਕਰ ਕੇ ਨਵੀਆਂ ਇਕਾਈਆਂ ਬਣਾਉਣੀਆਂ,

ਟਰੇਨਿੰਗ ਸਕੂਲ ਲਗਾਉਣੇ, ਜਾਦੂ ਦੇ ਸ਼ੋਅ ਕਰਨੇ, ਲੈਕਚਰਬਾਜ਼ੀ ਕਰਨੀ, ਲੇਖ ਲਿਖਣੇ,ਤਰਕਸ਼ੀਲ ਮੈਗ਼ਜ਼ੀਨ ਕੱਢਣਾ, ਕੇਸ ਹੱਲ ਕਰਨੇ ਅਤੇ ਗ਼ੈਬੀ ਸ਼ਕਤੀ ਦੇ ਦਾਅਵੇਦਾਰਾਂ ਨੂੰ ਚੁਣੌਤੀਆਂ ਦੇਣਾ ਵਰਗੇ ਮੁੱਖ ਕੰਮ ਸੀ। ਜੱਥੇਬੰਦੀਆਂ ਵਿਚ ਕੰਮ ਕਰਨ ਨਾਲ, ਅੰਤਰਰਾਸ਼ਟਰੀ ਸਮਝ ਆਈ, ਸਮਾਜਕ ਵਿਕਾਸ ਦੇ ਨਿਯਮ ਪਤਾ ਲੱਗੇ, ਸਮੂਹਕ ਹਿਤਾਂ ਲਈ ਸੋਚਣ ਦੀ ਜਾਗ ਲੱਗੀ। ਅਮੀਰੀ ਗ਼ਰੀਬੀ ਦੇ ਅਸਲ ਕਾਰਨ ਦਿਸਣ ਲੱਗੇ। ਨਿੱਜੀ ਤੌਰ ‘ਤੇ ਸਭ ਤਰ੍ਹਾਂ ਦੀ ਅਥਾਰਟੀ ਦਾ ਡਰ ਚੁੱਕਿਆ ਗਿਆ। ਸਹੀ ਗੱਲ ਆਖਣ ਦਾ ਜਜ਼ਬਾ ਪੈਦਾ ਹੋਇਆ। ਜਨਤਕ ਬੁਲਾਰਾ ਬਣਾਇਆ ਅਤੇ ਸਿਆਸੀ ਵਿਸ਼ਿਆਂ ਬਾਰੇ ਲਿਖਣਾ ਤੇ ਸਮਝਣਾ ਸਿਖਾਇਆ।

ਮੈਂ ਕੋਈ ਵਿਚਲਾ ਓਹਲਾ ਜਾਂ ਵਿਚੋਲਾ ਨਹੀਂ ਹਾਂ ਪਰ ਜਿਹੜੇ ਜੋੜੇ ਪਿਆਰ ਵਿਆਹ ਕਰਾਉਣਾ ਚਾਹੁੰਦੇ ਹਨ, ਅਜਿਹੇ ਜੋੜੇ ਅਕਸਰ ਸਾਡੇ ਕੋਲ਼ ਆ ਜਾਂਦੇ ਹਨ। ਉਨ੍ਹਾਂ ਲਈ ਮੈਂ ਤੇ ਚਰਨਜੀਤ ਅਕਸਰ ਵਿਚੋਲੇ ਬਣ ਜਾਂਦੇ ਹਾਂ। ਜਿੱਥੇ ਜਾਤ, ਜਮਾਤ, ਧਰਮ ਦਾ ਫਰਕ ਹੋਵੇ, ਓਥੇ ਮਾਪਿਆਂ ਨੂੰ ਮਨਾਉਣਾ, ਸਮਝਾਉਣਾ ਤੇ ਕਦੇ ਕਦੇ ਧਮਕਾਉਣਾ ਜ਼ਰੂਰੀ ਹੁੰਦਾ ਹੈ। ਮੇਰੀ ਧਾਰਨਾ ਹੈ ਕਿ ਜੇ ਅੱਜ ਦੇ ਜ਼ਮਾਨੇ ਵਿਚ ਮੁੰਡਾ ਕੁੜੀ ਦੇ ਇਰਾਦੇ ਪੱਕੇ ਹੋਣ ਤਾਂ ਕੋਈ ਤਾਕਤ ਉਨ੍ਹਾਂ ਨੂੰ ਵਿਆਹ ਤੋਂ ਰੋਕ ਨਹੀਂ ਸਕਦੀ ਪਰ ਜਦੋਂ ਇਕ ਧਿਰ ਰਿਸ਼ਤੇ ਵਿਚੋਂ ਖਿਸਕਣਾ ਚਾਹੁੰਦੀ ਹੋਵੇ ਤਾਂ ਮਾਪੇ ਨਹੀਂ ਮੰਨਦੇ ਜਾਂ ਢੰਗ ਦੀ ਨੌਕਰੀ ਨਹੀਂ ਜਾਂ ਸਮਾਜ ਕੀ ਆਖੇਗਾ ਵਰਗੇ ਟੁੱਚਲ ਬਹਾਨੇ ਲਗਾ ਕੇ ਟਲ਼ ਜਾਂਦੀ ਹੈ। ਪਿਆਰ ਵਿਆਹਾਂ ਦੀ ਸਫਲਤਾ ਦਰ ਵੀ ਦੂਜੇ ਵਿਆਹਾਂ ਜਿੰਨੀ ਹੀ ਹੈ ਪਰ ਘੱਟੋ ਘੱਟ ਇਸ ਨਾਲ ਜਾਤ, ਧਰਮ, ਜਮਾਤ ਦੇ ਬੰਧਨ ਟੁੱਟਦੇ ਹਨ, ਦਾਜ ਅਤੇ ਹੋਰ ਬੇਲੋੜੀਆਂ ਰਸਮਾਂ ਖਤਮ ਹੋ ਜਾਂਦੀਆਂ ਹਨ ਅਤੇ ਖਰਚਾ ਘਟ ਜਾਂਦਾ ਹੈ। ਅਜਿਹੇ ਅੱਧੀ ਦਰਜਨ ਜੋੜੇ ਪਰਿਵਾਰ ਬਣਾਈ ਬੈਠੇ ਹਨ।

ਹੁਣ ਕੁੱਝ ਗੱਲਾਂ ਹੜ੍ਹ ਦੀਆਂ: ਕੋਟਕਪੂਰੇ ਕੋਠਿਆਂ ਵਿਚ ਮੀਂਹ ਸਮੇਂ ਗਲੀਆਂ ਪਾਣੀ ਨਾਲ ਭਰ ਜਾਂਦੀਆਂ ਪਰ ਕੁਝ ਦੇਰ ਬਾਅਦ ਪਾਣੀ ਨਿਕਲ ਜਾਂਦਾ। ਬੱਸ ਕਿਸੇ ਦਾ ਕੋਠਾ ਧੜੰਮ ਕਰਕੇ ਡਿੱਗਣ ਦੀ ਆਵਾਜ਼ ਆਉਂਦੀ। ਕਦੇ ਲੋਕ ਖੇਤਾਂ ਵਿਚੋਂ ਪਾਣੀ ਕੱਢਣ ਨੂੰ ਅਤੇ ਕਦੇ ਡੱਕਣ ਨੂੰ ਲਲਕਾਰੇ ਮਾਰਦੇ ਖੇਤਾਂ ਵੱਲ ਭੱਜ ਤੁਰਦੇ। ਪੈਰੋਂ ਨੰਗੇ, ਤੇੜ ਨਿੱਕਰ ਕਛਹਿਰੇ, ਉਤੇ ਝੱਗੇ, ਸਿਰ ‘ਤੇ ਖਾਲੀ ਹੋਈ ਬੋਰੀ ਦਾ ਝੁੰਬ। ਲੋਕਾਂ ਨੂੰ ਤਿਲਕ ਕੇ ਡਿੱਗਦੇ ਵੇਖਣਾ ਸਭ ਤੋਂ ਵੱਡਾ ਮਨੋਰੰਜਨ ਹੁੰਦਾ ਸੀ, ਅਗਲੇ ਦਾ ਭਾਵੇਂ ਚੂਕਣਾ ਟੁੱਟ ਜਾਵੇ। ਪਟਿਆਲੇ ਆ ਕੇ ਹੜ੍ਹਾਂ ਨਾਲ ਵਾਹ ਪਿਆ। ਪਹਿਲਾਂ 1988 ਫੇਰ 1993 ਅਤੇ ਹੁਣ 2023 ਵਿਚ ਹਰ ਵਾਰ ਘਰ ਪਾਣੀ ਧੱਕੇ ਦਾ ਮਹਿਮਾਨ ਬਣ ਕੇ ਆਇਆ ਪਰ ਕਦੇ ਬਹੁਤਾ ਨੁਕਸਾਨ ਨਹੀਂ ਹੋਇਆ। ਜ਼ਰੂਰੀ ਅਤੇ ਚੰਗਾ ਸਮਾਨ ਉੱਚੇ ਥਾਂ ਉਪਰਲੀ ਮੰਜ਼ਲ ‘ਤੇ ਪਹੁੰਚਾ ਦਿੰਦੇ। ਹਮੇਸ਼ਾ ਰੱਦੀ ਅਤੇ ਨਾ ਵਰਤੋਂ ਯੋਗ ਸਮਾਨ ਹੀ ਖਰਾਬ ਹੋਇਆ ਜਾਂ ਹੋਣ ਦਿੱਤਾ। ਹੜ੍ਹਾਂ ਨੇ ਪਹਿਲਾ ਸਬਕ ਇਹ ਸਿਖਾਇਆ ਕਿ ਮਨੁੱਖ ਦੀਆਂ ਮੁਢਲੀਆਂ ਲੋੜਾਂ ਤਾਂ ਬਹੁਤ ਥੋੜ੍ਹੀਆਂ ਹਨ, ਸਾਫ਼ ਪਾਣੀ,ਬਰੈੱਡ, ਦੁੱਧ,ਚੀਨੀ,ਪੱਤੀ, ਆਟਾ ਦਾਲ, ਲੂਣ ਮਿਰਚ, ਮੋਮਬੱਤੀ ਤੇ ਮਾਚਸ। ਦੂਜਾ ਸਬਕ ਇਹ ਸੀ ਕਿ ਕੇਵਲ ਸਫਰ ਵਿਚ ਹੀ ਨਹੀਂ ਘਰ ਵੀ ਥੋੜ੍ਹੇ ਸਮਾਨ ਨਾਲ ਹੀ ਰਹਿਣਾ ਚਾਹੀਦਾ ਹੈ। ਤੀਜਾ ਸਬਕ ਕੁਝ ਨਹੀਂ ਕੁੱਝ ਵੱਖਰੇ ਭਾਂਤ ਦਾ ਗੌਰਵ ਹੈ। ਪੰਜਾਬੀਆਂ ਵਿਚ ਮੁਸੀਬਤ ਸਮੇਂ, ਮੁਸੀਬਤ ਮਾਰਿਆਂ ਦੀ ਮਦਦ ਕਰਨ ਦਾ ਵਿਲੱਖਣ ਜਨੂੰਨ ਹੈ, ਇਹ ਜੇ ਬਣਿਆ ਰਹੇ ਤਾਂ ਚੰਗੀ ਗੱਲ ਹੈ। ਹੜ੍ਹ ਜਾਨ ਮਾਲ ਦੇ ਨੁਕਸਾਨ ਦੇ ਨਾਲੋ ਨਾਲ ਪਰੇਸ਼ਾਨੀ ਵੀ ਕਾਫੀ ਦਿੰਦੇ ਹਨ। ਬਿਜਲੀ ਬੰਦ, ਪਾਣੀ ਬੰਦ, ਹੁੰਮਸ, ਮੱਖੀਆਂ, ਮੱਛਰ ਜਿਸ ਕਾਰਨ ਬਿਮਾਰੀਆਂ ਬਹੁਤ ਵਧ ਜਾਂਦੀਆਂ ਹਨ ਪਰ ਕੁਝ ਦੇਰ ਬਾਅਦ ਬੰਦਾ ਸਭ ਕੁਝ ਭੁੱਲ ਜਾਂਦਾ ਹੈ। ਇਹੀ ਬੰਦੇ ਦੀ ਖ਼ੂਬਸੂਰਤੀ ਹੈ।

ਮੈਨੂੰ ਉਸ ਸਮੇਂ ਬਹੁਤ ਸ਼ਰਮ ਆਉਂਦੀ ਹੈ। ਜਦੋਂ ਮੇਰੇ ਸਟੇਜ ‘ਤੇ ਬੋਲਣ ਤੋਂ ਪਹਿਲਾਂ ਕੋਈ ਮਿੱਤਰ ਪਿਆਰਾ ਮੇਰੀਆਂ ਤਾਰੀਫ਼ਾਂ ਕਰਦਾ ਆਖਦਾ ਹੈ ਕਿ ਇਨ੍ਹਾਂ ਨੇ ਬਹੁਤ ਮਿਹਨਤ ਕੀਤੀ ਹੈ, ਬੜਾ ਸੰਘਰਸ਼ ਕੀਤਾ ਹੈ। ਸੱਚੀ ਗੱਲ ਇਹ ਹੈ ਕਿ ਪਿੰਡ ਰਹਿੰਦਿਆਂ ਖੇਤੀ ਕਰਦਿਆਂ, ਡੰਗਰ

ਸਾਂਭਦਿਆਂ, ਘਰਦੇ ਹੋਰ ਕੰਮ ਕਰਦਿਆਂ ਭਾਵੇਂ ਮਿਹਨਤ ਕੀਤੀ ਹੋਵੇ ਪਰ ਮੈਂ ਪੜ੍ਹਾਈ ਲਿਖਾਈ ਵਿਚ ਕਦੇ ਵਿਸ਼ੇਸ ਮਿਹਨਤ ਨਹੀਂ ਕੀਤੀ। ਅਸਲ ਵਿਚ ਮੈਨੂੰ ਤਾਂ ਵੈਸੇ ਹੀ ਪੜ੍ਹਨਾ ਲਿਖਣਾ ਚੰਗਾ ਲੱਗਦਾ ਹੈ। ਮੋਟੀਆਂ ਔਖੀਆਂ ਸਿਧਾਂਤਕ ਪੁਸਤਕਾਂ ਪੜ੍ਹਦਿਆਂ ਮੈਨੂੰ ਆਨੰਦ ਆਉਂਦਾ ਹੈ। ਪੜ੍ਹਨ ਨੂੰ ਮੇਰਾ ਜੀਅ ਕਰਦਾ ਹੈ। ਲੰਮਾ ਸਮਾਂ ਹਰ ਰੋਜ਼ ਦੀ ਇਕ ਪੁਸਤਕ ਖੁਰਾਕ ਰਹੀ। ਲੋਕ ਜਿਸ ਨੂੰ ਮਿਹਨਤ ਆਖਦੇ ਹਨ ਜੇ ਕੋਈ ਜ਼ਬਰਦਸਤੀ ਛੁਡਵਾ ਦੇਵੇ ਤਾਂ ਦੁਖੀ ਹੋ ਜਾਵਾਂਗਾ।

ਮੈਂ ਭੁੱਲ ਜਾਂਦਾ ਹਾਂ ਕਿ ਪੜ੍ਹਾਉਣਾ ਮੇਰਾ ਕੰਮ ਵੀ ਹੈ, ਮੈਂ ਹਮੇਸ਼ਾ ਇਸਨੂੰ ਸ਼ੌਕ ਹੀ ਸਮਝਿਆ ਹੈ। ਕਲਾਸ ਵਿਚ ਤਾਂ ਛੱਡੋ ਘਰ ਵਿਦਿਆਰਥੀ ਆ ਜਾਵੇ ਤਾਂ ਮੈਂ ਗੱਲਾਂ ਕਰਦਿਆਂ ਪਤਾ ਨਹੀਂ ਕਦੋਂ ਪੜ੍ਹਾਉਣ ਲੱਗ ਪੈਂਦਾ ਹਾਂ। ਮੈਂ ਹਮੇਸ਼ਾ ਉੱਚੀ ਆਵਾਜ਼ ਵਿਚ ਪੜ੍ਹਾਉਂਦਾ ਹਾਂ। ਇਸ ਬਾਰੇ ਚਰਨਜੀਤ ਕਈ ਵਾਰ ਆ ਕੇ ਮੈਨੂੰ ਟੋਕਦੀ ਹੈ। 'ਇਹ ਕਲਾਸ ਨਹੀਂ ਹੈ, ਇਕੱਲਾ ਬੰਦਾ ਬੈਠਾ ਹੈ, ਹੌਲ਼ੀ ਬੋਲ ਲਵੋ' ਪਰ ਮੈਂ ਆਪਣੀ ਇਸ ਆਦਤ ਦਾ ਕੀ ਕਰਾਂ? ਪੜ੍ਹਾਉਂਦਿਆਂ ਸਮਝਾਉਂਦਿਆਂ ਹੀ ਅਧਿਆਪਕੀ ਮੂਡ ਵਿਚ ਆ ਜਾਂਦਾ ਹਾਂ।

ਮੈਨੂੰ ਬਹੁਤ ਖਿੱਝ ਚੜ੍ਹਦੀ ਹੈ ਜਦੋਂ ਕੋਈ ਵਿਅਕਤੀ ਆਪਣੇ ਸੰਵੇਦਨਸ਼ੀਲ ਹੋਣ ਦਾ ਰੌਲ਼ਾ ਪਾ ਕੇ ਸਭ ਤੋਂ ਹਮਦਰਦੀ ਲੈਂਦਾ ਹੈ, ਫਾਇਦਾ ਉਠਾਉਂਦਾ ਹੈ, ਜ਼ਿੰਮੇਵਾਰੀ ਤੋਂ ਟਲ਼ਦਾ ਹੈ, ਮਿਹਨਤ ਤੋਂ ਬਚਦਾ ਹੈ। ਉਸਦੇ ਵਿਵਹਾਰ 'ਤੇ ਗੁੱਸਾ ਆਉਂਦਾ ਹੈ ਜਦੋਂ ਉਹ ਦੂਜਿਆਂ ਪ੍ਰਤੀ ਆੜੇ ਨਾਲ ਸੰਵੇਦਨਸ਼ੀਲ ਭਾਵ ਅਸੰਵੇਦਨਸ਼ੀਲ ਹੁੰਦਾ ਹੈ। ਅਜਿਹੇ ਤਥਾ ਕਥਿਤ ਸੰਵੇਦਨਸ਼ੀਲਾਂ ਨੂੰ ਆਪਣੇ ਵਿਵਹਾਰ 'ਤੇ ਸ਼ਰਮ ਨਹੀਂ ਆਉਂਦੀ ਕਿ ਅਸੀਂ ਦੂਜਿਆਂ ਨੂੰ ਕਿੰਨਾ ਤੰਗ ਕਰ ਰਹੇ ਹਾਂ। ਇਸ ਦਾ ਹੀ ਇਕ ਹੋਰ ਰੂਪ ਹੈ ਕਿ ਕੁਝ ਲੋਕ ਆਖਦੇ ਹਨ ਕਿ ਮੈਨੂੰ ਕੁਝ ਚੀਜ਼ਾਂ ਤੋਂ ਸੂਗ ਆਉਂਦੀ ਹੈ। ਮੈਂ ਇਹ ਕੰਮ ਕਰ ਨਹੀਂ ਸਕਦਾ। ਮਸਲਨ ਮਜਬੂਰੀ ਸਮੇਂ ਕਿਸੇ ਦਾ ਗੰਦ ਸਾਫ ਕਰਨਾ, ਮਰੇ ਚੂਹੇ ਜਾਂ ਕੁੱਤੇ ਦੂਰ ਸਿੱਟਣੇ, ਕਾਕਰੋਚ ਭਜਾਉਣੇ, ਧੂੜ ਮਿੱਟੀ ਜ਼ਹਿਰੀਲੇ ਮਾਹੌਲ ਵਿਚ ਕੰਮ ਕਰਨਾ ਆਦਿ। ਅਜਿਹੇ ਕੰਮ ਕਿਸੇ ਨੂੰ ਵੀ ਚੰਗੇ ਨਹੀਂ ਲੱਗਦੇ ਪਰ ਜੇ ਕੋਈ ਔਖਾ ਹੋ ਕੇ ਤੁਹਾਡੇ ਲਈ ਅਜਿਹਾ ਕੰਮ ਕਰ ਰਿਹਾ ਹੁੰਦਾ ਹੈ ਤਾਂ ਆਖਦੇ ਹਨ ਵੇਖੋ ਧੁਸ਼ ਹੈ, ਇਸ ਨੂੰ ਕੋਈ ਫਰਕ ਹੀ ਨਹੀਂ ਪੈਂਦਾ। ਸਭ ਨੂੰ ਸਫ਼ਾਈ ਅਤੇ ਸੌਖ ਪਸੰਦ ਹੁੰਦੀ ਹੈ ਪਰ ਨਾ ਕੇਵਲ ਮਨੁੱਖੀ ਜਾਨ ਬਚਾਉਣ ਲਈ ਹੀ ਸਗੋਂ ਪਿਆਰਿਆਂ ਨੂੰ ਸੁਖੀ ਖੁਸ਼ ਰੱਖਣ ਲਈ ਵੀ ਕਈ ਵਾਰੀ ਕਈ ਕੁਝ ਕਰਨਾ ਪੈਂਦਾ ਹੈ। ਮੁਆਫ ਕਰਨਾ ਦੂਜਿਆਂ ਦੀ ਪ੍ਰਵਾਹ ਨਾ ਕਰਨ ਵਾਲੇ ਸਵੈ ਕੇਂਦਰਤ, ਸਿਰਫ਼ ਸਵੈ ਪ੍ਰਤੀ ਸੰਵੇਦਨਸ਼ੀਲ ਅਤੇ ਸਫ਼ਾਈ ਪਸੰਦ ਮੈਨੂੰ ਬਿਲਕੁਲ ਪਸੰਦ ਨਹੀਂ।

ਮੈਂ ਸਭ ਤੋਂ ਵੱਧ ਸਮਾਂ ਸੋਚਦਾ ਰਹਿੰਦਾ ਹਾਂ ਕਿ ਮਨੁੱਖੀ ਨਸਲ ਇਸ ਬ੍ਰਹਿਮੰਡ ਉਪਰ ਕਿਵੇਂ ਵੱਧ ਤੋਂ ਵੱਧ ਸਮਾਂ ਜਿਉਂਦੀ ਰਹਿ ਸਕਦੀ ਹੈ? ਇਸ ਲਈ ਕੀ ਚੁਣੌਤੀਆਂ ਹਨ, ਉਨ੍ਹਾਂ ਨਾਲ ਕਿਵੇਂ ਨਜਿੱਠਿਆ ਜਾਵੇ? ਵਾਤਾਵਰਣ ਬਾਰੇ ਸੋਚਦਾ ਰਹਿੰਦਾ ਹਾਂ। ਇਕ ਦਿਨ ਸੂਰਜ ਨੇ ਖਤਮ ਹੋ ਜਾਣਾ, ਇਸ ਨਾਲ ਹੀ ਧਰਤੀ ਅਤੇ ਮਨੁੱਖਤਾ ਨੇ ਖਤਮ ਹੋ ਜਾਣਾ। ਇਹ ਅੱਜ ਨਹੀਂ ਵਾਪਰਨਾ ਕਰੋੜਾਂ ਸਾਲਾਂ ਨੂੰ ਵਾਪਰਨਾ ਹੈ ਪਰ ਮੈਨੂੰ ਹੁਣੇ ਫਿਕਰ ਪਿਆ ਹੈ ਕਿ ਕੀ ਮਾਨਵ ਕਿਸੇ ਹੋਰ ਆਕਾਸ਼ ਗੰਗਾ ਦੇ ਕਿਸੇ ਹੋਰ ਗ੍ਰਹਿ 'ਤੇ ਜਿਉਂਦਾ ਰਹਿ ਸਕੇਗਾ, ਕਿਸੇ ਨੂੰ ਇਹ ਮੇਰਾ ਮਾਨਵਵਾਦੀ ਸਨਕ ਵੀ ਲੱਗ ਸਕਦਾ ਹੈ। ਪਰ ਮੈਂ ਕੀ ਕਰਾਂ ਅਜੇ ਮਾਨਵ ਤੋਂ ਪਰੇ ਸੋਚਣ ਦੇ ਸਮਰੱਥ ਨਹੀਂ ਹੋਇਆ। ਚਲੋ ਇਹ ਤਾਂ ਬਹੁਤ ਦੂਰ ਦੀ ਗੱਲ ਹੈ, ਮੈਨੂੰ ਇਹ ਵੀ ਫਿਕਰ ਸਤਾਉਂਦਾ ਰਹਿੰਦਾ ਹੈ ਕਿ ਪੰਜਾਬ, ਪੰਜਾਬੀ ਭਾਸ਼ਾ, ਪੰਜਾਬੀ ਲੋਕਾਂ ਦਾ ਕੀ ਬਣੇਗਾ । ਅੱਜ ਕੱਲ ਮੈਨੂੰ ਸਭ ਤੋਂ ਵੱਧ ਬੁਰਾ ਲੱਗਦਾ ਹੈ, ਨਸਲ, ਧਰਮ, ਜਾਤ, ਇਲਾਕਾ, ਲਿੰਗ ਦੇ ਆਧਾਰ 'ਤੇ ਕਿਸੇ ਨੂੰ ਨਫਰਤ ਕਰਨੀ ਹਾਲਾਂਕਿ ਮੈਂ ਖੁਦ ਕਈ ਵਾਰ ਅਜਿਹੇ ਵਿਤਕਰੇ ਦੀ ਆਪਣਿਆਂ ਅੰਦਰ ਗੰਧ ਮਹਿਸੂਸ ਕਰਦਾ ਹਾਂ। ਇਸੇ ਕਰਕੇ ਮਨ ਦੀਆਂ ਨੁੱਕਰਾਂ ਗਾਹੇ ਬਗਾਹੇ ਸਾਫ ਕਰਦਾ ਰਹਿੰਦਾ ਹਾਂ।ਆਰਥਿਕ ਨਾਬਰਾਬਰੀ ਦਾ ਦੁੱਖ ਮਹਿਸੂਸ ਹੁੰਦਾ ਹੈ।

ਮੈਂ ਅਤੇ ਚਰਨਜੀਤ ਸੈਰ ਅਤੇ ਘੁੰਮਣ ਫਿਰਨ ਦੇ ਸ਼ੌਕੀਨ ਹਾਂ। ਰੋਜ਼ ਸੁਬਹ ਸ਼ਾਮ ਮਿਲਾਕੇ

ਘੱਟੋ-ਘੱਟ ਪੰਜ ਦਸ ਕਿਲੋਮੀਟਰ ਤੁਰਨ ਦਾ ਰੁਟੀਨ ਹੈ। ਹੁਣ ਤਕ ਪਾਕਿਸਤਾਨ, ਕੈਨੇਡਾ, ਥਾਇਲੈਂਡ, ਇੰਡੋਨੇਸ਼ੀਆ, ਫਰਾਂਸ, ਜਰਮਨ, ਸਵਿੱਟਜ਼ਰਲੈਂਡ ਅਤੇ ਬੈਲਜੀਅਮ ਘੁੰਮ ਚੁੱਕਿਆ ਹਾਂ। ਭਵਿੱਖ ਵਿਚ ਯੂਕੇ, ਨਿਊਜ਼ੀਲੈਂਡ, ਆਸਟਰੇਲੀਆ ਤੋਂ ਇਲਾਵਾ ਯੂਨਾਨ ਇਟਲੀ, ਤੁਰਕੀ ਘੁੰਮਣ ਦੀ ਤਮੰਨਾ ਹੈ। ਰੋਜ਼ ਸੈਰ ਸਰੀਰਕ ਤਾਕਤ ਤੇ ਤਾਜ਼ਗੀ ਬਖਸ਼ਦੀ ਹੈ। ਵਿਦੇਸ਼ੀ ਸੈਰ ਨਵੇਂ ਦਿਸਹੱਦੇ ਖੋਲ੍ਹਦੀ ਹੈ। ਦੇਸ਼ ਵਿਚ ਵੀ ਲਗਪਗ ਸਾਰਾ ਉੱਤਰੀ ਭਾਰਤ ਜੰਮੂ ਕਸ਼ਮੀਰ, ਹਿਮਾਚਲ, ਰਾਜਸਥਾਨ, ਯੂਪੀ ਤੋਂ ਇਲਾਵਾ ਬੰਗਾਲ, ਝਾੜਖੰਡ ਤਕ ਘੁੰਮਿਆ ਹੋਇਆ ਹੈ, ਦੱਖਣੀ ਭਾਰਤ ਦੇਖਣਾ ਬਾਕੀ ਹੈ।

ਮੇਰਾ ਕਿਸੇ ਰੱਬ ਵਰਗੀ ਸ਼ੈਅ ਵਿਚ ਯਕੀਨ ਨਹੀਂ ਹੈ। ਮਾਂ ਪਿਉ ਇਸ ਸਮੇਂ ਹਯਾਤੀ ਵਿਚ ਨਹੀਂ ਹਨ ਜਿਨ੍ਹਾਂ ਦਾ ਕੋਈ ਸਿਰ ਰਿਣ ਹੁੰਦਾ ਹੈ, ਹੋਰ ਕਿਸੇ ਦਾ ਆਪਣੇ 'ਤੇ ਕੋਈ ਅਹਿਸਾਨ ਨਹੀਂ, ਕੋਈ ਡਰ ਜਾਂ ਦਬਾਅ ਨਹੀਂ ਹੈ। ਪੂਰਾ ਮਨ ਦੀ ਮੌਜ ਵਿਚ ਰਹਿੰਦਾ ਹਾਂ। ਬਸ ਉਨ੍ਹਾਂ ਲੋਕਾਂ ਦਾ ਅਹਿਸਾਨ ਹੈ ਜਿਨ੍ਹਾਂ ਦੇ ਅਹਿਸਾਨ ਚੁਕਾਏ ਨਹੀਂ ਜਾ ਸਕਦੇ। ਜਿਹੜੇ ਸਰੀਰਕ ਮਿਹਨਤ ਕਰ ਕੇ ਸਾਡੇ ਲਈ ਅੰਨ ਉਗਾਉਂਦੇ ਹਨ, ਧਰਤੀ ਵਿਚੋਂ ਖਣਿਜ ਪਦਾਰਥ ਕੱਢਦੇ ਹਨ, ਤਨ ਮਨ ਲਈ ਸੁਖ ਸਹੂਲਤਾਂ ਵਾਲੀਆਂ ਵਸਤਾਂ ਪੈਦਾ ਕਰਦੇ ਹਨ। ਉਨ੍ਹਾਂ ਦੇ ਹੱਕ ਦੀ ਗੱਲ ਕਰਦਾ ਹਾਂ। ਉਨ੍ਹਾਂ ਲਈ ਕੁੱਝ ਕਰਨ ਲਈ ਤਤਪਰ ਰਹਿੰਦਾ ਹਾਂ। ਬਾਕੀ ਸਭ ਮੌਜ ਹੈ। ਮੇਰੇ ਮਨ ਵਿਚ ਉਨ੍ਹਾਂ ਵਿਗਿਆਨੀਆਂ ਲਈ ਬੜਾ ਸਤਿਕਾਰ ਹੈ ਜਿਹੜੇ ਮਾਨਵਤਾ ਦੀ ਭਲਾਈ ਲਈ ਕੰਮ ਕਰਦੇ ਹਨ। ਮਨ ਵਿਚ ਉਹਨਾਂ ਕਲਾਕਾਰਾਂ ਲਈ ਸਤਿਕਾਰ ਹੈ ਜਿਹੜੇ ਲੋਕਾਂ ਲਈ ਖੁਸ਼ੀ ਅਤੇ ਅਨੰਦ ਪੈਦਾ ਕਰਦੇ ਹਨ। ਬਾਕੀ ਆਪਾਂ ਕਿਸੇ ਨਾਢੂ ਖਾਂ ਦੀ ਪ੍ਰਵਾਹ ਨਹੀਂ ਕਰੀਦੀ, ਸਭ ਨੂੰ ਲੌਂਗੋਵਾਲੀਏ ਸਾਧ ਵਾਂਗ ਟਿਚ ਜਾਣੀਦਾ ਹੈ।

ਮੈਂ ਪਰਿਵਾਰਕ ਜਿਹਾ ਜੀਵ ਹਾਂ, ਘਰ ਦੇ ਕੰਮ ਕਰਦਿਆਂ ਪਰਿਵਾਰ ਵਿਚ ਖੁਸ਼ੀ ਮਹਿਸੂਸ ਕਰਨ ਵਾਲਾ ਬੰਦਾ ਹਾਂ। ਮੈਨੂੰ ਬੱਚਿਆਂ ਨੂੰ ਖਿਡਾਉਣਾ ਚੰਗਾ ਲੱਗਦਾ ਹੈ। ਮੈਂ ਆਪਣੇ ਭਾਣਜੇ ਭਾਣਜੀਆਂ, ਭਤੀਜੇ, ਆਪਣੀਆਂ ਬੇਟੀਆਂ ਖੂਬ ਖਿਡਾਈਆਂ। ਚੀਜ਼ਾਂ ਝਾੜ ਪੂੰਝ ਕੇ ਥਾਂ ਸਿਰ ਰੱਖਣੀਆਂ ਚੰਗੀਆਂ ਲੱਗਦੀਆਂ ਹਨ। ਆਟੋਮੈਟਿਕ ਵਾਸ਼ਿੰਗ ਮਸ਼ੀਨ ਆਉਣ ਤੋਂ ਬਾਅਦ ਕਪੜੇ ਧੋਣਾ ਮੈਂ ਆਪਣੇ ਜ਼ਿੰਮੇ ਲੈ ਲਿਆ ਹੈ। ਬੱਚਿਆਂ ਨੂੰ ਬਚਪਨ ਵਿਚ ਪੜ੍ਹਨ ਲਈ ਕਦੇ ਬਹੁਤਾ ਜ਼ੋਰ ਨਹੀਂ ਪਾਇਆ, ਖੇਡਣ ਮੱਲਣ ਦਿੱਤਾ, ਕੁੱਝ ਪੁੱਛਿਆ ਤਾਂ ਦੱਸ ਦਿੱਤਾ। ਬੇਟੀਆਂ ਪਟਿਆਲੇ ਦੇ ਸਕੂਲਾਂ ਅਤੇ ਪੰਜਾਬੀ ਯੂਨੀਵਰਸਿਟੀ ਵਿਚ ਹੀ ਪੜ੍ਹੀਆਂ, ਨਾ ਕੈਨੇਡਾ ਪੜ੍ਹਨ ਦੀ ਲੋੜ ਪਈ, ਨਾ ਕਿਸੇ ਏਜੰਟ ਦੀ ਲੋੜ ਪਈ, ਨਾ ਕਿਸੇ ਆਈਲੈਂਟਸ ਸੈਂਟਰ ਦਾ ਸਹਾਰਾ ਲੈਣਾ ਪਿਆ। ਦੋਹਾਂ ਨੇ ਹੀ ਦੇਸ਼ ਵਿਚ ਰਹਿੰਦਿਆਂ ਹੀ ਕੈਨੇਡਾ ਦੀ ਪੀ ਆਰ ਪ੍ਰਾਪਤ ਕੀਤੀ ਪਰ ਇਸ ਦੀ ਨਾ ਕੋਈ ਬਹੁਤੀ ਖੁਸ਼ੀ ਹੈ ਨਾ ਬਹੁਤੀ ਗ਼ਮੀ ਹੈ। ਹਰ ਮਾਪਾ ਚਾਹੁੰਦਾ ਹੈ ਕਿ ਬੱਚੇ ਉਸਦੇ ਕੋਲ਼ ਰਹਿਣ ਪਰ ਇਹ ਵੀ ਸੱਚ ਹੈ ਕਿ ਚੰਗੇ ਭਵਿੱਖ ਅਤੇ ਚੰਗੀਆਂ ਸੁਖ ਸਹੂਲਤਾਂ ਲਈ ਹਮੇਸ਼ਾ ਮਨੁੱਖ ਪਰਵਾਸ ਕਰਦਾ ਰਿਹਾ ਹੈ। ਬਜ਼ੁਰਗਾਂ ਦੇ ਦੱਸਣ ਅਨੁਸਾਰ ਸਾਡੇ ਵਡੇਰੇ ਰਾਮਪੁਰਾ ਬਠਿੰਡੇ ਦੇ ਭੁੱਚੋ ਕੋਲ਼ੋਂ ਉਠਕੇ ਸਾਧਾਂਵਾਲੇ ਗਏ ਸੀ। ਸਾਡਾ ਬਾਪ ਨੌਕਰੀ ਪਿਛੇ ਕੋਟਕਪੂਰੇ ਆ ਵਸਿਆ, ਭਰਾ ਬਠਿੰਡੇ ਅਤੇ ਅਸੀਂ ਪਟਿਆਲੇ ਵਸ ਗਏ ਹਾਂ। ਲੱਗਦਾ ਹੈ ਬੱਚੇ ਕੈਨੇਡਾ ਵਸਣਗੇ। ਜੇ ਦੇਸ਼ ਵਿਚ ਉਨ੍ਹਾਂ ਦੀ ਯੋਗਤਾ ਅਨੁਸਾਰ ਨੌਕਰੀ ਜਾਂ ਕਾਰੋਬਾਰ ਚੱਲਣ ਦੀ ਸੰਭਾਵਨਾ ਹੁੰਦੀ ਤਾਂ ਉਹ ਇਥੇ ਰਹਿੰਦੇ। ਹੁਣ ਉਹ ਆਪਣੀ ਧਰਤੀ, ਆਪਣਾ ਅੰਬਰ ਤਲਾਸ਼ਦੇ ਹਨ। ਦਿਲ ਹੀ ਉਦਾਸ ਹੈ, ਬਾਕੀ ਸਭ ਖੈਰ ਹੈ।

ਕਾਮ ਵਿਹਾਰ ਅਤੇ ਝੁਕਾਅ ਬਾਰੇ ਪੰਜਾਬੀ ਸਮਾਜ ਵਿਚ ਅਕਸਰ ਗੱਲ ਨਹੀਂ ਕੀਤੀ ਜਾਂਦੀ। ਪੰਜਾਬ ਦੇ ਸੱਠਵਿਆਂ ਤੋਂ ਅੱਸੀਵਿਆਂ ਤਕ ਪੇਂਡੂ ਸ਼ਹਿਰੀ ਖੇਤਰ ਵਿਚ ਪੈਦਾ ਹੋਏ ਪੰਜਾਬੀਆਂ ਵਾਂਗ ਔਰਤ ਮਰਦ ਦੀ ਸਾਧਾਰਨ ਜੈਵਕ ਖਿੱਚ ਨੂੰ ਹੀ ਕੁਦਰਤੀ ਸਮਝਦਾ ਰਿਹਾ ਹਾਂ। ਅਸਲ ਵਿਚ ਸਾਡੇ ਸਮਾਜ, ਸਾਹਿਤ ਅਤੇ ਸਭਿਆਚਾਰ ਨੇ ਜੋ ਕੁਝ ਸਿਖਾਇਆ ਸਿਧਾਇਆ ਹੁੰਦਾ ਹੈ, ਬੰਦਾ ਉਸੇ ਨੂੰ ਕੁਦਰਤੀ ਸਮਝਦਾ ਹੈ। ਬਚਪਨ ਵਿਚ ਥੋੜ੍ਹੇ ਬਹੁਤੇ ਫਰਕ ਨਾਲ ਸਾਰੇ ਬੱਚੇ ਹੀ ਸਿਗਮਿੰਡ ਫਰਾਈਡ

ਦੀਆਂ ਦੱਸੀਆਂ ਮੌਖਿਕ, ਗੁੱਦਾ ਅਤੇ ਲਿੰਗ ਅਵਸਥਾ ਵਿਚੋਂ ਗੁਜ਼ਰਦੇ ਹਨ। ਬਚਪਨ ਪਾਰ ਕਰਨ ਤੋਂ ਬਾਅਦ ਕਦੇ ਵੀ ਵਿਰੋਧੀ ਲਿੰਗ ਤੋਂ ਬਗ਼ੈਰ ਹੋਰ ਕੋਈ ਪ੍ਰਵਿਰਤੀ ਨਹੀਂ ਪਨਪੀ। ਸਾਡੀ ਪੀੜ੍ਹੀ ਦੇ ਲੋਕ ਤਾਂ ਇਕੋ ਲਿੰਗ ਦੇ ਸੰਬੰਧਾਂ ਨੂੰ ਹਮੇਸ਼ਾ ਜੇਲ੍ਹਾਂ ਹੋਸਟਲਾਂ ਆਦਿ ਦੀ ਮਜਬੂਰੀ ਹੀ ਸਮਝਦੇ ਸੀ। ਵੱਧ ਤੋਂ ਵੱਧ ਦੂਸਰੇ ਨੂੰ ਬੇਇੱਜ਼ਤ ਕਰਨ ਦਾ ਢੰਗ ਸੀ। ਐਲ ਜੀ ਬੀ ਟੀ ਬਾਰੇ ਪੜ੍ਹ ਕੇ ਸਮਝ ਅਤੇ ਸੰਵੇਦਨਸ਼ੀਲਤਾ ਵਧੀ ਹੈ ਕਿ ਅਜਿਹੇ ਲੋਕਾਂ ਨੂੰ ਜੀਵਨ ਜੀਣ ਅਤੇ ਆਪਣੇ ਢੰਗ ਨਾਲ ਸਮਾਜ ਵਿਚ ਰਹਿਣ ਦਾ ਹੱਕ ਹੈ ਪਰ ਅਜਿਹੀਆਂ ਪ੍ਰਵਿਰਤੀਆਂ ਨੂੰ ਚਮਕਾਇਆ ਜਾਵੇ, ਜਸ਼ਨ ਮਨਾਇਆ ਜਾਵੇ ਇਹ ਮੇਰੇ ਅੰਦਰੋਂ ਕਦੀ ਨਹੀਂ ਮਹਿਸੂਸ ਹੋਇਆ। ਹਾਲਾਂਕਿ ਜਦੋਂ ਤਰਕ ਨਾਲ ਸੋਚਿਆ ਜਾਵੇ ਤਾਂ ਸੰਤਾਨ ਪੈਦਾ ਕਰਨ ਤੋਂ ਇਲਾਵਾ ਜਿੰਨੀ ਵੀ ਅਸੀਂ ਕਾਮ ਕ੍ਰੀੜਾ ਕਰਦੇ ਹਾਂ, ਉਹ ਸਾਰੀ ਗ਼ੈਰ ਕੁਦਰਤੀ ਹੀ ਹੈ।

ਕੁਝ ਗੱਲ ਪੜ੍ਹਾਈ ਲਿਖਾਈ ਬਾਰੇ ਕਰੀਏ: ਹੁਣ ਤਕ 82 ਖੋਜ-ਪੱਤਰ, 92 ਰਿਵਿਊ ਆਰਟੀਕਲ, 116 ਆਰਟੀਕਲ ਅਤੇ 30 ਕਿਤਾਬਾਂ ਜਿਨ੍ਹਾਂ ਵਿਚੋਂ 10 ਮੌਲਿਕ, ਉਨ੍ਹਾਂ ਵਿਚੋਂ ਸੱਤ ਆਲੋਚਨਾਤਮਕ, ਤਿੰਨ ਸਿਰਜਣਾਤਮਕ ਪ੍ਰਕਾਸ਼ਤ ਹੋ ਚੁੱਕੀਆਂ ਹਨ ਪਰ ਜੋ ਆਨੰਦ ਪਹਿਲੀ ਪਹਿਲੀ ਵਾਰ ਅਖ਼ਬਾਰ ਵਿਚ ਨਾਂ ਛਪਣ ਸਮੇਂ ਆਇਆ, ਉਹ ਵੱਖਰਾ ਹੀ ਸੀ। ਪਹਿਲੀ ਪੁਸਤਕ ਪ੍ਰਕਾਸ਼ਨ ਦਾ ਜੋ ਅਨੁਭਵ ਸੀ, ਉਹ ਬਿਆਨ ਤੋਂ ਪਰੇ ਹੈ। ਪਹਿਲੀ ਮੁਹੱਬਤ ਵਰਗਾ ਅਹਿਸਾਸ, ਅੱਖਰ ਅੱਖਰ ਜੋੜ ਕੇ ਫਰਮਾ ਬਣਨਾ, ਗੇਲੀ ਪਰੂਫ ਪੜ੍ਹਨੇ, ਹੱਥ ਨਾਲ ਵਰਕੇ ਉਥੱਲੇ ਜਾਂਦੇ, ਢੇਰੀਆਂ ਲਗਦੀਆਂ, ਜਿਲਦਬੰਦੀ ਹੁੰਦੀ। ਖੈਰ ਮੇਰੀਆਂ ਆਲੋਚਨਾ ਦੀਆਂ ਪੁਸਤਕਾਂ ਵਿਚੋਂ ਭਾਰਤੀ ਦਰਸ਼ਨ, ਉਤਰ ਆਧੁਨਿਕਤਾ ਅਤੇ ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ ਦੇ ਇਕ ਤੋਂ ਵੱਧ ਐਡੀਸ਼ਨ ਪ੍ਰਕਾਸ਼ਤ ਹੋ ਚੁੱਕੇ ਹਨ। ਇਨ੍ਹਾਂ ਪੁਸਤਕਾਂ ਨੇ ਜਾਣਪਛਾਣ ਦਾ ਘੇਰਾ ਵਧਾਇਆ, ਇੱਜ਼ਤ ਦਿਵਾਈ ਭਾਵੇਂ ਤੁਹਾਨੂੰ ਪਤਾ ਹੀ ਹੈ ਕਿ ਮਾਇਆ ਪੱਖੋਂ ਪੰਜਾਬੀ ਪ੍ਰਕਾਸ਼ਨ ਐਵੇਂ ਮਾਣ ਤਾਣ ਹੀ ਕਰਦਾ ਹੈ। ਅੱਜ ਜਦੋਂ ਪੁਸਤਕ ਪ੍ਰਕਾਸ਼ਤ ਹੋਣਾ, ਰੇਡੀਓ ਟੈਲੀਵਿਜ਼ਨ 'ਤੇ ਪ੍ਰੋਗਰਾਮ ਹੋਣੇ ਰੁਟੀਨ ਬਣ ਗਿਆ ਤਾਂ ਪਹਿਲਾਂ ਵਾਲੀ ਉੱਛਲ ਉੱਛਲ ਪੈਂਦੀ ਉਤੇਜਨਾ ਘਟ ਗਈ, ਪਰ ਫਿਰ ਵੀ ਹਰ ਨਵੀਂ ਪੁਸਤਕ ਹਰ ਨਵਾਂ ਪ੍ਰੋਗਰਾਮ ਆਨੰਦ ਦਿੰਦਾ ਹੈ।

ਮੈਂ ਸਵੈਚਿੱਤਰ ਲਿਖਣਾ ਚਾਹੁੰਦਾ ਸੀ ਪਰ ਲਿਖਣਾ ਨਹੀਂ ਆਇਆ। ਇਕ ਤਰ੍ਹਾਂ ਨਾਲ ਸਵੈ ਜੀਵਨੀ ਦੀ ਰੂਪਰੇਖਾ ਜਿਹੀ ਉਲੀਕ ਲਈ ਹੈ। ਇਸ ਲਈ ਮੁਆਫ਼ ਕਰਨਾ ਇਹ ਮੇਰਾ ਇਸਟਾਈਲ ਹੈ। ਸੋ ਗੱਲਾਂ ਤਾਂ ਹੋਰ ਵੀ ਬਹੁਤ ਨੇ, ਤੁਹਾਨੂੰ ਟਰੇਲਰ ਦਿਖਾ ਦਿੱਤਾ, ਬਾਕੀ ਫੇਰ ਸਹੀ, ਸਭ ਨੂੰ ਸਤਿਕਾਰ, ਮੁਹੱਬਤਾਂ, ਜ਼ਿੰਦਗੀ ਜ਼ਿੰਦਾਬਾਦ। 000

***(3051 ਫੇਜ਼ 2, ਅਰਬਨ ਐਸਟੇਟ, ਪਟਿਆਲਾ- 147 002***
***ਫੋਨ: +91-9850-50617***
***ਈਮੇਲ: rpsbrar@gmail.com)***

# ਲਾਲਾ ਹਰਦਿਆਲ ਅਤੇ ਗ਼ਦਰ ਲਹਿਰ

## ਗੁਰਦੇਵ ਸਿੰਘ ਸਿੱਧੂ

4 ਅਕਤੂਬਰ 1884 ਨੂੰ ਦਿੱਲੀ ਵਿਚ ਜਨਮੇ ਲਾਲਾ ਹਰਦਿਆਲ ਨੇ 1905 ਵਿਚ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਮਾਸਟਰ ਡਿਗਰੀ ਲਈ। ਉਸ ਦੀ ਯੋਗਤਾ ਨੂੰ ਵੇਖਦਿਆਂ ਸਰਕਾਰ ਨੇ ਉਸ ਨੂੰ ਇੰਗਲੈਂਡ ਵਿਚ ਜਾ ਕੇ ਉਚੇਰੀ ਪੜ੍ਹਾਈ ਕਰਨ ਵਾਸਤੇ ਵਜ਼ੀਫਾ ਦਿੱਤਾ। ਉਸ ਦੇ ਅਧਿਐਨ ਦਾ ਮੁੱਖ ਵਿਸ਼ਾ ਸੰਸਕ੍ਰਿਤ ਹੋਣ ਕਾਰਨ ਉਹ ਪੁਰਾਤਨ ਸੰਸਕ੍ਰਿਤੀ ਦਾ ਗਿਆਤਾ ਸੀ, ਇੰਗਲੈਂਡ ਵਿਚ ਦੋ ਕੁ ਸਾਲ ਪੜ੍ਹਾਈ ਕਰਦਿਆਂ ਉਸ ਨੇ ਪੱਛਮੀ ਵਿਚਾਰ ਗ੍ਰਹਿਣ ਕੀਤੇ। ਇੱਥੇ ਹੀ ਉਸ ਨੂੰ ਦੇਸ ਪਿਆਰ ਦੀ ਲਗਨ ਲੱਗੀ ਤਾਂ ਉਹ ਪੜ੍ਹਾਈ ਛੱਡ ਕੇ 1908 ਵਿਚ ਵਾਪਸ ਆ ਗਿਆ। ਵਾਪਸ ਪਰਤ ਕੇ ਉਸ ਨੇ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ ਤਾਂ ਪੁਲਸ ਦੀ ਨਜ਼ਰ ਵਿਚ ਚੜ੍ਹ ਗਿਆ। ਦੋ ਢਾਈ ਸਾਲ ਉਸ ਦਾ ਮਨ ਇਸ ਦੁਬਿਧਾ ਵਿਚ ਉਚਾਟ ਰਿਹਾ ਕਿ ਕੀ ਅਤੇ ਕਿਵੇਂ ਕੀਤਾ ਜਾਵੇ? ਇਸੇ ਮਨੋ-ਅਵਸਥਾ ਵਿਚ ਉਹ ਫਰਾਂਸ ਚਲਾ ਗਿਆ। ਇੱਥੇ ਉਸ ਦੇ ਮਨ ਵਿਚ ਤਪੱਸਿਆ ਕਰਨ ਦਾ ਵਿਚਾਰ ਭਾਰੂ ਹੋ ਗਿਆ ਤਾਂ ਇਸ ਮੰਤਵ ਵਾਸਤੇ ਉਹ ਅਲਜੇਰੀਆ ਚਲਾ ਗਿਆ ਪਰ ਉੱਥੋਂ ਦੇ ਮਾਹੌਲ ਦੀ ਬੇਪਸੰਦਗੀ ਕਾਰਨ ਫਰਾਂਸ ਵਾਪਸ ਆ ਗਿਆ। ਛੇਤੀ ਹੀ ਉਹ ਇਸ ਮੰਤਵ ਵਾਸਤੇ ਵੈੱਸਟ ਇੰਡੀਜ਼ ਦੇ ਇਕ ਟਾਪੂ ਮਾਰਟਨੀਕ ਵਿਚ ਪਹੁੰਚ ਗਿਆ। ਜਦ ਉਸ ਨੇ ਆਪਣੇ ਆਪ ਨੂੰ ਆਤਮਿਕ ਰੂਪ ਵਿਚ ਸਵਸਥ ਮਹਿਸੂਸ ਕੀਤਾ ਤਾਂ ਅਮਰੀਕਾ ਵਿਚ ਪੁਰਾਤਨ ਭਾਰਤੀ ਸੱਭਿਅਤਾ ਦਾ ਪ੍ਰਚਾਰ ਕਰਨ ਦੇ ਮਨੋਰਥ ਨਾਲ ਉਹ ਹਾਰਵਰਡ ਪਹੁੰਚਾ ਪਰ ਉੱਥੋਂ ਦਾ ਪੌਣ ਪਾਣੀ ਮੁਆਫਿਕ ਨਾ ਆਉਣ ਕਾਰਨ ਕੈਲੇਫੋਰਨੀਆ ਆ ਗਿਆ। ਉਸ ਦੇ ਮਨ ਵਿਚ ਇਕ ਵਾਰ ਫਿਰ ਤਪੱਸਿਆ ਕਰਨ ਦਾ ਹੌਲ ਉੱਠਿਆ ਤਾਂ ਉਸ ਨੇ ਕੁੱਝ ਦੇਰ ਹੋਨੋਲੂਲੂ ਜਾ ਡੇਰੇ ਲਾਏ, ਜਿੱਥੋਂ ਉਹ ਅਧਿਆਤਮਕ ਸੋਚ ਵਿਚ ਗੜੁੱਚ ਹੋ ਕੇ ਮੁੜਨ ਦੀ ਥਾਂ 'ਅਨਾਰਕਿਸਟ' (ਵਿਦ੍ਰੋਹੀ) ਵਿਚਾਰਾਂ ਦਾ ਧਾਰਨੀ ਬਣ ਕੇ ਸਤੰਬਰ 1911 ਵਿਚ ਉਹ ਮੁੜ ਕੈਲੇਫੋਰਨੀਆ ਦੇ ਸ਼ਹਿਰ ਸਾਨ ਫ੍ਰਾਂਸਿਸਕੋ ਪਹੁੰਚਿਆ। ਇੱਥੇ ਉਸ ਦਾ ਮੇਲ ਭਾਈ ਪਰਮਾ ਨੰਦ ਨਾਲ ਹੋਇਆ ਅਤੇ ਦੋਵੇਂ ਇਸ ਸ਼ਹਿਰ ਦੇ ਇਰਦ ਗਿਰਦ ਵਸਦੇ ਹਿੰਦੁਸਤਾਨੀਆਂ ਨਾਲ ਮੇਲ ਮਿਲਾਪ ਕਰਨ ਲੱਗੇ।

ਦਸੰਬਰ 1911 ਦੌਰਾਨ ਭਾਈ ਜਵਾਲਾ ਸਿੰਘ, ਭਾਈ ਵਿਸਾਖਾ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਆਪਣੇ ਹੋਲਟ ਫਾਰਮ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਦਾ ਫੈਸਲਾ ਕੀਤਾ। ਮਨੋਰਥ ਇਹ ਸੀ ਕਿ ਇਸ ਮੌਕੇ ਵੱਧ ਤੋਂ ਵੱਧ ਹਿੰਦੁਸਤਾਨੀਆਂ ਨੂੰ ਇਕੱਠਾ ਕਰਕੇ ਦੇਸ ਦੀ ਆਜ਼ਾਦੀ ਵਾਸਤੇ ਕੀਤੇ ਜਾਣ ਵਾਲੇ ਕੰਮ ਦੀ ਰੂਪ ਰੇਖਾ ਉਲੀਕੀ ਜਾਵੇ।ਸੱਦੇ ਜਾਣ ਵਾਲਿਆਂ ਵਿਚ ਲਾਲਾ ਹਰਦਿਆਲ ਵੀ ਸੀ। ਲਾਲਾ ਹਰਦਿਆਲ ਭਾਈ ਪਰਮਾ ਨੰਦ ਦੇ ਨਾਲ ਇਸ ਇਕੱਤਰਤਾ ਵਿਚ ਸ਼ਾਮਲ ਤਾਂ ਹੋਇਆ ਪਰ ਅੱਗੇ ਨਹੀਂ ਸੀ ਆਇਆ।ਇਸ ਬਾਰੇ ਬਾਬਾ ਵਿਸਾਖਾ ਸਿੰਘ ਨੇ ਆਪਣੀ ਆਤਮ ਕਥਾ ਵਿਚ ਇਉਂ ਲਿਖਿਆ ਹੈ:

*ਦਿਨ ਦੂਸਰੇ ਪੈਹਰ ਕੁ ਰਾਤ ਰਹਿੰਦੀ, ਸੁੱਤੇ ਵੀਰਾਂ ਨੂੰ ਅਸੀਂ ਜਗਾਇਆ ਜੀ।*
*ਕੀਰਤਨ ਹੋਇਆ ਫਿਰ ਬਹੁਤ ਪ੍ਰੇਮ ਸੇ ਜੀ, ਅੰਮ੍ਰਿਤ ਸਿੰਘਾਂ ਨੂੰ ਫੇਰ ਛਕਾਇਆ ਜੀ।*
*ਅਸਾਂ ਆਖਿਆ ਨਿੱਤਰੋ ਵੀਰ ਮੇਰੇ, ਸਾਨੂੰ ਆਪ ਕਰਤਾਰ ਭਵਾਇਆ ਜੀ।*
*ਆਵੋ ਰਲ ਕੇ ਮੁਲਕ ਦੀ ਸੇਵ ਕਰੀਏ, ਭਾਰਤ ਵਰਸ਼ ਨੂੰ ਬਹੁਤ ਦਬਾਇਆ ਜੀ।*
*ਅੱਗੇ ਤੁਸਾਂ ਦੇ ਕੀ ਫਰੰਗੜੇ ਨੇ, ਤੁਸਾਂ ਆਪਣਾ ਫਰਜ਼ ਭੁਲਾਇਆ ਜੀ।*
*ਏਨੇ ਬਚਨ ਜਾਂ ਕੀਤੇ ਸੀ ਅਸਾਂ ਵੀਰੋ, ਸਿੰਘਾਂ ਸੋਹਣਾ ਜੈਕਾਰਾ ਬੁਲਾਇਆ ਜੀ।*

*ਹਰਦਿਆਲ ਤੇ ਪਰਮਾ ਸੀ ਨੰਦ ਭਾਈ, ਏਹਨਾਂ ਉਠ ਕੇ ਹਾਲ ਸੁਣਾਇਆ ਜੀ।*
*ਅਸਾਂ ਆਖਿਆ ਹਰਦਿਆਲ ਤਾਈਂ, ਕਰੀਏ ਕੰਮ ਤੇ ਆਖ ਸਮਝਾਇਆ ਜੀ।*
*ਮੈਨੂੰ ਆਏ ਨੂੰ ਤਿੰਨ ਨਾ ਸਾਲ ਹੋਏ, ਏਸ ਕਰ ਕੇ ਵਿਚ ਨਾ ਆਇਆ ਜੀ।*

ਇਸ ਨੁਕਤੇ ਦੀ ਵਿਆਖਿਆ ਪਦਨੋਟ ਵਿਚ ਇਉਂ ਕੀਤੀ ਹੈ:

ਲਾਲਾ ਹਰਦਿਆਲ ਕਹਿਣ ਲੱਗਾ, "ਖਿਆਲ ਮੇਰਾ ਆਪ ਦੇ ਸਾਥ ਹੈ ਮਗਰ ਕੰਮ ਅਜੇ ਮੈਂ ਨਹੀਂ ਕਰ ਸਕਦਾ ਕਿਉਂਕਿ ਤਿੰਨ ਸਾਲ ਮੈਨੂੰ ਆਏ ਨੂੰ ਅਜੇ ਨਹੀਂ ਹੋਏ, ਜਿਸ ਨੂੰ ਤਿੰਨ ਸਾਲ ਨਾ ਹੋਏ ਹੋਣ ਉਸ ਨੂੰ ਪਕੜ ਲੈਂਦੇ ਹਨ।" (ਪੰਨਾ 25)

ਜਨਵਰੀ 1912 ਤੋਂ ਸਤੰਬਰ 1912 ਤਕ ਲਾਲਾ ਹਰਦਿਆਲ ਨੇ ਬਰਕਲੇ, ਕੈਲੇਫੋਰਨੀਆ ਯੂਨੀਵਰਸਿਟੀ, ਵਿਚ ਫਿਲਾਸਫੀ ਦੇ ਲੈਕਚਰਾਰ ਵਜੋਂ ਕੰਮ ਕੀਤਾ। ਇਸ ਵੇਲੇ ਤਕ ਉਸ ਦੀ ਰਾਜਨੀਤਿਕ ਸੋਚ ਵਿਚ ਭਾਰਤ ਨੂੰ ਸਾਮਰਾਜੀ ਗ਼ੁਲਾਮੀ ਤੋਂ ਮੁਕਤ ਕਰਵਾਉਣ ਦਾ ਵਿਚਾਰ ਕਿੰਨਾ ਕੁ ਹਾਵੀ ਸੀ, ਇਸ ਦਾ ਖੁਲਾਸਾ ਕਰਦਿਆਂ ਸ. ਜਗਜੀਤ ਸਿੰਘ ਨੇ ਲਿਖਿਆ ਹੈ ਕਿ "ਰੌਲਟ ਰੀਪੋਰਟ ਜਾਂ ਕਿਸੇ ਹੋਰ ਲਿਖਤ ਤੋਂ ਅਜੇ ਤਕ ਇਹ ਸਾਬਤ ਨਹੀਂ ਹੋ ਸਕਿਆ ਕਿ ਗਦਰ ਪਾਰਟੀ ਬਣਨ ਤੋਂ ਪਹਿਲੋਂ ਲਾਲਾ ਹਰਦਿਆਲ ਨੇ ਫੌਜੀ ਜਾਂ ਜਨਤਕ ਹਥਿਆਰਬੰਦ ਬਗਾਵਤ ਰਾਹੀਂ ਹਿੰਦ ਨੂੰ ਆਜ਼ਾਦ ਕਰਾਉਣ ਦੀ ਕੋਈ ਅਮਲੀ ਪਲੈਨ ਜਾਂ ਸਕੀਮ ਬਣਾਈ।"(ਗਦਰ ਪਾਰਟੀ ਲਹਿਰ, ਪੰਨਾ 123) ਡਾ. ਹਰੀਸ਼ ਪੁਰੀ ਦਾ ਵੀ ਕਹਿਣਾ ਹੈ ਕਿ "ਭਾਵੇਂ (ਅਮਰੀਕਾ ਵਿਚ ਬਿਤਾਇਆ) ਇਹ ਸਾਰਾ ਸਮਾਂ ਉਹ ਆਪਣੇ ਲੈਕਚਰਾਂ ਵਿਚ ਭਾਰਤੀ ਰਾਜਨੀਤਿਕ ਮਸਲੇ ਵੱਲ ਸੰਕੇਤ ਕਰਦਾ ਰਿਹਾ ਅਤੇ ਬਰਕਲੇ ਵਿਖੇ ਭਾਰਤੀ ਵਿਦਿਆਰਥੀਆਂ ਨਾਲ ਉਸ ਨੇ ਸਰਗਰਮ ਸੰਪਰਕ ਕਾਇਮ ਰੱਖਿਆ, ਪਰ ਉਹ ਭਾਰਤ ਦੀ ਆਜ਼ਾਦੀ ਲਈ ਕਿਸੇ ਵੀ ਜਥੇਬੰਦਕ ਸਰਗਰਮੀ ਵਿਚ ਸਿੱਧੀ ਤਰ੍ਹਾਂ ਸ਼ਾਮਲ ਨਹੀਂ ਸੀ।" (ਗਦਰ ਲਹਿਰ: ਵਿਚਾਰਧਾਰਾ ਜਥੇਬੰਦੀ ਰਣਨੀਤੀ, ਪੰਨਾ 118)

23 ਦਸੰਬਰ 1912 ਦੇ ਦਿਨ ਦਿੱਲੀ ਵਿਚ ਗਵਰਨਰ ਜਨਰਲ ਲਾਰਡ ਹਾਰਡਿੰਗ ਉੱਤੇ ਗੋਲੀ ਚੱਲਣ ਦੀ ਘਟਨਾ ਹੋਈ ਜਿਸ ਵਿਚ ਗਵਰਨਰ ਜਨਰਲ ਮਾਮੂਲੀ ਜ਼ਖ਼ਮੀ ਹੋਇਆ, ਇਸ ਤੋਂ ਲਾਲਾ ਹਰਦਿਆਲ ਦੇ ਮਨ ਵਿਚ ਵਿਦ੍ਰੋਹੀ ਤਰੰਗਾਂ ਮਚਲ ਉੱਠੀਆਂ। ਉਸ ਨੇ ਪਹਿਲਾਂ ਤਾਂ ਇਸ ਖ਼ੁਸ਼ੀ ਵਿਚ ਆਪਣੇ ਕੁੱਝ ਕੁ ਸਾਥੀਆਂ ਨੂੰ 25 ਦਸੰਬਰ ਨੂੰ ਰਾਤ ਦੇ ਖਾਣੇ ਉੱਤੇ ਬੁਲਾਇਆ (ਆਈਸ ਮੋਂਗਰ ਅਤੇ ਸਲੇਟਰੀ ਦੀ ਰਿਪੋਰਟ, ਪੰਨਾ 17) ਅਤੇ ਫਿਰ ਰਾਜਸੀ ਹੱਤਿਆ ਦੇ ਪੱਖ ਵਿਚ ਇਕ ਪੈਂਫਲਿਟ 'ਦਾ ਦਿੱਲੀ ਬੌਂਮ' ਲਿਖਿਆ ਜਿਸ ਨੂੰ "ਯੁਗੰਤਰ ਸਰਕੂਲਰ" ਨਾਂ ਦਿੱਤਾ। ਇਸ ਵਿਚ ਦਿੱਲੀ ਵਿਚ ਸੁੱਟੇ ਬੰਬ ਨੂੰ ਖੁਦੀ ਰਾਮ ਬੋਸ ਦੀ ਕਾਰਵਾਈ ਤੋਂ ਪਿੱਛੋਂ ਬੰਬ ਸੁੱਟਣ ਦੀ ਪਹਿਲੀ ਕਾਰਵਾਈ ਦੱਸਦਿਆਂ ਇਸ ਦੀ ਸ਼ਲਾਘਾ ਕੀਤੀ ਗਈ ਸੀ।ਇਸ ਵਿਚ ਲਿਖਿਆ ਸੀ, "23 ਦਸੰਬਰ 1912 ਦੇ ਬੰਬ ਦੀ ਜੈ ਜੈ ਕਾਰ! ਸਾਰੇ ਕਹੋ ਜੈ ਜੈ ਕਾਰ!! ਆਸ ਅਤੇ ਹੌਸਲੇ ਦੇ ਪ੍ਰਤੀਕ ਸੁੱਤੀਆਂ ਆਤਮਾਵਾਂ ਨੂੰ ਜਗਾਉਣ ਵਾਲੇ ਪਿਆਰੇ, ਤੂੰ ਢੁਕਵੇਂ ਸਮੇਂ ਹਾਜ਼ਰ ਹੋਇਆ ਹੈਂ, ਇਕ ਵੀ ਪਲ ਪਹਿਲਾਂ ਨਹੀਂ। ਸੱਚਮੁੱਚ ਦੇਰ ਤੋਂ ਤੇਰੀ ਉਡੀਕ ਸੀ।"

ਇਸ ਕਿਤਾਬਚੇ ਦੀਆਂ ਹਿੰਦੁਸਤਾਨ ਭੇਜੀਆਂ ਕਾਪੀਆਂ ਸਰਕਾਰ ਦੇ ਹੱਥ ਲੱਗੀਆਂ ਤਾਂ ਸਰਕਾਰ ਨੇ ਇਸ ਨੂੰ ਸੰਭਵਤਾ ਲਾਲਾ ਹਰਦਿਆਲ ਦਾ ਲਿਖਿਆ ਮੰਨਦਿਆਂ ਇਸ ਦੇ ਹਿੰਸਤਾਨ ਵਿਚ ਜਲੀ ਜਾਂ ਥਲੀ ਰਸਤੇ ਦੇਸ਼ ਵਿਚ ਲਿਆਉਣ ਦੀ ਮਨਾਹੀ ਕੀਤੀ ਅਤੇ ਹਿੰਦੁਸਤਾਨ ਸਰਕਾਰ ਦੇ ਕਹਿਣ ਉੱਤੇ ਪੰਜਾਬ ਸਰਕਾਰ ਨੇ ਇਸ ਨੂੰ ਜ਼ਬਤ ਕੀਤਾ।

ਉਦੋਂ ਤਕ ਅਮਰੀਕਾ ਵਿਚ ਵਸਦੇ ਪੰਜਾਬੀਆਂ ਨੇ ਸੋਹਨ ਸਿੰਘ ਭਕਨਾ ਦੀ ਪ੍ਰਧਾਨਗੀ ਹੇਠ "ਹਿੰਦੁਸਤਾਨ ਐਸੋਸੀਏਸ਼ਨ ਆਫ ਪੈਸਿਫਿਕ ਕੋਸਟ" ਨਾਂ ਦੀ ਜੱਥੇਬੰਦੀ ਬਣਾ ਲਈ ਸੀ ਜਿਸ ਦੇ ਸਕੱਤਰ ਦੀ ਜ਼ੁੰਮੇਵਾਰੀ ਜੀ. ਡੀ. ਕੁਮਾਰ ਨੂੰ ਸੌਂਪੀ ਗਈ। ਸ੍ਰੀ ਕੁਮਾਰ ਦੇ ਗੰਭੀਰ ਬੀਮਾਰ ਹੋਣ ਕਾਰਨ ਜੱਥੇਬੰਦੀ ਦੀਆਂ ਗਤੀਵਿਧੀਆਂ ਵਿਚ ਆਈ ਖੜੋਤ ਨੂੰ ਤੋੜਨ ਵਾਸਤੇ ਲਾਲਾ ਹਰਦਿਆਲ ਨੂੰ ਇਹ ਜ਼ੁੰਮੇਵਾਰੀ ਸੌਂਪਣ ਦਾ ਫੈਸਲਾ ਹੋਇਆ। ਬਾਬਾ ਸੋਹਨ ਸਿੰਘ ਭਕਨਾ ਦੇ ਦੱਸਣ ਅਨੁਸਾਰ

"ਹਿੰਦੁਸਤਾਨ ਐਸੋਸੀਏਸ਼ਨ ਆਫ ਪੈਸਿਫਿਕ ਕੋਸਟ" ਦਾ ਸਕੱਤਰ ਜੀ. ਡੀ. ਕੁਮਾਰ ਗੰਭੀਰ ਬੀਮਾਰ ਹੋ ਗਿਆ ਤਾਂ ਐਸੋਸੀਏਸ਼ਨ ਨੇ ਉਸ ਦੀ ਥਾਂ ਪੂਰ ਕਰਨ ਲਈ ਲਾਲਾ ਹਰਦਿਆਲ ਨੂੰ ਬੇਨਤੀ ਕੀਤੀ। ਲਾਲਾ ਹਰਦਿਆਲ ਨੇ ਦਸੰਬਰ ਦੇ ਆਖਰੀ ਹਫਤੇ ਆਉਣ ਦੀ ਸੂਚਨਾ ਦਿੱਤੀ ਪਰ "ਫਿਰ ਦੂਸਰੀ ਚਿੱਠੀ ਵਿਚ ਲਿਖ ਭੇਜਿਆ ਕਿ ਉਹ ਜ਼ਰੂਰੀ ਕੰਮ ਦੀ ਵਜ੍ਹਾ ਕਰ ਕੇ ਦਸੰਬਰ ਵਿਚ ਨਹੀਂ ਆ ਸਕਣਗੇ।ਹੋ ਸਕਦਾ ਹੈ ਕਿ ਮਾਰਚ 1913 ਵਿਚ ਆ ਸਕਣ।" (ਜੀਵਨ ਸੰਗਰਾਮ, ਪੰਨਾ 29-30)

ਭਾਵੇਂ ਲਾਲਾ ਹਰਦਿਆਲ ਵੱਲੋਂ ਪੰਜਾਬੀ ਇਨਕਲਾਬੀਆਂ ਦੀ ਦਸੰਬਰ 1912 ਨੂੰ ਹੋਣ ਵਾਲੀ ਮੀਟਿੰਗ ਵਿਚ ਨਾ ਆਉਣ ਦਾ ਕੋਈ ਕਾਰਨ ਨਹੀਂ ਸੀ ਦੱਸਿਆ ਗਿਆ ਪਰ ਅਨੁਮਾਨ ਲੱਗਦਾ ਹੈ ਕਿ ਉਹ ਕਿਸੇ ਰਾਜਨੀਤਿਕ ਕਾਰਵਾਈ ਵਿਚ ਭਾਗ ਲੈਣ ਤੋਂ ਪਹਿਲਾਂ ਕਿਵੇਂ ਨਾ ਕਿਵੇਂ ਅਮਰੀਕਾ ਵਿਚ ਤਿੰਨ ਸਾਲ ਦੀ ਠਹਿਰ ਵਾਲੀ ਸ਼ਰਤ ਪੂਰੀ ਕਰ ਲੈਣੀ ਚਾਹੁੰਦਾ ਸੀ।

ਲਾਲਾ ਹਰਦਿਆਲ ਮਾਰਚ 1913 ਦੇ ਦੂਜੇ ਹਫਤੇ ਆ ਕੇ ਸੋਹਨ ਸਿੰਘ ਭਕਨਾ ਨੂੰ ਮਿਲਿਆ, ਭਾਈ ਪਰਮਾ ਨੰਦ ਉਸ ਦੇ ਨਾਲ ਸੀ।(ਜੀਵਨ ਸੰਗਰਾਮ, ਪੰਨਾ 30) ਉਹ 21 ਅਪ੍ਰੈਲ 1913 ਨੂੰ ਆਸਟੋਰੀਆ ਵਿਚ ਹੋਈ ਮੀਟਿੰਗ ਵਿਚ ਸ਼ਾਮਲ ਹੋਇਆ।ਉਸ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ 1857 ਦੇ ਗ਼ਦਰ ਦੀ ਤਰਜ਼ ਉੱਤੇ ਹਥਿਆਰਬੰਦ ਅਦਰ ਕਰ ਕੇ ਹੀ ਮਾਤ ਭੂਮੀ ਦੇ ਗਲੋਂ ਸਾਮਰਾਜੀ ਅੰਗਰੇਜ਼ ਸਰਕਾਰ ਦੀ ਪੰਜਾਲੀ ਉਤਾਰੀ ਜਾ ਸਕਦੀ ਹੈ। ਮੀਟਿੰਗ ਵਿਚ ਉਸ ਵੱਲੋਂ ਕੀਤੀਆਂ ਗੱਲਾਂ ਸਰੋਤਿਆਂ ਨੂੰ ਭਾਅ ਗਈਆਂ। ਗ਼ਦਰੀਆਂ ਨੇ ਇਸ ਦਿਨ ਤੋਂ ਉਸ ਨੂੰ ਪਾਰਟੀ ਦਾ ਨੇਤਾ ਮੰਨਦਿਆਂ ਜੱਥੇਬੰਦੀ ਵਿਚ ਸਕੱਤਰ ਦਾ ਪਦ ਹੀ ਨਹੀਂ ਦਿੱਤਾ, ਉਸ ਨੂੰ ਜੱਥੇਬੰਦੀ ਦਾ ਬੁਲਾਰਾ ਸਪਤਾਹਕ ਅਖਬਾਰ 'ਗ਼ਦਰ' ਸ਼ੁਰੂ ਕਰਨ ਅਤੇ ਚਲਾਉਣ ਦੀ ਜ਼ਿੰਮੇਵਾਰੀ ਵੀ ਸੌਂਪ ਦਿੱਤੀ। ਲਾਲਾ ਹਰਦਿਆਲ ਦੀ ਹਥਿਆਰਬੰਦ ਗਦਰ ਪ੍ਰਤੀ ਪ੍ਰਤੀਬੱਧਤਾ ਦੀ ਪੁਸ਼ਟੀ ਇੱਥੋਂ ਵੀ ਹੁੰਦੀ ਹੈ ਕਿ ਉਸ ਦੀ ਅਗਵਾਈ ਵਿਚ ਅਤੇ ਨਿਗਰਾਨੀ ਹੇਠ ਪ੍ਰਕਾਸ਼ਤ ਕੀਤੇ ਜਾਂਦੇ 'ਗ਼ਦਰ' ਅਖਬਾਰ ਦੇ ਮੁੱਖ ਪੰਨੇ ਉੱਤੇ ਨਿਰੰਤਰਤਾ ਨਾਲ "ਅੰਗਰੇਜ਼ੀ ਰਾਜ ਦਾ ਕੱਚਾ ਚਿੱਠਾ" ਸੁਰਖੀ ਹੇਠ ਲਿਖੀਆਂ ਜਾਂਦੀਆਂ "ਮੋਟੀਆਂ ਮੋਟੀਆਂ ਬਾਤਾਂ" ਵਿਚ ਅੰਤਲੀ ਇਹ ਹੋਇਆ ਕਰਦੀ ਸੀ, "1857 ਦੇ ਗ਼ਦਰ ਨੂੰ 56/57 ਬਰਸ ਹੋ ਗਏ ਹਨ।ਦੂਜੇ ਦੀ ਛੇਤੀ ਲੋੜ ਹੈ।"

ਲਾਲਾ ਹਰਦਿਆਲ ਨੇ ਆਪਣੇ ਵਿਚਾਰਾਂ ਦੇ ਪਰਚਾਰ ਵਾਸਤੇ ਪਾਰਟੀ ਦੀ ਸਕੱਤਰੀ ਅਤੇ 'ਗਦਰ' ਦੀ ਸੰਪਾਦਕੀ - ਦੋਵਾਂ ਜ਼ਿੰਮੇਵਾਰੀਆਂ - ਨੂੰ ਬਾਖ਼ੂਬੀ ਵਰਤਿਆ। ਉਸ ਵੱਲੋਂ ਗ਼ਦਰ ਪਾਰਟੀ ਦੇ ਸਕੱਤਰ ਵਜੋਂ ਆਪਣੇ ਸਰੋਤਿਆਂ ਨੂੰ ਅੰਗਰੇਜ਼ ਸਾਮਰਾਜ ਦਾ ਤਖਤਾ ਪਲਟਾਉਣ ਵਾਸਤੇ ਕੀਤੇ ਤੇਜ਼ ਤਰਾਰ ਭਾਸ਼ਨਾਂ ਦੇ ਹੂਬਹੂ ਸ਼ਬਦ ਤਾਂ ਉਪਲੱਭਦ ਨਹੀਂ, ਪਰ ਉਸ ਦੇ 'ਗ਼ਦਰ' ਵਿਚ ਪ੍ਰਕਾਸ਼ਤ ਅਜਿਹੇ ਉਤੇਜਕ ਵਿਚਾਰ ਅੱਜ ਵੀ ਪੜ੍ਹੇ ਜਾ ਸਕਦੇ ਹਨ। ਕੁੱਝ ਉਦਾਹਰਨਾਂ ਪੇਸ਼ ਹਨ: (ਮੂਲ ਲਿਖਤ ਵਿਚ ਕੁੱਝ ਸ਼ਬਦਾਂ ਵੱਲ ਪਾਠਕਾਂ ਦਾ ਉਚੇਚਾ ਧਿਆਨ ਦਵਾਉਣ ਲਈ ਇਹ ਸ਼ਬਦ ਗੂੜ੍ਹੇ ਕਾਲੇ ਲਿਖੇ ਗਏ ਹਨ)

(ੳ) ਉਰਦੂ 'ਗਦਰ' ਦੇ ਪਲੇਠੇ ਅੰਕ ਮਿਤੀ 1 ਨਵੰਬਰ 1913 ਵਿਚ ਉਸ ਨੇ ਲਿਖਿਆ,

"ਸਾਡਾ ਨਾਉਂ ਕੀ ਹੈ? **ਗਦਰ**।

ਕੰਮ ਕੀ ਹੈ? **ਗਦਰ**।...

ਕਿੱਥੇ **ਗਦਰ** ਹੋਵੇਗਾ? ਭਾਰਤ ਵਿਚ।

ਕਦ ਹੋਵੇਗਾ? ਥੋੜੇ ਬਰਸਾਂ ਤਕ।...

ਏਸ **ਗਦਰ** ਦੀ ਖਾਤਰ ਹਰ ਏਕ ਹਿੰਦੋਸਤਾਨੀ ਦਾ ਤਿਆਰ ਹੋ ਜਾਣਾ ਧਰਮ ਹੈ।"

ਇਸ ਲੇਖ ਦੇ ਅੰਤ ਵਿਚ ਉਸ ਨੇ ਆਪਣੇ ਪਾਠਕਾਂ ਨੂੰ ਇਉਂ ਵੰਗਾਰਿਆ, "ਆਓ ਪਿਆਰੇਓ ਵੇਲਾ ਬੀਤਦਾ ਜਾਂਦਾ ਹੈ। ਦੇਸ ਵਿਚ ਜ਼ੁਲਮ ਦੀ ਹੱਦ ਹੋ ਗਈ ਹੈ। ਸਾਰੀ ਦੁਨੀਆ ਤੁਸਾਡਾ ਮੂੰਹ ਦੇਖ ਰਹੀ ਹੈ ਕਿ ਕਦ ਏਹ ਸ਼ੇਰ ਉਠਨ ਤੇ ਕਦ ਅੰਗਰੇਜ਼ਾਂ ਦਾ ਸਤੇਆਨਾਸ ਕਰਨ।ਤਨ, ਮਨ, ਧਨ

ਸੇ ਵਤਨ ਦੀ ਸੇਵਾ ਕਰੋ। ਸਾਰੇਆਂ ਨੂੰ **ਗਦਰ** ਦੀ ਖਾਤਰ ਤਿਆਰ ਕਰ ਲਵੋ। ਕਿਸੇ ਦਿਨ ਕਲਮ ਦੇ ਥਾਂ ਬੰਦੂਕ ਤੇ ਸਿਆਹੀ ਦੀ ਥਾਂ ਲਹੂ ਨਾਲ ਕੰਮ ਹੋਵੇਗਾ। ਏਸ **ਗਦਰ** ਦੀ ਖਾਤਰ ਪ੍ਰਾਰਥਨਾ ਕਰੋ। ਗੱਲ ਕਰੋ ਤਾਂ **ਗਦਰ** ਦੀ, ਸੁਪਨਾ ਦੇਖੋ ਤਾਂ **ਗਦਰ** ਦਾ, ਧਨ ਕਮਾਓ ਤਾਂ **ਗਦਰ** ਦੀ ਖਾਤਰ, ਅੰਨ ਖਾਓ ਤਾਂ **ਗਦਰ** ਦੀ ਖਾਤਰ, ਬੱਸ **ਗਦਰ** ਦੇ ਸਪਾਹੀ ਬਨ ਜਾਓ।"

(ਅ) ... ਓ ਸੂਰਮੇ ਵੀਰੋ! ਤੁਸੀਂ ਬੀ ਕੇਸਰੀ ਜਾਮਾ ਪੈਹਨ ਲਵੋ ਅਤੇ ਸੰਸਾਰ ਦੇ ਲਾਲਚ ਨੂੰ ਛੱਡ ਅੰਗਰੇਜ਼ਾਂ ਨਾਲ ਜੰਗ ਅਰੰਭ ਦੇਓ।...ਕੇਸਰੀ ਕਪੜੇ ਪੈਹਨ ਕੇ ਅਜਾਦੀ ਦੇ ਮੰਦਰ ਵਿਚ ਭੇਟ ਦੇਓ। ਏਥੇ ਜਾਨ ਤੋਂ ਘੱਟ ਭੇਟ ਕਬੂਲ ਨਹੀਂ ਹੁੰਦੀ।...**ਗਦਰ** ਦੀ ਰਜਮੰਟ ਵਿਚ ਭਰਤੀ ਹੋ ਜਾਵੋ। **ਗਦਰ** ਵਿਚ ਲੜਨ ਦੀ ਤਿਆਰੀ ਕਰੋ। **ਗਦਰ** ਦੇ ਹੀ ਸੁਪਨੇ ਦੇਖੋ। **ਗਦਰ** ਦੀ ਉਡੀਕ ਬੜੀ ਬੇਕਰਾਰੀ ਨਾਲ ਕਰੋ। ਬਸ ਅੱਜ ਕੇਸਰੀ ਵਸਤਰ ਦਾ **ਗਦਰ** ਤੁਸਾਂ ਨੂੰ ਯਾਦ ਦਲਾਓਂਦਾ ਹੈ ਕਿ ਸ਼ਹੀਦਾਂ ਦਾ ਕੰਮ ਤੁਰਿਆ ਰਹੇ। ਜਿੱਥੇ ਓਹਨਾਂ ਨੇ ਅਜ਼ਾਦੀ ਦੀ ਖਾਤਰ ਇਕ ਜਾਨ ਵਾਰੀ ਹੈ ਓਥੇ ਤੁਸੀਂ ਲਖ ਜਾਨ ਵਾਰੋ। ਏਨਾਂ ਦੀ ਵਿਦਿਆ ਤੇ ਚੱਲੋ। **ਹਿੰਦੋਸਥਾਨ ਵਿਚ ਛੇਤੀ ਗਦਰ ਕਰੋ, ਦੇਰ ਨਾ ਲਾਓ।** (ਗਦਰ, ਜਿਲਦ ਪੈਹਲੀ, ਨੰਬਰ ਦੂਜਾ, 23 ਦਸੰਬਰ 1913 ਵਿਚ ਪ੍ਰਕਾਸ਼ਤ ਲੇਖ "ਸਾਡਾ ਕੇਸਰੀ ਬਾਣਾ" ਵਿਚੋਂ, ਇਹ ਅਤੇ ਇਸ ਤੋਂ ਅਗਲੇ ਹਵਾਲੇ ਪੰਜਾਬੀ ਗਦਰ/ ਹਿੰਦੁਸਤਾਨ ਗਦਰ ਵਿਚੋਂ ਹਨ।)

(ੲ) ਹਿੰਦੋਸਤਾਨੀ ਕੌਮ ਨੂੰ ਦੁਨੀਆ ਵਿਚ ਕੋਈ ਕੌਮ ਨਹੀਂ ਜਾਣਦੀ ਕਿ ਏਹ ਕੇਹੜੇ ਬਾਗ ਦੀ ਮੂਲੀ ਹੈ। ਨਾ ਸਾਡਾ ਰਾਜ ਹੈ ਨਾ ਸਾਡਾ ਝੰਡਾ ਹੈ। ਰਾਜ ਤੇ ਬਗ਼ੈਰ ਝੰਡਾ ਕੈਸਾ। **ਗਦਰ** ਕਰ ਕੇ ਪੈਹਲੇ ਆਪਨਾ ਰਾਜ ਲਵੋ। (ਗਦਰ, ਜਿਲਦ ਪੈਹਲੀ, ਨੰਬਰ 7, 27 ਜਨਵਰੀ 1914, ਵਿਚ ਛਪਿਆ ਨੋਟ)

(ਸ) **ਗਦਰ ਦੀ ਤਿਯਾਰੀ ਵਿਚ ਆਪਣਾ ਤਨ ਮਨ ਧਨ ਕੁਰਬਾਨ ਕਰ ਦੇਵੋ।** (ਗਦਰ, ਜਿਲਦ ਪੈਹਲੀ, ਨੰਬਰ 8, 3 ਫਰਬਰੀ 1914 ਵਿਚ ਪ੍ਰਕਾਸ਼ਤ ਲੇਖ "ਕਿਚਨਰ ਕਸਾਈ ਫੇਰ ਔਂਦਾ ਹੈ" ਵਿਚੋਂ )

(ਹ) **ਚੱਲੋ ਭਾਈਓ ਗਦਰ ਦਾ ਬਿਗਲ ਬਜ ਗਿਆ ਤੁਸੀਂ ਭੀ ਦੇਸ਼ ਤੇ ਪ੍ਰਦੇਸ਼ ਵਿਚ ਗਦਰ ਫੰਡ ਖੋਲੋ ਸਾਰੇ ਹੁਨਰ ਸਿੱਖੋ ਅਤੇ ਗਦਰ ਦੀ ਤਯਾਰੀ ਕਰੋ।** (ਗਦਰ, ਜਿਲਦ ਪੈਹਲੀ, ਨੰਬਰ 11, 24 ਫਰਬਰੀ 1914 ਵਿਚ ਪ੍ਰਕਾਸ਼ਤ ਨੋਟ)

(ਕ) **ਗਦਰ ਦੇ ਸਪਾਹੀਓ!** ...ਬੱਸ ਚੱਲੋ ਹਿੰਦੋਸਤਾਨ ਨੂੰ ਅਤੇ **ਗਦਰ** ਦੀ ਤਯਾਰੀ ਕਰੋ। ਪੈਹਲਾਂ ਆਪਣਾ ਹੱਕ ਹਿੰਦੋਸਥਾਨ ਪਰ ਜਮਾਓ ਫੇਰ ਬਾਹਰ ਆਓ। (ਗਦਰ, ਜਿਲਦ ਪੈਹਲੀ, ਨੰਬਰ 14, 17 ਮਾਰਚ 1914, ਵਿਚ ਲੇਖ "ਕੈਨੇਡਾ ਦੀ ਕੌਂਸਲ ਵਿਚ ਏਸ਼ੀਆ ਦੇ ਲੋਕਾਂ ਬਾਬਤ ਬੈਹਸ" ਵਿਚੋਂ)

ਇਸ ਅਰਸੇ ਦੌਰਾਨ ਦੋ ਜ਼ਿਕਰਯੋਗ ਘਟਨਾਵਾਂ ਵਾਪਰੀਆਂ। ਪਹਿਲੀ ਇਹ ਕਿ ਗਵਰਨਰ ਜਨਰਲ ਹਾਰਡਿੰਗ ਉੱਤੇ ਬੰਬ ਸੁੱਟੇ ਜਾਣ ਦੀ ਘਟਨਾ ਦਾ ਵਰ੍ਹਾ ਪੂਰਾ ਹੋਣ ਉੱਤੇ ਲਾਲਾ ਹਰਦਿਆਲ ਨੇ ਮੁੜ ਇਸ ਘਟਨਾ ਦਾ ਗੁਣ ਗਾਣ ਕਰਨ ਵਾਸਤੇ ਨਵਾਂ ਕਿਤਾਬਚਾ ਪੰਜਾਬੀ, ਉਰਦੂ ਅਤੇ ਅੰਗਰੇਜ਼ੀ ਵਿਚ ਪ੍ਰਕਾਸ਼ਤ ਕੀਤਾ ਜਿਸ ਨੂੰ "ਬੰਬ ਵਰ੍ਹੇਗੰਢ ਉੱਤੇ ਤੋਹਫਾ" ਦੱਸਿਆ ਗਿਆ ਸੀ। ਪਹਿਲੀਆਂ ਦੋਵਾਂ ਭਾਸ਼ਾਵਾਂ ਵਿਚ ਛਪੇ ਇਸ ਕਿਤਾਬਚੇ ਨੂੰ "ਸ਼ਾਬਾਸ਼" ਨਾਂ ਦਿੱਤਾ ਗਿਆ ਅਤੇ ਅੰਗਰੇਜ਼ੀ ਵਿਚ 'ਬਰੇਵੋ' Bravo। ਇਸ ਵਿਚ "ਬੰਬ ਦੀ ਫਿਲਾਸਫੀ", "ਬੰਬ ਇਕ ਉਪਯੋਗੀ ਹਥਿਆਰ", "ਬੰਬ ਦੀ ਸਿਫਤ ਸਲਾਹ" ਅਤੇ "ਦੇਸ਼ਭਗਤ ਮਦਨ ਲਾਲ ਦੇ ਅੰਤਮ ਸ਼ਬਦ" ਉਪ ਸਿਰਲੇਖ ਬਣਾਏ ਗਏ ਸਨ। ਯੁਗੰਤਰ ਆਸ਼ਰਮ, 436 ਹਿਲ ਸਟਰੀਟ, ਸਾਨ ਫਰਾਂਸਿਸਕੋ ਤੋਂ ਪ੍ਰਕਾਸ਼ਤ ਇਸ ਕਿਤਾਬਚੇ ਨੂੰ "ਯੂਰਪੀਨਾਂ ਦੇ ਕਤਲ ਅਤੇ ਬੰਦੂਕਾਂ ਵਰਤਨ" ਦਾ ਸਬਕ ਦੇਣ ਵਾਲਾ ਦੱਸ ਕੇ ਪੰਜਾਬ ਸਰਕਾਰ ਨੇ ਜ਼ਬਤ ਕਰ ਲਿਆ ਅਤੇ ਹਿੰਦੁਸਤਾਨ ਸਰਕਾਰ ਨੇ ਇਸ ਨੂੰ ਜਲੀ ਜਾਂ ਥਲੀ ਮਾਰਗ ਦੁਆਰਾ ਦੇਸ਼ ਵਿਚ ਲਿਆਉਣ ਦੀ ਮਨਾਹੀ ਕੀਤੀ। ਦੂਜੀ ਘਟਨਾ ਗਦਰ ਪਾਰਟੀ ਦੇ

ਸਪਤਾਹਕ ਅਖਬਾਰ "ਗਦਰ" ਨਾਲ ਸੰਬੰਧਤ ਹੈ। ਹਿੰਦੁਸਤਾਨ ਸਰਕਾਰ ਨੇ ਇਸ ਅਖਬਾਰ ਦੀ ਸਰਕਾਰ ਵਿਰੋਧੀ ਤਿੱਖੀ ਸੁਰ ਨੂੰ ਵੇਖਦਿਆਂ ਇਸ ਨੂੰ ਜਲੀ ਜਾਂ ਥਲੀ ਮਾਰਗ ਰਾਹੀਂ ਦੇਸ ਵਿਚ ਲਿਆਉਣ ਉੱਤੇ ਪਾਬੰਦੀ ਲਾਈ ਅਤੇ ਇਸ ਦੀ ਜ਼ਬਤੀ ਬਾਰੇ ਵੀ ਹੁਕਮ ਜਾਰੀ ਕੀਤੇ। ਸਰਕਾਰ ਦੀ ਇਸ ਕਾਰਵਾਈ ਨੂੰ ਅਸਰਹੀਣ ਕਰਨ ਵਾਸਤੇ 1 ਅਪ੍ਰੈਲ 1914 ਤੋਂ ਅਖਬਾਰ ਦਾ ਨਾਂ ਬਦਲ ਕੇ "ਹਿੰਦੁਸਤਾਨ ਗ਼ਦਰ" ਕਰ ਦਿੱਤਾ ਗਿਆ।

ਲਾਲਾ ਹਰਦਿਆਲ ਦੀਆਂ ਸਰਗਰਮੀਆਂ ਕਾਰਨ ਉਤਪੰਨ ਹੋ ਰਹੇ ਸਾਮਰਾਜ ਵਿਰੋਧੀ ਮਾਹੌਲ ਤੋਂ ਬਚਣ ਵਾਸਤੇ ਹਿੰਦੁਸਤਾਨ ਸਰਕਾਰ ਨੇ ਸਰਵੋਤਮ ਬਰਤਾਨਵੀ ਸਰਕਾਰ ਰਾਹੀਂ ਅਮਰੀਕਾ ਸਰਕਾਰ ਉੱਤੇ ਲਾਲਾ ਹਰਦਿਆਲ ਦੀਆਂ ਕਾਰਵਾਈਆਂ ਰੋਕਣ ਬਾਰੇ ਜ਼ੋਰ ਪਾਇਆ ਤਾਂ ਬਰਤਾਨਵੀ ਸਰਕਾਰ ਦੇ ਪ੍ਰਭਾਵ ਹੇਠ ਅਮਰੀਕਾ ਦੀ ਪੁਲਸ ਨੇ 25 ਮਾਰਚ 1914 ਨੂੰ ਲਾਲਾ ਹਰਦਿਆਲ ਨੂੰ ਗਰਿਫਤਾਰ ਕਰ ਲਿਆ। ਇਮੀਗ੍ਰੇਸ਼ਨ ਅਫਸਰ ਵੱਲੋਂ ਇਹ ਪੁੱਛੇ ਜਾਣ ਉੱਤੇ ਕਿ "ਕੀ ਤੁਸੀਂ ਆਪਣੇ ਦੇਸੀ ਭਾਈਆਂ ਨੂੰ ਏਸ ਦੇਸ ਵਿਚ ਭੜਕਾਓਂਦੇ ਹੋ?" ਲਾਲਾ ਹਰਦਿਆਲ ਨੇ ਬੜੇ ਹੌਸਲੇ ਨਾਲ ਉੱਤਰ ਦਿ'ਤਾ, "ਮੈਂ ਉਨ ਕੇ ਜੋਸ਼ ਸੇ ਪਰਚਾਰ ਦੀ ਇਕ ਝੁੰਡ ਬਨਾਣਾ ਚਾਹੁੰਦਾ ਹਾਂ ਕਿ ਹਿੰਦੋਸਤਾਨ ਜਾ ਕੇ ਗਦਰ ਕਰਨ। "(ਗਦਰ, ਜਿਲਦ ਪੈਹਲੀ, ਨੰਬਰ 16, ਮਿਤੀ 31 ਮਾਰਚ 1914 ਵਿਚ ਲਿਖੇ ਲੇਖ "ਵਧਾਈ!ਵਧਾਈ! ਵਧਾਈ! ਹੁਸ਼ਿਆਰ ਹੋ ਜਾਓ, ਵੈਰੀ ਦਾ ਪੈਹਲਾ ਵਾਰ" ਵਿਚੋਂ) ਲਾਲਾ ਹਰਦਿਆਲ ਨੇ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਸਾਫ ਤੌਰ ਉੱਤੇ ਦੱਸਿਆ ਕਿ "ਮੈਂ 10 ਫਰਵਰੀ 1911 ਨੂੰ ਨਿਊਯਾਰਕ ਉਤਰਿਯਾ ਸਾਂ। ਹੁਣ ਮੈਨੂੰ ਏਸ ਮੁਲਕ ਵਿਚ ਰੈਹੰਦੇ ਹੋਏ ਤਿੰਨ ਸਾਲ ਹੋ ਗਏ ਹਨ। ਬੱਸ ਤੁਸੀਂ ਮੈਨੂੰ ਨਹੀਂ ਫੜ ਸਕਦੇ। ਤੁਸਾਂ ਦੇ ਮਹਿਕਮੇ ਦਾ ਮੇਰੇ ਉਪਰ ਕੋਈ ਅਖਤਿਆਰ ਨਹੀਂ। " (ਉਹੀ ਸਥਾਨ)

ਗ਼ਦਰ ਪਾਰਟੀ ਦੇ ਆਗੂਆਂ ਨੇ ਭੱਜ ਨੱਠ ਕਰਕੇ ਕੁੱਝ ਦਿਨ ਪਿੱਛੋਂ 500 ਡਾਲਰ ਦੀ ਜ਼ਮਾਨਤ ਉੱਤੇ ਲਾਲਾ ਹਰਦਿਆਲ ਨੂੰ ਰਿਹਾਅ ਕਰਵਾ ਲਿਆ। ਕੁੱਝ ਦਿਨ ਪਿੱਛੋਂ ਉਸ ਨੇ ਬਰਕਲੇ ਵਿਚ ਵਿਦਿਆਰਥੀਆਂ ਨੂੰ ਸੰਬੋਧਤ ਹੁੰਦਿਆਂ ਇਸ ਘਟਨਾ ਬਾਰੇ ਵੀ ਜਾਣਕਾਰੀ ਦਿੱਤੀ। ਇਕ ਵਾਰ ਫਿਰ ਉਸ ਨੇ ਇਮੀਗ੍ਰੇਸ਼ਨ ਮਹਿਕਮੇ ਦੇ ਕਮਜ਼ੋਰ ਪੱਖ ਉੱਤੇ ਉਂਗਲ ਧਰਦਿਆਂ ਆਖਿਆ, "ਅਮਰੀਕਾ ਦੇ ਕਨੂੰਣ ਦੇ ਅਨੁਸਾਰ ਇਮੀਗ੍ਰੇਸ਼ਨ ਨੂੰ ਮੇਰੇ ਫੜਨ ਦਾ ਕੋਈ ਅਖਤਿਆਰ ਨਹੀਂ ਹੈ। ਮੈਂ 10 ਫਰਵਰੀ 1911 ਨੂੰ ਨਿਊਯਾਰਕ ਪੁੱਜਾ ਸੀ ਜਿਸ ਨੂੰ ਪੂਰੇ ਤਿੰਨ ਸਾਲ ਹੋ ਗਏ। " (ਇਸ ਭਾਸ਼ਨ ਦੀ "ਯੂਨੀਵਰਸਿਟੀ ਕੈਲੇਫੋਰਨੀਆ ਦੇ ਅਖਬਾਰ" ਵਿਚ ਛਪੀ ਰੀਪੋਰਟ ਨੂੰ ਆਧਾਰ ਬਣਾ ਕੇ ਲਾਲਾ ਹਰਦਿਆਲ ਵੱਲੋਂ "ਹਿੰਦੋਸਤਾਨ ਗ਼ਦਰ" (ਜਿਲਦ 1, ਨੰਬਰ 1 ਮਿਤੀ 7 ਅਪਰੈਲ 1914) ਵਿਚ ਲਿਖੇ ਲੇਖ "ਬਰਕਲੇ ਕਾਲਜ ਵਿਚ ਗਦਰ ਪਰਚਾਰ" ਵਿਚੋਂ) ਇਸ ਹੀ ਪਰਚੇ ਵਿਚ ਲਾਲਾ ਹਰਦਿਆਲ ਨੇ ਆਪਣੇ ਲੇਖ "ਵੀਰੋ! ਹੁਸ਼ਿਆਰ ਹੋ ਜਾਓ" ਵਿਚ ਫਿਰ ਲਿਖਿਆ, "ਏਸ ਦੇਸ਼ ਵਿਚ ਮੇਰੇ ਤਿੰਨ ਸਾਲ 9 ਫਰਵਰੀ 1914 ਨੂੰ ਖਤਮ ਹੋ ਗਏ ਅਤੇ ਹੁਣ ਮੈਂ ਐਮਰੀਕਾ ਦੇ ਕਨੂਣ ਵਿਚ ਨਹੀਂ ਆ ਸਕਦਾ। "

ਦੂਜੇ ਪਾਸੇ ਜਦ ਅਮਰੀਕਨ ਪੁਲਸ ਨੇ ਲਾਲਾ ਹਰਦਿਆਲ ਨੂੰ ਗਰਿਫਤਾਰ ਕਰ ਲਿਆ ਤਾਂ ਗਦਰੀ ਡਰ ਗਏ ਕਿ ਕਿਧਰੇ ਅਮਰੀਕਾ ਸਰਕਾਰ ਮੁਕੱਦਮੇ ਦੇ ਬਹਾਨੇ ਲਾਲਾ ਹਰਦਿਆਲ ਨੂੰ ਅਮਰੀਕਾ ਵਿਚੋਂ ਦੇਸ਼ ਨਿਕਾਲਾ ਦੇ ਕੇ ਹਿੰਦੁਸਤਾਨ ਸਰਕਾਰ ਦੇ ਹਵਾਲੇ ਨਾ ਕਰ ਦੇਵੇ। ਇਸ ਲਈ ਪਾਰਟੀ ਨੇ ਲਾਲਾ ਹਰਦਿਆਲ ਨੂੰ ਜ਼ਮਾਨਤ ਉੱਤੇ ਰਿਹਾਅ ਕਰਵਾ ਕੇ ਸਵਿਟਜ਼ਰਲੈਂਡ ਭਜਾ ਦੇਣ ਦੀ ਵਿਉਂਤ ਬਣਾਈ। ਨਤੀਜੇ ਵਜੋਂ ਉਹ ਮੱਧ ਅਪ੍ਰੈਲ ਵਿਚ ਸਵਿਜ਼ਰਲੈਂਡ ਚਲਾ ਗਿਆ। ਇਉਂ ਭਾਵੇਂ ਉਸ ਨੇ ਗ਼ਦਰ ਆਸ਼ਰਮ ਵਿਚ ਗ਼ਦਰ ਅਖਬਾਰ ਦੇ ਸੰਪਾਦਕ ਅਤੇ ਗਦਰ ਪਾਰਟੀ ਦੇ ਸਕੱਤਰ ਵਜੋਂ ਲਗਪਗ ਸਾਢੇ ਪੰਜ ਕੁ ਮਹੀਨੇ ਕੰਮ ਕੀਤਾ ਪਰ ਇਸ ਛੋਟੇ ਅਰਸੇ ਦੌਰਾਨ ਗ਼ਦਰ ਪਾਰਟੀ ਦੀ ਉਸਾਰੀ ਵਿਚ ਉਸ ਦਾ ਯੋਗਦਾਨ ਮਹੱਤਵਪੂਰਨ ਹੈ। ਅਮਰੀਕਾ ਵਿਚ ਵਸਦੇ ਪੰਜਾਬੀ ਦੇਸ਼ਭਗਤਾਂ ਦੇ ਮਨਾਂ ਵਿਚਲੀ ਦੇਸ਼ ਨੂੰ ਅੰਗਰੇਜ਼ੀ ਸਾਮਰਾਜ ਤੋਂ ਆਜ਼ਾਦ ਕਰਵਾਉਣ ਦੀ ਭਾਵਨਾ ਹੋਰ

ਭਾਵੇਂ ਕੋਈ ਵੀ ਰੂਪ ਲੈ ਲੈਂਦੀ, ਪਰ ਇਸ ਦਾ ਗ਼ਦਰ ਲਹਿਰ ਦੇ ਰੂਪ ਵਿਚ ਫੁਟਾਰਾ ਕੇਵਲ ਲਾਲਾ ਹਰਦਿਆਲ ਦੀ ਹੀ ਸੋਚ ਅਤੇ ਦੇਣ ਹੈ।

ਜਦ ਨਵੰਬਰ 1913 ਤੋਂ ਉਸ ਦੀ ਨਿਗਰਾਨੀ ਵਿਚ ਹਫਤਾਵਾਰੀ 'ਗ਼ਦਰ' ਅਖਬਾਰ ਸ਼ੁਰੂ ਹੋਇਆ ਤਾਂ ਉਸ ਨੇ ਆਪਣੀ ਸੋਚ ਨੂੰ ਜ਼ੋਰ ਸ਼ੋਰ ਨਾਲ ਪਰਚਾਰਿਆ। ਇਸ ਅਖਬਾਰ ਦੀ ਪ੍ਰੇਰਨਾ ਦਾ ਹੀ ਫਲ ਸੀ ਕਿ ਵਿਦੇਸ਼ਾਂ ਵਿਚ ਵਸਦੇ ਹਿੰਦੁਸਤਾਨੀ ਗ਼ਦਰੀਆਂ ਦੇ ਸੰਪਰਕ ਵਿਚ ਆਉਣ ਤੋਂ ਬਿਨਾਂ ਹੀ ਦੇਸ਼ ਦੀ ਆਜ਼ਾਦੀ ਵਾਸਤੇ ਸਭ ਕੁੱਝ ਵਾਰਨ ਲਈ ਤਤਪਰ ਹੋ ਉੱਠੇ। ਖੁਦ ਗ਼ਦਰੀ ਇਸ ਤੱਥ ਨੂੰ ਪ੍ਰਵਾਨ ਕਰਦੇ ਸਨ। ਬਾਬਾ ਸੋਹਨ ਸਿੰਘ ਭਕਨਾ ਨੇ "ਜੀਵਨ ਸੰਗਰਾਮ" ਵਿਚ ਠੀਕ ਹੀ ਲਿਖਿਆ ਹੈ ਕਿ "ਲਾਲਾ ਹਰਦਿਆਲ ਦਾ ਸਾਢੇ ਪੰਜ ਮਹੀਨੇ ਦਾ ਅਖਬਾਰ ਸੰਬੰਧੀ ਤੇ ਦਫਤਰੀ ਕੰਮ ਗਦਰ ਪਾਰਟੀ ਦੇ ਇਤਿਹਾਸ ਵਿਚ ਹਮੇਸ਼ਾ ਜਿੰਦਾ ਰਹੇਗਾ।" (ਜੀਵਨ ਸੰਗਰਾਮ, ਪੰਨਾ 39) ਇਉਂ ਹੀ ਹਰਜਾਪ ਸਿੰਘ ਨੇ ਆਪਣੀ ਡਾਇਰੀ ਵਿਚ "ਆਪ (ਲਾਲਾ ਹਰਦਿਆਲ) ਹੀ ਅਸਲ ਵਿਚ ਪਾਰਟੀ ਦਾ ਦਿਮਾਗ ਸਨ" (ਪੰਨਾ 19) ਲਿਖ ਕੇ ਗ਼ਦਰ ਪਾਰਟੀ ਦੀ ਉਸਾਰੀ ਵਿਚ ਲਾਲਾ ਹਰਦਿਆਲ ਦੀ ਦੇਣ ਨੂੰ ਮਾਨਤਾ ਦਿੱਤੀ ਹੈ। "ਗਦਰ ਪਾਰਟੀ ਲਹਿਰ" ਦੇ ਕਰਤਾ ਜਗਜੀਤ ਸਿੰਘ ਅਨੁਸਾਰ "ਹਰਦਿਆਲ ਨੇ ਅਤਿ ਸੰਘਣੇ ਹੋ ਚੁੱਕੇ ਘੋਲ ਦਾ ਰਵਾ ਤਿਆਰ ਕਰਨ ਵਿਚ ਤੇਜ਼ੀ ਲਿਆਉਣ ਦੇ ਕੇਂਦਰ-ਬਿੰਦੂ ਦਾ ਕੰਮ ਕੀਤਾ।" (ਪੰਨਾ 181)

ਸਵਿਟਜ਼ਰਲੈਂਡ ਲਈ ਚੱਲਣ ਤੋਂ ਪਹਿਲਾਂ ਲਾਲਾ ਹਰਦਿਆਲ ਨੇ ਆਪਣੀ ਪਹਿਲੀ ਤਿੱਖੀ ਸੁਰ ਨੂੰ ਜਾਰੀ ਰੱਖਦਿਆਂ 7 ਅਪ੍ਰੈਲ 1914 ਦੇ "ਹਿੰਦੋਸਤਾਨ ਗ਼ਦਰ", ਜਿਲਦ ਪੈਹਲੀ, ਨੰਬਰ 1 ਵਿਚ ਲਿਖਿਆ, "**ਪਿਯਾਰਿਓ!** ਹਿੰਦੋਸਤਾਨ ਦੀ ਅੱਖਾਂ ਦੇ ਤਾਰਿਓ! **ਗਦਰ** ਦੇ ਸਪਾਹੀਓ! ਆਜ਼ਾਦੀ ਦੀ ਸ਼ਹੀਦੀ ਦੀ ਸੁੱਖ ਸੁੱਖਣ ਵਾਲੋ! ਹੁਣ ਤਯਾਰ ਹੋ ਜਾਓ ਕਿ **ਗਦਰ** ਪਰਚਾਰ ਪੈਹਲਾਂ ਨਾਲੋਂ ਦਸ ਗੁਣੇ ਜੋਸ਼ ਨਾਲ ਕਰਨਾ ਹੈ। ਨਾ ਸਿਰਫ ਪਰਚਾਰ ਕਰਨਾ ਹੈ ਸਗੋਂ **ਹਿੰਦੋਸਤਾਨ ਜਾ ਕੇ ਗਦਰ ਸ਼ੁਰੂ ਕਰਨਾ ਹੈ।** ਹੁਣ ਬਾਤਾਂ ਦਾ ਵਕਤ ਨਹੀਂ ਰਿਹਾ। ਦੇਖੋ! ਪੰਜਾਬ ਵਿਚ ਅਸਾਡੇ ਕਿਤਨੇ ਦੇਸ਼ ਭਗਤ ਦੁਸ਼ਮਣ ਦੇ ਪੰਜੇ ਵਿਚ ਆ ਗਏ ਹਨ। ਹੁਣ ਸਭ ਤਰਫ ਰੌਲਾ ਗੌਲਾ ਪੈ ਗਯਾ ਹੈ। **ਹੁਣ ਤੁਸਾਂ ਨੂੰ ਓਥੇ ਪੁੱਜਣਾ ਚਾਹੀਦਾ ਹੈ। ਸਪਾਹੀ ਓਹ ਹੈ ਜੇਹੜਾ ਜੰਗ ਦੇ ਮੈਦਾਨ ਵਿਚ ਅੱਗੇ ਜਾਵੇ, ਦੂਰ ਨਾ ਪਿਯਾ ਰਹੇ। ਪਿਆਰਿਓ! ਹੁਣ ਵੇਖਣ ਦਾ ਮੌਕਾ ਨਹੀਂ ਹੈ, ਦੇਸ਼ ਚੱਲਣ ਵਾਸਤੇ ਤਿਆਰ ਹੋ ਜਾਓ। ਮੈਂ ਹਰ ਵੇਲੇ ਮਰਦੇ ਦਮ ਤਕ ਤੁਹਾਡੇ ਸਾਥ ਹਾਂ।**

ਬੰਦੇ ਮਾਤ੍ਰਮ

ਸੇਵਕ ਹਰਦਿਯਾਲ"

7 ਅਪਰੈਲ 1914, ਜਦ ਅਜੇ ਲਾਲਾ ਹਰਦਿਆਲ ਕੈਲੇਫੋਰਨੀਆ ਵਿਚ ਹੀ ਸੀ, ਤਕ ਇਹ ਸਪਸ਼ਟ ਹੋ ਚੁੱਕਾ ਸੀ ਕਿ ਇਮੀਗ੍ਰੇਸ਼ਨ ਮਹਿਕਮੇ ਨੇ ਲਾਲਾ ਹਰਦਿਆਲ ਦੀ ਗਰਿਫਤਾਰੀ ਬਾਰੇ ਆਪਣੀ ਉਕਾਈ ਨੂੰ ਪ੍ਰਵਾਨ ਕਰ ਲਿਆ ਹੈ। ਇਸ ਤੱਥ ਦੀ ਪੁਸ਼ਟੀ 7 ਅਪਰੈਲ ਦੇ ਪਰਚੇ ਵਿਚ ਇਹ ਜਾਣਕਾਰੀ ਪਾਠਕਾਂ ਨਾਲ ਨਾਲ ਸਾਂਝੀ ਕਰਨ ਦੇ ਮਨੋਰਥ ਨਾਲ "ਖੁਸ਼ਖਬਰੀ" ਸੁਰਖੀ ਹੇਠ ਛਪੇ ਇਸ ਨੋਟ ਤੋਂ ਹੁੰਦੀ ਹੈ, "ਏ ਮੁਕਦਮੇ ਵਿਚ ਦੋ ਬਾਤਾਂ ਮਿਲੀਆਂ ਹੋਈਆਂ ਸਨ। ਇਕ ਪਾਸੇ ਤਾਂ ਅਮਰੀਕਨ ਗਵਰਮਿੰਟ ਦਾ ਝਗੜਾ ਸੀ ਕਿ ਹਰਦਿਯਾਲ ਦੇ ਖਿਆਲ ਸਾਨੂੰ ਪਸੰਦ ਨਹੀਂ ਹਨ। ਦੂਜੇ ਅੰਗ੍ਰੇਜ਼ਾਂ ਨੇ ਦਿੱਲੀ ਮੁਕੱਦਮੇ ਤੇ ਹੋਰ ਅਲਜ਼ਾਮ ਲਾ ਕੇ ਭੇਜੇ ਸਨ। ਇਮੀਗ੍ਰੇਸ਼ਨ ਦੇ ਦੋਹਾਂ ਪਾਸਿਆਂ ਤੋਂ ਫੜਦੇ ਸਨ। ਅਸੀਂ ਅਖਬਾਰਾਂ ਵਿਚ ਰੌਲਾ ਪਾਯਾ ਕਿ ਅਮਰੀਕਨ ਗਵਰਮਿੰਟ ਦਾ ਅੰਗ੍ਰੇਜ਼ਾਂ ਨਾਲ ਕੀ ਤਅੱਲਕ ਹੈ? ਸੋ ਸਾਡੀ ਜਿੱਤ ਹੋਈ। ਕਿਉਂਕਿ ਇਮੀਗ੍ਰੇਸ਼ਨ ਜਨਰਲ ਕਾਮਨਟੀ ਨੇ ਤਾਰ ਭੇਜੀ ਹੈ ਕਿ ਹਰ ਦਿਯਾਲ ਦਾ ਮੁਕਦਮਾ ਅਮਰੀਕਨ ਕਨੂਣ ਦੇ ਅਨੁਸਾਰ ਹੋਵੇਗਾ ਅਤੇ ਏਸ ਨੇ ਜੇਹੜਾ ਕੰਮ ਏਸ ਦੇਸ ਵਿਚ ਕੀਤਾ ਹੈ ਓਸਦੀ ਪੜਤਾਲ ਹੋਵੇਗੀ। ਹਿੰਦੋਸਤਾਨ ਵਿਚ ਏਸ ਨੇ ਜੋ ਕੀਤਾ ਹੈ ਸਾਨੂੰ ਕੋਈ ਮਤਲਬ ਨਹੀਂ।"

ਲ਼ਾਲਾ ਹਰਦਿਆਲ ਨੇ "ਹਿੰਦੋਸਤਾਨ ਗ਼ਦਰ" ਦੇ ਅਗਲੇ ਅੰਕ (ਜਿਲਦ 1, ਨੰਬਰ 2 ਮਿਤੀ

14 ਅਪਰੈਲ 1914) ਵਿਚ "ਅੰਗਰੇਜ ਘਬਰਾ ਗਏ ਹਨ" ਸੁਰਖੀ ਹੇਠ ਫਿਰ ਲਿਖਿਆ, "ਹਿੰਦੀ ਭਾਈਓ ਪੈਹਲਾਂ ਨਾਲੋਂ ਜ਼ਿਆਦਾ ਜੋਸ਼ ਨਾਲ ਕੰਮ ਕਰੋ ਵੈਰੀ ਘਬਰਾ ਗਿਯਾ ਹੈ। ਜਲਦੀ ਕਰੋ **ਗਦਰ** ਬਹੁਤ ਨੇੜੇ ਹੈ।" ਇਸ ਹੀ ਅੰਕ ਵਿਚ "ਨਾਮਰਦੀ ਦੀ ਹੱਦ ਹੋ ਗਈ" ਸੁਰਖੀ ਹੇਠ ਛਪਿਆ ਸੀ, "ਕੀ ਅਜੇਹੇ ਮੌਕੇ ਹਿੰਦੀ ਸੌਂ ਰੈਹਣਗੇ ਜਾਂ ਡਰ ਕੇ ਪਿੱਛੇ ਹਟ ਜਾਣਗੇ। ਨਹੀਂ ਕਦੇ ਨਹੀਂ, ਐਨ ਡਟੇ ਰਹਾਂਗੇ। **ਗਦਰ ਹੋਊਗਾ, ਜ਼ਰੂਰ ਹੋਊਗਾ** ਅਤੇ ਐਸਾ ਹੋਊਗਾ ਕਿ ਦੁਨੀਆ ਦੇਖੂਗੀ।"

ਅਮਰੀਕਾ ਵਿਚ ਰਹਿੰਦਿਆਂ ਇਹ ਲਾਲਾ ਹਰਦਿਆਲ ਦੀ ਆਖਰੀ ਲਿਖਤ ਸੀ।

ਹਰਜਾਪ ਸਿੰਘ ਅਨੁਸਾਰ ਲਾਲਾ ਹਰਦਿਆਲ ਸ਼ੁਰੂ ਤੋਂ ਹੀ ਇਸ ਗੱਲ ਪ੍ਰਤੀ ਚੌਕਸ ਸੀ ਕਿ ਉਹ ਕਿਸੇ ਵੀ ਤਰ੍ਹਾਂ ਅਮਰੀਕਨ ਕਾਨੂੰਨਾਂ ਦੀ ਉਲੰਘਣਾ ਕਰਨ ਦਾ ਭਾਗੀ ਨਾ ਬਣੇ। ਹਰਜਾਪ ਸਿੰਘ ਨੇ ਲਿਖਿਆ ਹੈ, "ਲਾਲਾ ਜੀ ਆਪਣੇ ਥਾਂ ਬੜੀ ਹੁਸ਼ਿਆਰੀ ਨਾਲ ਕੰਮ ਕਰਦੇ ਸਨ। ਆਪ ਦੀਆਂ ਤਕਰੀਰਾਂ ਬੜੀਆਂ ਸੋਚ ਸਮਝ ਕੇ ਕੀਤੀਆਂ ਜਾਂਦੀਆਂ ਸਨ। ਅਖਬਾਰ ਦਾ ਕੋਈ ਪਰਚਾ ਜਾਂ ਟਰੈਕਟ ਵਕੀਲਾਂ ਦੇ ਮਸ਼ਵਰੇ ਤੋਂ ਬਗੈਰ ਨਹੀਂ ਸੀ ਛਾਪਿਆ ਜਾਂਦਾ। ਆਪ ਇਸ ਗੱਲ ਦਾ ਖਾਸ ਖਿਆਲ ਰੱਖਦੇ ਸਨ ਕਿ ਕਿਸੇ ਵੀ ਅਮਰੀਕੀ ਕਾਨੂੰਨ ਦੀ ਉਲੰਘਣਾ ਨਾ ਹੋ ਜਾਏ।" (ਡਾਇਰੀ, ਪੰਨਾ 18)

1914 ਮੱਧ ਅਪਰੈਲ ਵਿਚ ਲਾਲਾ ਹਰਦਿਆਲ ਦੇ ਅਮਰੀਕਾ ਤੋਂ ਚਲੇ ਜਾਣ ਨਾਲ ਇਸ ਕਹਾਣੀ ਦੀ ਅਗਲੀ ਲੜੀ ਨਵਾਂ ਮੋੜ ਲੈ ਕੇ ਸ਼ੁਰੂ ਹੁੰਦੀ ਹੈ।

ਗ਼ਦਰੀ ਤਾਂ ਸਾਧਾਰਨ ਲੋਕ ਸਨ ਜੋ ਕਾਨੂੰਨੀ ਘੁਣਤਰਾਂ ਨੂੰ ਨਹੀਂ ਸਨ ਸਮਝਦੇ ਜਿਸ ਕਾਰਨ ਉਹਨਾਂ ਲਾਲਾ ਹਰਦਿਆਲ ਨੂੰ ਸਵਿਟਜ਼ਰਲੈਂਡ ਭੇਜਣ ਦੀ ਵਿਉਂਤ ਬਣਾਈ ਪਰ ਅਮਰੀਕਾ ਵਿਚ ਆਪਣੀ ਠਹਿਰ ਨੂੰ ਕਾਨੂੰਨ ਅਨੁਸਾਰ ਜਾਇਜ਼ ਦੱਸਣ ਵਾਲਾ ਅਤੇ ਆਤਮ ਵਿਸ਼ਵਾਸ ਨਾਲ ਭਰਪੂਰ ਲਾਲਾ ਹਰਦਿਆਲ ਸਿਖਰ ਉੱਤੇ ਪੁੱਜੀ ਲਹਿਰ ਨੂੰ ਛੱਡ ਕੇ ਕਿਉਂ ਚਲਾ ਗਿਆ? ਇਹ ਅਚੰਭਾਜਨਕ ਪ੍ਰਸ਼ਨ ਲਾਲਾ ਹਰਦਿਆਲ ਦੀ ਨੀਅਤ ਬਾਰੇ ਸ਼ੰਕਾ ਖੜ੍ਹਾ ਕਰਦਾ ਹੈ।

ਸਵਿਟਜ਼ਰਲੈਂਡ ਜਾ ਕੇ ਵੀ ਲਾਲਾ ਹਰਦਿਆਲ ਏਸੇ ਸੁਰ ਵਿਚ ਲਿਖੇ ਲੇਖ "ਹਿੰਦੋਸਤਾਨ ਗਦਰ" ਵਿਚ ਪ੍ਰਕਾਸ਼ਤ ਕਰਨ ਲਈ ਭੇਜਦਾ ਰਿਹਾ। ਅਖਬਾਰ ਦੇ 14 ਜੁਲਾਈ 1914 ਵਾਲੇ ਅੰਕ, ਜਿਲਦ ਪੈਹਲੀ ਨੰਬਰ 10 ਵਿਚ "ਹਿੰਦੋਸਤਾਨ ਗ਼ਦਰ ਪਾਰਟੀ" ਸੁਰਖੀ ਵਾਲਾ ਲੇਖ "ਲੇਖਕ ਲਾਲਾ ਹਰ ਦਿਯਾਲ ਮੁਕੀਮ ਯੂਰਪ" ਸੂਚਨਾ ਨਾਲ ਪ੍ਰਕਾਸ਼ਤ ਹੋਇਆ। ਲਾਲਾ ਹਰਦਿਆਲ ਨੇ ਇਸ ਲੇਖ ਵਿਚ ਲਿਖਿਆ, "ਐ ਗ਼ਦਰ ਦੇ ਸਪਾਹੀਓ ਅਤੇ ਹਿੰਦ ਦੀ ਅੱਖਾਂ ਦੇ ਤਾਰਿਓ! ਜਿਸ ਕੰਮ ਨੂੰ ਤੁਸਾਂ ਸ਼ੁਰੂ ਕੀਤਾ ਹੈ ਉਸ ਨੂੰ ਜਾਰੀ ਰਖੋ ...।" ਉਸ ਨੇ ਇਸ ਲੇਖ ਦਾ ਅੰਤ ਇਸ ਲਲਕਾਰ ਨਾਲ ਕੀਤਾ, "ਹਿੰਮਤ ਕਰੋ, ਤਨ ਮਨ ਧੰਨ ਨਾਲ ਸੇਵਾ ਕਰੋ ਅਤੇ **ਦੁਸ਼ਮਣ** ਨਾਲ ਲੜ ਕੇ ਦੇਸ਼ ਆਜ਼ਾਦ ਕਰਨ ਵਾਸਤੇ ਬੌਹਤ ਛੇਤੀ ਦੇਸ ਚੱਲੋ। ਮੈਂ ਹਰ ਹਾਲਤ ਵਿਚ ਮਰਦੇ ਦਮ ਤਕ ਤੁਹਾਡੇ ਨਾਲ ਹਾਂ, ਬੰਦੇ ਮਾਤਰਮ।"

ਭਾਵੇਂ ਸਵਿਟਜ਼ਰਲੈਂਡ ਲਈ ਚੱਲਣ ਤੋਂ ਪਹਿਲਾਂ ਅਤੇ ਉੱਥੇ ਪਹੁੰਚ ਕੇ ਵੀ ਲਾਲਾ ਹਰਦਿਆਲ ਨੇ ਆਪਣੀ ਪਹਿਲੀ ਤਿੱਖੀ ਸੁਰ ਜਾਰੀ ਰੱਖੀ ਪਰ ਜਾਪਦਾ ਹੈ ਕਿ ਇਹ ਉਸ ਦਾ ਵਿਖਾਵਾ ਮਾਤਰ ਸੀ, ਅੰਦਰੋਂ ਉਹ ਕਿਸੇ ਨਾ ਕਿਸੇ ਤਰ੍ਹਾਂ ਗਦਰ ਪਾਰਟੀ ਵਾਲੇ 'ਚੱਕਰ' ਵਿਚੋਂ ਨਿਕਲਣਾ ਚਾਹੁੰਦਾ ਸੀ। ਉਸ ਨੇ ਇਕ ਵਾਰ ਨਹੀਂ ਕਈ ਵਾਰ ਇਹ ਦਾਅਵਾ ਕੀਤਾ ਕਿ ਅਮਰੀਕਾ ਵਿਚ ਤਿੰਨ ਸਾਲ ਦੀ ਠਹਿਰ ਪੂਰੀ ਕਰ ਚੁੱਕਣ ਕਾਰਨ ਅਮਰੀਕਾ ਸਰਕਾਰ ਉਸ ਨੂੰ ਇਸ ਦੇਸ਼ ਵਿਚੋਂ ਨਹੀਂ ਸੀ ਕੱਢ ਸਕਦੀ। 'ਗ਼ਦਰ' ਅਖਬਾਰ ਅਨੁਸਾਰ ਲਾਲਾ ਹਰਦਿਆਲ ਦੀ ਅਮਰੀਕਾ ਤੋਂ ਸਵਿਟਜ਼ਰਲੈਂਡ ਵੱਲ ਰਵਾਨਗੀ ਤੋਂ ਪਹਿਲਾਂ ਹੀ ਇਮੀਗ੍ਰੇਸ਼ਨ ਮਹਿਕਮੇ ਨੇ ਸਪਸ਼ਟ ਕਰ ਦਿੱਤਾ ਸੀ ਕਿ "ਹਰ ਦਿਯਾਲ ਦਾ ਮੁਕਦਮਾ ਅਮਰੀਕਨ ਕਨੂਣ ਦੇ ਅਨੁਸਾਰ ਹੋਵੇਗਾ ਅਤੇ ਏਸ ਨੇ ਜੇਹੜਾ ਕੰਮ ਏਸ ਦੇਸ ਵਿਚ ਕੀਤਾ ਹੈ ਓਸਦੀ ਪੜਤਾਲ ਹੋਵੇਗੀ। ਹਿੰਦੋਸਤਾਨ ਵਿਚ ਏਸ ਨੇ ਜੋ ਕੀਤਾ ਹੈ ਸਾਨੂੰ ਕੋਈ ਮਤਲਬ ਨਹੀਂ।" ਇਸ ਸਪਸ਼ਟੀਕਰਨ ਦੀ ਲੋਅ ਵਿਚ ਹਰਦਿਆਲ ਨੂੰ ਅਮਰੀਕਾ ਵਿਚੋਂ ਭੱਜਣ ਦੀ ਲੋੜ

ਨਹੀਂ ਸੀ ਪਰ ਇਸ ਦੇ ਬਾਵਜੂਦ ਉਹ ਅਮਰੀਕਾ ਵਿਚੋਂ ਨਿਕਲ ਗਿਆ। ਅਗਲੇ ਮਹੀਨੇ ਜਦ ਉਸ ਦੀ 500 ਡਾਲਰ ਦੀ ਜ਼ਮਾਨਤ ਗ਼ਦਰ ਦਫਤਰ ਨੂੰ ਵਾਪਸ ਕਰ ਦਿੱਤੀ ਗਈ ਤਾਂ ਬਿਲਕੁਲ ਸਪਸ਼ਟ ਹੋ ਗਿਆ ਕਿ ਅਮਰੀਕਾ ਸਰਕਾਰ ਲਾਲਾ ਹਰਦਿਆਲ ਖਿਲਾਫ ਕੋਈ ਕਾਰਵਾਈ ਨਹੀਂ ਕਰੇਗੀ। ਇਹ ਸੂਚਨਾ 'ਹਿੰਦੋਸਤਾਨ ਗ਼ਦਰ', ਜਿਲਦ ਪੈਹਲੀ, ਨੰਬਰ 8 ਦੇ ਮਿਤੀ 26 ਮਈ 1914 ਵਾਲੇ ਅੰਕ ਵਿਚ "ਲਾਲਾ ਹਰ ਦਿਯਾਲ ਅਤੇ ਮੁਕੱਦਮਾ" ਸੁਰਖੀ ਹੇਠ ਇਉਂ ਪ੍ਰਕਾਸ਼ਤ ਕੀਤੀ ਗਈ, "ਲਾਲਾ ਹਰ ਦਿਯਾਲ ਦੇ ਮੁਕੱਦਮੇ ਦੀ ਬਾਬਤ ਹਿੰਦੋਸਤਾਨ ਵਿਚ ਭੀ ਬੜਾ ਜੋਸ਼ ਫੈਲ ਰਿਹਾ ਹੈ। 15 ਅਪਰੈਲ ਨੂੰ ਔਰੇਗਾਨ ਸਟੇਟ ਤੋਂ ਵਕੀਲ ਦੇ ਪਾਸ ਲਾਲਾ ਜੀ ਦਾ ਤਾਰ ਆਯਾ ਸੀ। ਏਸ ਤੋਂ ਬਾਅਦ ਐਮੀਗਰੇਸ਼ਨ ਦੇ ਬੁਲੌਨੇ ਪਰ ਵਕੀਲ ਨੇ ਕਿਹਾ ਮੈਨੂੰ ਪਤਾ ਨਹੀਂ। ਅਖਬਾਰ 'ਕਰਾਨੀਕਲ' ਤੇ ਹੋਰ ਅਖਬਾਰਾਂ ਨੇ ਲਿਖਾ ਹੈ ਕਿ ਲਾਲਾ ਹਰ ਦਿਯਾਲ ਕੋ ਅਮਰੀਕਨ ਗਵਰਮਿੰਟ ਦੇ ਇਨਸਾਫ ਪਰ ਸ਼ੱਕ ਸੀ ਏਸ ਕਰ ਕੇ ਓਹ ਸਵਿਜ਼ਰਲੈਂਡ ਚਲੇ ਗਏ ਹਨ। ਅਮਰੀਕਾ ਗਵਰਮਿੰਟ ਓਹਨਾਂ ਦੇ ਵਰੁੱਧ ਕੋਈ ਕਾਰਵਾਈ ਨਹੀਂ ਕਰਨਾ ਚੌਂਹਦੀ।" ਲਾਲਾ ਹਰਦਿਆਲ ਦੇ ਸ਼ਰਧਾਲੂ, ਸਹਿਯੋਗੀ ਅਤੇ ਰਿਸ਼ਤੇਦਾਰੀ ਵਿਚੋਂ ਸਾਲੇ ਲੱਗਦੇ ਗੋਬਿੰਦ ਬਿਹਾਰੀ ਲਾਲ ਨੇ ਇਸ ਮੁਕੱਦਮੇ ਦਾ ਅੰਤ ਇਉਂ ਦੱਸਿਆ ਹੈ, " ਉਸ (ਲਾਲਾ ਹਰਦਿਆਲ) ਦੇ ਚਲੇ ਜਾਣ ਦੇ ਕੁੱਝ ਹਫਤੇ ਪਿੱਛੋਂ ਮਿਸਟਰ ਓਲਡਰ ਨੇ ਮੈਨੂੰ ਸੂਚਿਤ ਕੀਤਾ ਕਿ ਉਸ ਨੂੰ ਦੇਸ਼ ਬਦਰ ਨਹੀਂ ਕੀਤਾ ਜਾਵੇਗਾ। ਸੰਪਾਦਕ ਨੂੰ ਇਹ ਜਾਣਕਾਰੀ ਸਿੱਧੇ ਤੌਰ ਉੱਤੇ ਮਿਸਟਰ ਵਿਲਸਨ, ਰਾਸਟਰਪਤੀ ਵਿਲਸਨ ਦੀ ਵਜ਼ਾਰਤ ਵਿਚ ਲੇਬਰ ਸਕੱਤਰ, ਜੋ ਪ੍ਰਵਾਸ ਬਾਰੇ ਸਭ ਤੋਂ ਸਮਰੱਥ ਅਧਿਕਾਰੀ ਸੀ, ਪਾਸੋਂ ਮਿਲੀ ਸੀ। ਸਕੱਤਰ ਨੇ ਕਿਹਾ ਸੀ ਕਿ ਉਹ ਹਰਦਿਆਲ ਨੂੰ ਬਿਲਕੁਲ ਹੀ ਬਰਤਾਨਵੀ ਹੱਥਾਂ ਵਿਚ ਨਹੀਂ ਦੇਵੇਗਾ। ਹਰਦਿਆਲ ਨੂੰ ਅਮਰੀਕਾ ਵਿਚੋਂ ਕੱਢਣ ਦੀ ਕਾਰਵਾਈ ਰੱਦ ਕਰ ਦਿੱਤੀ ਗਈ, 500 ਡਾਲਰ ਦੀ ਜ਼ਮਾਨਤ ਗ਼ਦਰ ਦਫਤਰ ਨੂੰ ਵਾਪਸ ਕਰ ਦਿੱਤੀ ਗਈ।(ਗ਼ਦਰ ਲਹਿਰ – ਕੁੱਝ ਨਿੱਜੀ ਯਾਦਾਂ – ਮੂਲ ਅੰਗਰੇਜ਼ੀ ਵਿਚ) Only a couple of weeks after he left, Mr. Older informed me that Har Dayal will not be deported. The Editor had heard directly from Secretary of Labor (the ultimate authority in matters of Immigration, then) in President Wilson's cabinet. The Secretary had said that he would certainly not turn Har Dayal over to the British hands. Har Dayal's deportation proceedings were cancelled, the $500 bail was returned to the Gadar office. (Gobind Behari Lal, The Gadar Movement —Its Personal Reminiscence, Page 48)

ਵਿਚਾਰਨ ਵਾਲੀ ਗੱਲ ਹੈ ਕਿ ਜੇਕਰ ਮੁਕੱਦਮੇ ਦੇ ਲੰਬਿਤ ਹੋਣ ਸਮੇਂ ਲਾਲਾ ਹਰਦਿਆਲ ਅਮਰੀਕਾ ਤੋਂ ਬਾਹਰ ਚਲਾ ਹੀ ਗਿਆ ਸੀ ਤਾਂ ਮੱਧ ਮਈ ਵਿਚ ਸਥਿਤੀ ਸਾਫ ਹੋਣ ਪਿੱਛੋਂ ਉਸ ਨੂੰ ਵਾਪਸ ਆਉਣਾ ਕਠਨ ਨਹੀਂ ਸੀ। ਪਰ ਨਹੀਂ, ਜਾਪਦਾ ਹੈ ਲਾਲਾ ਹਰਦਿਆਲ ਪਹਿਲਾਂ ਹੀ ਅਮਰੀਕਾ ਵਿਚੋਂ ਨਿਕਲਣ ਦਾ ਕੋਈ ਬਹਾਨਾ ਭਾਲਦਾ ਸੀ ਅਤੇ ਇਹ ਬਹਾਨਾ ਮਿਲ ਗਿਆ ਅਮਰੀਕਾ ਦੇ ਇਮੀਗ੍ਰੇਸ਼ਨ ਮਹਿਕਮੇ ਵੱਲੋਂ ਦਰਜ ਕੀਤਾ ਗਿਆ ਮੁਕੱਦਮਾ। ਲਾਲਾ ਹਰਦਿਆਲ ਨੇ ਇਸ ਅਵਸਰ ਦਾ ਲਾਭ ਉਠਾਉਣ ਵਿਚ ਕੋਈ ਢਿੱਲ ਨਾ ਲਾਈ। ਕਹਿੰਦੇ ਹਨ ਕਿ ਸੱਚ ਸੌ ਪਰਦੇ ਪਾੜ ਕੇ ਬਾਹਰ ਆ ਜਾਂਦਾ ਹੈ। ਲਾਲਾ ਹਰਦਿਆਲ ਦੀ ਅਮਰੀਕਾ ਵਿਚੋਂ ਕਿਵੇਂ ਨਾ ਕਿਵੇਂ ਨਿਕਲ ਜਾਣ ਦੀ ਇੱਛਾ ਦਾ ਪਰਦਾ ਅਣਜਾਣੇ ਵਿਚ ਹੀ ਲਾਲਾ ਹਰਦਿਆਲ ਦੇ ਜਾਣ ਪਿੱਛੋਂ ਬਣੇ ਐਡੀਟਰ 'ਗ਼ਦਰ' ਵੱਲੋਂ ਪਾੜ ਦਿੱਤਾ ਗਿਆ ਹੈ। ਇਹ ਐਡੀਟਰ ਹੋਰ ਕੋਈ ਨਹੀਂ, ਰਾਮ ਚੰਦ ਹੈ। ਉਸ ਨੇ 1 ਨਵੰਬਰ 1915 ਦੇ 'ਹਿੰਦੋਸਤਾਨ ਗ਼ਦਰ' ਵਿਚ ਗ਼ਦਰ ਅਖਬਾਰ ਦੇ ਪਿਛਲੇ ਹਾਲ ਲਿਖਦਿਆਂ ਲਿਖਿਆ ਕਿ ਅਖਬਾਰ ਦੇ "ਕੁਝ ਥੋੜ੍ਹੇ ਹੀ ਪਰਚਿਆਂ ਨੇ ਅੰਗ੍ਰੇਜ਼ੀ ਗਵਰਮਿੰਟ ਦੇ ਪੈਰ ਹਲਾ ਦਿੱਤੇ ਔਰ ਲਾਲਾ ਹਰਦਿਯਾਲ ਜੀ ਕੀ ਇਸ ਮੁਲਕ ਵਿਚੋਂ ਕੱਢੇ ਜਾਣ ਦੀ ਤਜਵੀਜ਼ ਕੀਤੀ ਗਈ। ਐਪ੍ਰ ਏਨਾਂ ਦੀ ਆਪਣੀ ਮਰਜ਼ੀ ਇਸ ਮੁਲਕ ਵਿਚੋਂ ਚਲੇ ਜਾਣ ਦੀ ਸੀ।"

ਅਸਲ ਵਿਚ ਵਿਚਾਰਧਾਰਾ ਦੇ ਪੱਖੋਂ ਲਾਲਾ ਹਰਦਿਆਲ ਇਕ ਬੇਪੈਂਦਾ ਲੋਟਾ ਸੀ ਜੋ ਥੋੜ੍ਹੇ ਥੋੜ੍ਹੇ ਵਕਫੇ ਪਿੱਛੋਂ ਆਪਣੀ ਸੋਚ ਬਦਲ ਲੈਂਦਾ ਸੀ। ਲਾਲਾ ਹਰਦਿਆਲ ਨੂੰ ਸੋਹਨ ਸਿੰਘ ਭਕਨਾ ਅਤੇ ਹੋਰਨਾਂ ਦੇ ਸੰਪਰਕ ਵਿਚ ਲਿਆਉਣ ਵਾਲੇ ਭਾਈ ਪਰਮਾ ਨੰਦ ਨੇ ਲਾਲਾ ਹਰਦਿਆਲ ਦੇ ਅਜਿਹੇ ਸੁਭਾਅ ਬਾਰੇ ਗ਼ਦਰੀ ਆਗੂਆਂ ਨੂੰ ਜਾਣਕਾਰੀ ਦੇ ਦਿੱਤੀ ਸੀ ਪਰ ਉਹਨਾਂ ਇਸ ਗੱਲ ਦੀ ਪ੍ਰਵਾਹ ਨਹੀਂ ਕੀਤੀ। ਬਾਬਾ ਸੋਹਨ ਸਿੰਘ ਭਕਨਾ ਨੇ ਭਾਈ ਪਰਮਾ ਨੰਦ ਵੱਲੋਂ ਦਿੱਤੀ ਜਾਣਕਾਰੀ ਨੂੰ ਯਾਦ ਕਰਦਿਆਂ ਆਪਣੀ "ਰਾਮ ਕਹਾਣੀ" ਵਿਚ ਲਿਖਿਆ ਹੈ, "ਭਾਈ ਪਰਮਾ ਨੰਦ ਦੀ ਇਕ ਗੱਲ ਮੈਨੂੰ ਯਾਦ ਏ। ਜਦੋਂ ਭਾਈ ਪਰਮਾ ਨੰਦ, ਲਾਲਾ ਹਰਦਿਆਲ, ਮੈਂ ਤੇ ਭਾਈ ਕਾਂਸ਼ੀ ਰਾਮ ਇਕ ਕਮਰੇ ਵਿਚ ਬੈਠੇ ਗੱਲਾਂ ਬਾਤਾਂ ਕਰ ਰਹੇ ਸਾਂ ਤਾਂ ਭਾ: ਪਰਮਾ ਨੰਦ ਨੇ ਭਾਈ ਹਰਦਿਆਲ ਦੇ ਮੂੰਹ ਪੁਰ ਹੀ ਸਾਨੂੰ ਆਖ ਦਿੱਤਾ ਸੀ ਕਿ "ਭਾਈ ਜੀ, ਉਂਝ ਤਾਂ ਲਾਲਾ ਹਰਦਿਆਲ ਦੀ ਯੋਗਤਾ ਵਿਚ ਕੋਈ ਸ਼ੱਕ ਨਹੀਂ ਹੈ ਪਰ ਏਨ੍ਹਾਂ ਦੇ ਭਰੋਸੇ ਕੋਈ ਕੰਮ ਚਲੌਣਾ ਮੇਰੀ ਜਾਚੇ ਮੁਸ਼ਕਲ ਹੈ ਕਿਉਂ ਜੋ ਇਹਨਾਂ ਦਾ ਪਤਾ ਨਹੀਂ ਕਦੋਂ ਕੰਮ ਛੱਡ ਕੇ ਫਰੰਟ ਹੋ ਜਾਣ।" (ਸੰਪਾਦਕ: ਰਾਜਵਿੰਦਰ ਸਿੰਘ ਰਾਹੀ, ਪੰਨਾ 82) ਇਹ ਹੀ ਕਾਰਨ ਸੀ ਕਿ ਜਦ 'ਗ਼ਦਰ' ਅਖਬਾਰ ਦੇ ਚਾਰ ਪੰਜ ਮਹੀਨੇ ਦੇ ਪਰਚਾਰ ਸਦਕਾ ਗ਼ਦਰ ਲਹਿਰ ਵਿਸ਼ਵ ਵਿਆਪੀ ਰੂਪ ਧਾਰਨ ਕਰਨ ਵੱਲ ਵਧ ਰਹੀ ਸੀ ਤਾਂ ਲਾਲਾ ਹਰਦਿਆਲ ਖੁਦ ਇਸ ਸੋਚ ਤੋਂ ਪਿੱਛੇ ਹਟਣਾ ਸ਼ੁਰੂ ਹੋ ਗਿਆ ਸੀ।

ਲਾਲਾ ਹਰਦਿਆਲ ਦੇ ਇਸ ਪੈਂਤੜੇ ਨੂੰ ਗ਼ਦਰੀ ਆਗੂ ਤਾਂ ਭਾਵੇਂ ਨਾ ਸਮਝ ਸਕੇ ਪਰ ਉਸ ਦੀ ਇਹ ਚਾਲ ਅੰਗਰੇਜ਼ ਸਰਕਾਰ ਦੀ 'ਬਾਜ਼ ਅੱਖ' ਤੋਂ ਨਾ ਬਚ ਸਕੀ। ਲਾਹੌਰ ਸਾਜ਼ਿਸ਼ ਮੁਕੱਦਮੇ ਦੇ ਫੈਸਲੇ ਵਿਚ ਲਾਲਾ ਹਰਦਿਆਲ ਬਾਰੇ ਲਿਖਿਆ ਗਿਆ ਕਿ "ਧੋਖੇ ਵਿਚ ਰੱਖੇ ਲੋਕਾਂ ਨੂੰ ਇਕ ਨਿਸ਼ਚਿਤ ਨਸੀਬ ਵੱਲ ਧਕੇਲਦਿਆਂ ਉਸ ਨੇ ਆਪਣੇ ਆਪ ਨੂੰ ਅਤੇ ਆਪਣੇ ਮੁਹਰੈਲੀ ਸਹਾਇਕਾਂ ਨੂੰ ਖ਼ਤਰੇ ਤੋਂ ਬਾਹਰ ਰੱਖਿਆ।" (Judgment Part III, The History of the Conspiracy and War, Sub heading: Hardial in San Francisco. ) ਇਸ ਅਦਾਲਤ ਦੇ ਮੁੱਖ ਜੱਜ ਲੈਫਟੀਨੈਂਟ ਕਰਨਲ ਏ. ਏ. ਇਰਵਿਨ ਨੇ ਖੁਦ ਆਪਣੀ ਪੱਧਰ ਉੱਤੇ ਵੀ ਲਾਲਾ ਹਰਦਿਆਲ ਬਾਰੇ ਇਹੋ ਜਿਹੇ ਸ਼ਬਦ ਲਿਖੇ ਹਨ। ਉਹ ਲਾਲਾ ਹਰਦਿਆਲ ਨੂੰ ਅਮਰੀਕਾ ਵਿਚ "ਬਗ਼ਾਵਤ ਫੈਲਾਉਣ, ਰੁਪਿਆ ਇਕੱਠਾ ਕਰਨ, ਆਪਣੇ ਹਾਮੀ ਬਣਾਉਣ, ਤੇ ਬਾਦਸ਼ਾਹ ਸਲਾਮਤ ਦੇ ਵਿਰੁੱਧ ਜੰਗ ਕਰਨ, ਯੂਰਪੀਅਨਾਂ ਨੂੰ ਮਾਰਨ ਤੇ ਹਿੰਦੁਸਤਾਨ ਤੋਂ ਬਾਹਰ ਕੱਢਣ" ਦੀਆਂ ਕਾਰਵਾਈਆਂ ਕਰਨ ਵਾਲਾ ਦੱਸ ਕੇ ਲਿਖਦਾ ਹੈ ਕਿ "ਉਹ ਆਪਣੀ ਜ਼ਾਤ ਸੰਬੰਧੀ ਬਹੁਤ ਖ਼ਬਰਦਾਰ ਰਿਹਾ। ਇਸ ਤੋਂ ਪਹਿਲਾਂ ਕਿ ਹਿੰਦੁਸਤਾਨ ਵਿਚ ਝੱਖੜ ਝੁੱਲੇ, ਉਹ ਆਪਣੇ ਪਿੱਛੇ ਲੱਗਣ ਵਾਲਿਆਂ ਨੂੰ ਆਪਣੇ ਹਾਲ 'ਤੇ ਛੱਡ ਕੇ ਖਿਸਕ ਗਿਆ।" (ਬਲਬੀਰ ਪਰਵਾਨਾ (ਸੰ) ਗ਼ਦਰ ਦੀ ਲਲਕਾਰ: ਬਾਬਾ ਜਵਾਲਾ ਸਿੰਘ, ਪੰਨਾ 53)

ਇਰਵਨ ਦੇ ਮਤ ਦੀ ਪੁਸ਼ਟੀ ਗੋਬਿੰਦ ਬਿਹਾਰੀ ਲਾਲ ਨੇ ਵੀ ਕੀਤੀ ਹੈ। ਉਸ ਅਨੁਸਾਰ ਜਦ ਉਸ ਨੂੰ ਲਾਲਾ ਹਰਦਿਆਲ ਦੇ ਅਮਰੀਕਾ ਵਿਚੋਂ ਜਾਣ ਦੀ ਯੋਜਨਾ ਬਾਰੇ ਪਤਾ ਲੱਗਾ ਤਾਂ "ਮੈਂ ਹੱਕਾ ਬੱਕਾ ਰਹਿ ਗਿਆ। ਮੈਂ ਉਸ (ਲਾਲਾ ਹਰਦਿਆਲ) ਨੂੰ ਦੱਸਿਆ ਕਿ ਮੈਂ ਉਸ ਉੱਤੇ ਵਿਸ਼ਵਾਸ ਕੀਤਾ ਸੀ ਅਤੇ ਉਸ ਨੇ ਮੈਨੂੰ ਇਨਕਲਾਬੀ ਰਾਹ ਉੱਤੇ ਤੋਰਿਆ ਸੀ।..... ਮੈਂ ਹੁਣ ਕੀ ਕਰਾਂਗਾ?

"ਮੈਂ ਤੈਨੂੰ ਉੱਥੇ ਮੰਗਵਾਉਣ ਦਾ ਯਤਨ ਕਰਾਂਗਾ। ਸਾਨ ਬੋਨ ਜਾਂ ਕੈਂਬਰਿਜ ਤੇਰੇ ਲਈ ਢੁਕਵਾਂ ਰਹੇਗਾ। ਬਰਕਲੇ ਯੂਨੀਵਰਸਿਟੀ ਤਾਂ ਅਮਰੀਕੀ ਕਿਸਾਨਾਂ ਵਾਸਤੇ ਹੈ।" ਇਮਲੀ ਐੱਸ. ਬ੍ਰਾਊਨ ਵੀ ਇਸ ਘਟਨਾ ਤੋਂ ਇਹੋ ਨਤੀਜਾ ਕੱਢਦੀ ਹੈ ਕਿ ਲਾਲਾ ਹਰਦਿਆਲ ਨਹੀਂ ਸੀ ਚਾਹੁੰਦਾ ਕਿ ਉਹ ਖੁਦ ਜਾਂ ਉਸ ਦਾ ਕੋਈ ਨਿਕਟਵਰਤੀ 'ਗ਼ਦਰ ਪਾਰਟੀ' ਵਾਲੇ ਝਮੇਲੇ ਵਿਚ ਸ਼ਾਮਲ ਹੋਵੇ। (Hardayal: Hindu Revolutionary and Rationalist, p.53)

ਸਵਿਟਜ਼ਰਲੈਂਡ ਵਿਚ ਰਹਿੰਦੇ ਲਾਲਾ ਹਰਦਿਆਲ ਦਾ ਪਰਚਾਰ ਦੀ ਸੁਰ ਬਾਰੇ ਮਤ ਪਹਿਲਾਂ ਵਾਲਾ ਨਹੀਂ ਸੀ ਰਿਹਾ। ਜਿਨ੍ਹੀਂ ਦਿਨੀਂ ਉਹ "ਦੁਸ਼ਮਣ ਨਾਲ ਲੜ ਕੇ ਦੇਸ਼ ਆਜ਼ਾਦ ਕਰਨ ਵਾਸਤੇ

ਬੌਹਤ ਛੇਤੀ ਦੇਸ" ਚੱਲਣ ਦੀਆਂ ਸਲਾਹਾਂ ਦਿੰਦਿਆਂ "ਮਰਦੇ ਦਮ ਤੱਕ" ਉਹਨਾਂ ਦਾ ਸਾਥ ਦੇਣ ਦੀਆਂ ਡੀਂਗਾ ਮਾਰ ਰਿਹਾ ਸੀ ਉਹਨੀਂ ਹੀ ਦਿਨੀਂ "ਉਸ ਦੇ ਸਾਥੀ ਇਨਕਲਾਬੀਆਂ ਵੱਲੋਂ ਉਸ ਸਮੇਂ ਬਾਰੇ ਕੀਤੇ ਬਹੁਤੇ ਵਰਣਨ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਉਹ ਇਨਕਲਾਬੀ ਸਰਗਰਮੀਆਂ ਜਥੇਬੰਦ ਕਰਨ ਨਾਲੋਂ ਪਰਾਪੇਗੰਡੇ ਵਾਲੀਆਂ ਲਿਖਤਾਂ ਲਿਖਣ ਨੂੰ ਤਰਜੀਹ ਦਿੰਦਾ ਸੀ। "(ਡਾ. ਹਰੀਸ਼ ਪੁਰੀ, ਗ਼ਦਰ ਲਹਿਰ: ਵਿਚਾਰਧਾਰਾ ਜਥੇਬੰਦੀ ਰਣਨੀਤੀ, ਪੰਨਾ 118) ਇਸ ਤੋਂ ਵੀ ਅੱਗੇ ਹੁਣ ਉਹ ਮੰਨਣ ਲੱਗ ਪਿਆ ਸੀ ਕਿ "ਅਤਿਵਾਦੀ ਦਾਅਵਿਆਂ ਅਤੇ ਅਗਿਆਣਤਾ ਆਧਾਰਤ ਸਾਰਾ ਪਰਚਾਰ ਹਾਨੀਕਾਰਕ ਹੁੰਦਾ ਹੈ। " (ਉਹੀ ਪੁਸਤਕ, ਪੰਨਾ 110) ਲਾਲਾ ਹਰਦਿਆਲ ਦੇ ਖਿਆਲਾਂ ਵਿਚ ਆਏ ਪਲਟੇ ਦਾ ਪਤਾ ਉਸ ਵੱਲੋਂ ਜਨਵਰੀ 1915 ਦੇ ਅਖੀਰ ਵਿਚ ਜਰਮਨੀ ਤੋਂ ਆਪਣੇ ਮਿੱਤਰ ਬਰੁਕਸ ਨੂੰ ਲਿਖੇ ਪੱਤਰ ਤੋਂ ਹੋ ਜਾਂਦਾ ਹੈ। ਇਸ ਪੱਤਰ ਵਿਚ ਉਸ ਨੇ ਲਿਖਿਆ ਕਿ ਉਹ "ਅਮਲੀ ਸਰਗਰਮੀ ਦੇ ਯੋਗ ਨਹੀਂ ਸੀ ਅਤੇ ਵਿਸ਼ਵਾਸ ਕਰਨ ਲੱਗ ਪਿਆ ਸੀ ਕਿ ਉਹ ਭਾਰਤ ਲਈ ਸਵੈਧੀਨ ਲੇਖਕ ਵਜੋਂ ਕੰਮ ਕਰਦਿਆਂ ਆਪਣੇ ਦੇਸ਼ ਲਈ ਵਧੇਰੇ ਕੁੱਝ ਕਰ ਸਕਦਾ ਹੈ। "(ਡਾ. ਹਰੀਸ਼ ਪੁਰੀ, ਉਹੀ ਸਥਾਨ) ਇਸ ਪ੍ਰਸੰਗ ਵਿਚ ਉਸ ਦਾ ਅੰਤਮ ਨਿਰਣਾ ਇਹ ਸੀ ਕਿ "ਏਸ਼ੀਆ ਨੂੰ ਆਪਣੀ ਹਿਫਾਜ਼ਤ ਅਤੇ ਤਰੱਕੀ ਲਈ ਬਰਤਾਨੀਆ ਦੇ ਤਗੜੇ ਹੱਥ ਦੀ ਲੋੜ ਹੈ। "(The Future of the British Empire in Asia' – II, The New Statesman (London), Vol.II, No. 312, 29 March 1919, ਡਾ.ਹਰੀਸ਼ ਪੁਰੀ ਦੁਆਰਾ ਉਧਰਿਤ, ਉਹੀ ਪੁਸਤਕ, ਪੰਨਾ 150) ਡਾ. ਹਰੀਸ਼ ਪੁਰੀ ਦਾ ਵੀ ਇਹੋ ਮਤ ਹੈ ਕਿ "ਇਸ ਤਰ੍ਹਾ ਦਾ ਕੋਈ ਸਬੂਤ ਨਹੀਂ ਮਿਲਦਾ ਕਿ ਜਦੋਂ ਜੰਗ ਛਿੜੀ ਅਤੇ ਅਮਰੀਕਾ ਅਤੇ ਕੈਨੇਡਾ ਵਿਚਲੇ ਉਸ ਦੇ ਆਦਮੀਆਂ ਨੇ ਹਥਿਆਰਬੰਦ ਘੋਲ ਸ਼ੁਰੂ ਕਰਨ ਲਈ ਆਪਣੇ ਦੇਸ ਲਈ ਤੁਰਨਾ ਸ਼ੁਰੂ ਕਰ ਦਿੱਤਾ ਤਾਂ ਹਰਦਿਆਲ ਨੇ ਅਪਣਾਈ ਜਾਣ ਵਾਲੀ ਰਣਨੀਤੀ ਜਾਂ ਚੌਕਸੀ ਵਾਲੇ ਕਦਮਾਂ ਸੰਬੰਧੀ ਕੋਈ ਵੀ ਅਗਲੀ ਸੇਧ ਜਾਂ ਸਲਾਹ ਦੇਣ ਬਾਰੇ ਕਦੀ ਸੋਚਿਆ ਹੋਵੇ। " (The Future of the British Empire in Asia' – II, The New Statesman (London), Vol.II, No. 312, 29 March 1919, ਡਾ.ਹਰੀਸ਼ ਪੁਰੀ ਦੁਆਰਾ ਉਧਰਿਤ, ਉਹੀ ਪੁਸਤਕ, ਪੰਨਾ 111)

ਪੰਜਾਬੀ ਗ਼ਦਰੀਆਂ ਨੂੰ ਇਸ ਰਾਹ ਪਾਉਣ ਵਾਲੇ ਲਾਲਾ ਹਰਦਿਆਲ ਨੇ ਹਿੰਦੁਸਤਾਨ ਵਿਚ ਗ਼ਦਰ ਲਿਆਉਣ ਦਾ ਖੁਦ ਕਿੰਨਾ ਕੁ ਅਮਲੀ ਪੈਂਡਾ ਕੱਛਿਆ? ਹੋਰਨਾਂ ਨੂੰ ਹਿੰਦੁਸਤਾਨ ਪੁੱਜ ਕੇ ਹਥਿਆਰਬੰਦ ਗ਼ਦਰ ਕਰਨ ਲਈ ਪ੍ਰੇਰਨਾ ਅਤੇ ਉਤਸ਼ਾਹ ਦੇਣ ਵਾਲੇ ਇਸ 'ਸੂਰਬੀਰ' ਦੇਸ਼ਭਗਤ ਦੇ ਆਪਣੇ ਅਮਲ ਉਸ ਦੇ ਆਪਣੇ ਉਪਦੇਸ਼ ਨਾਲ ਕਿੰਨਾ ਕੁ ਮੇਲ ਖਾਂਦੇ ਹਨ? ਇਹਨਾਂ ਪ੍ਰਸ਼ਨਾਂ ਦੇ ਉੱਤਰ ਨਿਰਾਸ਼ਾ ਤੋਂ ਵੱਧ ਕੁੱਝ ਵੀ ਪੱਲੇ ਨਹੀਂ ਪਾਉਂਦੇ। ਡਾ. ਪੁਰੀ ਦਾ ਇਹ ਕਥਨ ਸਹੀ ਹੈ ਕਿ ਹਰਦਿਆਲ ਨੇ ਹਜ਼ਾਰਾਂ ਹਿੰਦੁਸਤਾਨੀ ਪਰਵਾਸੀਆਂ ਨੂੰ ਇਨਕਲਾਬ ਦੀ ਤਾਕਤ ਦੇ ਵਿਚਾਰ ਨਾਲ ਪ੍ਰੇਰਨਾ ਦਿੱਤੀ ਸੀ ਪਰ ਹੁਣ ਉਹ ਇਸ ਤੋਂ ਪੂਰੀ ਤਰ੍ਹਾਂ ਮੂੰਹ ਫੇਰ ਗਿਆ ਸੀ। ਇਸ ਸੂਰਤ ਵਿਚ ਇਹ ਲੋਕ ਬੋਲੀ ਲਾਲਾ ਹਰਦਿਆਲ ਉੱਤੇ ਪੂਰੀ ਤਰ੍ਹਾਂ ਢੁੱਕਦੀ ਹੈ ਕਿ "ਜਿਹੜੇ ਕਹਿੰਦੇ ਸੀ ਮਰਾਂਗੇ ਨਾਲ ਤੇਰੇ, ਛੱਡ ਕੇ ਮੈਦਾਨ ਭੱਜਗੇ" ਅਤੇ ਉਹ ਵੀ ਇਹ ਅਸੀਸ ਦਿੰਦੇ ਹੋਏ ਕਿ "ਚੜ੍ਹ ਜਾ ਬੱਚਾ ਸੂਲ਼ੀ, ਰਾਮ ਭਲੀ ਕਰੇਗਾ। " 000

***(3154, ਸੈਕਟਰ 71, ਐੱਸ ਏ ਐੱਸ ਨਗਰ- ਮੁਹਾਲੀ- 160 071***

***ਈਮੇਲ: gssidhu03@gmail.com***

***ਫੋਨ: +91-94170-49417)***

## ਹੋਇਆ ਦੇਸ ਪਰਾਇਆ (ਨਾਵਲ) ਅਵਤਾਰ ਸਿੰਘ ਬਿਲਿੰਗ

ਵੀਹਵੀਂ ਸਦੀ ਦੇ ਆਖਰੀ ਦਹਾਕੇ ਦੀ ਪੰਜਾਬੀ ਨਾਵਲਕਾਰੀ ਵਿਚ 'ਨਰਿੰਜਣ ਮਸ਼ਾਲਚੀ' ਨਾਵਲ ਦੀ ਸਿਰਜਣਾਤਮਕ ਮਸ਼ਾਲ ਲੈ ਕੇ ਤੁਰਿਆ ਅਵਤਾਰ ਸਿੰਘ ਬਿਲਿੰਗ 'ਹੋਇਆ ਦੇਸ ਪਰਾਇਆ' ( ਪੰਨੇ 312, ਮੁੱਲ 450 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ ) ਤਕ ਆਣ ਪੁੱਜਿਆ ਹੈ। ਬਿਲਿੰਗ ਅੱਜ ਦੇ ਸਮੱਸਿਆਕਾਰਾਂ ਨੂੰ ਲੋਕ-ਪਰੰਪਰਕ ਸਭਿਆਚਾਰ ਦੇ ਸੰਦਰਭਾਂ ਰਾਹੀਂ ਪੇਸ਼ ਕਰਨ ਵਾਲਾ ਨਾਵਲਕਾਰ ਹੈ। ਉਹ ਜ਼ਿੰਦਗੀ ਦੀ ਹਕੀਕਤ ਨੂੰ ਵਧੇਰੇ ਨੇੜਿਓਂ ਮਿਲਣ ਲਈ ਨਵੀਆਂ ਨਵੀਆਂ ਕਲਾ-ਜੁਗਤਾਂ ਦੀ ਘਾੜਤ ਘੜਦਾ ਹੈ। ਪਾਤਰਾਂ ਦੇ ਕਿਰਦਾਰ-ਵਿਚਾਰ ਉਪਰ ਜ਼ਿਆਦਾ ਬਲ ਦਿੰਦਾ ਹੈ। ਨਵੇਂ ਪੁਰਾਣੇ ਵਸਤੂ-ਸੰਸਾਰ ਨੂੰ ਆਪਣੀ ਵਿਚਾਰਧਾਰਕ ਤੱਕੜੀ ਰਾਹੀਂ ਤੋਲ ਕੇ ਨਾਵਲੀ ਬਿਰਤਾਂਤ ਵਿਚ ਸਥਾਪਤ ਕਰਦਾ ਹੈ। ਤੇ ਨਿਵੇਕਲੀਆਂ ਕਲਾ-ਜੁਗਤਾਂ ਰਾਹੀਂ ਸਮਾਜਕ ਯਥਾਰਥ ਵਿਚੋਂ ਉਗ਼ਮਦੇ ਭਾਵਾਂ ਦੇ ਸੰਸਾਰ ਨੂੰ ਪੇਸ਼ ਕਰਦਾ ਹੈ।

ਇਸ ਨਾਵਲ ਵਿਚ ਤੁਲਨਾਤਮਕ ਬਿਰਤਾਂਤਕ ਵਿਧੀ ਦੀ ਭਰਪੂਰ ਵਰਤੋਂ ਇਕ ਤਰ੍ਹਾਂ ਨਾਲ ਇਸ ਨਾਵਲ ਦਾ ਰਚਨਾਤਮਕ ਹਾਸਲ ਹੈ, ਵਿਧਾਗਤ ਪਰਿਪੇਖ ਹੈ। ਏਸੇ ਵਿਧੀ ਰਾਹੀਂ ਨਾਵਲਕਾਰ ਨੇ ਨਾਵਲ ਦੇ ਕੇਂਦਰੀ ਪਾਤਰ ਸ਼ਿਵ ਸਰੂਪ ਸਿੰਘ (ਸਰੂਪੇ) ਦੀ ਮਾਨਸਿਕਤਾ ਨੂੰ ਟਕੋਰ ਮਠੋਰ ਕੇ ਪੇਸ਼ ਕੀਤਾ ਹੈ। ਨਾਵਲ ਵਿਚ ਸਰੂਪਾ ਸਵਾਲ ਬਣਿਆ ਖੜ੍ਹਾ ਹੈ। ਸਵਾਲ ਹਨ: ਗੁਰਾਂ ਦੇ ਨਾਂ ਉੱਤੇ ਜਿਉਣ ਵਾਲੀ ਪੰਜਾਬੀ ਲੋਕਾਈ ਨੂੰ ਕੀ ਹੋ ਗਿਆ ਹੈ? ਪੰਜਾਬੀ ਆਪਣੀ ਵਿਰਾਸਤ ਨੂੰ ਭੁੱਲਦੇ ਹੋਏ ਆਪਣੇ ਪੰਜਾਬ ਨੂੰ ਕਿਉਂ ਪਰਾਇਆ ਦੇਸ ਬਣਾ ਰਹੇ ਹਨ? ਪੰਜਾਬ ਦੀ ਸਾਰੀ ਜਵਾਨੀ ਪਰਦੇਸਾਂ ਨੂੰ ਜਾਣ ਲਈ ਕਿਉਂ ਉਤਾਵਲੀ ਹੋਈ ਫਿਰਦੀ ਹੈ? ਸਰੂਪਾ ਤਾਂ ਇਕ ਬਿਰਤਾਂਤਕ ਜੁਗਤ ਹੈ ਜਿਸ ਸਹਾਰੇ ਬਿਲਿੰਗ ਨੇ ਪੰਜਾਬ ਦੀਆਂ ਅੱਜ ਤੋਂ ਲਗਪਗ ਪਿਛਲੇ ਸੌ ਸਾਲਾਂ ਦੀਆਂ ਸਮਾਜਕ-ਸਭਿਆਚਾਰਕ, ਆਰਥਿਕ-ਰਾਜਨੀਤਕ ਸਥਿਤੀਆਂ ਸੰਗ ਜੂਝਦੀ ਆਮ ਲੋਕਾਈ ਦੀ ਜੀਵਨ-ਦਸ਼ਾ ਦੇ ਵਿਭਿੰਨ ਪਹਿਲੂਆਂ ਨੂੰ ਪੇਸ਼ ਕੀਤਾ ਹੈ।

ਨਾਵਲ ਵਿਚ ਸਰੂਪੇ ਦੀਆਂ ਪਹਿਲੀਆਂ ਤਿੰਨ ਤੇ ਬਾਅਦ ਦੀਆਂ ਦੋ ਪੀੜ੍ਹੀਆਂ ਦੇ ਪਾਤਰ-ਸਿਰਜਣ ਰਾਹੀਂ ਇਹ ਵਿਚਾਰ ਸਾਹਵੇਂ ਲਿਆਂਦਾ ਗਿਆ ਹੈ ਕਿ ਪੰਜਾਬ ਦੀ ਆਮ ਕਿਸਾਨੀ ਦੀ ਹਾਲਤ ਦਿਨੋਂ-ਦਿਨ ਪਤਲੀ ਹੋ ਰਹੀ ਹੈ। ਵਾਹੀਯੋਗ ਜ਼ਮੀਨ ਘਟਦੀ ਘਟਦੀ ਘਟ ਗਈ ਹੈ। ਆਮ ਕਿਸਾਨ ਨੂੰ ਆਪਣੇ ਰੁਜ਼ਗਾਰ ਲਈ ਖੇਤੀ ਬਾਹਰੇ ਕੰਮ-ਧੰਦੇ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਹਰਾ ਇਨਕਲਾਬ ਵੀ ਉਹਨਾਂ ਦੀ ਜੀਵਨ-ਦਸ਼ਾ ਨੂੰ ਸੁਧਾਰ ਨਹੀਂ ਸਕਿਆ, ਉਲਟਾ ਇਸਨੇ ਉਸਨੂੰ ਕਰਜ਼ੇ ਦੀ ਦਲਦਲ 'ਚ ਧੱਕ ਦਿੱਤਾ ਹੈ। ਏਥੋਂ ਤਕ ਕਿ ਕਰਜ਼ਾ ਨਾ ਮੋੜਨ ਦੀ ਹਾਲਤ 'ਚ ਉਸਨੂੰ ਖੁਦਕਸ਼ੀਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ।ਮਾੜੀਆਂ ਅਲਾਮਤਾਂ ਵੀ ਉਸਦੀ ਗ਼ਰੀਬੀ ਦਾ ਕਾਰਨ ਨੇ। ਪਿਤਾ-ਪੁਰਖੀ ਜ਼ਮੀਨ ਵੀ ਉਹਨਾਂ ਨੂੰ ਰੁਜ਼ਗਾਰ ਦੇਣ ਜੋਗੀ ਨਹੀਂ ਰਹਿ ਗਈ। ਏਸੇ ਲਈ ਕੁਝ ਕਿਸਾਨੀ ਪਰਿਵਾਰਾਂ ਦੇ ਬੱਚਿਆਂ ਨੂੰ ਇਸ਼ਪ੍ਰੀਤ ਵਾਂਗ ਆਪਣਾ ਦੇਸ ਛੱਡ ਕੇ ਪਰਾਏ ਦੇਸਾਂ ਵੱਲ ਪਲਾਇਨ ਕਰਨਾ ਪੈ ਰਿਹਾ ਹੈ। ਕੁਝ ਨੌਜਵਾਨ ਕਿਸਾਨ ਨਸ਼ਿਆਂ ਦਾ ਸਹਾਰਾ ਲੈ ਕੇ ਆਪਣੇ ਆਪਨੂੰ ਤੇ ਆਪਣੇ ਘਰ-ਪਰਿਵਾਰ ਨੂੰ ਬਰਬਾਦ ਕਰ ਕੇ ਗੁਰੂਆਂ ਦੇ ਸੁਪਨੇ ਵਾਲੇ ਸਿਰਜੇ ਪੰਜਾਬ ਨਾਲ ਅਨਿਆਂ ਕਰਦੇ ਹੋਏ ਪੰਜਾਬ ਨਾਲ ਪਰਾਇਆਂ ਵਾਂਗ ਵਰਤਾਓ ਕਰ ਰਹੇ ਹਨ। ਤੇ ਉਹਨਾਂ ਦੀ ਜਗ੍ਹਾ ਪੂਰਬੀਏ ਲੇਬਰ (ਭਈਆਂ) ਨੇ ਲੈ ਲਈ ਹੈ। ਮੋਹਰੇ ਰਾਠ ਵਰਗੇ ਕਿਸਾਨੀ 'ਚੋਂ ਆਏ ਕੁਝ ਨੌਜਵਾਨ ਸਮਾਜ 'ਚ ਆਪਣੀ ਧੌਂਸ ਜਮਾ ਕੇ ਕੀ ਕੀ ਕਰਦੇ ਅੰਤ ਨੂੰ ਗੈਂਗਸਟਰ ਬਣ ਕੇ ਪੰਜਾਬ ਦੇ

ਮਾਹੌਲ ਨੂੰ ਖਰਾਬ ਕਰ ਰਹੇ ਹਨ। ਇਸ ਤਰ੍ਹਾਂ ਦੁਨੀਆਂ ਦੀ ਨਿਗਾਹ 'ਚ ਪੰਜਾਬ ਦੀ ਧਰਤੀ ਤੇ ਇਸ ਉੱਤੇ ਵਸਣ ਵਾਲੀ ਆਮ ਜਨਤਾ ਬਦਨਾਮ ਹੋ ਰਹੀ ਹੈ। ਇਸਦੇ ਮੁੱਖ ਕਾਰਨ ਰਾਜਸੀ ਹਨ। ਕਿਉਂਜੁ, ਅਜਿਹੇ ਦੂਸ਼ਿਤ ਵਰਤਾਰੇ ਨੂੰ ਠੱਲ੍ਹ ਪਾਉਣ ਲਈ ਸਰਕਾਰਾਂ ਵੀ ਨਾਕਾਮ ਹਨ। ਭਾਰਤੀ ਲੋਕਤੰਤਰ ਦਾ ਦੁਖਾਂਤ ਹੀ ਇਹ ਹੈ ਕਿ ਹਾਕਮ ਅਤੇ ਵਿਰੋਧੀ ਦੋਵੇਂ ਇਕੋ ਰੰਗ ਵਿਚ ਰੰਗੇ ਹੋਏ ਨੇ। ਰਾਜ ਕਰਦੀ ਪਾਰਟੀ ਤੇ ਵਿਰੋਧੀ ਧਿਰ ਦੇ ਲੀਡਰ ਰਲ਼ ਮਿਲ ਕੇ (ਸ਼ਰਾਬ, ਚਿੱਟਾ ਵਰਗੇ ਨਸ਼ਿਆਂ ਦੇ) ਕਾਲ਼ੇ ਕਾਰੋਬਾਰ ਚਲਾ ਰਹੇ ਹਨ। ਪੁਲਸ ਤੰਤਰ ਇਹਨਾਂ ਦੀ ਕਠਪੁਤਲੀ ਹੈ, ਜਿਵੇਂ ਨਾਵਲ ਵਿਚ ਪੇਸ਼ ਹੋਇਆ ਥਾਣੇਦਾਰ ਬਿਕਰਮ ਸਿੰਘ ਮੁੱਖ ਮੰਤਰੀ ਦਾ ਖਾਸ ਬੰਦਾ ਹੋਣ ਕਰਕੇ ਲੋਕ-ਵਿਰੋਧੀ ਕੰਮ ਕਰਦਾ ਵੇਖਿਆ ਜਾ ਸਕਦਾ ਹੈ। ਪੰਜਾਬ ਵਿਚ ਵੱਡੀ ਪੱਧਰ 'ਤੇ ਸਰਕਾਰੀ ਤੰਤਰ ਤੇ ਨਸ਼ਾ ਤਸਕਰਾਂ ਦਾ ਗੱਠਜੋੜ ਸਰਗਰਮ ਹੈ। ਆਮ ਲੋਕਾਂ ਨੂੰ ਪੁਲਸ ਕੋਲ਼ੋਂ ਨਿਆਂ ਲਈ ਕੋਈ ਬੱਝਵੀਂ ਆਸ ਨਹੀਂ ਹੈ। ਏਸੇ ਲਈ ਸਰੂਪੇ ਦੇ ਪਿੰਡ 'ਚ ਠੀਕਰੀ ਪਹਿਰੇ ਲਗਾਏ ਜਾਣ ਦਾ ਹੋਕਾ ਦਿੱਤਾ ਜਾਂਦਾ ਹੈ ਤਾਂ ਕਿ ਆਮ ਲੋਕ ਸਮਾਜ ਵਿਰੋਧੀ ਅਜਿਹੇ ਤੱਤਾਂ ਤੋਂ ਆਪਣੇ ਆਪ ਨੂੰ ਬਚਾ ਸਕਣ। ਮੇਜਰ ਮੱਖਣ ਸਿੰਘ ਵਰਗੇ ਦਿਲ-ਗੁਰਦੇ ਵਾਲੇ ਵਿਅਕਤੀ ਲੋੜ ਪੈਣ 'ਤੇ ਆਮ ਲੋਕਾਂ ਲਈ ਢਾਲ਼ ਬਣਦੇ ਹਨ।ਮੱਖਣ ਸਿੰਘ ਨਮੂਨੇ ਦਾ ਪਾਤਰ ਹੋ ਨਿਬੜਦਾ ਹੈ ਜੋ ਨਸ਼ਾ ਤਸਕਰਾਂ ਵਿਰੁੱਧ ਨਸ਼ਾ ਵਿਰੋਧੀ ਨੌਜਵਾਨ ਮੰਡਲੀ ਤਿਆਰ ਕਰਕੇ ਪਿੰਡ ਵਿਚੋਂ ਲੁੱਟ-ਮਾਰ ਕਰਨ ਵਰਗੀਆਂ ਵਾਰਦਾਤਾਂ ਅਤੇ ਨਸ਼ਾ ਤਸਕਰਾਂ ਤੇ ਸਰਕਾਰੀ ਤੰਤਰ ਦੇ ਗਠਜੋੜ ਨੂੰ ਨੱਥ ਪਾਉਣ ਵਿਚ ਕਾਮਯਾਬ ਰਹਿੰਦਾ ਹੈ।

ਨਾਵਲ ਇਹ ਧੁਨ ਅਲਾਪਦਾ ਹੈ ਕਿ ਵੱਡੇ ਛੋਟੇ ਸਿਆਸੀ ਲੀਡਰਾਂ, ਯੂਨੀਅਨਾਂ ਦੇ ਸਿਰਕੱਢ ਆਗੂਆਂ, ਨਿਆਂ ਦੇ ਪ੍ਰਬੰਧਕਾਂ, ਸਰਕਾਰੀ ਅਫਸਰਾਂ ਆਦਿ ਨੇ ਆਮ ਜਨਤਾ ਦੀਆਂ ਮੁਸੀਬਤਾਂ ਤੇ ਸਮਾਜ ਦੇ ਵਿਭਿੰਨ ਵਰਗਾਂ ਉੱਤੇ ਪਏ ਵਿਭਿੰਨ ਤਰ੍ਹਾਂ ਦੇ ਸੰਕਟਾਂ ਦਾ ਪੂਰੀ ਤਰ੍ਹਾਂ ਨਿਵਾਰਨ ਨਹੀਂ ਕਰਨਾ। ਹੱਲ ਤਾਂ ਆਮ ਜਨਤਾ ਨੂੰ ਆਪ ਲੱਭਣਾ ਪੈਣਾ ਹੈ। ਕਿਸਾਨੀ ਵਰਗ ਨੂੰ ਆਪ ਜਾਗ੍ਰਿਤ ਹੋ ਕੇ ਆਪਣੇ ਅੰਦਰ ਰੋਹ, ਵਿਦਰੋਹ ਦੀ ਜਥੇਬੰਦਕ ਮਿਸ਼ਾਲ ਬਾਲ਼ਣੀ ਪੈਣੀ ਹੈ। ਜਿਵੇਂ ਸਰੂਪੇ ਦੇ ਵੱਡੇ-ਵਡੇਰਿਆਂ 'ਚੋਂ ਕਈਆਂ ਨੇ ਜੈਤੋ ਦੇ ਮੋਰਚੇ 'ਚ ਭਾਗ ਲਿਆ, ਕਈਆਂ ਨੇ ਜਮੀਤ ਸਿੰਘ ਦੇ ਰੂਪ ਵਿਚ ਜਾਗੀਰਦਾਰਾਂ ਖਿਲਾਫ ਲੜਾਈ ਲੜੀ ਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ, ਤੇ ਹੁਣ ਸਰੂਪਾ ਤੇ ਉਸਦੇ ਪਿੰਡ ਤੇ ਇਲਾਕੇ ਦੇ ਕਿਸਾਨ ਸਾਥੀ ਰਾਂਜਧਾਨੀ ਦੇ ਬਾਰਡਰ ਉੱਤੇ ਕਿਸਾਨੀ ਦੇ ਹੱਕਾਂ ਦੀ ਖਾਤਰ ਤਿੰਨ ਕਾਲ਼ੇ ਕਾਨੂੰਨਾਂ ਖਿਲਾਫ ਡਟਦੇ ਹਨ। ਤੇ ਕੇਂਦਰ ਦੀ ਸਰਕਾਰ ਲੋਕ-ਰੋਹ ਸਾਹਵੇਂ ਝੁਕਣ ਲਈ ਮਜਬੂਰ ਹੁੰਦੀ ਹੈ।ਨਾਵਲਕਾਰ ਨੇ ਕਿਸਾਨੀ ਨੂੰ ਦੇਸ ਦੀ ਅਰਥ-ਵਿਵਸਥਾ ਦੀ ਰੀੜ੍ਹ ਦੀ ਹੱਡੀ ਮੰਨ ਕੇ ਇਸਦੇ ਏਕੇ ਦੀ ਗੱਲ ਕੀਤੀ ਹੈ। ਇਹ ਏਕਾ ਹੀ ਰੋਹ ਵਿਦਰੋਹ ਦਾ ਰੂਪ ਧਾਰ ਕੇ ਹੈਂਕੜਬਾਜ਼ ਸੱਤਾਧਾਰੀਆਂ ਨੂੰ ਗੋਡੇ ਟੇਕਣ ਲਈ ਮਜਬੂਰ ਕਰ ਸਕਦਾ ਹੈ।

ਨਾਵਲ ਦੀ ਵਸਤੂ ਬਣੇ ਹੋਰ ਵੇਰਵੇ ਇਸ ਪ੍ਰਕਾਰ ਹਨ: ਹਰੀ ਕ੍ਰਾਂਤੀ ਦੇ ਮਾਰੂ ਪ੍ਰਭਾਵ, ਕਿਸਾਨਾਂ ਦਾ ਖੇਤੀ ਤੇ ਘਰ ਦੇ ਹੋਰਨਾਂ ਖਰਚਿਆਂ ਲਈ ਆੜ੍ਹਤੀਆਂ, ਸ਼ਾਹੂਕਾਰਾਂ ਤੇ ਬੈਂਕਾਂ ਤੋਂ ਕਰਜ਼ਾ ਲੈਣਾ, ਫੌਜ ਵਿਚ ਭਰਤੀ ਹੋਣ ਲਈ ਤਾਂਘਣਾ, ਖੇਤਾਂ ਦੀ ਮਿੱਟੀ ਭੱਠੇ ਵਾਲਿਆਂ ਨੂੰ ਵੇਚਣਾ, ਜ਼ਮੀਨ ਉੱਤੇ ਕਬਜ਼ਾ ਕਰਨ ਲਈ ਕੀਤੀ ਜਾਂਦੀ ਦੁਸ਼ਮਣੀ ਤੇ ਧੱਕੇਸ਼ਾਹੀ, ਕਤਲ ਦੀਆਂ ਘਟਨਾਵਾਂ, ਨਸ਼ਾਖੋਰੀ, ਰਿਸ਼ਵਤਖੋਰੀ, ਮਿਲਾਵਟਖੋਰੀ, ਬਦੇਸਾਂ 'ਚ ਜਾਣ ਦੀ ਦੌੜ, ਗੈਂਗਪੁਣਾ, ਨਸ਼ਿਆਂ ਕਾਰਨ ਹੁੰਦੀਆਂ ਦਰਦਨਾਕ ਮੌਤਾਂ ਆਦਿ। ਸ਼ਾਇਦ ਏਸੇ ਲਈ ਨਾਵਲਕਾਰ ਨੇ 'ਇਹਨੀਂ ਦਿਨੀਂ', 'ਉਹਨੀਂ ਦਿਨੀਂ', 'ਓਸ ਵੇਲੇ', 'ਇਧਰ', 'ਓਧਰ', 'ਇਹ ਉਹ ਦਿਨ ਸਨ', 'ਉਹਨਾਂ ਸਮਿਆਂ ਵਿਚ', 'ਜਿਹਨਾਂ ਦਿਨਾਂ', 'ਉਹਨਾਂ ਦਿਨਾਂ ਵਿਚ' ਆਦਿ ਸ਼ਬਦਾਂ ਦੀ ਭਰਪੂਰ ਵਰਤੋਂ ਨੂੰ ਇਕ ਰੂਪਕ ਇਕਾਈ ਦੇ ਤੌਰ ਉੱਤੇ ਵਰਤ ਕੇ ਪੁਰਾਣੇ ਤੇ ਨਵੇਂ ਜ਼ਮਾਨੇ ਦੇ ਵਰਤਾਰਿਆਂ ਨੂੰ ਨਾਵਲ ਵਿਚ ਬੀੜਿਆ ਹੈ। ਜਿਹਨਾਂ 'ਚੋਂ ਕਿਸਾਨੀ ਅੰਦੋਲਨ ਦੀਆਂ ਗੂੰਜਾਂ, ਗੰਦੀ ਸਿਆਸਤ ਨੂੰ ਲਾਹਨਤਾਂ, ਸੰਤਾਲੀ ਦੇ ਹੱਲਿਆਂ ਦੀਆਂ ਲੇਰਾਂ, ਨਸ਼ੇੜੀਆਂ ਦੇ ਮਾਪਿਆਂ ਦੀਆਂ ਅੱਖਾਂ 'ਚੋਂ ਨਿਕਲਦੇ ਖ਼ੂਨੀ

ਹਟਕੋਰਿਆਂ ਦੀਆਂ ਆਵਾਜ਼ਾਂ, ਸੁੱਚ-ਭਿੱਟ ਤੇ ਸ਼ਰੀਕੇਬਾਜ਼ੀ ਦੀਆਂ ਕੰਨਸੋਆਂ ਆਦਿ ਸ਼ਾਮਲ ਹਨ।

ਨਾਵਲ ਦਾ ਹਰ ਪਾਤਰ ਇਸਦੇ ਕੇਂਦਰੀ ਪਾਤਰ (ਸਰੂਪੇ) ਨਾਲ ਕਿਸੇ ਨਾ ਕਿਸੇ ਰਿਸ਼ਤੇ ਵਿਚ ਬੱਝਾ ਨਜ਼ਰ ਆਉਂਦਾ ਹੈ। ਵੱਡੀ ਗਿਣਤੀ ਵਿਚ ਪਾਤਰਾਂ ਨੂੰ ਇਕ ਪਾਤਰ ਨਾਲ ਜੋੜਨ ਦਾ ਕਲਾਤਮਕ ਕ੍ਰਿਸ਼ਮਾ ਬਿਲਿੰਗ ਦੀ ਨਾਵਲ-ਕਲਾ ਦੀ ਖ਼ੂਬੀ ਤਾਂ ਹੈ ਹੀ, ਨਾਲ ਹੀ ਉਸਦੀ ਰਿਸ਼ਤਿਆਂ ਦੀ ਸੰਬਾਦਕਤਾ ਦੀ ਪਛਾਣ ਕਰ ਸਕਣ ਵਾਲੀ ਡੂੰਘ-ਦ੍ਰਿਸ਼ਟੀ ਦਾ ਪ੍ਰਮਾਣ ਵੀ ਹੈ। ਸਰੂਪੇ ਦੇ ਪਾਤਰ ਰਾਹੀਂ ਪੰਜਾਬੀ ਸੰਸਕ੍ਰਿਤੀ ਨੂੰ ਸਰੂਪਤ ਕਰਨ ਵਾਲੀ ਇਸ ਤਕਨੀਕੀ ਜੁਗਤ ਦੀ ਵਰਤੋਂ ਅਸਲ ਵਿਚ ਪੰਜਾਬ ਦੇ ਸਮਾਜਕ ਜੀਵਨ ਦੀ ਬਦਲਦੀ  ਤੋਰ ਨੂੰ ਦਰਸਾਉਣ ਲਈ ਕੀਤੀ ਗਈ ਹੈ।

ਸਰੂਪੇ ਦੇ ਸਕੂਲ-ਕਾਲਿਜ ਜਾਣ ਵਾਲੇ ਬਿਰਤਾਂਤ ਸਿਰਜਣ ਵਿਚੋਂ ਭਾਰਤੀ ਵਿਦਿਆਤੰਤਰ ਦੀਆਂ ਕਮਜ਼ੋਰੀਆਂ ਬਾਰੇ ਪਤਾ ਚੱਲਦਾ ਹੈ। ਉਸਦਾ ਪਿੰਡ ਦੀ ਸੱਥ ਵਿਚ ਬੈਠ ਕੇ ਗੱਲਾਂ ਕਰਨ ਤੇ ਸੁਣਨ ਵਿਚੋਂ ਸਾਮਰਾਜਵਾਦ, ਸਮਾਜਵਾਦ ਤੇ ਲੋਕਤੰਤਰਕ ਵਿਵਸਥਾਵਾਂ ਦੀ ਵਿਹਾਰਕ ਅਸਲੀਅਤ ਦਾ ਪਤਾ ਲਗਦਾ ਹੈ। ਸਰੂਪੇ ਦੀ ਮਿੱਤਰ-ਮੰਡਲੀ ਦੀ ਨੋਕ-ਝੋਕ ’ਚੋਂ ਮਤਲਬਪ੍ਰਸਤੀ ਬਾਰੇ, ਪੂਰਬੀ ਲੇਬਰ (ਭਈਆਂ ) ਦੇ ਪੰਜਾਬ ਅੰਦਰ ਪੈਰ ਜਮਾਉਣ ਬਾਰੇ, ਥਾ ਥਾਂ ਖੁੱਲ੍ਹੀਆਂ ਆਇਲੈਟਸ ਦੀਆਂ ਦੁਕਾਨਾਂ, ਬੇਰੁਜ਼ਗਾਰੀ, ਡਰੱਗੀਆਂ ਦੀ ਕੁਸੰਗਤ ਦੇ ਭੈੜੇ ਚਾਲਿਆਂ, ਰੇਤੇ ਦੀ ਬਲੈਕ ਕਰਦੇ ਬਲੈਕੀਏ, ਚੀਜ਼ਾਂ ’ਚ ਮਿਲਾਵਟ ਦੇ ਢੰਗ-ਤਰੀਕਿਆਂ ਬਾਰੇ ਚਰਚਾ, ਨਸ਼ਾ ਛੁਡਾਊ ਕੇਂਦਰਾਂ ਦਾ ਲੋਟੂ ਵਤੀਰਾ, ਐਨ.ਜੀ.ਓਜ਼ ਦੇ ਰਾਜਸੀ ਸੰਬੰਧਾਂ ਦਾ ਭੇਤ ਤੇ ਲੁੱਟ, ਸਿਆਸੀ ਨੇਤਾਵਾਂ ਤੇ ਚੋਲ਼ਿਆਂ ਵਾਲੇ ਬਾਬਿਆਂ ਦਾ ਗੱਠਜੋੜ ਤੇ ਉਹਨਾਂ ਦੇ ਲੋਕ-ਵਿਰੋਧੀ ਕਾਰਨਾਮੇ, ਯੂਨੀਅਨ ਲੀਡਰਾਂ ਦੇ ਰਾਜਸੀ ਚਿਹਰੇ, ਸੋਸ਼ਲ ਮੀਡੀਏ ਉੱਤੇ ਕਿਸਾਨੀ ਅੰਦੋਲਨ ਦਾ ਸਮਰਥਨ ਕਰਦੇ ਨਾਅਰੇ, ਮੀਡੀਏ ਦਾ ਸਰਕਾਰ-ਪੱਖੀ ਰੋਲ, ਪੰਜਾਬ ਦੇ ਜੱਟ ਜ਼ਿਮੀਦਾਰ ਤੋਂ ਕੈਨੇਡਾ ਦੇ ਜਮਾਂਦਾਰ ਬਣਨ ਤਕ ਦੀ ਯਾਤਰਾ ਕਰਦੇ ਪੰਜਾਬੀ, ਪੰਜਾਬ ਅੰਦਰ ਜ਼ਮੀਨ ਵੇਚਣ ਵਾਲੇ ਲਾਣਿਆਂ ਦੀ ਗਿਣਤੀ ਦਾ ਵਧਣਾ ਤਾਂਕਿ ਉਹ ਆਪਣੇ ਜਵਾਕਾਂ ਨੂੰ ਜਲਦੀ ਤੋਂ ਜਲਦੀ ਕੈਨੇਡਾ ਅਮਰੀਕਾ ਭੇਜ ਸਕਣ, ਆਦਿ ਬਾਰੇ ਪਤਾ ਚੱਲਦਾ ਹੈ। ਇਹ ਸਾਰੇ ਤੱਥ ਵਾਰਤਾਲਾਪ, ਬਿਰਤਾਂਤ, ਵਰਣਨ, ਦ੍ਰਿਸ਼-ਚਿਤਰਣ ਦੇ ਪੱਧਰਾਂ ਵਿਚੋਂ ਉਪਲੱਭਧ ਹੁੰਦੇ ਹਨ। ਕਿਤੇ ਵੀ ਕੋਈ ਵੇਰਵਾ ਕੁਥਾਵਾਂ ਨਹੀਂ, ਸਭ ਕੁਝ ਢੁੱਕਵਾਂ ਹੈ – ਸਿਰਲੇਖ ‘ਹੋਇਆ ਦੇਸ ਪਰਾਇਆ’ ਦੇ ਨਾਮਕਰਨ ਨਾਲ ਮੇਲਵਾਂ।

ਸਰੂਪੇ ਦੇ ਮਨ ਦੇ ਮਿਰਗ ਨੂੰ ਭਟਕਾਉਣ-ਤੜਫਾਉਣ ਦੀ ਮੂਲ ਬਿਰਤਾਂਤਕ ਜੁਗਤ ਦੇ ਇਸਤੇਮਾਲ ਰਾਹੀਂ ਨਾਵਲਕਾਰ ਨੇ ਨਾਵਲੀ ਬਿਰਤਾਂਤ ਤੇ ਵਿਚਾਰਧਾਰਾ ਨੂੰ ਇਕਰੂਪ ਕੀਤਾ ਹੈ। ਦ੍ਰਿਸ਼-ਚਿਤਰਣੀ ਕਲਾਤਮਕ ਜੁਗਤ ਵੀ ਇਸਦੇ ਸੁਮੇਲ ਦੀ ਉਗਾਹੀ ਹੈ। ਸਰੂਪੇ ਦੇ ਮਨ ਦੀਆਂ ਵਿਚਾਰਾਂ ਅਥਵਾ ਗੱਲਾਂ ਅਸਲ ਵਿਚ ਬਿਰਤਾਂਤ ਅੰਦਰ ਬਿਰਤਾਂਤ ਦੀ ਲੜੀ ਨੂੰ ਅਗਾਂਹ ਤੋਂ ਅਗਾਂਹ ਤੋਰੀ ਰੱਖਣ ਲਈ ਕਾਰਗਰ ਹਨ। ਸਰੂਪੇ ਦੇ ਜੀਵਨ ਨੂੰ ਪਿਆਜ਼ ਦੇ ਪੱਤਾਂ ਵਾਂਗ ਉਧੇੜ ਉਧੇੜ ਕੇ ਬੁਣਿਆ ਇਸ ਨਾਵਲ ਦਾ ਬਿਰਤਾਂਤ ਪੰਜਾਬ ਦੇ ਸੌ ਸਾਲਾਂ ਦੇ ਖੇਤੀ ਆਧਾਰਤ ਇਤਿਹਾਸ ਨੂੰ ਵਿਚਾਰਕ ਪੱਖੋਂ ਨਿਚੋੜ ਕੇ ਰੱਖ ਦਿੰਦਾ ਹੈ। ਜਥੇਬੰਕ ਸਮੂਹਕ ਉੱਦਮ ਨੂੰ ਉਤਸ਼ਾਹਤ ਕਰਦਾ ਇਹ ਨਾਵਲ ਲੋਕ-ਚੇਤਨਾ ਨੂੰ ਪ੍ਰਚੰਡ ਕਰਨ ਦੀ ਭਾਵਨਾ ਨਾਲ ਓਤਪੋਤ ਹੈ। **– ਚੰਦਰ ਮੋਹਨ**

## ਬਲੈਕ ਆਈਸ (ਕਹਾਣੀ ਸੰਗ੍ਰਹਿ) ਮੇਜਰ ਮਾਂਗਟ

ਮੇਜਰ ਮਾਂਗਟ ਲੰਬੇ ਸਮੇਂ ਤੋਂ ਸਾਹਿਤ ਸਿਰਜਣਾ ਨਾਲ ਜੁੜਿਆ ਹੋਇਆ ਹੈ। ਕਨੇਡਾ ਰਹਿਣ ਕਾਰਨ ਪਿਛਲੇ ਕਈ ਸਾਲਾਂ ਤੋਂ ਉਹ ਪਰਵਾਸੀ ਸਰੋਕਾਰਾਂ ਦੇ ਸਿਰਜਕ ਗਲਪਕਾਰ ਵਜੋਂ ਕਾਰਜਸ਼ੀਲ ਹੈ। ਪਰਵਾਸੀ ਸਰੋਕਾਰਾਂ ਦਾ ਧਰਾਤਲ ਤਿੱਖੀ ਤੇਜ਼ੀ ਨਾਲ ਬਦਲ ਰਿਹਾ ਹੈ। ਹੁਣਵੇਂ ਮਾਹੌਲ ਵਿਚ ਇਹ ਬਦਲਾਵ ਹੋਰ ਵੀ ਕਈ ਪੱਖਾਂ ਤੋਂ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ। ਜਦੋਂ ਤੋਂ ਪੰਜਾਬ ਵਿਚੋਂ ਨੌਜਵਾਨ ਪੀੜ੍ਹੀ ਦਾ ਪਲਾਇਨ ਤੇਜ਼ ਗਤੀ ਵਿਚ ਹੋਣ ਲੱਗਾ ਹੈ ਉਦੋਂ ਤੋਂ ਪਰਵਾਸੀ

ਸਮੀਕਰਨ ਬਦਲ ਗਏ ਹਨ। ਪਰਵਾਸੀ ਗਲਪ ਲੰਬੇ ਸਮੇਂ ਤੋਂ ਵਿਦੇਸ਼ ਰਹਿੰਦੇ ਪੰਜਾਬੀ ਮਨੁੱਖ ਦੀਆਂ ਗੁੰਝਲਾਂ, ਸਭਿਆਚਾਰੀਕਰਨ ਵਿਚ ਦਰਪੇਸ਼ ਸਮੱਸਿਆਵਾਂ, ਪੀੜ੍ਹੀ-ਪਾੜਾ ਅਤੇ ਬਜ਼ੁਰਗਾਂ ਦੀ ਬੇਗਾਨਗੀ ਵਰਗੇ ਵਿਸ਼ਿਆਂ ਦੁਆਲੇ ਕੇਂਦਰਤ ਰਿਹਾ ਹੈ। ਮੇਜਰ ਮਾਂਗਟ ਇਹਨਾਂ ਵਿਸ਼ਿਆਂ ਵਿਚ ਅੰਤਰ ਰਾਸ਼ਟਰੀ ਰਾਜਨੀਤੀ, ਮਨੁੱਖੀ ਪਛਾਣ ਦਾ ਮਸਲਾ, ਪੁਰਾਣੀ ਤੇ ਨਵੀਂ ਪੀੜ੍ਹੀ ਦੇ ਟਕਰਾਓ ਨੂੰ ਨਵੇਂ ਜਾਵੀਏ ਤੋਂ ਪੇਸ਼ ਕਰਨ ਦਾ ਵਾਧਾ ਕਰਦਾ ਹੈ। ਇਸ ਸੰਗ੍ਰਹਿ ਦੀਆਂ ਕੁੱਲ 15 ਕਹਾਣੀਆਂ ਉਕਤ ਵਿਸ਼ਿਆਂ ਦੀ ਪੇਸ਼ਕਾਰੀ ਹਨ।

ਸੰਗ੍ਰਹਿ ਦੀਆਂ ਦੋ ਕਹਾਣੀਆਂ ਅੰਤਰ ਰਾਸ਼ਟਰੀ ਰਾਜਨੀਤੀ, ਘੱਟ ਗਿਣਤੀਆਂ 'ਤੇ ਤਸ਼ੱਦਦ ਖਾਸ ਕਰਕੇ ਇਰਾਨ-ਇਰਾਕ ਤੇ ਸੀਰੀਆ ਦੇ ਮੁਸਲਮਾਨਾਂ ਦੀ ਤਰਸਯੋਗ ਸਥਿਤੀ ਦੇ ਪਿੱਛੇ ਕੰਮ ਕਰਦੀ ਸਿਆਸੀ ਸਮਝ ਦਾ ਮੁਤਾਲਿਆ ਕਰਦੀਆਂ ਹਨ। 'ਕਾਲੇ ਕੱਜਣ' ਕਹਾਣੀ ਇਸਲਾਮ ਦੇ ਕੱਟੜਪੁਣੇ ਦੇ ਸ਼ਿਕਾਰ ਮੁਹੰਮਦ ਦੀ ਕਹਾਣੀ ਹੈ। ਇਸਲਾਮਕ ਜਥੇਬੰਦੀ ਦਾ ਹਮਾਇਤੀ ਮੁਹੰਮਦ ਯਮਨ ਤੋਂ ਕਨੇਡਾ ਪਹੁੰਚ ਕੇ ਵੀ ਕੱਟੜ ਮਜ਼ਹਬੀ ਖਿਆਲਾਂ ਦਾ ਸਮਰਥਕ ਬਣਿਆ ਰਹਿੰਦਾ ਹੈ। ਆਪਣੇ ਧਰਮ ਨੂੰ ਦੂਜਿਆਂ ਤੋਂ ਉੱਚਾ ਸਮਝਣ ਦਾ ਵਿਚਾਰ ਉਸਨੂੰ ਕੰਮ 'ਤੇ ਆਪਣੇ ਸਾਥੀਆਂ ਨਾਲ ਸਹਿਚਾਰ ਨਹੀਂ ਵਧਾਉਣ ਦਿੰਦਾ। ਬੇਸ਼ੱਕ ਇਸਲਾਮਕ ਜਥੇਬੰਦੀ ਵੱਲੋਂ ਇਰਾਕ ਤੇ ਸੀਰੀਆ ਦੀ ਜੰਗ ਦੌਰਾਨ ਕੀਤੇ ਕਤਲੇਆਮ ਕਾਰਨ ਉਸਦੀ ਮਾਨਸਿਕਤਾ ਵਿਚ ਦਵੰਦ ਦੇਖਣ ਨੂੰ ਮਿਲਦਾ ਹੈ ਪਰ ਅੰਤਮ ਰੂਪ ਵਿਚ ਉਹ ਆਪਣੇ ਸੰਕੀਰਨ ਵਿਚਾਰਾਂ ਨਾਲ ਚੁੰਬੜਿਆ ਰਹਿੰਦਾ ਹੈ। 'ਰੁਕੇ ਹੋਏ ਪਲ' ਅਤੇ 'ਸ਼ਾਂਤੀ ਬਹਾਲ' ਕਹਾਣੀਆਂ ਵੀ ਇਹਨਾਂ ਵਿਸ਼ਿਆਂ ਦਾ ਵਿਸਥਾਰ ਹਨ। ਇਹ ਕਹਾਣੀਆਂ ਇਰਾਨ ਤੇ ਇਰਾਕ ਦੀ ਜੰਗ ਪਿੱਛੇ ਕੰਮ ਕਰਦੀ ਅਮਰੀਕਾ ਦੀ ਸਿਆਸਤ ਨੂੰ ਬੇਪਰਦ ਕਰਦੀਆਂ ਹਨ। ਉਥੋਂ ਦੇ ਲੋਕਾਂ ਨੂੰ ਦੋਹਰਾ ਸੰਤਾਪ ਝੱਲਣਾ ਪੈਂਦਾ ਹੈ। ਇਕ ਪਾਸੇ ਅਮਰੀਕੀ ਸੈਨਿਕ ਅਤੇ ਦੂਜੇ ਪਾਸੇ ਇਸਲਾਮਕ ਜਥੇਬੰਦੀ ਵਾਲੇ ਔਰਤਾਂ ਨਾਲ ਬਲਾਤਕਾਰ ਕਰਦੇ ਅਤੇ ਨਿਰਦੋਸ਼ਾਂ ਨੂੰ ਮਾਰਦੇ ਹਨ। ਖੁਦ ਅਮਰੀਕਾ ਦੁਆਰਾ ਖੜ੍ਹੇ ਕੀਤੇ ਸੱਦਾਮ ਹੁਸੈਨ ਨੂੰ ਆਪਣੇ ਲਈ ਹੀ ਖਤਰਾ ਸਮਝ ਕੇ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਵਿਚੋਂ ਇਹ ਸਭ ਨਿਕਲਦਾ ਹੈ।

ਵਧੇਰੇ ਕਹਾਣੀਆਂ ਵਿਚ ਨਵੀਂ ਤੇ ਪੁਰਾਣੀ ਪੀੜ੍ਹੀ ਦੇ ਆਪਸੀ ਰਿਸ਼ਤੇ ਨੂੰ ਟਕਰਾਓ ਦੀ ਥਾਂ ਸੰਵਾਦੀ ਤੇ ਤਿਆਗੀ ਸਮਝ ਦੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਗਿਆ ਹੈ। ਇਸ ਪੱਖ ਤੋਂ ਕਹਾਣੀਆਂ ਵਿਚ ਸੱਜਰਾਪਣ ਤੇ ਨਿਵੇਕਲਾਪਣ ਦੇਖਣ ਨੂੰ ਮਿਲਦਾ ਹੈ। 'ਛੱਲਾਂ ਦਾ ਸੰਗੀਤ', 'ਯੁੱਗ ਅੰਤਰ', 'ਮਨ ਅੰਦਰਲੇ ਖਲਾਅ', 'ਧਰਤੀ ਬੰਜਰ ਨਹੀਂ ਹੁੰਦੀ', 'ਹਵਾ ਵਿਚ ਉਡਦੀ ਪਤੰਗ', 'ਪੰਡੋਰਾ' ਆਦਿ ਕਹਾਣੀਆਂ ਪਰਵਾਸੀ ਜੀਵਨ ਵਿਚ ਆ ਰਹੇ ਹਾਂਦਰੂ ਬਦਲਾਵ ਦੀ ਖੂਬਸੂਰਤ ਪੇਸ਼ਕਾਰੀ ਹਨ। ਕਹਾਣੀਆਂ ਸਭਿਆਚਾਰੀਕਰਨ ਦੌਰਾਨ ਇਕ ਦੂਜੇ ਸਭਿਆਚਾਰ ਦੀਆਂ ਮਾਨਤਾਵਾਂ ਅਤੇ ਵਿਚਾਰਾਂ ਨੂੰ ਬਣਦਾ ਸਤਿਕਾਰ ਦੇਣਾ ਸਿਖਾਉਂਦੀਆਂ ਹਨ। ਇਹ ਕਹਾਣੀਆਂ ਧਰਮ, ਜਾਤ ਤੇ ਨਸਲ ਤੋਂ ਪਾਰ ਜਾ ਕੇ ਹੋਣ ਵਾਲੇ ਵਿਆਹ ਸੰਬੰਧਾਂ ਦੀ ਪੇਸ਼ਕਾਰੀ ਤੇ ਇਕ ਦੂਜੇ ਦਾ ਵਿਸ਼ਵਾਸ਼ ਜਿੱਤ ਕੇ ਰਿਸ਼ਤਾ ਉਸਾਰਨ ਦੀ ਜਾਚ ਸਿਖਾਉਂਦੀਆਂ ਹਨ। ਕਹਾਣੀਆਂ ਕਿਸੇ ਦੂਸਰੇ ਵਿਅਕਤੀ ਜਾਂ ਸਭਿਆਚਾਰ/ਧਰਮ ਨੂੰ ਸਮਝੇ ਤੇ ਜਾਣੇ ਬਿਨਾਂ ਉਸ ਬਾਰੇ ਨਾਕਾਰਾਤਮਕ ਧਾਰਨਾ ਬਣਾਈ ਰੱਖਣ ਦੀ ਭ੍ਰਾਂਤੀ ਦਾ ਖੰਡਨ ਕਰਦੀਆਂ ਹਨ। 'ਪੰਡੋਰਾ' ਕਹਾਣੀ ਦਾ ਪਿਤਾ ਬਲਬੀਰ ਤੇ ਉਸਦੀ ਮਾਂ, 'ਧਰਤੀ ਬੰਜਰ ਨਹੀਂ ਹੁੰਦੀ' ਦੀ ਬਲਜੀਤ, 'ਮਨ ਅੰਦਰਲੇ ਖਲਾਅ' ਦੀ ਨੀਤੀ ਬਦਲ ਰਹੀ ਪੁਰਾਣੀ ਪੀੜ੍ਹੀ ਦੇ ਪ੍ਰਤੀਕ ਹਨ। ਇਹਨਾਂ ਵਿਚ ਆਇਆ ਬਦਲਾਵ ਪਰਿਸਥਿਤੀਆਂ ਦੀ ਲੋੜ ਮੁਤਾਬਕ ਸਹਿਜ ਰੂਪ ਵਿਚ ਆਇਆ ਜਾਪਦਾ ਹੈ। ਮੇਜਰ ਮਾਂਗਟ ਪੁਰਾਣੀ ਪੀੜ੍ਹੀ ਵਿਚ ਇਸ ਤਰ੍ਹਾਂ ਦੇ ਬਦਲਾਵ ਨੂੰ ਪੇਸ਼ ਕਰ ਕੇ ਰਿਸ਼ਤਿਆਂ ਦੇ ਸੰਕਟ ਨੂੰ ਹੱਲ ਕਰਨ ਦਾ ਸੁਝਾਅ ਦਿੰਦਾ ਨਜ਼ਰ ਆਉਂਦਾ ਹੈ। ਨਵੀਂ ਪੀੜ੍ਹੀ ਦੇ ਨਜ਼ਰੀਏ ਨੂੰ ਪੇਸ਼ ਕਰਦੀ 'ਯੁੱਗ ਅੰਤਰ' ਕਮਾਲ ਦੀ ਕਹਾਣੀ ਹੈ। ਪਹਿਲੀ ਪੀੜ੍ਹੀ ਨੇ ਮਿਹਨਤ ਕਰ ਕੇ ਆਪਣੇ ਆਪ ਨੂੰ ਆਰਥਿਕ ਤੌਰ 'ਤੇ ਸਥਾਪਤ ਕੀਤਾ। ਆਪਣੇ ਕੰਮ ਧੰਦਿਆਂ ਵਿਚ ਉਲਝੀ ਦੂਜੀ ਪੀੜ੍ਹੀ ਪਹਿਲੀ ਪੀੜ੍ਹੀ ਨੂੰ ਵਿਸਾਰ ਕੇ ਬਿਰਧ ਘਰਾਂ

ਵਿਚ ਛੱਡ ਦਿੰਦੀ ਹੈ। ਮੇਜਰ ਮਾਂਗਟ ਨੇ ਇਸ ਕਹਾਣੀ ਵਿਚ ਜਵਾਨ ਹੋ ਰਹੀ ਤੀਜੀ ਪੀੜ੍ਹੀ ਦਾ ਪਹਿਲੀ ਪੀੜ੍ਹੀ ਨਾਲ ਲਗਾਵ ਪੇਸ਼ ਕਰਕੇ ਪਰਵਾਸੀ ਜੀਵਨ ਦੇ ਇਕ ਹੋਰ ਸਾਕਾਰਾਤਮਕ ਪਾਸਾਰ ਨੂੰ ਛੋਹਿਆ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਜੇਕਰ ਉਸ ਪੀੜ੍ਹੀ ਨੂੰ ਆਪਣੇ ਗੌਰਵਮਈ ਇਤਿਹਾਸ ਤੋਂ ਜਾਣੂੰ ਕਰਵਾਇਆ ਜਾਵੇ। ਕਹਾਣੀ ਵਿਚ ਭੈਣ ਭਰਾ ਵਿਨੀ ਤੇ ਗੈਰੀ ਆਪਣੇ ਦਾਦੇ ਅਰਜਣ ਸਿੰਘ ਤੋਂ ਗ਼ਦਰ ਲਹਿਰ ਬਾਰੇ ਸੁਣੀਆਂ ਕਹਾਣੀਆਂ ਅਤੇ ਸਨਫ੍ਰਾਂਸਿਸਕੋ ਵਿਚ ਗ਼ਦਰ ਸਮਾਰਕ ਦੇਖਣ ਉਪਰੰਤ ਆਪਣੇ ਵਿਚ ਬਦਲਾਵ ਮਹਿਸੂਸ ਕਰਦੇ ਹਨ ਅਤੇ ਬੇਗਾਨਗੀ ਹੰਢਾ ਰਹੇ ਦਾਦੇ ਪ੍ਰਤੀ ਉਹਨਾਂ ਦੇ ਮਨ ਵਿਚ ਸਤਿਕਾਰ ਪੈਦਾ ਹੋ ਜਾਂਦਾ ਹੈ। ਪਰਵਾਸੀ ਜੀਵਨ ਵਿਚ ਨਵੀਂ ਪੀੜ੍ਹੀ ਲਈ ਇਸ ਤਰ੍ਹਾਂ ਦੇ ਸਹਿਜ ਬਦਲਾਵ ਦੀ ਖਾਸ ਲੋੜ ਹੈ। ਇਹ ਬਦਲਾਵ ਲਈ ਲਾਜ਼ਮੀ ਸ਼ਰਤ ਆਪਣੇ ਪਰਿਵਾਰ ਨੂੰ ਲੋੜੀਂਦਾ ਸਮਾਂ ਦੇਣਾ ਹੈ। ਅਜਿਹਾ ਨਾ ਕਰਨ ਵਾਲਾ ਮਨੁੱਖ 'ਬਲੈਕ ਆਈਸ' ਕਹਾਣੀ ਦੇ ਹਰਜੋਤ ਵਾਂਗ ਅੰਤ ਸਮੇਂ ਸਭ ਕੁਝ ਗੁਆ ਬਹਿੰਦਾ ਹੈ। ਪਰਵਾਸੀ ਜੀਵਨ ਦੇ ਕੌੜੇ ਯਥਾਰਥ ਨੂੰ ਬਿਆਨ ਕਰਦੀ ਇਹ ਕਹਾਣੀ ਜ਼ਿੰਦਗੀ ਦੇ ਸੱਚ ਦੀ ਪੇਸ਼ਕਾਰੀ ਹੈ।

ਮੇਜਰ ਮਾਂਗਟ ਨੇ ਵਿਆਹ ਪ੍ਰਣਾਲੀ ਅਤੇ ਸਮਲਿੰਗਕ ਸੰਬੰਧਾਂ ਬਾਰੇ ਪੱਛਮੀ ਵਿਚਾਰਾਂ ਦੀਆਂ ਵਾਹਕ ਕਹਾਣੀਆਂ ਲਿਖੀਆਂ ਹਨ। ਪੱਛਮੀ ਸਮਾਜ ਦੀ ਵਿਆਹ ਪ੍ਰਣਾਲੀ ਬਹੁਤੀ ਹੰਢਣਸਾਰ ਨਹੀਂ ਹੈ। ਭਾਰਤੀ ਸਮਾਜ ਦੀ ਵਿਆਹ ਪ੍ਰਣਾਲੀ ਨੁਕਸਦਾਰ ਹੋਣ ਦੇ ਬਾਵਜੂਦ ਹੰਢਣਸਾਰ ਵਧੇਰੇ ਹੈ। ਪਰਵਾਸੀ ਪੰਜਾਬੀਆਂ ਦੀ ਪੁਰਾਣੀ ਪੀੜ੍ਹੀ ਵਿਆਹ ਪ੍ਰਣਾਲੀ ਨੂੰ ਭਾਰਤੀ ਨਜ਼ਰੀਏ ਤੋਂ ਦੇਖਦੀ ਹੈ ਜਦਕਿ ਪੱਛਮ ਵਿਚ ਜੰਮੀ ਪੀੜ੍ਹੀ ਲਈ ਵਿਆਹ ਪ੍ਰਣਾਲੀ ਜਰਜਰ ਹੋ ਚੁੱਕੀ ਪ੍ਰਥਾ ਹੈ। 'ਧਰਤੀ ਬੰਜਰ ਨਹੀਂ ਹੁੰਦੀ' ਕਹਾਣੀ ਦੀ ਪਾਤਰ ਕੀਰਤੀ ਦਾ ਇਹ ਆਖਣਾ *"ਦਾਦੀ, ਜ਼ਰੂਰੀ ਤਾਂ ਨੀ ਬੱਚੇ ਵਿਆਹ ਕਰਵਾ ਕੇ ਈ ਹੋਣ, ਬਿਨਾਂ ਵਿਆਹ ਤੋਂ ਵੀ ਤਾਂ ਹੋ ਸਕਦੇ ਆ? ਮੇਰੀਆਂ ਕਈ ਫਰੈਂਡਾਂ ਨੇ ਬੱਚੇ ਬਿਨਾਂ ਵਿਆਹ ਤੋਂ ਈ ਲਏ ਆ। ਏਸ ਕੰਟਰੀ 'ਚ ਇਹ ਕੋਈ ਪਰੌਬਲਮ ਨੀ"* ਨਵੀਂ ਪੀੜ੍ਹੀ ਦੇ ਵਿਆਹ ਸੰਸਥਾ ਤੋਂ ਉਕਤਾ ਜਾਣ ਦਾ ਪ੍ਰਤੀਕ ਹੈ। 'ਪੈਂਡੂਲਮ' ਕਹਾਣੀ ਦੀ ਨਵਰੀਤ ਇਸੇ ਵਿਆਹ ਪ੍ਰਣਾਲੀ ਦਾ ਦੁਖਾਂਤ ਭੋਗਦੀ ਆਤਮ ਹੱਤਿਆ ਕਰ ਲੈਂਦੀ ਹੈ। ਨਵਰੀਤ ਦਾ ਕਨੇਡਾ ਦੀ ਜੰਮਪਲ ਹੋਣ ਦੇ ਬਾਵਜੂਦ ਆਪਣੀ ਪਸੰਦ ਦੇ ਮੁੰਡੇ ਨਾਲ ਵਿਆਹ ਕਰਵਾਉਣ ਦੀ ਥਾਂ ਮਾਪਿਆਂ ਦੇ ਦਬਾਅ ਅੱਗੇ ਬੇਵੱਸ ਹੋ ਉਹਨਾਂ ਦੀ ਮਰਜ਼ੀ ਨਾਲ ਵਿਆਹ ਕਰਵਾਉਣਾ ਹੈਰਾਨ ਕਰਦਾ ਹੈ। ਇਕ ਪਾਸੇ ਨੌਜਵਾਨ ਵਿਆਹ ਪ੍ਰਣਾਲੀ ਤੋਂ ਕਿਨਾਰਾ ਕਰ ਰਹੇ ਹਨ ਤੇ ਦੂਜੇ ਪਾਸੇ ਪੱਛਮੀ ਸਮਾਜ ਵਿਚ ਸਮਲਿੰਗਕ ਸੰਬੰਧਾਂ ਨੂੰ ਕਾਨੂੰਨੀ ਮਾਨਤਾ ਮਿਲਣ ਕਾਰਨ ਅਜਿਹੇ ਸੰਬੰਧਾਂ ਦਾ ਰੁਝਾਨ ਵਧ ਰਿਹਾ ਹੈ। 'ਕੀ ਜਾਣਾ ਮੈਂ ਕੌਣ' ਕਹਾਣੀ ਪਛਾਣ ਦੇ ਸੰਕਟ ਨਾਲ ਜੂਝਦੀ ਸਲੀਨਾ ਦੀ ਕਹਾਣੀ ਹੈ। ਜਨਮ ਸਮੇਂ ਮੁੰਡਾ ਪੈਦਾ ਹੋਈ ਸਲੀਨਾ ਆਪਣੇ ਮਰਦਾਵੇਂ ਅੰਗ ਵਿਕਸਤ ਨਾ ਹੋਣ ਕਾਰਨ ਕੁੜੀ ਬਣਨਾ ਚੁਣਦੀ ਹੈ। 'ਇਕਾਂਤਵਾਸ' ਕਰੋਨਾ ਕਾਲ ਦੌਰਾਨ ਰਿਸ਼ਤਿਆਂ ਦੇ ਬਦਲਦੇ ਸਮਾਜਕ ਯਥਾਰਥ ਦੀ ਪੇਸ਼ਕਾਰੀ, 'ਲਹੂ ਬਾਹਰੇ ਰਿਸ਼ਤੇ' ਸੰਕਟ ਵਿਚ ਫਸੇ ਮਨੁੱਖੀ ਮਨ 'ਤੇ ਚੰਗੇ ਤੇ ਬੁਰੇ ਵਿਵਹਾਰ ਦੇ ਅਸਰ ਦੀ ਪੇਸ਼ਕਾਰੀ ਅਤੇ 'ਮਿੱਟੀ ਨਹੀਂ ਮਰਦੀ' ਦੋ ਭਰਾਵਾਂ ਦੇ ਆਪਸੀ ਭਾਵੁਕ ਰਿਸ਼ਤੇ ਵਿਚ ਆਰਥਿਕ ਸਮੀਕਰਨ ਬਦਲਣ ਕਾਰਨ ਆਏ ਬਦਲਾਵ ਦੀ ਪੇਸ਼ਕਾਰੀ ਪਰਵਾਸੀ ਜੀਵਨ ਦੇ ਰਵਾਇਤੀ ਸਰੋਕਾਰਾਂ ਨਾਲ ਸੰਬੰਧਤ ਕਹਾਣੀਆਂ ਹਨ। 'ਮਿੱਟੀ ਨਹੀਂ ਮਰਦੀ' ਕਹਾਣੀ ਵਿਚ ਕਿਸਾਨੀ ਸੰਕਟ ਬਾਰੇ ਪੇਸ਼ ਸਮਝ ਪਰੰਪਰਾਗਤ ਧਾਰਨਾਵਾਂ 'ਤੇ ਆਧਾਰਤ ਹੈ।

ਸਮੁੱਚੇ ਰੂਪ ਵਿਚ ਕਹਾਣੀਆਂ ਪਰਵਾਸੀ ਜੀਵਨ ਦੇ ਵਿਭਿੰਨ ਸਰੋਕਾਰਾਂ ਨਾਲ ਪਾਠਕਾਂ ਦੀ ਸਾਂਝ ਪਵਾਉਂਦੀਆਂ ਹਨ। ਇਹਨਾਂ ਵਿਚੋਂ ਪੁਰਾਣੀ ਪੀੜ੍ਹੀ ਦੇ ਮਨ ਵਿਚ ਆਪਣੇ ਬੱਚਿਆਂ ਪ੍ਰਤੀ ਆ ਰਹੇ ਬਦਲਾਵ ਦੀ ਪੇਸ਼ਕਾਰੀ ਤੇ ਅੰਤਰ ਰਾਸ਼ਟਰੀ ਰਾਜਨੀਤੀ ਦੀ ਪੇਸ਼ਕਾਰੀ ਵਿਚੋਂ ਨਵਾਂਪਣ ਝਲਕਦਾ ਹੈ। ਕਹਾਣੀਆਂ ਦਾ ਬਿਰਤਾਂਤਕ ਸੰਗਠਨ ਸਹਿਜ ਰੂਪ ਵਿਚ ਉਸਾਰਿਆ ਗਿਆ ਹੈ। ਪੰਜਾਬੀ ਮੂਲ ਦੇ ਪਾਤਰ ਆਪਣੇ ਮੁੱਲ ਵਿਧਾਨ ਦੇ ਰਾਖੇ ਵੀ ਬਣੇ ਨਜ਼ਰ ਆਉਂਦੇ ਹਨ ਤੇ ਸਮੇਂ ਅਨੁਸਾਰ ਬਦਲਦੇ ਹੋਏ ਗੋਲ ਪਾਤਰਾਂ ਵਿਚ ਸ਼ਾਮਲ ਹੋ ਜਾਂਦੇ ਹਨ। ਦੂਜੇ ਸਭਿਆਚਾਰਾਂ ਨਾਲ

ਸੰਬੰਧਤ ਪਾਤਰ ਜਿਵੇਂ ਨੋਲਾ, ਰੋਜ਼ਮੈਰੀ, ਮਾਈਕਲ, ਡੈਨੀਅਲ ਆਦਿ ਆਪਣੇ ਕਲਚਰ ਦੀਆਂ ਚੰਗੀਆਂ ਕੀਮਤਾਂ ਦੀ ਪ੍ਰਤੀਨਿਧਤਾ ਕਰਦੇ ਹਨ। ਇਸ ਤਰ੍ਹਾਂ ਇਹ ਕਹਾਣੀਆਂ ਪਰਵਾਸੀ ਜੀਵਨ ਦਾ ਸਮਕਾਲੀ ਯਥਾਰਥ ਪੇਸ਼ ਕਰਦੀਆਂ ਹਨ। **-ਡਾ. ਹਰਿੰਦਰ ਸਿੰਘ**

## ਧਰਤ ਵਿਹੂਣੇ (ਨਾਵਲ) ਸੁਖਵਿੰਦਰ ਪੱਪੀ

ਸੁਖਵਿੰਦਰ ਪੱਪੀ ਪੰਜਾਬੀ ਗਲਪ ਜਗਤ ਲਈ ਬਿਲਕੁਲ ਨਵਾਂ ਨਾਂ ਹੈ। ਪਹਿਲਾਂ ਉਹ ਕਵਿਤਾ ਲਿਖਦਾ ਰਿਹਾ ਹੈ ਅਤੇ ਉਸ ਦੇ ਤਿੰਨ ਕਾਵਿ ਸੰਗ੍ਰਹਿ 'ਤਰਕਸ਼' (1999), 'ਰਾਤ ਦਾ ਆਖਰੀ ਪਹਿਰ' (2005) ਤੇ 'ਮਿੱਟੀ ਦੀ ਤਪਸ਼' (ਚੋਣਵੀਂ ਕਵਿਤਾ - 2015) ਪ੍ਰਕਾਸ਼ਤ ਹੋ ਚੁੱਕੇ ਹਨ। ਹੱਥਲੀ ਪੁਸਤਕ 'ਧਰਤ ਵਿਹੂਣੇ' (ਪੰਨੇ 160, ਮੁੱਲ 160 ਰੁਪਏ, ਚਿੰਤਨ ਪ੍ਰਕਾਸ਼ਨ, ਲੁਧਿਆਣਾ) ਨਾਲ ਉਸਨੇ ਕਵਿਤਾ ਤੋਂ ਸਿੱਧੇ ਨਾਵਲ ਜਗਤ ਵਿਚ ਪ੍ਰਵੇਸ਼ ਕਰਦਾ ਹੈ।

ਨਾਵਲ ਦਾ ਸਿਰਲੇਖ ਹੀ ਨਾਵਲੀ ਕਥਾ ਬਾਰੇ ਸੂਹ ਦੇ ਦਿੰਦਾ ਹੈ। ਇਉਂ ਇਹ ਨਾਵਲ ਪੰਜਾਬ ਵਿਚ ਧਰਤ ਤੋਂ ਸੱਖਣੇ ਭਾਵ ਦਲਿਤ ਵਰਗ ਦੀ ਆਪਣੇ ਹਿੱਸੇ ਦੀ ਜ਼ਮੀਨ ਪ੍ਰਾਪਤ ਕਰਨ ਦੇ ਸੰਘਰਸ਼ ਦੀ ਕਹਾਣੀ ਨੂੰ ਪੇਸ਼ ਕਰਦਾ ਹੈ। ਭਾਰਤੀ ਸੰਵਿਧਾਨ ਅਨੁਸਾਰ ਪਿੰਡਾਂ ਦੀਆਂ ਪੰਚਾਇਤੀ ਜ਼ਮੀਨਾਂ ਵਿਚੋਂ ਇਕ ਤਿਹਾਈ ਜ਼ਮੀਨ ਦਲਿਤ ਵਰਗ ਦੇ ਲੋਕਾਂ ਨੂੰ ਖੇਤੀ ਲਈ ਠੇਕੇ 'ਤੇ ਘੱਟ ਕੀਮਤ 'ਤੇ ਮਿਲਣੀ ਚਾਹੀਦੀ ਹੈ। ਜਦਕਿ ਪੰਜਾਬ ਦੇ ਪਿੰਡਾਂ ਦੀਆਂ ਪੰਚਾਇਤੀ ਜ਼ਮੀਨਾਂ ਦੀ ਠੇਕਾ ਪ੍ਰਣਾਲੀ ਦੀ ਵਾਸਤਵਿਕਤਾ ਕੁਝ ਹੋਰ ਹੈ। ਜਿਆਦਾਤਰ ਪੰਚਾਇਤੀ ਜ਼ਮੀਨਾਂ ਉਪਰ ਰਾਜਨੀਤਕ ਰਸੂਖ ਰੱਖਣ ਵਾਲੇ ਲੋਕਾਂ ਦਾ ਕਬਜ਼ਾ ਜ਼ਬਰੀ ਕੀਤਾ ਹੋਇਆ ਹੈ ਜਾਂ ਫਿਰ ਉਹ ਨਿਗੂਣੀ ਕੀਮਤ ਅਦਾ ਕਰ ਕੇ ਆਪ ਠੇਕੇ 'ਤੇ ਲੈ ਲੈਂਦੇ ਹਨ। ਦੋਨਾਂ ਹੀ ਹਾਲਤਾਂ ਵਿਚ ਦਲਿਤ ਵਰਗ ਦੇ ਹੱਕਾਂ ਨੂੰ ਕੁਚਲਿਆ ਜਾਂਦਾ ਹੈ। ਮਾਲਵਾ ਖੇਤਰ ਵਿਚ ਦਲਿਤ ਵਰਗ ਦੇ ਪੰਚਾਇਤੀ ਜ਼ਮੀਨ ਵਿਚ ਬਣਦੇ ਹੱਕ ਨੂੰ ਪ੍ਰਾਪਤ ਕਰਨ ਲਈ ਜ਼ਿਲ੍ਹਾ ਬਰਨਾਲਾ ਦੇ ਪਿੰਡਾਂ ਢਿੱਲਵਾਂ, ਭੈਣੀ, ਸੰਧਵਾਂ ਵਿਚ ਲਹਿਰ ਚੱਲਦੀ ਹੈ ਅਤੇ ਉਹ ਪ੍ਰਸ਼ਾਸ਼ਨ ਦੀ ਗੜਬੜੀ ਤੇ ਰਾਜਨੀਤਕ ਦਾਬੇ ਦੇ ਬਾਵਜੂਦ ਆਪਣਾ ਉਦੇਸ਼ ਹਾਸਲ ਕਰਨ ਵਿਚ ਸਫ਼ਲ ਹੁੰਦੀ ਹੈ। ਹੌਲ਼ੀ-ਹੌਲ਼ੀ ਇਹ ਲਹਿਰ ਆਲ਼ੇ-ਦੁਆਲ਼ੇ ਦੇ ਇਲਾਕੇ ਵਿਚ ਵੀ ਫੈਲ ਜਾਂਦੀ ਹੈ। ਨਾਵਲ ਦਾ ਪਲਾਟ ਇਸੇ ਇਲਾਕੇ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੋਇਆਂ ਲਹਿਰ ਨੂੰ ਰੂਪਮਾਨ ਕਰਦਾ ਹੈ।

ਵੀਰਾਂ ਨਾਵਲ ਦੀ ਕੇਂਦਰੀ ਪਾਤਰ ਹੈ। ਨਾਵਲ ਵੀਰਾਂ ਤੋਂ ਹੀ ਆਰੰਭ ਹੁੰਦਾ ਹੈ ਅਤੇ ਉਸਦੇ ਨਾਲ ਹੀ ਖੁੱਲੇ ਅੰਤ ਤਕ ਅਪੜਦਾ ਹੈ। ਵੀਰਾਂ ਦਲਿਤ ਪਰਿਵਾਰ ਨਾਲ ਸੰਬੰਧ ਰੱਖਦੀ ਹੈ ਅਤੇ ਆਪਣੇ ਮਾੜੇ ਆਰਥਿਕ ਤੇ ਪਰਿਵਾਰਕ ਹਾਲਾਤ ਦੇ ਬਾਵਜੂਦ ਅੱਗੇ ਕਾਲਿਜ ਵਿਚ ਜਾ ਕੇ ਪੜ੍ਹਨ ਦਾ ਸੁਪਨਾ ਬੁਣਦੀ ਹੈ। ਇਹ ਸੁਪਨਾ ਪਹਿਲਾਂ ਸੋਨੀ ਦੀ ਮੱਦਦ ਤੇ ਫਿਰ ਮਾਸਟਰ ਅਜੈਬ ਦੀ ਸਹਾਇਤਾ ਨਾਲ ਪੂਰਾ ਹੁੰਦਾ ਹੈ। ਜਿੱਥੇ ਸੋਨੀ ਨਾਲ ਵੀਰਾਂ ਆਪਣੀ ਅੱਲ੍ਹੜ ਉਮਰ ਦੀਆਂ ਸ਼ਰਾਰਤਾਂ ਤੇ ਸੁਪਨੇ ਸਾਂਝੇ ਕਰਦੀ ਹੈ, ਉੱਥੇ ਮਾਸਟਰ ਅਜੈਬ ਉਸ ਦੀ ਆਰਥਿਕ ਮੱਦਦ ਕਰਦਾ ਹੈ। ਕਾਲਿਜ ਵਿਚ ਪੜ੍ਹਨ ਦੌਰਾਨ ਵੀਰਾਂ ਮੋਹਕਮ, ਸੰਦੀਪ ਤੇ ਦੀਪਕ ਵਰਗੇ ਖੱਬੇ ਪੱਖੀ ਲਹਿਰ ਦੇ ਵਿਦਿਆਰਥੀ ਆਗੂਆਂ ਨਾਲ ਜੁੜ ਜਾਂਦੀ ਹੈ। ਉਹਨਾਂ ਦੀ ਸੰਗਤ ਵਿਚ ਜਾ ਕੇ ਵੀਰਾਂ ਭਾਰਤੀ ਇਤਿਹਾਸ, ਦਲਿਤਾਂ ਦੇ ਦਮਨ, ਆਰਥਿਕ ਪਾੜੇ ਤੇ ਸਮਾਜ-ਸਭਿਆਚਾਰਕ ਦਾਬੇ ਬਾਰੇ ਪੜ੍ਹਦੀ ਹੈ ਅਤੇ ਭਾਰਤੀ ਤੇ ਪੰਜਾਬੀ ਸਮਾਜ ਨੂੰ ਵੇਖਣ ਦਾ ਇਕ ਵਿਸ਼ੇਸ਼ ਦ੍ਰਿਸ਼ਟੀਕੋਣ ਪ੍ਰਾਪਤ ਕਰਦੀ ਹੈ। ਵੀਰਾਂ ਆਪਣੀ ਸਮਰੱਥਾ, ਕਾਬਲੀਅਤ ਤੇ ਜਨੂੰਨ ਸਦਕਾ ਪਹਿਲਾਂ ਵਿਦਿਆਰਥੀ ਜੱਥੇਬੰਦੀ ਵਿਚ ਮੂਹਰਲੀ ਕਤਾਰ ਵਿਚ ਆਪਣਾ ਵਿਸ਼ੇਸ਼ ਸਥਾਨ ਬਣਾਉਂਦੀ ਹੈ ਅਤੇ ਫਿਰ ਜ਼ਮੀਨ ਅਧਿਕਾਰ ਅੰਦੋਲਨ ਵਿਚ ਪ੍ਰਮੁੱਖ ਆਗੂ ਬਣ ਕੇ ਉਭਰਦੀ ਹੈ। ਵੀਰਾਂ ਭਾਵੇਂ ਵਿਚਾਰਧਾਰਕ ਤੌਰ 'ਤੇ ਪਰਿਪੱਕ ਪੜ੍ਹੀ ਲਿਖੀ ਅਗਾਂਹਵਧੂ ਕੁੜੀ ਹੈ ਪਰ ਉਸ ਦੇ ਅੰਦਰ ਵੀ ਪਿਛਾਂਹ ਖਿੱਚੂ ਸਮਾਜਕ- ਸਭਿਆਚਾਰਕ ਰਵਾਇਤਾਂ ਦਾ ਵਿਰੋਧ ਕਰਨ ਦੀ ਝਿਜਕ ਵਿਖਾਈ ਦਿੰਦੀ ਹੈ, ਜਿਸ ਤੋਂ ਜਾਣਿਆ ਜਾ ਸਕਦਾ ਹੈ

ਕਿ ਆਪਣੇ ਆਪ ਨੂੰ ਆਜ਼ਾਦ ਸਮਝਦਾ ਮਨੁੱਖ ਵੀ ਸਮਾਜ ਵਿਚ ਰਹਿੰਦਾ ਹੋਇਆ ਕਿਸ ਕਦਰ ਬੰਧਨਾਂ ਵਿਚ ਬੰਨ੍ਹਿਆ ਹੋਇਆ ਹੁੰਦਾ ਹੈ।

ਵੀਰਾਂ ਵਿਦਿਆਰਥੀ ਲਹਿਰ ਵਿਚ ਕੰਮ ਕਰਦੇ ਹੋਏ ਚੰਗੀ ਕਿਸਾਨੀ ਨਾਲ ਸੰਬੰਧ ਰੱਖਣ ਵਾਲੇ ਸੰਦੀਪ ਨਾਲ ਆਪਣੇ ਭਵਿੱਖ ਦੇ ਸੁਪਨੇ ਬੁਣਨੇ ਸ਼ੁਰੂ ਕਰ ਦਿੰਦੀ ਹੈ। ਸੰਦੀਪ ਵੀ ਵੀਰਾਂ ਨਾਲ ਆਪਣੇ ਵਿਆਹ ਬਾਰੇ ਸੋਚਦਾ ਹੈ ਪਰ ਕਿਤੇ ਨਾ ਕਿਤੇ ਸਮਾਜ-ਸਭਿਆਚਾਰਕ ਤੇ ਜਾਤੀ ਵਖਰੇਵੇਂ ਕਾਰਨ ਆਪਣੀ ਸੋਚ ਉਪਰ ਪਹਿਰਾ ਦੇਣ ਤੋਂ ਥਿੜਕਦਾ ਵਿਖਾਈ ਦਿੰਦਾ ਹੈ, ਜਿਸ ਬਾਰੇ ਦੀਪਕ ਆਪਣੀ ਬਾਹਮਣੀ ਵਿੱਦਿਆ ਰਾਹੀਂ ਪਹਿਲਾਂ ਹੀ ਸੰਕੇਤ ਕਰ ਦਿੰਦਾ ਹੈ ਜਦੋਂ ਮੋਹਕਮ ਉਹਨਾਂ ਦੇ ਰਿਸ਼ਤੇ ਨੂੰ ਲਹਿਰ ਵੱਲੋਂ ਮਾਨਤਾ ਦੇਣ ਦੀ ਗੱਲ ਦੀਪਕ ਨਾਲ ਸਾਂਝੀ ਕਰਦਾ ਹੈ। ਆਪਣੇ ਰਸੂਖਦਾਰ ਪਰਿਵਾਰ ਦੀ ਸਮਾਜਕ ਇੱਜ਼ਤ ਦੀ ਲਛਮਣ ਰੇਖਾ ਨੂੰ ਪਾਰ ਕਰਨ ਤੋਂ ਅਸਮਰੱਥ ਸੰਦੀਪ ਵੀਰਾਂ ਨੂੰ ਜਿਸਮਾਨੀ ਰੂਪ ਵਿਚ ਪ੍ਰਾਪਤ ਕਰਨ ਦੇ ਮੰਤਵ ਨਾਲ ਕਸੌਲੀ ਜਾਣ ਦਾ ਪ੍ਰੋਗਰਾਮ ਉਲੀਕਦਾ ਹੈ, ਜਿਸ ਤੋਂ ਵੀਰਾਂ ਕਿਤੇ ਪਾਰ ਪਹੁੰਚ ਚੁੱਕੀ ਹੁੰਦੀ ਹੈ। ਉਹ ਸੰਦੀਪ ਨਾਲ ਆਪਣੇ ਰਿਸ਼ਤੇ ਨੂੰ ਸਮਾਪਤ ਕਰ ਦੱਖਣ ਵਿਚ ਦਲਿਤਾਂ ਤੇ ਆਦੀਵਾਸੀਆਂ ਦੀ ਹੋ ਰਹੀ ਮੀਟਿੰਗ ਵਿਚ ਸ਼ਾਮਲ ਹੋਣ ਲਈ ਚਲੀ ਜਾਂਦੀ ਹੈ। ਅਸਲ ਵਿਚ ਸੰਦੀਪ ਦੇ ਵਿਹਾਰ ਦੀ ਪਿੱਠਭੂਮੀ ਵਿਚ ਸਮਾਜ-ਸਭਿਆਚਾਰਕ, ਆਰਥਿਕ, ਰਾਜਨੀਤਕ ਤੇ ਮਨੋਵਿਗਿਆਨਕ ਕਾਰਨ ਕਾਰਜਸ਼ੀਲ ਹਨ।

ਨਾਵਲ ਵਿਚ ਲਹਿਰ ਦੇ ਜ਼ੋਰ ਫੜਨ ਤੇ ਪ੍ਰਵਾਨ ਚੜ੍ਹਨ ਦਾ ਕਾਰਨ ਆਪਣੀ ਮਿੱਟੀ ਨਾਲ ਜੁੜਿਆ ਹੋਣਾ ਵਿਖਾਇਆ ਗਿਆ ਹੈ। ਵੀਰਾਂ, ਸੋਨੀ, ਮੋਹਕਮ ਤੇ ਹੋਰ ਕਿਰਿਆਸ਼ੀਲ ਆਗੂ ਦਲਿਤ ਵਰਗ ਨਾਲ ਸੰਬੰਧ ਰੱਖਦੇ ਹਨ ਅਤੇ ਉਹਨਾਂ ਨੇ ਦਲਿਤ ਵਰਗ ਦੀਆਂ ਦੁਸ਼ਵਾਰੀਆਂ, ਸਮੱਸਿਆਵਾਂ ਤੇ ਮੁਸ਼ਕਿਲਾਂ ਨੂੰ ਆਪਣੇ ਨੰਗੇ ਪਿੰਡੇ 'ਤੇ ਹੰਢਾਇਆ ਹੁੰਦਾ ਹੈ। ਇਹੀ ਕਾਰਨ ਹੈ ਕਿ ਉਹ ਲੋਕਾਂ ਨੂੰ ਆਪਣੀ ਗੱਲ ਸਮਝਾਉਣ ਤੇ ਉਹਨਾਂ ਨੂੰ ਆਪਣੇ ਨਾਲ ਜੋੜਨ ਵਿਚ ਸਫ਼ਲ ਹੁੰਦੇ ਹਨ। ਇਸਦੀ ਉਦਾਹਰਨ ਨਾਵਲ ਵਿਚ ਵੀਰਾਂ ਤੇ ਸੋਨੀ ਦੇ ਸਟੇਜ ਉਪਰ ਬੋਲਣ ਦੇ ਰੂਪ ਵਿਚ ਪੇਸ਼ ਕੀਤੀ ਗਈ ਹੈ। ਵੀਰਾਂ ਕਿਤਾਬਾਂ ਪੜ੍ਹਦੀ ਹੋਣ ਕਾਰਨ ਆਪਣੇ ਭਾਸ਼ਣ ਤੇ ਬੋਲੀ ਵਿਚ ਸਿਧਾਂਤਕ ਤੇ ਕਿਤਾਬੀ ਔਖੇ ਸ਼ਬਦ ਲੈ ਆਉਂਦੀ ਹੈ ਜਿਸ ਕਾਰਨ ਲੋਕ ਉਸ ਦੀ ਗੱਲ ਨੂੰ ਉਸ ਤਰੀਕੇ ਨਾਲ ਨਹੀਂ ਸਮਝਦੇ ਜਿਵੇਂ ਸੋਨੀ ਦੇ ਲੋਕ ਬੋਲੀ ਵਿਚ ਦਿੱਤੇ ਭਾਸ਼ਣ ਨੂੰ ਸਮਝਦੇ ਹਨ।

ਲੇਖਕ ਨਾਵਲ ਦੇ ਪਾਤਰਾਂ ਦੀ ਰਹਿਤਲ, ਬੋਲੀ ਤੇ ਪਹਿਰਾਵੇ ਨੂੰ ਵਾਸਤਵਿਕ ਰੂਪ ਵਿਚ ਪੇਸ਼ ਕਰਨ ਬਾਰੇ ਬਹੁਤ ਸੁਚੇਤ ਹੈ। ਉਹ ਪਾਤਰਾਂ ਦੀ ਖੇਤਰੀ ਵਿਭਿੰਨਤਾਵਾਂ ਤੇ ਉਹਨਾਂ ਦੀਆਂ ਜਾਤੀਗਤ ਵਿਭਿੰਨਤਾਵਾਂ ਨੂੰ ਬਾਖੂਬੀ ਪੇਸ਼ ਹੀ ਨਹੀਂ ਕਰਦਾ ਬਲਕਿ ਉਹਨਾਂ ਰਾਹੀਂ ਵੀਰਾਂ ਤੇ ਸੰਦੀਪ ਦੇ ਸੰਵਾਦ ਦੇ ਰੂਪ ਵਿਚ ਜਾਤਾਂ ਦੀ ਭਾਸ਼ਾਈ ਦਰਜਾਬੰਦੀ ਤੇ ਹੀਣ ਭਾਵਨਾ ਨੂੰ ਵੀ ਨਸ਼ਰ ਕਰਦਾ ਹੈ। ਨਾਵਲ ਦੀ ਕੇਂਦਰੀ ਸੁਰ ਜ਼ਮੀਨ ਅਧਿਕਾਰ ਅੰਦੋਲਨ ਹੈ ਜਿਸ ਕਾਰਨ ਇਸ ਲਹਿਰ ਨਾਲ ਸੰਬੰਧਤ ਘਟਨਾਵਾਂ ਨੂੰ ਹੀ ਪ੍ਰਧਾਨਤਾ ਦਿੱਤੀ ਗਈ ਹੈ ਅਤੇ ਵੀਰਾਂ, ਮੋਹਕਮ, ਦੀਪਕ, ਸੋਨੀ ਦਾ ਨਿੱਜ ਕਥਾ ਵਿਚੋਂ ਉਵੇਂ ਉਜਾਗਰ ਨਹੀਂ ਹੁੰਦਾ ਜਿਵੇਂ ਕਿ ਨਾਵਲ ਵਿਚ ਕਰਨ ਦੀ ਸਮਰੱਥਾ ਹੁੰਦੀ ਹੈ। ਪਾਤਰਾਂ ਦੇ ਮਨੋਵਿਗਿਆਨ ਤੇ ਸਮਾਜ-ਸਭਿਆਚਾਰਕ ਸਥਿਤੀਆਂ ਬਾਰੇ ਨਾਵਲਕਾਰ ਵਧੇਰੇ ਚੁੱਪ ਰਹਿੰਦਾ ਹੈ। ਸਿਰਫ਼ ਸੰਦੀਪ ਦੇ ਪਰਿਵਾਰਕ ਰਸੂਖ ਬਾਰੇ ਜ਼ਿਕਰ ਕੀਤਾ ਗਿਆ ਹੈ, ਉਹ ਵੀ ਵੀਰਾਂ ਦੇ ਪਾਤਰ ਦੇ ਵਿਸਥਾਰ ਦੇ ਰੂਪ ਵਿਚ ਹੀ ਪ੍ਰਤੀਤ ਹੁੰਦਾ ਹੈ। ਅਸਲ ਵਿਚ ਇਸ ਨੂੰ ਘਟਨਾ ਪ੍ਰਧਾਨ ਨਾਵਲ ਕਿਹਾ ਜਾ ਸਕਦਾ ਹੈ ਜਿਸ ਵਿਚ ਵਿਚਾਰਧਾਰਾ ਨੂੰ ਵਧੇਰੇ ਪ੍ਰਧਾਨਤਾ ਦਿੱਤੀ ਗਈ ਹੈ ਜਿਸ ਕਾਰਨ ਹੱਥਲੀ ਲਿਖਤ ਨਾਵਲੀ ਸੁਭਾਅ ਤੋਂ ਥੋੜ੍ਹੀ ਵਿੱਥ 'ਤੇ ਖੜ੍ਹੀ ਪ੍ਰਤੀਤ ਹੁੰਦੀ ਹੈ। ਪਾਤਰਾਂ ਦੀ ਵਾਰਤਾਲਾਪ ਤੇ ਵਾਤਾਵਰਣ ਦੀ ਪੇਸ਼ਕਾਰੀ ਕਮਾਲ ਦੀ ਕੀਤੀ ਗਈ ਹੈ ਜਿਸ ਤੋਂ ਨਾਵਲਕਾਰ ਦੀ ਸਮਰੱਥਾ ਦੀ ਝਲਕ ਮਿਲਦੀ ਹੈ। ਨਾਵਲਕਾਰ ਹੱਥਲੇ ਨਾਵਲ ਵਿਚ ਉਸ ਪੱਧਰ ਦਾ ਜਮਾਤੀ ਉਚਾਰ ਉਸਾਰਣ ਤੋਂ ਉੱਕ ਗਿਆ ਪ੍ਰਤੀਤ ਹੁੰਦਾ ਹੈ ਜਿਸ ਪੱਧਰ ਦਾ ਉਸ ਕੋਲ ਪਲਾਟ ਸੀ। ਵੀਰਾਂ ਦੀਆਂ ਅੱਖਾਂ ਦਾ ਦਰਾਵੜੀ ਹੋਣ ਵਿਚੋਂ ਨਾਵਲੀ ਕਥਾ ਦੇ ਜਮਾਤੀ ਸਰੋਕਾਰ ਦੀ ਥਾਂ ਨਸਲੀ ਸਰੋਕਾਰ ਵੱਲ

ਉਲਾਰ ਹੋਣ ਦੀ ਸੂਹ ਮਿਲਦੀ ਹੈ। ਸੰਤ ਸਚਦਾ ਨੰਦ ਜ਼ਿਆਦਾਤਰ ਨਾਵਲਕਾਰ ਦੇ ਬੋਲ ਉਚਾਰਦਾ ਵਿਖਾਈ ਦਿੰਦਾ ਹੈ ਜਿਸ ਕਾਰਨ ਕਥਾ ਦੀ ਤੋਰ ਮੱਧਮ ਪੈ ਜਾਂਦੀ ਹੈ ਤੇ ਸੁਰ ਭਾਸ਼ਣੀ ਹੋ ਜਾਂਦੀ ਹੈ।

ਮੁਕਦੀ ਗੱਲ: ਲੇਖਕ ਦਾ ਪਹਿਲਾ ਨਾਵਲ ਹੋਣ ਕਾਰਨ 'ਧਰਤ ਵਿਹੂਣੇ' ਵਿਚ ਕੁਝ ਊਣਤਾਈਆਂ ਤਾਂ ਅਵੱਸ਼ ਵਿਖਾਈ ਦਿੰਦੀਆਂ ਹਨ ਪਰ ਬਰਨਾਲੇ ਜ਼ਿਲ੍ਹੇ ਵਿਚ ਚੱਲੀ ਜ਼ਮੀਨ ਅਧਿਕਾਰ ਲਹਿਰ ਨੂੰ ਨਾਵਲੀ ਕਥਾ ਵਿਚ ਪੇਸ਼ ਕਰਨ ਸਦਕਾ ਇਹ ਇਕ ਤਰ੍ਹਾਂ ਦੀ ਇਤਿਹਾਸਕ ਦਸਤਾਵੇਜ਼ ਹੈ ਜਿਸ ਨੂੰ ਪੇਸ਼ ਕਰਨ ਲਈ ਸੁਖਵਿੰਦਰ ਪੱਪੀ ਵਧਾਈ ਦਾ ਹੱਕਦਾਰ ਹੈ। **–ਪਰਗਟ ਸਿੰਘ ਬਰਾੜ**

## ਸ਼ਬਦ ਅਤੇ ਸਮਾਜਕਤਾ (ਆਲੋਚਨਾ) ਡਾ. ਸਰਬਜੀਤ ਸਿੰਘ

ਡਾ. ਸਰਬਜੀਤ ਸਿੰਘ ਪੰਜਾਬੀ ਸਾਹਿਤ ਦੀ ਸਿਧਾਂਤਕ ਅਤੇ ਆਲੋਚਨਾਤਮਕ ਚੇਤਨਾ ਪ੍ਰਤੀ ਫ਼ਿਕਰਮੰਦ ਰਹਿਣ ਵਾਲ਼ਾ ਗੰਭੀਰ ਸ਼ਬਦ-ਸਾਧਕ ਹੈ। ਉਸਨੇ ਪੰਜਾਬੀ ਅਦਬ ਦੀ ਸਿਧਾਂਤਕ ਅਤੇ ਆਲੋਚਨਾਤਮਕ ਪ੍ਰਕਿਰਿਆ ਸੰਗ ਹਮੇਸ਼ਾ ਹੀ ਮੁੱਲਵਾਨ ਸੰਵਾਦ ਛੇੜਿਆ ਹੈ। ਸੱਤ ਮੌਲਿਕ ਅਤੇ ਚੌਦਾਂ ਸੰਪਾਦਤ ਪੁਸਤਕਾਂ ਇਸ ਮੁੱਲਵਾਨਤਾ ਦੀ ਸ਼ਾਹਦੀ ਭਰ ਰਹੀਆਂ ਹਨ।

'ਸ਼ਬਦ ਅਤੇ ਸਮਾਜਕਤਾ' ਪੁਸਤਕ (ਪੰਨੇ 208, ਮੁੱਲ 400 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ) ਡਾ. ਸਰਬਜੀਤ ਸਿੰਘ ਦੀ ਅਧਿਐਨਸ਼ੀਲਤਾ ਤੇ ਚਿੰਤਨਾ ਦਾ ਨਵ-ਪ੍ਰਕਾਸ਼ਤ ਨਕਸ਼ ਹੈ। ਪੁਸਤਕ ਵਿਚਲਾ ਸਮੁੱਚਾ ਚਿੰਤਨ ਮੁਖ਼ਤਲਿਫ਼ ਸਾਹਿਤਕ ਪ੍ਰਵਚਨਾਂ ਅੰਦਰਲੀ ਸਮਾਜਕਤਾ ਉਭਾਰਨ ਉੱਪਰ ਕੇਂਦਰਤ ਹੈ। ਪੁਸਤਕ ਦੇ ਮੁੱਢ ਵਿਚ ਲੰਮੇਰਾ ਸਿੱਧਾਂਤਕ ਮਜ਼ਮੂਨ 'ਕਵਿਤਾ: ਰੂਪ ਅਤੇ ਸਮਾਜਕਤਾ' ਦਿੱਤਾ ਗਿਆ ਹੈ। ਸਾਹਿਤ ਆਪਣੇ ਯੁਗ ਪ੍ਰਤੀ ਸਿਰਜਿਆ ਗਿਆ ਪ੍ਰਤੀ ਹੁੰਗਾਰਾ ਕਿਵੇਂ ਬਣਦਾ ਹੈ, ਇਸ ਵਿਚ ਜਟਿਲਤਾ, ਗੰਭੀਰਤਾ, ਵਿਚਾਰਧਾਰਾ, ਯੁਗ ਬੋਧਕ, ਸੁਹਜ ਭਾਵਨਾ ਅਤੇ ਕਲਾਤਮਕਤਾ ਦਾ ਕੀ ਸਥਾਨ ਹੁੰਦਾ ਹੈ, ਸਾਹਿਤ ਦੇ ਹਰੇਕ ਰੂਪ ਅਤੇ ਪ੍ਰਵਿਰਤੀ ਵਿਚ ਸਮਾਜਕਤਾ ਆਧਾਰਭੂਤ ਊਰਜਾ ਵਜੋਂ ਕਿਵੇਂ ਪ੍ਰਵਾਹਤ ਹੁੰਦੀ ਹੈ, ਇਹਨਾਂ ਅਹਿਮ ਨੁਕਤਿਆਂ ਨੂੰ ਵਿਸ਼ੇਸ਼ ਜ਼ਿੰਮੇਵਾਰੀ ਨਾਲ ਉਠਾਉਂਦਿਆਂ ਵਜ਼ਨਦਾਰ ਦਲੀਲਾਂ ਸੰਗ ਸਮੇਟਿਆ ਗਿਆ ਹੈ।

ਇਸ ਚਿੰਤਨ ਦੌਰਾਨ ਸਾਹਿਤਕਾਰ ਦੀ ਪ੍ਰਤਿਭਾ ਦੇ ਉਸਾਰ ਵਿਚ ਸ਼ਾਮਲ ਅਨੁਭਵ, ਸਮਾਜ-ਬੋਧ, ਭਾਸ਼ਾ ਅਤੇ ਗਿਆਨ-ਪਰੰਪਰਾ ਨੂੰ ਵਿਚਾਰਦਿਆਂ ਵਿਅਕਤੀਵਾਦ ਅਤੇ ਰੂਪ ਆਧਾਰਤ ਇਕਹਿਰੀਆਂ ਦ੍ਰਿਸ਼ਟੀਆਂ ਨੂੰ ਕਾਟੇ ਹੇਠ ਲਿਆਂਦਾ ਗਿਆ ਹੈ। ਹਰ ਸਿਰਜਣਾ ਵਿਚ ਸਮਾਜਕਤਾ ਦੀ ਸਰਵਵਿਆਪਕਤਾ ਸਿੱਧ ਕਰਦਿਆਂ ਇਸ ਮਜ਼ਮੂਨ ਰਾਹੀਂ ਦੋ ਦਿਸ਼ਾਵੀ ਚਿੰਤਨ-ਕਾਰਜ ਕੀਤਾ ਗਿਆ ਹੈ। ਇਕ ਪਾਸੇ ਵਿਅਕਤੀਮੁਖੀ, ਰੂਪਮੁਖੀ ਚਿੰਤਨ ਧਾਰਾਵਾਂ ਦਾ ਖੰਡਨ ਕਰ ਦਿੱਤਾ ਗਿਆ ਹੈ ਅਤੇ ਦੂਜੇ ਪਾਸੇ ਪੰਜਾਬੀ ਸਾਹਿਤ ਦੀ ਹਰ ਧਾਰਾ, ਪ੍ਰਵਿਰਤੀ, ਵੰਨਗੀ ਪਿੱਛੇ ਕਾਰਜਸ਼ੀਲ ਸਮਾਜਕਤਾ ਸੰਗ ਗਹਿਰਾ ਆਤਮਸਾਤ ਕਰਨ ਲਈ ਪੰਜਾਬੀ ਪਾਠਕ ਨੂੰ ਤਿਆਰ ਕੀਤਾ ਗਿਆ ਹੈ ਤਾਂ ਜੁ ਇਸ ਦ੍ਰਿਸ਼ਟੀ ਨੂੰ ਧਾਰਨ ਕਰਦਾ ਹੋਇਆ ਉਹ ਹਰ ਸਾਹਿਤ-ਵੰਨਗੀ ਦੇ ਸਮਾਜਕ ਧਰਾਤਲ, ਚੇਤਨਾ-ਵਿਧੀ ਅਤੇ ਉਸ ਵਿਚਲੀ ਅਣਕਹੀ ਰਮਜ਼ ਨੂੰ ਪਕੜਨ ਦੀ ਸਮਰੱਥਾ ਗ੍ਰਹਿਣ ਕਰ ਸਕੇ।

ਪ੍ਰਥਮ ਸਿਧਾਂਤਕ ਮਜ਼ਮੂਨ ਵਿਚ ਸਿਰਜੇ ਪਰਖ-ਪੈਮਾਨੇ ਨੂੰ ਲੈ ਕੇ ਅਗਲੇਰੇ ਤਿੰਨ ਮਜ਼ਮੂਨਾਂ ਵਿਚ ਗੁਰੂ ਨਾਨਕ ਅਤੇ ਗੁਰੂ ਤੇਗ ਬਹਾਦਰ ਰਚਿਤ ਬਾਣੀਆਂ ਵਿਚਲੀ ਸਮਾਜਕਤਾ ਸੰਗ ਬੋਧ -ਨਾਤਾ ਜੋੜਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਦੇ ਕਾਲ ਨਾਲ ਸੰਬੰਧਤ ਇਤਿਹਾਸਕ ਵੇਰਵੇ, ਤਤਕਾਲੀ ਸਮਾਜ-ਸਥਿੱਤੀ-ਵੇਰਵੇ, ਧਰਮ ਨਾਲ ਸੰਬੰਧਤ ਸੰਕਲਪੀ ਧਾਰਨਾਵਾਂ ਅਤੇ ਸੰਸਥਾਵੀ ਜੜ੍ਹਤਾ ਦੇ ਮਸਲਿਆਂ ਉੱਪਰ ਪ੍ਰਮਾਣਿਕ ਸਰੋਤਾਂ ਸਹਿਤ ਨਜ਼ਰਸਾਨੀ ਕਰਦਿਆਂ ਗੁਰੂ ਨਾਨਕ ਦੀ ਦ੍ਰਿਸ਼ਟੀਗਤ, ਸੰਕਲਪਗਤ ਅਤੇ ਕਾਰਜਗਤ ਵਿਲੱਖਣਤਾ ਨੂੰ ਸਮਾਨਾਂਤਰੀ-ਤਰਕ-ਉਸਾਰ-ਵਿਧੀ ਤਹਿਤ ਉਭਾਰਿਆ ਗਿਆ ਹੈ। ਅਧਿਏਤਾ ਨੇ ਆਪਣੀ ਸਿਧਾਂਤਕ ਪਕਿਆਈ ਅਤੇ ਦ੍ਰਿੜ ਮਾਨਤਾ ਦੇ ਬਲਬੂਤੇ ਵਿਸਥਾਪਨ-ਥਾਪਨ ਦੀ ਅਮੂਰਤ ਕਿਰਿਆ ਨੂੰ ਸਮੂਰਤ ਤੌਰ 'ਤੇ ਵਾਪਰਦੀ ਦਿਖਾ

ਦਿੱਤਾ ਹੈ। ਇਸ ਪ੍ਰਕਿਰਿਆ ਤਹਿਤ ਹੀ ਗੁਰੂ ਨਾਨਕ-ਬਾਣੀ ਨੂੰ ਦੈਵ ਮੁਖੀ ਸਿੱਧ ਕਰਨ ਵਾਲੇ ਚਿੰਤਨ-ਨਕਸ਼ਾਂ ਅਤੇ ਅਮੂਰਤ ਬ੍ਰਹਮਵਾਦੀ ਧਾਰਨਾਵਾਂ ਤਹਿਤ ਕਰਾਮਾਤੀ ਵਿਆਖਿਆਵਾਂ ਅਧੀਨ ਲਿਆ ਕੇ ਸਿਕੋੜਨ ਵਾਲੇ ਪੇਤਲੇ ਕਾਰਜਾਂ ਨੂੰ ਕਾਟੇ ਹੇਠ ਲਿਆਂਦਾ ਗਿਆ ਹੈ।

ਗੁਰੂ ਨਾਨਕ ਬਾਣੀ ਵਿਚ ਪ੍ਰਵਾਹਤ ਸਮਾਜਕ ਚੇਤਨਾ ਨੂੰ ਮੁਖ਼ਤਲਿਫ਼ ਬਾਣੀ-ਉਕਤੀਆਂ ਦੁਆਰਾ ਸਿੱਧ ਕਰਦਿਆਂ ਉਹਨਾਂ ਦੀ ਸਮੁੱਚੀ ਕਾਰਜਵਿਧੀ ਵਿਚ ਕ੍ਰਾਂਤੀ-ਚੇਤਨਾ ਸਮਾਹਿਤ ਹੋਈ ਦਿਖਾ ਦਿੱਤੀ ਗਈ ਹੈ। 'ਬਾਬਰ ਬਾਣੀ' ਬਾਰੇ ਵੱਖਰਾ ਚਿੰਤਨ-ਪਾਠ ਸਿਰਜਦਿਆਂ ਇਸ ਬਾਣੀ ਦੀ ਇਤਿਹਾਸਕ ਨੁਕਤਾ-ਨਿਗਾਹ ਤੋਂ ਵਿਸ਼ੇਸ਼ ਅਹਿਮੀਅਤ ਦਰਜ ਕਰਾਉਂਦਿਆਂ ਇਸ ਵਿਚਲੀ ਸਮਾਜਕ ਚੇਤਨਾਤਮਕ ਧਾਰਾ ਦੀ ਵਿਲੱਖਣਤਾ ਉਭਾਰੀ ਗਈ ਹੈ। ਇਉਂ ਹੀ ਗੁਰੂ ਤੇਗ ਬਹਾਦਰ-ਕਾਲ ਨੂੰ ਬਹੁਕੋਣਾਂ ਤੋਂ ਵਿਚਾਰ ਅਧੀਨ ਲਿਆਉਂਦਿਆਂ, ਉਸ ਵੇਲ਼ੇ ਦੀ ਰਾਜਨੀਤਕ, ਸਮਾਜਕ, ਧਾਰਮਿਕ ਸਥਿਤੀ ਨੂੰ ਮੁਖ਼ਾਤਬ ਹੋਣ ਵਾਲ਼ੀਆਂ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਕਾਰਜ - ਵਿਧੀਆਂ ਨੂੰ ਇਤਿਹਾਸਕ ਸਰੋਤਾਂ ਤਹਿਤ ਵਿਚਾਰਦਿਆਂ ਉਹਨਾਂ ਦੀ ਬਾਣੀ ਵਿਚਲੀ ਵੈਰਾਗੀ ਸੁਰ ਦਾ ਵੀ ਸਮਾਜਕ ਮਰਮ ਤਲਾਸ਼ਿਆ ਗਿਆ ਹੈ। ਇਉਂ ਇਹਨਾਂ ਅਹਿਮ ਮਜ਼ਮੂਨਾਂ ਰਾਹੀਂ ਏਕਾਧਿਕਾਰੀ ਪਰੰਪਰਾਵਾਂ ਦੁਆਰਾ ਬਣਾਏ ਮਜ਼ਬੂਤ ਕਿਲ੍ਹਿਆਂ ਲਈ ਸਿਧਾਂਤਕ ਤਰਕ ਮਜ਼ਬੂਤੀ ਸੰਗ ਸਮਾਜਕਤਾ ਦੇ ਸੱਚ ਤੀਕ ਅੱਪੜਨ ਦਾ ਕਾਰਜ ਕੀਤਾ ਗਿਆ ਹੈ।

ਬਾਣੀ ਵਿਚਲੀ ਸਮਾਜਕ ਦ੍ਰਿਸ਼ਟੀ ਨੂੰ ਪਕਿਆਉਣ ਹਿਤ ਉਹ ਪ੍ਰਵਚਨ ਵਿਸ਼ੇਸ਼ ਤੌਰ 'ਤੇ ਚੁਣੇ ਗਏ ਹਨ ਜਿਨ੍ਹਾਂ ਉੱਪਰ ਚਿੰਤਨ ਦੌਰਾਨ ਪਾਠਕ ਨੂੰ ਪੂਰਨ ਤਾਰਕਿਕਤਾ, ਸਰਲਤਾ, ਸਪੱਸ਼ਟਤਾ ਤੇ ਨਿੱਗਰਤਾ ਸਹਿਤ ਬਾਣੀ ਦੀ ਸਮਾਜਕ ਅਤੇ ਇਤਿਹਾਸਕ ਚੇਤਨਾ ਸੰਗ ਜੋੜਿਆ ਜਾ ਸਕੇ। ਜਿਸ ਚੇਤਨਾ ਸੰਗ ਸਾਂਝ ਪਾ ਕੇ ਪਾਠਕ ਗੁਰੂ-ਦ੍ਰਿਸ਼ਟੀ ਨੂੰ ਮਾਨਵਮੁਖੀ, ਸਮਾਜਮੁਖੀ ਅਤੇ ਨਿਰੰਤਰ ਗਤੀਸ਼ੀਲਤਾ ਦੇ ਨੁਕਤੇ ਤੋਂ ਵਿਚਾਰ ਸਕਣ।

ਡਾ. ਸਰਬਜੀਤ ਸਿੰਘ ਦੁਆਰਾ ਕੀਤੇ ਇਸ ਚਿੰਤਨ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਕਿਧਰੇ ਵੀ ਪੂਰਵਮਿੱਥਤ ਸਥਿਰ ਸਿਧਾਂਤਕ ਧਾਰਨਾਵਾਂ ਨੂੰ ਬਾਣੀ-ਤੁਕਾਂ ਉੱਪਰ ਨਹੀਂ ਉਲੱਦਦਾ। ਸ਼ਬਦਾਂ ਦੀ ਆਧਾਰ ਭੂਮੀ ਤੀਕ ਪਹੁੰਚ ਬਣਾਉਣ ਵਾਲ਼ੀ ਕਾਵਿ-ਸ਼ਾਸਤਰੀ ਅਧਿਐਨ-ਯੋਗਤਾ, ਕਾਵਿ ਨੂੰ ਸਮਾਜਕ ਕਿਰਤ ਵਜੋਂ ਦੇਖਣ ਵਾਲ਼ੀ ਸਿੱਧਾਂਤਸ਼ੀਲਤਾ, ਭਾਸ਼ਾ ਦੀ ਜ਼ਮੀਨ ਸੰਗ ਪਹੁੰਚ ਬਣਾਉਣ ਵਾਲ਼ੀ ਘਾਲਣਾ ਅਤੇ ਸ਼ਬਦਾਂ ਦੀਆਂ ਵਿੱਥਾਂ ਵਿਚਲੀ ਊਰਜਾ ਸੰਗ ਗੋਸ਼ਟਿ ਰਚਾਉਣ ਵਾਲ਼ੀ ਬੋਧਸ਼ੀਲ ਸੰਵੇਦਨਾ ਰਾਹੀਂ ਪੂਰੀ ਅਧਿਐਨਕਾਰੀ ਨੂੰ ਸਹਿਜ ਬਣਾਈ ਰੱਖਦਾ ਹੈ।

ਬਾਣੀ-ਚਿੰਤਨ ਉਪਰੰਤ ਇਸ ਪੁਸਤਕ ਵਿਚ 'ਪ੍ਰਗਤੀਵਾਦ ਅਤੇ ਬਾਵਾ ਬਲਵੰਤ ਦੀ ਕਵਿਤਾ' ਸਿਰਲੇਖ ਹੇਠ ਲੰਮੇਰਾ ਮਜ਼ਮੂਨ ਮਿਲਦਾ ਹੈ। ਇਸ ਵਿਚ ਪ੍ਰਗਤੀਵਾਦ ਦੇ ਇਤਿਹਾਸਕ ਪੜਾਵਾਂ ਦੀ ਪੁਨਰ ਘੋਖ ਕਰਦਿਆਂ ਬਾਵਾ ਬਲਵੰਤ ਦੀ ਕਵਿਤਾ ਦੇ ਮੁਖ਼ਤਲਿਫ਼ ਕੋਣਾਂ ਵਿਚ ਮੌਜੂਦ ਸੰਗਰਾਮੀ ਸੁਰ ਨੂੰ ਉਭਾਰਿਆ ਗਿਆ ਹੈ। ਅਗਲੇ ਮਜ਼ਮੂਨ 'ਡਾ. ਜਗਤਾਰ: ਕ੍ਰਾਂਤੀਕਾਰੀ ਚੇਤਨਾ ਦਾ ਸਿਰਜਕ' ਵਿਚ ਡਾ. ਜਗਤਾਰ ਦੀਆਂ ਨਜ਼ਮਾਂ ਉੱਪਰ ਕੇਂਦਰਤ ਹੋ ਕੇ ਉਸ ਦੀ ਕ੍ਰਾਂਤੀ ਸੁਰ ਨੂੰ ਤਲਾਸ਼ਿਆ ਗਿਆ ਹੈ। ਉਸ ਤੋਂ ਉਪਰੰਤ 'ਸੁਖਵਿੰਦਰ ਕੰਬੋਜ: ਸੂਹੇ ਸ਼ਬਦਾਂ ਦਾ ਸਫ਼ਰ' ਮਜ਼ਮੂਨ ਰਾਹੀਂ ਪੂਰਬੀ ਨਕਸਲੀ ਸੁਰ ਅਤੇ ਪਰਵਾਸ ਧਾਰਨ ਦੌਰਾਨ ਵਿਕਸਿਤ ਹੋ ਰਹੇ ਪੂੰਜੀਵਾਦ ਨੂੰ ਸੰਬੋਧਤ ਹੋ ਕੇ ਸਿਰਜੀ ਕੰਬੋਜ ਦੀ ਕਵਿਤਾ ਬਾਰੇ ਵਿਸ਼ੇਸ਼ ਤੌਰ 'ਤੇ ਚਿੰਤਨ ਕੀਤਾ ਗਿਆ ਹੈ। ਪੂੰਜੀਵਾਦ ਦੀ ਖਪਤਕਾਰੀ ਸੱਭਿਅਤਾ ਵਿਚ ਮਨੁੱਖ ਦੀ ਜੀਵੰਤਤਾ ਕਿਵੇਂ ਖੰਡਤ ਹੋਈ ਹੈ, ਇਸ ਵਰਤਾਰੇ ਨੇ ਮਨੁੱਖ ਦੀ ਸੰਵੇਦਨਾ ਨੂੰ ਕਿਵੇਂ ਤਹਿਸ ਨਹਿਸ ਕੀਤਾ ਹੈ, ਮਨੁੱਖ ਦੇ ਅੰਦਰ ਕਿਵੇਂ ਆਤਮ ਗਿਲਾਨੀ ਤੇ ਅਪਰਾਧ ਬੋਧ ਦੇ ਭਾਵ ਪੈਦਾ ਕੀਤੇ ਹਨ, ਇਸ ਸਾਰੀ ਸਥਿਤੀ ਸੰਗ ਸੰਵਾਦ ਰਚਾਉਂਦੀ ਇਸ ਕਵਿਤਾ ਨੂੰ ਰਾਜਸੀ ਸੁਰਤੀ ਬਿਰਤੀ ਵਾਲੀ ਕਵਿਤਾ ਐਲਾਨਦਿਆਂ ਇਸ ਕਵਿਤਾ ਵਿਚੋਂ ਸਿੱਖ ਲਹਿਰ ਵਿਚਲੀ ਸਮਾਜਕਤਾ ਦੀ ਪ੍ਰੋੜ੍ਹਤਾ ਕਰਦੀ ਸੁਰ ਵੀ ਤਲਾਸ਼ੀ ਗਈ ਹੈ। ਪੁਸਤਕ ਦੇ ਅਗਲੇ ਮਜ਼ਮੂਨ 'ਅੱਗ ਦੀ ਤਵਾਰੀਖ਼: ਜਿਊਣਾ' ਵਿਚ ਦਲਜੀਤ ਮੋਖਾ ਦੀ ਕਵਿਤਾ ਉੱਤੇ ਚਿੰਤਨ

ਕੀਤਾ ਗਿਆ ਹੈ। ਦਲਜੀਤ ਮੋਖਾ ਨੂੰ ਉਪਭੋਗੀ ਅਤੇ ਖੁੱਲ੍ਹੀ ਮੰਡੀ ਤੋਂ ਅਗਾਂਹ ਵਾਲੀ ਹਿੰਸਾ ਨੂੰ ਪਛਾਨਣ ਵਾਲੇ ਕਵੀ ਵਜੋਂ ਚਿਤਵਿਆ ਗਿਆ ਹੈ। ਪੂਰਬੀ ਅਵਚੇਤਨ ਅਤੇ ਪਦਾਰਥਕ ਜੀਵਨ ਦੇ ਦਵੰਦ ਵਿਚ ਘਿਰੇ ਪੰਜਾਬੀ ਬੰਦੇ ਦੇ ਤਣਾਉ ਨੂੰ ਇਹ ਕਵਿਤਾ ਕਿਵੇਂ ਅਭਿਵਿਅਕਤ ਕਰਦੀ ਹੈ, ਇਸ ਉੱਪਰ ਵੀ ਉਚੇਚੀ ਨਜ਼ਰਸਾਨੀ ਕੀਤੀ ਗਈ ਹੈ। ਇਸ ਕਵਿਤਾ ਨੂੰ ਬੌਧਿਕ ਅੰਦਾਜ਼ ਵਾਲੀ ਮਾਨਵੀ ਸਰੋਕਾਰਾਂ ਨਾਲ ਡੂੰਘੀ ਤਰ੍ਹਾਂ ਜੁੜੀ ਸੰਜੀਦਾ ਕਵਿਤਾ ਐਲਾਨਿਆ ਗਿਆ ਹੈ ਜਿਹੜੀ ਅਲੰਕਾਰਕ ਭਾਸ਼ਾ ਸਿਰਜਣ ਦੀ ਬਜਾਏ ਸੰਵਾਦ ਸਿਰਜਦੀ ਹੋਈ ਯਥਾਰਥ ਦੀ ਸਿੱਧ ਪੁੱਠ ਵਿਚੋਂ ਨਵੇਂ ਅਰਥ ਅਤੇ ਨਵੀਂ ਰੌਸ਼ਨੀ ਪੈਦਾ ਕਰਦੀ ਹੈ। ਇਸ ਪੁਸਤਕ ਦੇ ਅਖ਼ੀਰਲੇ ਮਜ਼ਮੂਨ 'ਦਲਵੀਰ ਕੌਰ: ਨਾਰੀ ਵਜੂਦ ਦਾ ਸਵਾਲੀਆ ਪ੍ਰਵਚਨ' ਰਾਹੀਂ ਨਾਰੀਵਾਦੀ ਕਵਿਤਾ ਅਤੇ ਨਾਰੀ ਦੁਆਰਾ ਲਿਖੀ ਕਵਿਤਾ ਵਿਚਕਾਰ ਮੂਲ ਵਿੱਥ ਸਿਰਜ ਕੇ ਦਲਵੀਰ ਕੌਰ ਦੀ ਕਵਿਤਾ ਵਿਚਲੀ ਉਸ ਸੁਚੇਤਨਾ ਨੂੰ ਉਭਾਰਿਆ ਗਿਆ ਹੈ ਜਿਸ ਤਹਿਤ ਉਹ ਪੂੰਜੀਵਾਦੀ ਵਰਤਾਰਿਆਂ ਦੀ ਸਿਆਸਤ, ਪਿਤਰਕੀ ਅਵਚੇਤਨ ਅਤੇ ਔਰਤ ਦੇ ਵਜੂਦ ਨਾਲ ਸੰਬੰਧਤ ਪ੍ਰਸ਼ਨਾਂ ਨੂੰ ਉਠਾਉਂਦੀ ਹੈ।

ਸਮੁੱਚੇ ਤੌਰ 'ਤੇ ਡਾ. ਸਰਬਜੀਤ ਦੀ ਇਹ ਚਿੰਤਨ-ਪੁਸਤਕ ਪੰਜਾਬੀ ਚਿੰਤਨ ਵਿਚ ਵਿਸ਼ੇਸ਼ ਅਹਿਮੀਅਤ ਰੱਖਣ ਵਾਲੀ ਪੁਸਤਕ ਹੈ। ਇਹ ਸ਼ਬਦ ਵਿਚਲੀ ਸਮਾਜਕਤਾ ਦੀ ਤਲਾਸ਼ ਵੱਲ ਚੁੱਕਿਆ ਅਹਿਮ ਚਿੰਤਨ-ਕਦਮ ਹੈ। ਉਹ ਪਹਿਲੂ ਜਿਨ੍ਹਾਂ ਨੂੰ ਅਮੂਰਤ ਸੰਸਾਰ ਨਾਲ ਸੰਬੰਧਤ ਕਰ ਕੇ ਅਕਸਰ ਹੀ ਕਿਸੇ ਹੋਰ ਸੰਸਾਰ ਨਾਲ, ਜਿਹੜਾ ਮਨੁੱਖ ਦੇ ਅਸਲ ਧਰਾਤਲ ਤੋਂ ਟੁੱਟਿਆ ਹੁੰਦਾ ਹੈ, ਨਾਲ ਸੰਬੰਧਤ ਕਰ ਦਿੱਤਾ ਜਾਂਦਾ ਰਿਹਾ ਹੈ, ਉਸ ਪਹਿਲੂ ਵੱਲ ਧਿਆਨ ਦਿਵਾ ਕੇ ਡਾ. ਸਰਬਜੀਤ ਸਿੰਘ ਨੇ ਆਪਣੇ ਸਮਿਆਂ ਦੀ ਮੂਲ ਸੋਝੀ-ਜ਼ਰੂਰਤ ਦੀ ਸੁਹਿਰਦਤਾ ਸਹਿਤ ਸ਼ਨਾਖਤ ਕੀਤੀ ਹੈ। ਮੱਧਕਾਲ ਅਤੇ ਆਧੁਨਿਕ ਸਮਿਆਂ ਦੇ ਚੁਨਿੰਦਾ ਪ੍ਰਵਚਨਾਂ ਵਿਚਲੀ ਸਮਾਜਕਤਾ ਜਾਂਚਣ ਜ਼ਰੀਏ ਸ਼ਬਦ, ਸਾਹਿਤ ਤੇ ਸਮਾਜਕਤਾ ਦੀ ਸਮਝ ਪ੍ਰਤੀ ਪ੍ਰਤੀਬੱਧ ਪ੍ਰਵਚਨ-ਉਸਾਰੀ ਦਾ ਕੀਮਤੀ ਕਾਰਜ ਕੀਤਾ ਗਿਆ ਹੈ। ਇਹ ਕਾਰਜ ਵਰਤਮਾਨ ਸਮੇਂ ਤੋਂ ਅਗੇਰੇ ਭਵਿੱਖੀ ਅਧਿਐਨ-ਦ੍ਰਿਸ਼ਟੀ ਲਈ ਵੀ ਰੌਸ਼ਨ ਜ਼ਿੰਮੇਵਾਰਾਨਾ ਨਕਸ਼ ਉਲੀਕ ਰਿਹਾ ਹੈ। **– ਡਾ. ਦੇਵਿੰਦਰ ਸੈਫ਼ੀ**

## ਕੋਈ ਸਮਝੌਤਾ ਨਹੀਂ (ਯਾਦਾਂ) ਸਾਧੂ ਸਿੰਘ

ਵਿਚਾਰ ਅਧੀਨ ਪੁਸਤਕ (ਕੋਈ ਸਮਝੌਤਾ ਨਹੀਂ, ਪੰਨੇ 144, ਮੁੱਲ 250 ਰੁਪਏ, 15 ਡਾਲਰ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ) ਡਾ. ਸਾਧੂ ਸਿੰਘ ਦੀਆਂ ਜੀਵਨ ਯਾਦਾਂ ਨਾਲ ਜੁੜੀ ਵਡਮੁੱਲੀ ਰਚਨਾ ਹੈ। ਦੋ ਦਹਾਕਿਆਂ ਤਕ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਨਾਲ ਜੁੜਿਆ ਰਿਹਾ ਡਾ. ਸਾਧੂ ਸਿੰਘ ਪੰਜਾਬੀ ਸਾਹਿਤ ਸਭਿਆਚਾਰ ਤੇ ਅਕਾਦਮਿਕਤਾ ਦੇ ਜਗਤ ਵਿਚ ਇਕ ਪ੍ਰਬੁੱਧ, ਵਿਚਾਰਧਾਰਕ ਤੌਰ 'ਤੇ ਪਰਿਪੱਕ, ਅਗਾਂਹਵਧੂ ਸੋਚ ਵਾਲੇ ਸਿਰਜਕ ਤੇ ਚਿੰਤਕ ਵਜੋਂ ਜਾਣਿਆ ਪਛਾਣਿਆਂ ਨਾਂ ਹੈ। ਹੱਥਲੀ ਪੁਸਤਕ ਤੋਂ ਪਹਿਲਾਂ ਉਸ ਵੱਲੋਂ ਦਸ ਪੁਸਤਕਾਂ ਪ੍ਰਕਾਸ਼ਤ ਕਰਵਾਈਆਂ ਜਾ ਚੁੱਕੀਆਂ ਹਨ. ਜਿਨ੍ਹਾਂ ਵਿਚ ਦੋ ਕਹਾਣੀ ਸੰਗ੍ਰਹਿ, ਇਕ ਨਾਟਕ, ਪੰਜ ਆਲੋਚਨਾ ਦੀਆਂ ਪੁਸਤਕਾਂ ਦੇ ਇਲਾਵਾ 'ਪੰਜਾਬੀ ਬੋਲੀ ਦੀ ਵਿਰਾਸਤ' ਨਾਂ ਦੀ ਬਹੁ ਚਰਚਤ ਵਾਰਤਕ ਪੁਸਤਕ ਵੀ ਸ਼ਾਮਲ ਹੈ। ਹੱਥਲੀ ਨਵੀਂ ਪੁਸਤਕ ਦਾ ਨਾਂ 'ਕੋਈ ਸਮਝੌਤਾ ਨਹੀਂ' ਪਹਿਲੀ ਨਜ਼ਰੇ ਤਾਂ ਇਉਂ ਜਾਪਦਾ ਹੈ ਜਿਵੇਂ ਲੇਖਕ ਜਾਂ ਪ੍ਰਕਾਸ਼ਕ ਨੇ ਪਾਠਕ ਨੂੰ ਆਕਰਸ਼ਤ ਕਰਨ ਲਈ ਅਚੰਭੇ ਵਾਲੀ ਉਤਸੁਕਤਾ ਜਗਾਉਣ ਲਈ ਜੁਗਤ ਘੜੀ ਹੋਵੇ। ਅਵੱਸ਼ ਇਹ ਨਾਮਕਰਨ ਪਾਠਕ ਦੇ ਮਨ ਵਿਚ ਜਗਿਆਸਾ ਤੇ ਪ੍ਰਸ਼ਨ ਖੜ੍ਹਾ ਕਰ ਸਕਦਾ ਹੈ। ਆਖਰ ਸਮਝੌਤਾ ਨਾ ਕਰਨ ਕਰਾਉਣ ਵਾਲੀ ਗੱਲ ਦਾ ਕੀ ਪ੍ਰਸੰਗ ਹੋ ਸਕਦਾ ਹੈ? ਸਮਝੌਤਾ ਕਿਸ ਗੱਲ ਉਪਰ ਤੇ ਕਿਉਂ ਨਹੀਂ? ਪਰ ਜਦੋਂ ਨਾਲ ਹੀ ਜੁੜਵੇਂ ਸ਼ਬਦ 'ਆਪਣੀ ਜਲਾਵਤਨੀ ਤਕ ਦੀ ਦਾਸਤਾਨ' ਪੜ੍ਹੇ ਜਾਂਦੇ ਹਨ ਤਾਂ ਸਾਫ ਸਪਸ਼ਟ ਮਨੁੱਖ ਵਾਲੇ ਡਾ. ਸਾਧੂ ਸਿੰਘ ਦੇ ਬਿੰਬ ਤੋਂ ਵਾਕਫ ਪਾਠਕ ਲਈ ਜਾਣ ਸਕਣਾ

ਮੁਸ਼ਕਲ ਨਹੀਂ ਕਿ ਅਜਿਹਾ ਨਾਮਕਰਨ ਮਹਿਜ਼ ਕੋਈ ਕਲਾਕਾਰੀ ਨਹੀਂ ਹੋ ਸਕਦੀ, ਇਸਦਾ ਪ੍ਰਸੰਗ ਅਵੱਸ਼ ਲੇਖਕ ਨਾਲ ਹੋਈ ਵਾਪਰੀ ਕਿਸੇ ਵੱਡੀ ਘਟਨਾ ਨਾਲ ਜੁੜਿਆ ਹੋਵੇਗਾ।

ਸੋਲਾਂ ਨਿੱਕੇ ਨਿੱਕੇ ਲੇਖਾਂ ਉੱਤੇ ਆਧਾਰਤ ਏਸ ਪੁਸਤਕ ਵਿਚ ਲੇਖਕ ਨੇ ਕੋਈ ਅਚੰਭਾ ਨਹੀਂ ਸਿਰਜਿਆ। 'ਪਿੰਡ', 'ਘਰ-ਪਰਿਵਾਰ' ਦਾ ਵੇਰਵਾ ਦੇਣ ਉਪਰੰਤ 'ਪ੍ਰਾਇਮਰੀ ਸਕੂਲ' ਦੀ ਮੁੱਢਲੀ ਪੜ੍ਹਾਈ ਤੋਂ ਅਗਾਂਹ ਸ਼ੁਰੂ ਹੋਣ ਵਾਲੇ 'ਅਵੱਲੇ ਸਫਰ' ਰਾਹੀਂ ਕਈ ਕਿੱਤਿਆਂ, ਨੌਕਰੀਆਂ 'ਚੋਂ ਲੰਘਦੇ ਲੇਖਕ ਵੱਲੋਂ ਸੁਣਾਈ ਦਾਸਤਾਨ ਵਿਚ ਪ੍ਰਵੱਕਤਾ ਵਜੋਂ ਡਾ. ਸਾਧੂ ਸਿੰਘ ਨੇ ਤਾਂ ਵਾਜਬ ਤੌਰ 'ਤੇ ਨਜ਼ਰ ਆਉਂਦੇ ਰਹਿਣਾ ਹੀ ਹੈ, ਪਰ ਇਸ ਦੇ ਨਾਲ ਜਾਂ ਇਸ ਤੋਂ ਵੀ ਵੱਧ ਮੁੱਢਲੇ ਲੇਖਾਂ ਵਿਚ ਪਿਛਲੀ ਸਦੀ ਦੇ ਚਾਲ੍ਹੀਵਿਆਂ ਤੋਂ ਸੱਠਵਿਆਂ ਤਕ ਪੰਜਾਬ ਦੇ ਪਿੰਡਾਂ ਤੇ ਕਸਬਿਆਂ ਦੀ ਆਰਥਿਕ, ਸਮਾਜਕ, ਸਭਿਆਚਾਰਕ ਸਥਿਤੀ ਦੀ ਬਹੁਤ ਯਥਾਰਥਕ ਤਸਵੀਰ ਉਘੜਦੀ ਹੈ। ਅਜਿਹੀ ਤਸਵੀਰ ਉਘੜਨ ਵਿਚ ਸਮਾਜਕ ਸਾਂਸਕ੍ਰਿਤਕ ਮਹੱਤਵ ਵਾਲੀਆਂ ਪਦਾਰਥਕ ਥਾਵਾਂ, ਉਹਨਾਂ ਦੀ ਇਤਿਹਾਸਕ ਮਿਥਿਹਾਸਕ ਪਛਾਣ ਤੇ ਮਾਨਤਾ ਦੇ ਵੇਰਵਿਆ ਦਾ ਮਹੱਤਵ ਤਾਂ ਹੈ। ਪਰ ਇਸ ਤੋਂ ਵੀ ਵੱਧ ਇਹ ਤਸਵੀਰ ਜੀਵੰਤ ਰੂਪ ਵਿਚ ਉਘੜਦੀ ਹੈ ਉਹਨਾਂ ਸਾਧਾਰਨ ਜੀਵਾਂ ਰਾਹੀਂ. ਜਿਨ੍ਹਾਂ ਦੇ ਆਪਣੇ ਕੋਈ ਉਘੜਵੇਂ ਨੈਣ ਨਕਸ਼ ਨਾ ਹੋਣ ਦੇ ਬਾਵਜੂਦ ਉਹਨਾਂ ਔਰਤਾਂ ਮਰਦਾਂ ਦੇ ਚੇਤਿਆਂ ਵਿਚ ਵਸੇ ਰਹਿਣ ਦੀ ਸਮਰੱਥਾ ਹੈ।

ਲੇਖਕ ਦੇ ਦਾਦੇ ਅਤੇ ਉਸਦੇ ਦੋ ਭਰਾਵਾਂ ਦੇ ਤਿੰਨ ਪਰਿਵਾਰਾਂ ਦੀ ਸੰਤਾਨ ਦੇ ਭਰੱਪਣ ਤੇ ਸਾਂਝ ਕੁਝ ਇਸ ਤਰ੍ਹਾਂ ਦੀ ਹੈ ਕਿ ਇਹ ਤਿੰਨ ਪਰਿਵਾਰ ਇਕ ਇਕਾਈ ਵਾਂਗ ਨਜ਼ਰ ਆਉਂਦੇ ਹਨ। ਵੱਡੇ ਦਾਦੇ ਦਾ ਪੁੱਤਰ ਤਾਇਆ ਕਰਮ ਸਿੰਘ ਲੇਖਕ ਦੇ ਜਨਮ ਤੋਂ ਪਹਿਲਾਂ ਫਿਜ਼ੀ ਗਏ ਹੋਣਾ ਅਤੇ ਤਾਈ ਧੰਤੀ ਤੇ ਉਸਦੇ ਪਰਿਵਾਰ ਦਾ ਇਕੱਲਿਆਂ ਜ਼ਿੰਦਗੀ ਕੱਟਣਾ ਪਿਛਲੀ ਸਦੀ ਦੇ, ਵਧੇਰੇ ਕਰਕੇ ਦੁਆਬੇ ਦੇ ਖਿੱਤੇ ਵਿਚੋਂ, ਆਰੰਭ ਹੋਏ ਪੰਜਾਬੀਆਂ ਦੇ ਪਰਵਾਸ ਦੀ ਦਾਸਤਾਨ ਹੈ। ਲੇਖਕ ਦੇ ਪਿਤਾ ਨੇ ਪਹਿਲਾ ਕਿੱਲਾ ਭਾਵੇਂ ਪਰਦੇਸ ਜਾਣ ਵਾਲੇ ਭਰਾਵਾਂ ਦੀ ਸਹਾਇਤਾ ਲਈ ਬੈਅ ਕੀਤਾ ਸੀ, ਪਰ ਉਸਦਾ ਇਕ ਮੁਰੱਬਾ ਜ਼ਮੀਨ ਦੇ ਮਾਲਕ ਤੋਂ ਸਿਮਟ ਕੇ ਦੋ ਕਿੱਲਿਆਂ ਤਕ ਸੁੰਗੜ ਜਾਣਾ ਇਕ ਕਿਰਤੀ ਦੇ ਰਵਾਇਤੀ ਸਮਾਜ ਮਰਯਾਦਾ ਨਾਲ ਜੁੜੇ ਰਹਿੰਦਿਆਂ ਨਸ਼ਿਆਂ ਦੀ ਲਪੇਟ ਵਿਚ ਆ ਜਾਣ ਦਾ ਵਖਾਨ ਹੈ। ਕਾਲਿਜ ਵਿਦ ਦਾਖਲਾ ਲੈਣ ਲਈ ਲੇਖਕ ਦੀ ਚਾਲੀ ਕੁ ਰੁਪਈਆਂ ਦੀ ਲੋੜ ਜਿਵੇਂ ਕਿਸੇ ਵਿਧ ਤਾਈ ਪੂਰੀ ਕਰਦੀ ਹੈ ਉਹ ਉਦੋਂ ਦੇ ਪੇਂਡੂ ਭਾਈਚਾਰੇ ਵਿਚ ਕਿਸਾਨੀ ਦੀ ਮੰਦੀ ਹਾਲਤ ਦੇ ਵੇਰਵੇ ਨਾਲ ਇਕ ਦੂਜੇ ਦੀ ਨਿਰਸੁਆਰਥ ਮਦਦ ਕਰਨ ਦਾ ਪ੍ਰਮਾਣ ਹੈ। ਰਿਸ਼ਤਿਆਂ ਨਾਤਿਆਂ ਦੇ ਨਿਭਾਅ ਵਿਚ ਇਕ ਦੂਜੇ ਦੀ ਇਜ਼ਤ ਦਾ ਪਾਸ ਰੱਖਣ ਵਰਗੇ ਹੋਰ ਨਿੱਕੇ ਨਿੱਕੇ ਪਰ ਮੁੱਲਵਾਨ ਵੇਰਵੇ ਵੀ ਇਹਨਾਂ ਮੁੱਢਲੇ ਲੇਖਾਂ ਵਿਚ ਮੌਜੂਦ ਹਨ ਜਿਨ੍ਹਾਂ ਵਿਚੋਂ 'ਕੋਈ ਸਮਝੌਤਾ ਨਹੀ' ਵਾਲੀ ਗੱਲ ਦਾ ਕੋਈ ਸੰਕੇਤ ਨਹੀਂ ਮਿਲਦਾ।

ਪਿਛਲੇ ਚਾਲ੍ਹੀਵਿਆਂ ਵਿਚ ਪਿੰਡਾਂ ਵਿਚ ਸਕੂਲੀ ਪੜ੍ਹਾਈ ਆਮ ਨਹੀਂ ਸੀ। ਸਾਧਾਰਨ ਅਨਪੜ੍ਹ ਪੇਂਡੂ ਕਿਸਾਨ ਦੇ ਬੱਚੇ ਲਈ ਉਹਨਾਂ ਦਿਨਾਂ ਵਿਚ ਸਕੂਲ ਵਿਚ ਦਾਖਲ ਹੋਣਾ ਇਕ ਅਲੋਕਾਰ ਵਾਂਗ ਹੀ ਸੀ, ਜੋ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਦਾਖਲੇ ਰਾਹੀਂ ਲੇਖਕ ਨਾਲ ਵਾਪਰਿਆ। ਉਸ ਤੋਂ ਪਿੱਛੋਂ ਲਾਗਲੇ ਪਿੰਡ ਸਰਹਾਲ ਕਾਜ਼ੀਆਂ ਦੇ ਹਾਈ ਸਕੂਲ ਤੋਂ ਮੈਟ੍ਰਿਕ ਵੀ ਪਾਸ ਹੋ ਗਈ, ਜਿਸ ਸਾਰੇ ਕੁਝ ਲਈ ਕੁਦਰਤ ਹੀ ਜਿਵੇਂ ਕੋਈ ਵਿਧ ਬਣਾਉਂਦੀ ਗਈ। ਪਰ ਇਸ ਤੋਂ ਮਗਰੋਂ ਹੋਈਆਂ ਵਾਪਰੀਆਂ ਵਿਚ ਲੇਖਕ ਦੀ ਸੋਝੀ ਤੇ ਸੁਚੇਤ ਯਤਨਾਂ ਦਾ ਦਖਲ ਸ਼ੁਰੂ ਹੋ ਗਿਆ। ਆਰਥਿਕ ਮੁਸ਼ਕਿਲਾਂ ਦੇ ਹੁੰਦਿਆਂ ਸਾਧੂ ਸਿੰਘ ਦੀ ਸੁਚੇਤ ਕੋਸ਼ਿਸ਼ ਹੀ ਉਸਦੇ ਰਾਮਗੜ੍ਹੀਆ ਕਾਲਿਜ ਫਗਵਾੜਾ ਵਿਚ ਦਾਖਲਾ ਲੈ ਸਕਣ ਲਈ ਜ਼ਿੰਮੇਵਾਰ ਸੀ। ਕਾਲਿਜ ਦੀ ਪੜ੍ਹਾਈ ਲਈ ਉਹ ਕਿੰਨਾ ਚਿਰ ਆਪਣੇ ਪਿੰਡੋਂ ਹਰ ਰੋਜ਼ ਛੇ ਸੱਤ ਕਿਲੋਮੀਟਰ ਪੈਦਲ ਚੱਲਕੇ ਫਗਵਾੜੇ ਜਾਂਦਾ ਰਿਹਾ। ਇੰਝ ਹੀ ਮਗਰੋਂ ਗੌਰਮਿੰਟ ਕਾਲਿਜ ਵਿਚ ਐੱਮ.ਏ. ਦੀ ਪੜ੍ਹਾਈ ਦੇ ਸੰਬੰਧ ਵਿਚ ਹੋਇਆ, ਜਦੋਂ ਉਹ ਸਰਦੀਆਂ ਗਰਮੀਆਂ ਵਿਚ ਸਿਰਫ ਕਮੀਜ਼ ਪਜਾਮੇ ਨਾਲ ਰੇਲ ਰਾਹੀਂ ਸਫਰ ਕਰ ਕੇ

ਲੁਧਿਆਣੇ ਤਕ ਜਾਂਦਾ ਆਉਂਦਾ ਰਿਹਾ। ਕਾਲਿਜ ਦੀ ਪੜ੍ਹਾਈ ਦੌਰਾਨ ਉਸਨੇ ਆਪਣੇ ਪਿਤਾ ਤੇ ਛੋਟੇ ਭਰਾ ਨਾਲ ਰਲਕੇ ਜਿਵੇਂ ਬਜਰੀ ਕੁੱਟਣ ਦੀ ਮਜ਼ਦੂਰੀ ਅਤੇ ਦੁੱਧ ਵੇਚਣ ਦਾ ਧੰਦਾ ਕੀਤਾ, ਉਹ ਸਭ ਕੁਝ ਉਚੇਰੀ ਸਿੱਖਿਆ ਹਾਸਲ ਕਰਨ ਲਈ ਉਹਨਾਂ ਵੇਲ਼ਿਆਂ ਵਿਚ ਕਿਰਤੀ ਵਰਗ ਦੇ ਅਗਾਂਹ ਦੀ ਸੋਚ ਰੱਖਣ ਵਾਲੇ ਵਿਰਲੇ ਸੂਝਵਾਨਾਂ ਦੀ ਹੋਣੀ ਦਾ ਬਿਰਤਾਂਤ ਹੈ। ਏਸੇ ਸਮੇਂ ਦੌਰਾਨ ਹੀ ਡਾ. ਸਾਧੂ ਸਿੰਘ ਵਿਚਲੋਂ 'ਕੋਈ ਸਮਝੌਤਾ ਨਹੀਂ' ਦੀ ਬਿਰਤੀ ਦੇ ਸੰਕੇਤ ਮਿਲਣੇ ਸ਼ੁਰੂ ਹੁੰਦੇ ਹਨ।

ਐੱਮ.ਏ. ਬੀ.ਐੱਡ ਤਕ ਦੀ ਪੜ੍ਹਾਈ ਕਰ ਲੈਣ ਮਗਰੋਂ ਮੋਗੇ ਤੇ ਫਗਵਾੜੇ ਵਿਚ ਕੁਝ ਸਮਾਂ ਸਕੂਲ਼ ਅਧਿਆਪਨ ਕੀਤਾ। ਹੋਰ ਪੜ੍ਹੇ ਲਿਖੇ ਨੌਜਵਾਨਾਂ ਵਾਂਗ ਪਰਮਿਟ ਹਾਸਲ ਕਰ ਕੇ ਚੰਗੇਰੇ ਭਵੱਖ ਲਈ ਇੰਗਲੈਂਡ ਵੱਲ ਰੁਖ ਕੀਤਾ। ਅਤੇ ਉੱਥੇ ਵੱਖ ਵੱਖ ਫੈਕਟਰੀਆਂ ਵਿਚ ਮਿਹਨਤ ਮੁਸ਼ੱਕਤ ਵਾਲਾ ਕੰਮ ਕੀਤਾ। ਅਣਖ ਨਾਲ ਜੀਣ ਥੀਣ ਤੇ ਅਸੂਲਾਂ ਨਾਲ ਸਮਝੌਤਾ ਨਾ ਕਰਦਿਆਂ ਨੌਕਰੀ ਨੂੰ ਲੱਤ ਮਾਰਨ ਦੀ ਗੱਲ ਤਾਂ ਸ਼ੁਰੂ ਵਿਚ ਮੋਗੇ ਹੀ ਵਾਪਰ ਗਈ ਸੀ। ਇੰਗਲੈਂਡ ਵਿਚ ਦੋ ਕੁ ਸਾਲਾਂ ਦੇ ਕਿਆਮ ਦੌਰਾਨ ਰੁਜ਼ਗਾਰ ਲਈ ਫੈਕਟਰੀਆਂ ਬਦਲਨ ਪਿੱਛੇ ਵੀ ਇਹੀ ਬਿਰਤੀ ਕਾਰਜਸ਼ੀਲ ਸੀ। ਅਤੇ ਉਹ ਛੇਤੀ ਹੀ ਦੇਸ ਪਰਤ ਆਇਆ। ਹੁਣ ਤਕ ਡਾ.ਸਾਧੂ ਸਿੰਘ ਦੀ ਸੂਝ ਪਰਿਪੱਕ ਹੋ ਕੇ ਨਿਸਚਿਤ ਰੂਪ ਧਾਰਨ ਕਰ ਚੁੱਕੀ ਸੀ। ਏਸੇ ਸਦਕਾ ਜਾਤ ਪਾਤ ਦੇ ਲੱਗ ਲਗਾਉ ਤੋਂ ਬਿਨਾਂ ਬਹੁਤ ਸਾਦਾ ਢੰਗ ਨਾਲ ਹੋਈ ਸ਼ਾਦੀ ਵਿਚ ਰਵਾਇਤੀ ਸੋਚ ਵਾਲੇ ਉਸਦੇ ਪਿਤਾ ਨੇ ਜੇ ਸ਼ਮੂਲੀਆ ਨਾ ਕੀਤੀ ਤਾਂ ਇਸਦਾ ਵੀ ਉਸਨੂੰ ਕੋਈ ਹਿਰਖ ਨਹੀਂ ਸੀ। ਬਹੁਤ ਜ਼ਹੀਨ ਤੇ ਮਕਬੂਲ ਅਧਿਆਪਕ ਹੋਣ ਚੇ ਬਾਵਜੂਦ ਜੇ ਡੀ,ਏ.ਵੀ. ਕਾਲਿਜ ਜਲੰਧਰ ਵਿਚੋਂ ਲੈਕਚਰਾਰ ਵਜੋਂ ਉਹ ਬਰਖਾਸਤ ਕੀਤਾ ਗਿਆ ਤਾਂ ਵੀ ਇਸਦੇ ਪਿੱਛੇ ਅਸੂਲਾਂ ਉੱਤੇ 'ਕੋਈ ਸਮਝੌਤਾ ਨਹੀਂ' ਦੀ ਸੋਚ ਦਾ ਦਖਲ ਸੀ। ਉਪਰੰਤ ਜਲੰਧਰ ਵਿਚ ਹੀ 'ਨਵਾਂ ਜਮਾਨਾ' ਅਖਬਾਰ ਵਿਚ ਪੱਤਰਕਾਰੀ ਤੇ ਯੂਨੀਵਰਸਿਟੀ ਈਵਨਿੰਗ ਕਾਲਿਜ ਵਿਦ ਐਡਹਾਰਕ ਲੈਕਚਰਾਰ ਸਮੇਤ ਨੌਕਰੀ ਤੇ ਬੇਰੁਜ਼ਗਾਰੀ ਦੇ ਉਘੜੇ ਦੁਘੜੇ ਰਾਹਾਂ 'ਚੋਂ ਗੁਜ਼ਰਦਿਆਂ ਅਖੀਰ ਪ੍ਰੋ. ਮੋਹਨ ਸਿੰਘ ਦੀ ਕਿਰਪਾ ਦ੍ਰਿਸ਼ਟੀ ਨਾਲ ਪੰਜਾਬ ਖੇਤੀਬਾੜੀ ਯੂਨਵਰਸਿਟੀ ਲੁਧਿਆਣਾ ਦੇ ਭਾਸ਼ਾਵਾਂ ਦੇ ਵਿਭਾਗ ਵਿਚ ਪਹੁੰਚ ਗਿਆ।

ਖੇਤੀਬਾੜੀ ਯੂਨੀਵਰਸਿਟੀ ਵਿਚ ਲਗਪਗ ਦੋ ਦਹਾਕੇ ਖੁਸ਼ ਅਸਲੂਬੀ ਨਾਲ ਕੰਮ ਕਰਦੇ ਰਹਿਣ ਪਿੱਛੋਂ ਕੁਝ ਅਜਿਹਾ ਵਾਪਰਿਆ ਕਿ ਡਾ. ਸਾਧੂ ਸਿੰਘ ਲਈ 'ਕੋਈ ਸਮਝੌਤਾ ਨਹੀਂ' ਵਰਗਾ ਕਠੋਰ ਫੈਸਲਾ ਕਰ ਕੇ ਮਜਬੂਰਨ ਕਨੇਡਾ ਪਰਵਾਸ ਕਰਨਾ ਪਿਆ। ਅੱਸੀਵਿਆਂ ਦੇ ਪੰਜਾਬ ਸੰਤਾਪ ਦੇ ਦਿਨਾਂ ਦੀਆਂ ਬੇਅੰਤ ਕਹਾਣੀਆਂ ਨਾਲ ਜੁੜੀ ਡਾ. ਸਾਧੂ ਸਿੰਘ ਦੀ ਇਹ ਕਹਾਣੀ ਇਹ ਹੈ ਕਿ ਉਸ ਸਮੇਂ ਹਰਫ-ਏ-ਆਖਰ ਬਣ ਚੁੱਕੇ ਤਥਾ ਕਥਿਤ ਖਾੜਕੂਆਂ ਦੇ ਕਿਸੇ ਫੁਰਮਾਨ ਨੂੰ ਕਬੂਲਣਾ ਡਾ. ਸਾਧੂ ਸਿੰਘ ਲਈ ਮੁਮਕਿਨ ਨਹੀਂ ਸੀ।

ਹੁਣ ਸਾਢੇ ਤਿੰਨ ਦਹਾਕੇ ਬੀਤ ਜਾਣ ਪਿੱਛੋਂ ਜਦੋਂ ਡਾ. ਸਾਧੂ ਸਿੰਘ ਆਪਣੀਆਂ ਤਿੰਨ ਧੀਆਂ ਦੇ ਭਰੇ-ਭਕੰਨੇ ਪਰਿਵਾਰਾਂ ਦੇ ਵਡੇਰੇ ਵਜੋਂ ਭਰਪੂਰ ਤੇ ਸੰਤੁਸ਼ਟ ਜ਼ਿੰਦਗੀ ਜੀਅ ਰਿਹਾ ਹੈ, ਉਦੋਂ ਜਲਾਵਤਨੀ ਵਾਲੀ ਗੱਲ ਤਾਂ ਬਹੁਤ ਪਿੱਛੇ ਰਹਿ ਗਈ ਹੈ। ਪਰ ਇਹਨਾਂ ਸਤਰਾਂ ਦੇ ਲੇਖਕ ਨੇ ਡਾ. ਸਾਧੂ ਸਿੰਘ ਨੂੰ ਬ੍ਰਿਟਿਸ਼ ਕੋਲੰਬੀਆ ਦੀ ਦੂਰ ਦੁਰਾਡੀ ਸੁੰਨਸਾਨ ਥਾਂ ਉੱਤੇ ਇਕੱਲੇ-ਕਾਰੇ ਸੱਚਮੁੱਚ ਜਲਾਵਤਨੀ ਹੰਢਾਉਂਦਿਆਂ ਅੱਖੀਂ ਵੇਖਿਆ ਸੀ, ਜਲਾਵਤਨੀ ਜੋ ਅਸੂਲਾਂ ਨਾਲ 'ਕੋਈ ਸਮਝੌਤਾ ਨਹੀਂ' ਸਦਕਾ ਉਸ ਆਪੂੰ ਸਹੇੜੀ ਸੀ।00

**-ਰਘਬੀਰ ਸਿੰਘ**

---

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 1 ਅਕਤੂਬਰ, 2024

# ਸੰਦੀਪ ਜਸਵਾਲ ਦਾ ਨਵਾਂ ਕਾਵਿ ਸੰਗ੍ਰਹਿ
# 'ਸਮੁੰਦਰ ਨੂੰ ਪੁੱਛੇ ਨਦੀ'




'ਸਮੁੰਦਰ ਨੂੰ ਪੁੱਛੇ ਨਦੀ' ਸੰਦੀਪ ਜਸਵਾਲ ਦਾ ਦੂਜਾ ਕਾਵਿ ਸੰਗ੍ਰਹਿ ਹੈ। ਪਹਿਲਾ ਕਾਵਿ ਸੰਗ੍ਰਹਿ 'ਰੂਹ ਦੀ ਪਰਵਾਜ਼' ਅੱਠ ਸਾਲ ਪਹਿਲਾਂ 2016 ਵਿਚ ਛਪਿਆ ਸੀ। ਉਸ ਦੀ ਕਵਿਤਾ ਵਿਚਲੀ ਤਾਜ਼ਗੀ ਅਤੇ ਤਾਂਘ ਨੇ ਪਾਠਕਾਂ ਦਾ ਧਿਆਨ ਖਿੱਚਿਆ ਹੈ। ਇਹ ਕਵਿਤਾ ਰੀਤ 'ਤੇ ਸਵਾਲ ਕਰਦੀ ਹੈ; ਇਹ ਉਡਣ ਦੀ ਤਾਂਘ, ਜ਼ਖ਼ਮੀ ਹੋਣ ਤੇ ਪੀੜ ਸਹਿਣ ਅਤੇ ਪਰਤ ਆਉਣ ਦੀ ਚਾਹਤ ਦੀ ਕਵਿਤਾ ਹੈ।

ਪੰਨੇ 96 ਸੁੰਦਰ ਦਿੱਖ ਮੁੱਲ 160 ਰੁਪਏ

## ਕੈਲੀਬਰ ਪਬਲੀਕੇਸ਼ਨ, ਪਟਿਆਲਾ

**SIRJANA** Literary Punjabi Quarterly Chandigarh
No. 214 ISSN 2455-1058 October-December 2024
Registered with the Registrar of Newspapers for India vide R.N. 10215/65


## ਅਵਤਾਰ ਸਿੰਘ ਬਿਲਿੰਗ ਦਾ ਨਵਾਂ ਨਾਵਲ 'ਹੋਇਆ ਦੇਸ ਪਰਾਇਆ'




ਅਵਤਾਰ ਸਿੰਘ ਬਿਲਿੰਗ ਨੇ ਆਪਣੇ ਨਵੇਂ ਅਤੇ ਨੌਵੇਂ ਨਾਵਲ 'ਹੋਇਆ ਦੇਸ ਪਰਾਇਆ' ਵਿਚ ਇਕ ਵਾਰ ਫਿਰ ਪਰਦੇਸ ਦੀ ਕਥਾ ਛੋਹੀ ਹੈ। ਇਸ ਤੋਂ ਪਹਿਲਾਂ ਉਸ ਨੇ ਆਪਣੇ ਨਾਵਲ 'ਰਿਜ਼ਕ' (2019) ਵਿਚ ਪਰਵਾਸ ਦਾ ਘੇਰਾ ਵਗਲਿਆ ਸੀ। 'ਹੋਇਆ ਦੇਸ ਪਰਾਇਆ' ਇਕ ਤਰ੍ਹਾਂ ਨਾਲ 'ਰਿਜ਼ਕ' ਤੋਂ ਅਗਲੀ ਕਹਾਣੀ ਹੈ। ਇਸ ਵਿਚ ਪੰਜਾਬ ਦੀ ਕਿਸਾਨੀ ਦੇ ਸਮੁੱਚੇ ਹਾਲਾਤ ਭਰਪੂਰ ਰੂਪ ਵਿਚ ਬਿਆਨ ਹੋਏ ਹਨ ਜਿਨ੍ਹਾਂ ਪਰਵਾਸ ਦੇ ਦਰ-ਦਰਵਾਜ਼ੇ ਚੁਪੱਟ ਖੋਲ੍ਹ ਦਿੱਤੇ ਹਨ।

ਪੰਨੇ 312 ਸੁੰਦਰ ਦਿੱਖ ਮੁੱਲ 450 ਰੁਪਏ

**ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ**